ਬੇਬਾਕ, ਬੇਲਾਗ ਅਤੇ ਜ਼ਿੰਮੇਵਾਰ ਪੱਤਰਕਾਰੀ ਦਾ ਮੁੱਦਈ


ਪੰਜਾਬ ਟਾਈਮਜ਼

Ph:847-359-0746, Fax:847-705-9388

Email:punjabtimes1@sbcglobal.net

www.punjabtimesusa.com

ਅਮਨਟੈਲ ਦਾ ਦੀਵਾਲੀ ਧਮਾਕਾ



$25 'ਚ 2200 ਮਿੰਟ (36.5 ਘੰਟੇ)

ਜਿੰਨੀ ਦੇਰ ਗੱਲਾਂ ਕਰੋਗੇ ਉਨੇ ਹੀ ਮਿੰਟ ਕੱਟੇ ਜਾਣਗੇ

AMANTEL.COM

Customer Service 24/7 ਟੋਲ ਫਰੀ ਨੰਬਰ 'ਤੇ ਕਾਲ ਕਰੋ

1-888-652-6268, 732-983-4332/4333

Ad Space Available

Please Call:

Ph:847-359-0746

or e-mail @

punjabtimes1@sbcglobal.net



Twelfth Year in Publication

ਮਿਡਵੈਸਟ ਐਡੀਸ਼ਨ

Price 50¢

Email:punjabtimes1@sbcglobal.net

www.punjabtimesusa.com

ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 12, Issue 50, December 10, 2011 | 20451 N Plum Grove Rd. Palatine, IL 60074 | Ph:847-359-0746, Fax:847-705-9388


## ਬਾਦਲਾਂ ਦਾ ਸ਼੍ਰੋਮਣੀ ਕਮੇਟੀ 'ਤੇ ਮੁਕੰਮਲ ਕਬਜ਼ਾ

**ਅੰਮ੍ਰਿਤਸਰ (ਪੰਜਾਬ ਟਾਈਮਜ਼ ਬਿਊਰੋ):** ਸ਼੍ਰੋਮਣੀ ਅਕਾਲੀ ਦਲ (ਬ) ਨੇ ਇਸ ਵਾਰ ਵਿਰੋਧੀ ਧਿਰ ਦਾ ਸਫ਼ਾਇਆ ਕਰਦਿਆਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ 'ਤੇ ਮੁਕੰਮਲ ਕਬਜ਼ ਕਰ ਲਿਆ ਹੈ। ਕਈ ਦਹਾਕਿਆਂ ਤੋਂ ਸ਼੍ਰੋਮਣੀ ਕਮੇਟੀ ਦੀ ਵਾਗਡੋਰ ਭਾਵੇਂ 'ਬਾਦਲਾਂ' ਦੇ ਹੱਥ ਹੀ ਹੈ ਪਰ ਵਿਰੋਧੀ ਧਿਰ ਦੇ ਮੈਂਬਰਾਂ ਦੀ ਮੌਜੂਦਗੀ ਉਨ੍ਹਾਂ ਲਈ 'ਵੰਗਾਰ' ਸਾਬਤ ਹੁੰਦੀ ਸੀ। ਇਸ ਵਾਰ ਚੋਣਾਂ 'ਚ ਚੰਗਾ ਹੱਥ ਮਾਰਨ ਤੋਂ ਬਾਅਦ ਸ਼੍ਰੋਮਣੀ ਅਕਾਲੀ ਦਲ (ਬ) ਨੇ ਵਿਰੋਧੀ ਧਿਰ ਦੇ ਚੁਣੇ ਗਏ ਦੋ-ਚਾਰ ਮੈਂਬਰਾਂ ਨੂੰ ਪੂਰੀ ਤਰ੍ਹਾਂ ਨੁੱਕਰੇ ਲਾ ਦਿੱਤਾ ਹੈ। ਸ਼੍ਰੋਮਣੀ ਕਮੇਟੀ ਦੀ ਪਲੇਠੀ ਮੀਟਿੰਗ ਦੌਰਾਨ ਨਾਮਜ਼ਦ ਸਾਰੇ ਦੇ ਸਾਰੇ 15 ਮੈਂਬਰ ਸ਼੍ਰੋਮਣੀ ਅਕਾਲੀ ਦਲ ਨਾਲ ਸਬੰਧਤ ਹਨ, ਵਿਰੋਧੀ ਧਿਰ ਵੱਲੋਂ ਪੇਸ਼ ਕੀਤੇ ਗਏ ਇਕੋ-ਇਕ ਮੈਂਬਰ ਦਾ ਨਾਂ ਤਕਨੀਕੀ ਖਾਮੀ ਦੱਸ ਕੇ ਰੱਦ ਕਰ ਦਿੱਤਾ ਗਿਆ।

### ਸਾਰੇ ਨਾਮਜ਼ਦ ਮੈਂਬਰ ਬਾਦਲ ਧੜੇ ਦੇ

ਸ੍ਰੀ ਦਰਬਾਰ ਸਾਹਿਬ ਵਿਖੇ ਸਥਿਤ ਤੇਜਾ ਸਿੰਘ ਸਮੁੰਦਰੀ ਹਾਲ ਵਿਚ 5 ਦਸੰਬਰ ਨੂੰ ਇਹ ਨਾਮਜ਼ਦਗੀ ਇਜਲਾਸ ਗੁਰਦੁਆਰਾ ਚੋਣ ਕਮਿਸ਼ਨਰ ਹਰਫੂਲ ਸਿੰਘ ਬਰਾੜ ਦੀ ਨਿਗਰਾਨੀ ਅਤੇ ਡਿਪਟੀ ਕਮਿਸ਼ਨਰ ਸਤਵੰਤ ਸਿੰਘ ਜੌਹਲ ਦੀ ਪ੍ਰਧਾਨਗੀ ਹੇਠ ਹੋਇਆ। ਸਮਾਗਮ ਵਿਚ ਨਾਮਜ਼ਦ ਕੀਤੇ ਗਏ 15 ਮੈਂਬਰਾਂ ਵਿਚੋਂ 5 ਪੰਜਾਬ ਤੇ ਹਰਿਆਣਾ ਅਤੇ 10 ਦਿੱਲੀ, ਰਾਜਸਥਾਨ, ਯੂ.ਪੀ., ਉਤਰਾਂਚਲ, ਮੁੰਬਈ ਤੇ ਮੱਧ ਪ੍ਰਦੇਸ਼ ਨਾਲ ਸਬੰਧਤ ਹਨ।

ਸਮਾਗਮ ਦੌਰਾਨ ਉਸ ਵੇਲੇ ਰੌਲਾ ਰੱਪਾ ਪੈ ਗਿਆ ਜਦੋਂ ਵਿਰੋਧੀ ਧਿਰ ਨਾਲ ਸਬੰਧਤ ਕੁਝ ਮੈਂਬਰਾਂ-ਕੁਲਬੀਰ ਸਿੰਘ ਬੜਾਪਿੰਡ, ਸੁਰਜੀਤ ਸਿੰਘ ਅਤੇ ਗੁਰਪ੍ਰੀਤ ਸਿੰਘ ਝੱਬਰ ਨੇ ਇਕ ਮੈਂਬਰ ਵਿਰੋਧੀ ਧਿਰ ਵੱਲੋਂ ਨਾਮਜ਼ਦ ਕਰਨ ਲਈ ਜ਼ੋਰ ਪਾਇਆ। ਮੈਂਬਰ ਹਰਦੀਪ ਸਿੰਘ ਮੁਹਾਲੀ ਨੇ ਵੀ ਵਿਰੋਧੀ ਧਿਰ ਦੇ ਮੈਂਬਰਾਂ ਦੀ ਹਮਾਇਤ ਕੀਤੀ। ਇਹ ਮੈਂਬਰ ਖੜ੍ਹੇ ਹੋ ਕੇ ਮਾਇਕ ਕੋਲ ਆ ਗਏ ਪਰ ਰਜਿੰਦਰ ਸਿੰਘ ਮਹਿਤਾ, ਅਮਰਜੀਤ ਸਿੰਘ ਚਾਵਲਾ, ਗੁਰਚਰਨ ਸਿੰਘ ਗਰੇਵਾਲ ਤੇ ਹੋਰਾਂ ਨੇ ਵਿਰੋਧੀ ਧਿਰ ਦੇ ਮੈਂਬਰਾਂ ਦਾ ਵਿਰੋਧ ਕੀਤਾ।

ਆਖ਼ਰ, ਡਿਪਟੀ ਕਮਿਸ਼ਨਰ ਨੇ ਦਖਲ ਦਿੰਦਿਆਂ ਵਿਰੋਧੀ ਧਿਰ ਨੂੰ ਮੌਕਾ ਦਿਵਾਇਆ। ਵਿਰੋਧੀ ਧਿਰ ਵੱਲੋਂ ਹੈਦਰਾਬਾਦ ਤੋਂ ਭਾਈ ਈਸ਼ਰ ਸਿੰਘ ਦਾ ਨਾਂ ਪੇਸ਼ ਕੀਤਾ ਗਿਆ ਪਰ ਉਹ ਇਸ ਬਾਰੇ ਲੋੜੀਂਦਾ ਸਹਿਮਤੀ ਪੱਤਰ ਪੇਸ਼ ਨਾ ਕਰ ਸਕੇ ਜਿਸ ਦੇ ਸਿੱਟੇ ਵਜੋਂ ਡਿਪਟੀ ਕਮਿਸ਼ਨਰ ਨੇ ਉਨ੍ਹਾਂ ਦੀ ਅਰਜ ਰੱਦ ਕਰ ਦਿੱਤੀ ਤੇ ਸਦਨ ਵਾਸਤੇ ਸਾਰੇ 15 ਮੈਂਬਰ ਸ਼੍ਰੋਮਣੀ ਅਕਾਲੀ ਦਲ (ਬ) ਨਾਲ ਸਬੰਧਤ ਨਾਮਜ਼ਦ ਕਰ ਦਿੱਤੇ ਗਏ।

ਨਾਮਜ਼ਦ ਕੀਤੇ ਗਏ ਮੈਂਬਰਾਂ ਵਿਚ ਪ੍ਰੋ. ਕਿਰਪਾਲ ਸਿੰਘ ਬਡੂੰਗਰ, ਕਰਨੈਲ ਸਿੰਘ ਪੰਜੋਲੀ, ਭਾਈ ਰਾਮ ਸਿੰਘ, ਜਗਤਾਰ ਸਿੰਘ ਰੋਡੇ (ਪੰਜਾਬ), ਰਘੁਜੀਤ ਸਿੰਘ ਵਿਰਕ (ਹਰਿਆਣਾ), ਸੁਰਜੀਤ ਸਿੰਘ ਕੰਗ (ਰਾਜਸਥਾਨ), ਹਰਭਜਨ ਸਿੰਘ ਚੀਮਾ (ਉਤਰਾਂਚਲ), ਸ਼ਰਨਜੀਤ ਸਿੰਘ ਮੇਰਠ, ਚਰਨਜੀਤ ਸਿੰਘ ਤੇ ਸੁਖਮੀਤ ਸਿੰਘ (ਯੂ.ਪੀ.), ਹਰਮਨਜੀਤ ਸਿੰਘ, ਭੁਪਿੰਦਰ ਸਿੰਘ ਅਨੰਦ, ਗੁਰਮਿੰਦਰ ਸਿੰਘ ਮਠਾਰੂ (ਦਿੱਲੀ),

(ਬਾਕੀ ਸਫਾ 6 'ਤੇ)



ਸ੍ਰੀ ਅਕਾਲ ਤਖ਼ਤ ਵਿਖੇ 'ਪੰਥ ਰਤਨ ਫਖ਼ਰ-ਏ-ਕੌਮ' ਦਾ ਖ਼ਿਤਾਬ ਹਾਸਲ ਕਰ ਰਹੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ

## ਬਾਦਲ ਹੁਣ 'ਪੰਥ ਰਤਨ ਫ਼ਖ਼ਰ-ਏ-ਕੌਮ'

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਦੇਸ਼-ਵਿਦੇਸ਼ ਦੀਆਂ ਸਿੱਖ ਜਥੇਬੰਦੀਆਂ ਦੇ ਸਖ਼ਤ ਵਿਰੋਧ ਦੇ ਬਾਵਜੂਦ ਸ੍ਰੀ ਅਕਾਲ ਤਖ਼ਤ ਵੱਲੋਂ ਮੁੱਖ ਮੰਤਰੀ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਸਰਪ੍ਰਸਤ ਸ. ਪ੍ਰਕਾਸ਼ ਸਿੰਘ ਬਾਦਲ ਨੂੰ 'ਪੰਥ ਰਤਨ ਫਖ਼ਰ-ਏ-ਕੌਮ' ਦਾ ਖ਼ਿਤਾਬ ਦੇ ਦਿੱਤਾ ਗਿਆ ਹੈ। ਉਨ੍ਹਾਂ ਨੂੰ ਇਹ ਖ਼ਿਤਾਬ ਸਿੱਖ ਵਿਰਾਸਤ ਨਾਲ ਸਬੰਧਤ ਸ਼ਹੀਦੀ ਯਾਦਗਾਰਾਂ ਉਸਾਰਨ ਬਦਲੇ ਦੇਣ ਦਾ ਦਾਅਵਾ ਕੀਤਾ ਜਾ ਰਿਹਾ ਹੈ। ਦੂਜੇ ਪਾਸੇ, ਵਿਰੋਧੀ ਧਿਰ ਕਾਂਗਰਸ ਤੇ ਸਿੱਖ ਜਥੇਬੰਦੀਆਂ ਵੱਲੋਂ ਇਸ ਦਾ ਸਖਤ ਵਿਰੋਧ ਕੀਤਾ ਗਿਆ ਹੈ। ਕਾਂਗਰਸ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਨੇ ਤਾਂ ਇਥੋਂ ਤੱਕ ਕਿਹਾ ਹੈ ਕਿ ਸ. ਬਾਦਲ ਨੂੰ 'ਫਖ਼ਰ-ਏ-ਕੌਮ' ਦੀ ਥਾਂ 'ਗੱਦਾਰ-ਏ-ਕੌਮ' ਦਾ ਖ਼ਿਤਾਬ ਦੇਣਾ ਚਾਹੀਦਾ ਸੀ ਕਿਉਂਕਿ ਪੰਜਾਬ ਵਿਚ ਖਾੜਕੂਵਾਦ ਵੇਲੇ ਲੋਕਾਂ ਦੇ ਦੁੱਖ ਦਰਦ ਵੰਡਾਉਣ ਦੀ ਥਾਂ ਸ. ਬਾਦਲ ਪਰਿਵਾਰ ਸਮੇਤ ਅਮਰੀਕਾ ਜਾ ਕੇ ਲੁਕ ਗਏ ਸਨ।

ਦਲ ਖਾਲਸਾ ਜਥੇਬੰਦੀ ਨੇ ਇਸ ਕਾਰਵਾਈ ਨੂੰ ਸਿੱਖ ਇਤਿਹਾਸ ਦਾ ਕਾਲਾ ਅਧਿਆਇ ਕਰਾਰ ਦਿੱਤਾ ਹੈ। ਜਥੇਬੰਦੀ ਦੇ ਬੁਲਾਰੇ ਕੰਵਰਪਾਲ ਸਿੰਘ ਨੇ ਕਿਹਾ ਹੈ ਕਿ ਇਹ ਕਾਲਾ ਅਧਿਆਇ ਲਿਖਣ ਲਈ ਇਤਿਹਾਸ ਕਦੇ ਵੀ ਗਿਆਨੀ ਗੁਰਬਚਨ ਸਿੰਘ ਨੂੰ ਮੁਆਫ਼ ਨਹੀਂ ਕਰੇਗਾ। ਉਨ੍ਹਾਂ ਦੋਸ਼ ਲਾਇਆ ਕਿ ਇਹ ਸਨਮਾਨ ਸਿਰਫ਼ ਸ. ਬਾਦਲ ਨੂੰ ਖੁਸ਼ ਕਰਨ ਦੇ ਮੰਤਵ ਨਾਲ ਦਿੱਤਾ ਗਿਆ ਹੈ। ਪੰਚ ਪ੍ਰਧਾਨੀ ਦੇ ਸ਼੍ਰੋਮਣੀ ਕਮੇਟੀ ਮੈਂਬਰ ਕੁਲਬੀਰ ਸਿੰਘ ਬੜਾਪਿੰਡ ਨੇ ਸ. ਬਾਦਲ ਨੂੰ ਇਹ ਸਨਮਾਨ ਦਿੱਤੇ ਜਾਣ ਦਾ ਸਖ਼ਤ ਵਿਰੋਧ ਕੀਤਾ ਹੈ। ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਮੁਖੀ ਕਰਨੈਲ ਸਿੰਘ

(ਬਾਕੀ ਸਫਾ 6 'ਤੇ)


FARMERS

*Auto *Home *Business *Workers Compensation



Gurjinder Dimple
Insurance Agent
License #537993

ਆਟੋ, ਘਰ ਤੇ ਬਿਜਨਸ ਦੀ ਇੰਸ਼ੋਰੈਂਸ ਚੰਗੇ ਭਾਅ ਉਤੇ ਕਰਵਾਉਣ ਲਈ ਸੇਵਾ ਦਾ ਮੌਕਾ ਦਿਓ

ਫਰੀ ਕੋਟੇਸ਼ਨ ਲਈ ਕਾਲ ਕਰੋ

Ph:517-499-4883

Fax:517-993-5755, gurjindersingh@att.net.

www.farmersagent.com/gsingh3

2681 Loon Ln, Okemos, MI 48864

Estd. 1975

World Wide Travel

www.fly2world.com

ਸਸਤਾ ਰੇਟ ਵਧੀਆ ਸਰਵਿਸ

AIR TRAVEL • CRUISES • VACATIONS

DETROIT 734 525 7304

TOLL FREE 866 66 INDIA

CHICAGO 312 224 8800

Independent Insurance Agent

*Auto *Home *Business *Life

Illinois – Indiana – Wisconsin

Our Partners: Travelers, AAA, Progressive, The Hartford & Many More.

ਇੰਸ਼ੋਰੈਂਸ ਦੀਆਂ ਤੁਹਾਡੀਆਂ ਸਾਰੀਆਂ ਲੋੜਾਂ ਅਸੀਂ ਘੱਟ ਤੋਂ ਘੱਟ ਰੇਟਾਂ 'ਤੇ ਪੂਰੀਆਂ ਕਰ ਸਕਦੇ ਹਾਂ।



Sunny Dhillon

Ph:847-858-5683

2021 Midwest Rd., Oak Brook, IL 60523

# ਡਾ. ਗੁਰਨਾਮ ਕੌਰ, ਬਾਬਾ ਸੇਵਾ ਸਿੰਘ ਤੇ ਡਾ. ਸੋਢੀ ਨੂੰ ਟੌਹੜਾ ਯਾਦਗਾਰੀ ਐਵਾਰਡ


ਚੰਡੀਗੜ੍ਹ (ਬਿਊਰੋ): ਇਸ ਸਾਲ ਦਾ ਪੰਥ ਰਤਨ ਜਥੇਦਾਰ ਗੁਰਚਰਨ ਸਿੰਘ ਟੌਹੜਾ ਯਾਦਗਾਰੀ ਐਵਾਰਡ ਜਿਨ੍ਹਾਂ ਤਿੰਨ ਸ਼ਖਸੀਅਤਾਂ ਨੂੰ ਦਿੱਤਾ ਗਿਆ ਹੈ, ਉਨ੍ਹਾਂ ਵਿਚ ਉਘੇ ਸਿੱਖ ਵਿਦਵਾਨ, ਪੰਜਾਬੀ ਯੂਨੀਵਰਸਿਟੀ ਦੇ ਗੁਰੂ ਗ੍ਰੰਥ ਸਾਹਿਬ ਵਿਭਾਗ ਦੇ ਸਾਬਕਾ ਮੁਖੀ ਅਤੇ ਪੰਜਾਬ ਟਾਈਮਜ਼ ਦੇ ਕਾਲਮਨਵੀਸ ਡਾ. ਗੁਰਨਾਮ ਕੌਰ ਤੋਂ ਇਲਾਵਾ ਉਘੇ ਸਮਾਜ ਸੇਵੀ ਅਤੇ ਵਾਤਾਵਰਣ ਪ੍ਰੇਮੀ ਬਾਬਾ ਸੇਵਾ ਸਿੰਘ ਖਡੂਰ ਸਾਹਿਬ ਵਾਲੇ ਅਤੇ ਵਿਦਵਾਨ ਡਾ. ਐਨ ਐਸ ਸੋਢੀ ਦੇ ਨਾਂ ਸ਼ਾਮਲ ਹਨ। ਇਹ ਪੁਰਸਕਾਰ ਉਨ੍ਹਾਂ ਨੂੰ ਆਪੋ ਆਪਣੇ ਖੇਤਰਾਂ ਵਿਚ ਕੀਤੀਆਂ ਗਈਆਂ ਵਿਸ਼ੇਸ਼ ਪ੍ਰਾਪਤੀਆਂ ਲਈ ਇਥੇ ਸਿੱਖ ਐਜੂਕੇਸ਼ਨਲ ਸੁਸਾਇਟੀ ਵਲੋਂ ਗੁਰੂ ਗੋਬਿੰਦ ਸਿੰਘ ਮਹਿਲਾ ਖਾਲਸਾ ਕਾਲਜ ਦੀ ਪਲਾਟੀਨਮ ਜੁਬਲੀ ਮੌਕੇ ਕੀਤੇ ਗਏ ਇਕ ਸਮਾਗਮ ਦੌਰਾਨ ਦਿੱਤੇ ਗਏ।

ਪੁਰਸਕਾਰ ਦੇਣ ਦੀ ਇਹ ਰਸਮ ਨਿਭਾਉਣ ਦੀ ਸੇਵਾ ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਨਿਭਾਈ ਅਤੇ ਬਾਅਦ ਵਿਚ ਹਾਜ਼ਰ ਵਿਅਕਤੀਆਂ ਨੂੰ ਸੰਬੋਧਨ ਕਰਦਿਆਂ ਉਨ੍ਹਾਂ ਸਿੱਖਿਆ ਸ਼ਾਸ਼ਤਰੀਆਂ, ਅਕਾਦਮੀਸ਼ਨਾਂ ਅਤੇ ਵਿਦਵਾਨਾਂ ਨੂੰ ਸੱਦਾ ਦਿੱਤਾ ਕਿ ਉਹ ਖਾਸ ਕਰ ਪੰਜਾਬ ਦੇ ਪੇਂਡੂ ਤੇ ਦੂਰ ਦੁਰੇਡੇ ਸਰਹੱਦੀ ਇਲਾਕਿਆਂ ਵਿਚ ਸਿੱਖਿਆ ਦਾ ਮਿਆਰ ਉਚਾ ਉਠਾਉਣ ਲਈ ਉਚੇਚੇ ਯਤਨ ਕਰਨ। ਉਨ੍ਹਾਂ ਇਹ ਗੱਲ ਜ਼ੋਰ ਦੇ ਕੇ ਕਹੀ ਕਿ ਪੰਜਾਬ ਦੇ ਦੂਰ ਦੁਰੇਡੇ ਇਲਾਕਿਆਂ ਵਿਚ ਸਿੱਖਿਆ ਦਾ ਪੱਧਰ ਉਚਾ ਉਠਾਉਣ ਲਈ ਸਿੱਖਿਆ ਸਾਸ਼ਤਰੀਆਂ ਨੂੰ ਉਥੇ ਹੋਰ ਸਿੱਖਿਆ ਸੰਸਥਾਵਾਂ ਖੋਲ੍ਹਣੀਆਂ ਚਾਹੀਆਂ ਹਨ।

ਸ੍ਰੀ ਬਾਦਲ ਨੇ ਇਸ ਮੌਕੇ ਇਕ ਸੋਵੀਨਰ ਵੀ ਜਾਰੀ ਕੀਤਾ, ਸਿੱਖ ਐਜੂਕੇਸ਼ਨਲ ਸੁਸਾਇਟੀ ਵਲੋਂ ਫਾਰਮੇਸੀ ਕਾਲਜ ਵਿਚ ਬਣਾਏ ਗਏ ਨਵੇਂ ਭਾਈ ਘਨਈਆ ਬਲਾਕ ਦਾ ਉਦਘਾਟਨ ਕੀਤਾ ਅਤੇ ਸੁਸਾਇਟੀ ਲਈ 10 ਲੱਖ ਰੁਪਏ ਦੀ ਗਰਾਂਟ ਦਾ ਐਲਾਨ ਵੀ ਕੀਤਾ। ਇਸ ਮੌਕੇ ਸੁਸਾਇਟੀ ਦੇ ਪ੍ਰਧਾਨ ਸ. ਗੁਰਦੇਵ ਸਿੰਘ ਬਰਾੜ, ਆਈ ਏ ਐਸ (ਰਿਟਾਇਰਡ) ਨੇ ਸਿੱਖ ਨੈਸ਼ਨਲ ਕਾਲਜ ਦੇ 1944-45 ਦੇ ਬੈਚ ਦੀ ਡਾ. ਗੁਰਬਚਨ ਸਿੰਘ ਤਾਲਿਬ ਟਿਊਟੋਰੀਅਲ ਗਰੁਪ ਦੀ ਸ. ਬਾਦਲ ਨਾਲ ਇਕ ਯਾਦਗਾਰੀ ਤਸਵੀਰ ਵੀ ਉਨ੍ਹਾਂ ਨੂੰ ਭੇਟ ਕੀਤੀ। ਇਸ ਮੌਕੇ ਹਾਜ਼ਰ ਮੁੱਖ ਸ਼ਖਸੀਅਤਾਂ ਵਿਚ ਕਰਨਲ ਜਸਮੇਰ ਸਿੰਘ ਬਾਲਾ, ਸਟੇਟ ਫਾਰਮਰਜ਼ ਕਮਿਸ਼ਨ ਦੇ ਚੇਅਰਮੈਨ ਜੀ ਐਸ ਕਾਲਕਟ, ਸਿੱਖ ਐਜੂਕੇਸ਼ਨ ਸੁਸਾਇਟੀ ਦੇ ਮੀਤ ਪ੍ਰਧਾਨ ਕੁਲਬੀਰ ਸਿੰਘ, ਗੁਰੂ ਗੋਬਿੰਦ ਸਿੰਘ ਮਹਿਲਾ ਖਾਲਸਾ ਕਾਲਜ ਦੇ ਪ੍ਰਿੰਸੀਪਲ ਸ੍ਰੀਮਤੀ ਚਰਨਜੀਤ ਕੌਰ ਅਤੇ ਡਿਪਟੀ ਡਾਇਰੈਕਟਰ ਜੀ ਐਸ ਬਾਹੀਆ ਹਾਜ਼ਰ ਸਨ।



*ਤਸਵੀਰ ਵਿਚ ਡਾ. ਗੁਰਨਾਮ ਕੌਰ (ਖੱਬਿਓਂ ਤੀਜੇ), ਡਾ. ਐਨ ਐਸ ਸੋਢੀ ਅਤੇ ਬਾਬਾ ਸੇਵਾ ਸਿੰਘ ਖਡੂਰ ਸਾਹਿਬ ਸ. ਬਾਦਲ ਤੇ ਹੋਰ ਪਤਵੰਤਿਆਂ ਨਾਲ*




## ਫਰਿਜ਼ਨੋ ਹਵਾਈ ਅੱਡੇ 'ਤੇ ਸਿੱਖ ਉਤੇ ਚਾਕੂ ਨਾਲ ਹਮਲਾ

**ਫਰਿਜ਼ਨੋ (ਬਿਊਰੋ):** ਇਥੇ ਯੈਸਮਾਈਟ ਕੌਮਾਂਤਰੀ ਹਵਾਈ ਅੱਡੇ ਉਤੇ ਐਤਵਾਰ ਸ਼ਾਮੀਂ ਕਰੀਬ 50 ਸਾਲ ਦੇ ਇਕ ਸਿੱਖ ਉਪਰ ਕਿਸੇ ਨੇ ਹਮਲਾ ਕਰਕੇ ਉਸ ਨੂੰ ਚਾਕੂ ਨਾਲ ਜ਼ਖਮੀ ਕਰ ਦਿੱਤਾ। ਫਰਿਜ਼ਨੋ ਪੁਲਿਸ ਵਲੋਂ ਦਿੱਤੀ ਗਈ ਜਾਣਕਾਰੀ ਅਨੁਸਾਰ ਸ਼ਾਮੀਂ ਕਰੀਬ 5:30 ਵਜੇ ਜਦੋਂ ਇਹ ਸਿੱਖ ਵਿਅਕਤੀ ਸਕਿਉਰਿਟੀ ਏਰੀਏ ਵਿਚ ਆਪਣੀ ਫਲਾਈਟ ਦੀ ਇੰਤਜ਼ਾਰ ਕਰ ਰਿਹਾ ਸੀ ਤਾਂ 26 ਸਾਲ ਦੇ ਇਕ ਗੋਰੇ ਵਿਅਕਤੀ ਨੇ ਉਸ ਉਪਰ ਚਾਕੂ ਨਾਲ ਹਮਲਾ ਕਰ ਦਿੱਤਾ। ਹਮਲੇ ਦਾ ਸ਼ਿਕਾਰ ਹੋਏ ਵਿਅਕਤੀ ਨੂੰ ਪਹਿਲਾਂ ਜਾਪਿਆ ਕਿ ਉਸ ਨੂੰ ਘਸੁੰਨ ਮਾਰਿਆ ਗਿਆ ਹੈ ਪਰ ਅਸਲ ਵਿਚ ਉਸ ਦੇ ਚਾਕੂ ਮਾਰਿਆ ਗਿਆ ਸੀ। ਪੁਲਿਸ ਨੇ ਸਿੱਖ ਵਿਅਕਤੀ ਅਤੇ ਹਮਲਾਵਰ ਦਾ ਨਾਂ ਜਾਹਰ ਨਹੀਂ ਕੀਤਾ।

ਸਥਾਨਕ ਅੰਗਰੇਜ਼ੀ ਅਖਬਾਰ ਫਰਿਜ਼ਨੋ ਬੀ ਅਨੁਸਾਰ ਹਮਲਾਵਰ ਨੇ ਹਵਾਈ ਅੱਡੇ ਤੋਂ ਭੱਜ ਨਿਕਲਣ ਦੀ ਕੋਸ਼ਿਸ਼ ਕੀਤੀ ਪਰ ਏਅਰਪੋਰਟ ਪੁਲਿਸ ਨੇ ਉਸ ਨੂੰ ਇਕ ਖਤਰਨਾਕ ਹਥਿਆਰ ਸਮੇਤ ਗ੍ਰਿਫਤਾਰ ਕਰ ਲਿਆ। ਜ਼ਖਮੀ ਸਿੱਖ ਨੂੰ ਹਵਾਈ ਅੱਡੇ ਉਤੇ ਹੀ ਮੁਢਲੀ ਡਾਕਟਰੀ ਸਹਾਇਤਾ ਦਿੱਤੀ ਗਈ। ਉਸ ਨੇ ਹਸਪਤਾਲ ਜਾਣ ਤੋਂ ਇਨਕਾਰ ਕਰਦਿਆਂ ਆਪਣੀ ਫਲਾਈਟ ਫੜਨ ਨੂੰ ਤਰਜ਼ੀਹ ਦਿੱਤੀ। ਪੁਲਿਸ ਅਨੁਸਾਰ ਹਮਲਾਵਰ ਅਤੇ ਜ਼ਖਮੀ ਹੋਏ ਵਿਅਕਤੀ ਵਿਚਾਲੇ ਕੋਈ ਬੋਲ ਬੁਲਾਰਾ ਨਹੀਂ ਹੋਇਆ ਅਤੇ ਇਹ ਪਤਾ ਲਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ ਕਿ ਹਮਲਾਵਰ ਨੇ ਹਮਲਾ ਕਿਉਂ ਕੀਤਾ? ਪੁਲਿਸ ਅਜੇ ਇਹ ਫੈਸਲਾ ਨਹੀਂ ਕਰ ਸਕੀ ਕਿ ਇਹ ਨਸਲੀ ਹਮਲਾ ਸੀ।

## ਕਲੀਆਂ ਦਾ ਬਾਦਸ਼ਾਹ ਮਾਣਕ ਸਪੁਰਦੇ-ਖਾਕ

**ਬਠਿੰਡਾ:** ਸਦੀਵੀ ਵਿਛੋੜਾ ਦੇ ਗਏ ਪੰਜਾਬੀ ਗਾਇਕ ਤੇ ਕਲੀਆਂ ਦੇ ਬਾਦਸ਼ਾਹ ਕੁਲਦੀਪ ਮਾਣਕ ਨੂੰ ਜ਼ਿਲ੍ਹਾ ਬਠਿੰਡਾ



*ਵਿਰਲਾਪ ਕਰਦੀਆਂ ਮਾਣਕ ਦੀ ਪਤਨੀ ਤੇ ਧੀ*

ਵਿਚ ਉਨ੍ਹਾਂ ਦੇ ਜੱਦੀ ਪਿੰਡ ਜਲਾਲ ਵਿਖੇ ਸਪੁਰਦ-ਏ-ਖਾਕ ਕੀਤਾ ਗਿਆ ਹੈ। ਇਸ ਮੌਕੇ ਇਕੱਤਰ ਗਾਇਕਾਂ, ਗੀਤਕਾਰਾਂ,

*ਵਿਸ਼ੇਸ਼ ਕਵਰੇਜ ਪੰਨਾ 14, 18, 19 ਅਤੇ 20 ਉਤੇ*


ਰਾਜਸੀ ਆਗੂਆਂ ਤੇ ਹਜ਼ਾਰਾਂ ਪ੍ਰਸ਼ੰਸਕਾਂ ਨੇ ਉਨ੍ਹਾਂ ਨੂੰ ਨਮ-ਨੈਣਾਂ ਨਾਲ ਅੰਤਿਮ ਵਿਦਾਇਗੀ ਦਿੱਤੀ। ਕੁਲਦੀਪ ਮਾਣਕ ਪਿਛਲੇ ਕੁਝ ਸਾਲਾਂ ਤੋਂ ਬਿਮਾਰ ਰਹਿੰਦਾ ਸੀ।

*(ਬਾਕੀ ਸਫਾ 10 'ਤੇ)*



# ਸੀ.ਬੀ.ਆਈ. ਵੱਲੋਂ ਹਵਾਰੇ ਨੂੰ ਫਾਂਸੀ ਦੇਣ ਦੀ ਪੈਰਵੀ

**ਨਵੀਂ ਦਿੱਲੀ:** ਸੀ.ਬੀ.ਆਈ. ਨੇ ਸੁਪਰੀਮ ਕੋਰਟ 'ਚ ਅਪੀਲ ਕੀਤੀ ਕਿ ਮੁੱਖ ਮੰਤਰੀ ਬੇਅੰਤ ਸਿੰਘ ਨੂੰ ਮਾਰਨ ਦੀ ਸਾਜ਼ਿਸ਼ ਰਚਣ ਦੇ ਦੋਸ਼ਾਂ ਦਾ ਸਾਹਮਣਾ ਕਰ ਰਹੇ ਬੱਬਰ ਖ਼ਾਲਸਾ ਦੇ ਆਗੂ ਜਗਤਾਰ ਸਿੰਘ ਹਵਾਰਾ ਨੂੰ ਮੌਤ ਦੀ ਸਜ਼ਾ ਦਿੱਤੀ ਜਾਵੇ। ਸੁਪਰੀਮ ਕੋਰਟ ਨੇ ਇਸ ਬਾਰੇ ਜਗਤਾਰ ਸਿੰਘ ਹਵਾਰਾ ਨੂੰ ਨੋਟਿਸ ਜਾਰੀ ਕਰ ਦਿੱਤੇ ਹਨ।



ਸੀ.ਬੀ.ਆਈ. ਨੇ ਪੰਜਾਬ ਤੇ ਹਰਿਆਣਾ ਹਾਈ ਕੋਰਟ ਵੱਲੋਂ 12 ਅਕਤੂਬਰ, 2010 ਨੂੰ ਸੁਣਾਏ ਉਸ ਫ਼ੈਸਲੇ ਨੂੰ ਸਿਖਰਲੀ ਅਦਾਲਤ ਵਿਚ ਚੁਣੌਤੀ ਦਿੱਤੀ ਹੈ ਜਿਸ ਵਿਚ ਹਵਾਰਾ ਦੀ ਮੌਤ ਦੀ ਸਜ਼ਾ ਉਮਰ ਕੈਦ (ਮੌਤ ਹੋਣ ਤੱਕ) ਵਿਚ ਬਦਲ ਦਿੱਤੀ ਗਈ ਸੀ। ਐਡੀਸ਼ਨਲ ਸਾਲਿਸਟਰ ਜਨਰਲ ਹਰਿਨ ਪੀ. ਰਾਵਲ ਨੇ ਦੱਸਿਆ ਕਿ ਇਹ ਅਜਿਹਾ ਮਾਮਲਾ ਹੈ ਜਿਸ ਵਿਚ ਮੌਤ ਦੀ ਸਜ਼ਾ ਸੁਣਾਈ ਜਾ ਸਕਦੀ ਹੈ। ਇਹ ਗੰਭੀਰ ਅਪਰਾਧ ਹੈ ਜਿਸ 'ਚ ਪੰਜਾਬ ਦੇ ਮੁੱਖ ਮੰਤਰੀ ਸਮੇਤ 17 ਵਿਅਕਤੀ ਮਾਰੇ ਗਏ ਸਨ ਤੇ 15 ਹੋਰ ਜ਼ਖ਼ਮੀ ਹੋ ਗਏ ਸਨ।

ਸ੍ਰੀ ਰਾਵਲ ਨੇ ਕਿਹਾ ਕਿ ਬਲਵੰਤ ਸਿੰਘ (ਸਹਿ ਦੋਸ਼ੀ) ਦੀ ਭੂਮਿਕਾ ਹਵਾਰਾ ਜਿੰਨੀ ਅਹਿਮ ਨਹੀਂ ਸੀ। ਇਹ ਹਵਾਰਾ ਹੀ ਸੀ ਜਿਸ ਨੇ ਇਹ ਸਾਰੀ ਸਾਜ਼ਿਸ਼ ਰਚੀ ਸੀ। ਹੇਠਲੀ ਅਦਾਲਤ ਨੇ ਬਲਵੰਤ ਸਿੰਘ ਨੂੰ ਮੌਤ ਦੀ ਸਜ਼ਾ ਸੁਣਾਈ ਸੀ ਜੋ ਹਾਈ ਕੋਰਟ ਨੇ ਬਰਕਰਾਰ ਰੱਖੀ। ਇਸੇ ਤਰ੍ਹਾਂ ਤਿੰਨ ਹੋਰ ਮੁਲਜ਼ਮਾਂ ਸ਼ਮਸ਼ੇਰ ਸਿੰਘ, ਗੁਰਮੀਤ ਸਿੰਘ ਤੇ ਲਖਵਿੰਦਰ ਸਿੰਘ ਨੂੰ ਸੁਣਾਈ ਉਮਰ ਕੈਦ ਦੀ ਸਜ਼ਾ ਦੀ ਵੀ ਹਾਈ ਕੋਰਟ ਨੇ ਪ੍ਰਸ਼ਟੀ ਕੀਤੀ।

ਜ਼ਿਕਰਯੋਗ ਹੈ ਕਿ 31 ਅਗਸਤ, 1995 ਨੂੰ ਚੰਡੀਗੜ੍ਹ ਦੇ ਸਿਵਲ ਸਕੱਤਰੇਤ ਦੇ ਬਾਹਰ ਆਤਮਘਾਤੀ ਹਮਲਾਵਰ ਦਿਲਾਵਰ ਸਿੰਘ ਨੇ ਬੰਬ ਧਮਾਕਾ ਕਰ ਦਿੱਤਾ ਸੀ ਜਿਸ ਵਿਚ ਬਾਕੀ 17 ਵਿਅਕਤੀਆਂ ਨਾਲ ਉਹ ਆਪ ਵੀ ਮਾਰਿਆ ਗਿਆ ਸੀ। ਬਲਵੰਤ ਸਿੰਘ ਨੂੰ ਛੱਡ ਕੇ ਬਾਕੀ ਸਾਰਿਆਂ ਨੇ ਹੇਠਲੀ ਅਦਾਲਤ ਦੇ ਫ਼ੈਸਲੇ ਖ਼ਿਲਾਫ਼ ਹਾਈ ਕੋਰਟ ਤੱਕ ਪਹੁੰਚ ਕੀਤੀ ਸੀ। ਚੰਡੀਗੜ੍ਹ ਦੀ ਵਿਸ਼ੇਸ਼ ਅਦਾਲਤ ਨੇ 31 ਜੁਲਾਈ 2007 ਨੂੰ ਹਵਾਰਾ ਤੇ ਬਲਵੰਤ ਸਿੰਘ ਨੂੰ ਮੌਤ ਦੀ ਸਜ਼ਾ ਸੁਣਾਈ ਸੀ।

ਸ. ਹਵਾਰਾ, ਬਲਵੰਤ ਸਿੰਘ, ਸ਼ਮਸ਼ੇਰ ਸਿੰਘ, ਲਖਵਿੰਦਰ ਸਿੰਘ ਤੇ ਗੁਰਮੀਤ ਸਿੰਘ ਨੂੰ ਆਈ.ਪੀ.ਸੀ. ਦੀਆਂ ਧਾਰਾਵਾਂ 302, 307 ਤੇ 120-ਬੀ ਤਹਿਤ ਦੋਸ਼ੀ ਕਰਾਰ ਦਿੱਤਾ ਗਿਆ ਸੀ। ਨਸੀਬ ਸਿੰਘ ਨੂੰ ਧਮਾਕਾਖੇਜ਼ ਸਮੱਗਰੀ ਐਕਟ ਦੀਆਂ ਧਾਰਾਵਾਂ ਤਹਿਤ ਦੋਸ਼ੀ ਠਹਿਰਾਇਆ ਗਿਆ ਸੀ। ਇਸ ਮਾਮਲੇ ਦੇ ਸੱਤਵੇਂ ਮੁਲਜ਼ਮ ਨਵਜੋਤ ਸਿੰਘ ਨੂੰ ਵਿਸ਼ੇਸ਼ ਅਦਾਲਤ ਨੇ ਬਰੀ ਕਰ ਦਿੱਤਾ ਸੀ। ਦੋ ਹੋਰ ਦੋਸ਼ੀ ਜਗਤਾਰ ਸਿੰਘ ਤਾਰਾ ਤੇ ਪਰਮਜੀਤ ਸਿੰਘ ਭਿਓਰਾ ਬੁੜੈਲ ਜੇਲ੍ਹ ਤੋਂ ਹਵਾਰਾ ਸਮੇਤ ਫਰਾਰ ਹੋ ਗਏ ਸਨ। ਇਨ੍ਹਾਂ ਵਿਚੋਂ ਹਵਾਰਾ ਤੇ ਭਿਓਰਾ ਨੂੰ ਮੁੜ ਗ੍ਰਿਫ਼ਤਾਰ ਕਰ ਲਿਆ ਗਿਆ ਸੀ। ਇਸ ਮਾਮਲੇ ਵਿਚ 15 ਵਿਅਕਤੀਆਂ 'ਤੇ ਦੋਸ਼ ਆਇਦ ਹੋਏ ਸਨ। ਇਨ੍ਹਾਂ ਵਿਚੋਂ ਤਿੰਨ ਵਿਦੇਸ਼ ਭੱਜ ਗਏ ਸਨ ਜਦਕਿ ਤਿੰਨ ਹਾਲੇ ਵੀ ਭਗੌੜੇ ਹਨ।

# ਸਿਨਸਿਨੈਟੀ 'ਚ ਸਰਦ ਰੁਤ ਖੇਡ ਮੇਲਾ 17 ਨੂੰ

**ਸਿਨਸਿਨੈਟੀ, ਓਹਾਇਓ (ਬਿਊਰੋ):** ਪੰਜਾਬ ਸਪੋਰਟਸ ਐਂਡ ਕਲਚਰਲ ਕਲੱਬ (ਓਹਾਇਓ) ਵਲੋਂ ਆਪਣਾ ਚੌਥਾ ਸਾਲਾਨਾ ਇਨਡੋਰ ਸਰਦ ਰੁਤ ਖੇਡ ਮੇਲਾ ਇਥੇ ਆਉਂਦੀ 17 ਦਸੰਬਰ, 2011 ਨੂੰ ਸਵੇਰੇ 10 ਵਜੇ ਤੋਂ ਸ਼ਾਮ 6 ਵਜੇ ਤਕ ਸ਼ੈਰਨਵਿਲ ਸਪੋਰਟਸ ਸੈਂਟਰ, ਰੈਡਿੰਗ ਰੋਡ ਵਿਚ ਕਰਵਾਇਆ ਜਾ ਰਿਹਾ ਹੈ। ਇਸ ਵਾਰ ਦਾ ਇਹ ਖੇਡ ਮੇਲਾ ਕਲੱਬ ਦੇ ਇਕ ਸਰਗਰਮ ਮੈਂਬਰ ਅਤੇ ਹਮਾਇਤੀ ਸਵਰਗੀ ਅਮਨਦੀਪ ਸਿੰਘ ਧਾਰਨੀ ਦੀ ਨਿੱਘੀ ਯਾਦ ਵਿਚ ਕਰਵਾਇਆ ਜਾ ਰਿਹਾ ਹੈ। ਜ਼ਿਕਰਯੋਗ ਹੈ ਕਿ ਸ੍ਰੀ ਧਾਰਨੀ ਦਾ ਕੁਝ ਮਹੀਨੇ ਪਹਿਲਾਂ ਕਤਲ ਹੋ ਗਿਆ ਸੀ।

ਕਲੱਬ ਵਲੋਂ ਦਿਤੀ ਗਈ ਜਾਣਕਾਰੀ ਅਨੁਸਾਰ ਇਸ ਖੇਡ ਮੇਲੇ ਦੌਰਾਨ ਵਾਲੀਬਾਲ (ਆਦਮੀਆਂ ਤੇ ਔਰਤਾਂ ਲਈ), ਬਾਸਕਿਟਬਾਲ (ਆਦਮੀਆਂ ਲਈ), ਰੱਸਾਕੱਸ਼ੀ, ਮਿਊਜ਼ੀਕਲ ਚੇਅਰ ਰੇਸ (ਹਰ ਉਮਰ ਵਰਗ ਲਈ) ਆਦਿ ਖੇਡਾਂ ਕਰਵਾਈਆਂ ਜਾਣਗੀਆਂ। ਇਸ ਤੋਂ ਇਲਾਵਾ ਬੱਚਿਆਂ ਲਈ ਚਮਚਾ ਰੇਸ, ਤਿੰਨ-ਟੰਗੀ ਦੌੜ, ਰੱਸਾਕਸ਼ੀ ਅਤੇ ਮਿਊਜ਼ੀਕਲ ਚੇਅਰ ਰੇਸ ਵੀ ਹੋਵੇਗੀ। ਸਾਰੀਆਂ ਖੇਡਾਂ ਦੇ ਜੇਤੂਆਂ ਨੂੰ ਟਰਾਫੀਆਂ ਨਾਲ ਸਨਮਾਨਿਆ ਜਾਏਗਾ। ਮੇਲੇ ਦੌਰਾਨ ਖਾਣੇ ਦਾ ਮੁਫਤ ਅਤੇ ਖੁਲ੍ਹਾ ਪ੍ਰਬੰਧ ਹੋਵੇਗਾ ਅਤੇ ਮੇਲੇ ਲਈ ਕੋਈ ਦਾਖਲਾ ਫੀਸ ਵੀ ਨਹੀਂ ਹੋਵੇਗੀ। ਹੋਰ ਜਾਣਕਾਰੀ ਲਈ ਫੋਨ: 513-746-8387, 513-919-2311 ਜਾਂ 513-735-0823 ਤੇ ਸੰਪਰਕ ਕੀਤਾ ਜਾ ਸਕਦਾ ਹੈ।

# ਪੰਜਾਬ ਦੀਆਂ ਜੇਲ੍ਹਾਂ ਵਿਚ ਕੈਦੀ ਭਗੌੜੇ ਹੋਣੇ ਸ਼ੁਰੂ

**ਚੰਡੀਗੜ੍ਹ:** ਪੰਜਾਬ ਦੀਆਂ ਜੇਲ੍ਹਾਂ 'ਚੋਂ ਛੁੱਟੀ ਗਏ ਕੈਦੀਆਂ ਦੇ ਵਾਪਸ ਨਾ ਮੁੜਨ ਦਾ ਰੁਝਾਨ ਵਧ ਰਿਹਾ ਹੈ। ਸੈਂਕੜੇ ਕੈਦੀ ਛੁੱਟੀ ਲੈ ਕੇ ਭਗੌੜੇ ਹੋ ਜਾਂਦੇ ਹਨ। ਭਗੌੜੇ ਹੋਣ ਵਾਲਿਆਂ 'ਚ ਜ਼ਿਆਦਾ ਗਿਣਤੀ ਨਸ਼ਿਆਂ ਦੇ ਤਸਕਰਾਂ ਦੀ ਹੈ। ਲੰਘੇ ਛੇ ਵਰ੍ਹਿਆਂ ਦੌਰਾਨ ਪੈਰੋਲ 'ਤੇ ਗਏ ਕੈਦੀਆਂ 'ਚੋਂ ਕਾਫੀ ਗਿਣਤੀ ਵਿਚ ਕੈਦੀ ਭਗੌੜੇ ਹੋਏ ਹਨ।

ਜੇਲ੍ਹ ਵਿਭਾਗ ਜਾਣਕਾਰੀ ਅਨੁਸਾਰ ਬਠਿੰਡਾ ਜੇਲ੍ਹ ਦੇ 25 ਕੈਦੀ ਛੁੱਟੀ ਕੱਟਣ ਮਗਰੋਂ ਜੇਲ੍ਹ 'ਚ ਨਹੀਂ ਮੁੜੇ। ਬਹੁਤੇ ਭਗੌੜੇ ਨਸ਼ੀਲੇ ਪਦਾਰਥਾਂ ਦੀ ਤਸਕਰੀ ਦੇ ਜੁਰਮ ਵਿਚ ਸਜ਼ਾ ਕੱਟ ਰਹੇ ਸਨ ਤੇ ਅਜਿਹੇ ਮੁਜਰਮਾਂ ਨੂੰ ਦੂਸਰੇ ਕੈਦੀਆਂ ਵਾਂਗ ਆਮ ਮੁਆਫੀ ਨਹੀਂ ਮਿਲਦੀ। ਭਗੌੜੇ ਹੋਣ ਵਾਲੇ ਕੈਦੀਆਂ 'ਚ ਤਸਕਰਾਂ ਦੀ ਗਿਣਤੀ ਜ਼ਿਆਦਾ ਹੈ।

ਫਿਰੋਜ਼ਪੁਰ ਦੀ ਜੇਲ੍ਹ 'ਚੋਂ 43 ਕੈਦੀ ਪੈਰੋਲ ਦੌਰਾਨ ਭਗੌੜੇ ਹੋਏ। ਇਨ੍ਹਾਂ 'ਚੋਂ ਪੁਲਿਸ ਦੇ ਹੱਥ ਸਿਰਫ 9 ਕੈਦੀ ਹੀ ਲੱਗੇ ਹਨ। ਫਰੀਦਕੋਟ ਦੀ ਜੇਲ੍ਹ 'ਚੋਂ 27 ਕੈਦੀ ਭਗੌੜੇ ਹੋਏ ਹਨ ਜਿਨ੍ਹਾਂ 'ਚੋਂ 14 ਕੈਦੀ ਹੁਣ ਜੇਲ੍ਹ 'ਚ ਵਾਪਸ ਆ ਗਏ ਹਨ। ਸਰਕਾਰ ਵੱਲੋਂ ਖੇਤੀਬਾੜੀ ਕਰਨ ਵਾਲੇ ਕੈਦੀਆਂ ਨੂੰ 6 ਹਫਤਿਆਂ ਦੀ ਇਕੱਠੀ ਛੁੱਟੀ ਦਿੱਤੀ ਜਾਂਦੀ ਹੈ। ਇਹ ਛੁੱਟੀ ਸਾਲ 'ਚ ਦੋ ਵਾਰ ਮਿਲਦੀ ਹੈ ਤੇ ਜੋ ਗ਼ੈਰ ਕਾਸ਼ਤਕਾਰ ਕੈਦੀ ਹਨ, ਉਨ੍ਹਾਂ ਨੂੰ 4 ਹਫਤਿਆਂ ਦੀ ਇਕੱਠੀ ਛੁੱਟੀ ਮਿਲਦੀ ਹੈ।

ਜਦੋਂ ਕੋਈ ਕੈਦੀ ਸਜ਼ਾ ਦਾ ਤੀਸਰਾ ਸਾਲ ਕੱਟ ਰਿਹਾ ਹੁੰਦਾ ਹੈ ਤਾਂ ਉਸ ਨੂੰ ਸਾਲ ਵਿਚ 21 ਦਿਨ ਦੀ ਸਰਕਾਰੀ ਫਰਲੋ ਦਿੱਤੀ ਜਾਂਦੀ ਹੈ। ਚੌਥੇ ਸਾਲ ਵਿਚ ਫਰਲੋ ਦਾ ਸਮਾਂ 15 ਦਿਨ ਦਾ ਰਹਿ ਜਾਂਦਾ ਹੈ। ਜੇਲ੍ਹ ਮੈਨੇਜਮੈਂਟ ਵੱਲੋਂ ਫਰਲੋ ਦੀ ਸਿਫਾਰਸ਼ ਕੀਤੀ ਜਾਂਦੀ ਹੈ ਜਿਸ ਨੂੰ ਸਰਕਾਰ ਪ੍ਰਵਾਨਗੀ ਦਿੰਦੀ ਹੈ ਤੇ ਜੋ ਕੈਦੀ ਭਗੌੜੇ ਹੁੰਦੇ ਹਨ, ਉਨ੍ਹਾਂ ਵਿਚੋਂ ਜ਼ਿਆਦਾ ਪੈਰੋਲ ਵਾਲੇ ਹੀ ਹੁੰਦੇ ਹਨ। ਹਾਸਲ ਅੰਕੜਿਆਂ ਅਨੁਸਾਰ ਸੰਗਰੂਰ ਜੇਲ੍ਹ 'ਚੋਂ 14 ਕੈਦੀ ਛੁੱਟੀ ਦੌਰਾਨ ਭਗੌੜੇ ਹੋਏ ਹਨ। ਇਨ੍ਹਾਂ 'ਚੋਂ 3 ਕੈਦੀ ਹੀ ਵਾਪਸ ਲਿਆਂਦੇ ਜਾ ਸਕੇ ਹਨ। ਬਰਨਾਲਾ ਜੇਲ੍ਹ 'ਚੋਂ ਭਗੌੜੇ ਹੋਏ ਚਾਰ ਕੈਦੀਆਂ 'ਚੋਂ ਦੋ ਹੀ ਵਾਪਸ ਆਏ ਹਨ। ਜ਼ਨਾਨਾ ਜੇਲ੍ਹ ਲੁਧਿਆਣਾ ਦੀਆਂ ਤਿੰਨ ਕੈਦਣਾਂ ਪੈਰੋਲ ਦੌਰਾਨ ਭਗੌੜੀਆਂ ਹੋ ਗਈਆਂ। ਇਨ੍ਹਾਂ ਦੀ ਵਾਪਸੀ ਅਜੇ ਸੰਭਵ ਨਹੀਂ ਹੋਈ। ਲੁਧਿਆਣਾ ਦੀ ਕੇਂਦਰੀ ਜੇਲ੍ਹ 'ਚੋਂ 46 ਕੈਦੀ ਭਗੌੜੇ ਹੋਏ ਜਿਨ੍ਹਾਂ 'ਚੋਂ 25 ਵਾਪਸ ਲਿਆਂਦੇ ਗਏ।


JR Brothers, LLC
Greenwood, IN 46143
ਟਰੱਕ ਡਰਾਈਵਰਾਂ ਅਤੇ ਓਨਰ ਅਪਰੇਟਰਾਂ ਦੀ ਲੋੜ ਹੈ
ਮਿਡਵੈਸਟ ਤੋਂ ਨਿਊ ਜਰਸੀ, ਪੈਨਸਿਲਵੇਨੀਆ, ਕੁਨੈਕਟੀਕਟ, ਨਿਊ ਯਾਰਕ, ਮੈਰੀਲੈਂਡ ਅਤੇ ਵਾਪਸੀ ਰੂਟ।
ਬਹੁਤੇ ਗੇੜੇ ਇੰਡੀਆਨਾ ਤੋਂ ਨਿਊ ਜਰਸੀ-ਪੈਨਸਿਲਵੇਨੀਆ ਵਿਚਾਲੇ



ਵੀਕਐਂਡ 'ਤੇ ਵਾਪਸ ਘਰ ਅਦਾਇਗੀ ਹਰ ਹਫਤੇ
Ph:317-534-5136, Cell:317-702-2803



Mobal Trucking, Inc.
12 Aspen Ridge Ct., St Peters, MO 63376
Ph:636-294-0770 or 314-267-4288
ਓਨਰ ਅਪਰੇਟਰਾਂ ਅਤੇ ਡਰਾਈਵਰਾਂ ਦੀ ਲੋੜ ਹੈ



ਰੀਫਰ ਰੈਂਟ ਅਤੇ ਲੀਜ਼ 'ਤੇ ਉਪਲਬਧ ਹਨ
ਸਾਡੇ ਪਾਸ ਹੇਠ ਲਿਖੇ ਰੂਟ ਹਨ
CA To East Coast & Back
MO To East Coast & Back
ਪੇਪਰ ਸਹੀ ਮਿਲਣ 'ਤੇ ਪੈਸੇ ਤੁਰੰਤ
ਡਿਸਪੈਚ 24 ਘੰਟੇ, ਸੱਤੇ ਦਿਨ ਉਪਲਬਧ
ਫਿਊਲ ਐਡਵਾਂਸ
e-mail: mal3855@charter.net



ਇੰਡੀ ਹਾਂਡਾ INDY HONDA
8455 US 31 South (US 31 & stop 12 Rd.,) Indianapolis, IN 46227
ਗਰੀਨਵੁੱਡ ਮਾਲ ਦੇ ਬਿਲਕੁਲ ਨਜ਼ਦੀਕ
ਇੰਡੀਅਨਐਪੋਲਿਸ ਏਰੀਏ 'ਚ ਤੁਹਾਡੀ ਮਨਪਸੰਦ ਕਾਰ ਡੀਲਰਸ਼ਿਪ
ਨਵੀਂਆਂ ਅਤੇ ਪੁਰਾਣੀਆਂ ਹਾਂਡਾ ਅਤੇ ਹੋਰ ਕਿਸੇ ਵੀ ਮਾਡਲ ਜਾਂ ਮੇਕ ਦੀਆਂ ਕਾਰਾਂ ਬਹੁਤ ਹੀ ਵਾਜਬ ਕੀਮਤ 'ਤੇ ਲੈਣ ਲਈ ਸਾਨੂੰ ਯਾਦ ਰੱਖੋ




ਆਪਣੀ ਬੋਲੀ ਵਿਚ ਗੱਲ ਕਰੋ
ਅਸੀਂ ਪੰਜਾਬੀ, ਹਿੰਦੀ ਅਤੇ ਉਰਦੂ ਬੋਲਦੇ ਹਾਂ
ਤੁਹਾਡਾ ਆਪਣਾ ਸੇਲਜ਼ਮੈਨ, ਜੱਸੀ ਸਿੰਘ
Cell:317-444-9772



ਆਸਾਨ ਕਿਸ਼ਤਾਂ 'ਤੇ ਲੋਨ ਅਤੇ ਲੀਜ਼ ਵੀ ਉਪਲਬਧ ਹੈ
Civic, Accord, Pilot, CRV, Element, Insight, Odysey Van ਤੇ ਹੋਰ ਕਾਰਾਂ ਲਈ
Bob Rohrman's INDY HONDA
WWW.INDYHONDA.COM
Call For Monthly Specials
Office:317-887-0800, e-mail: jsjassie@yahoo.com



Sistar Mortgage
Minimizing Cost, Maximizing Investment
www.SistarMortgage.com
Balbir (Bill) Grewal, Loan Officer
Residential & Commercial Loans



Loans Available In Most States!
(734) 330-8859 Mobile
(586) 262-0156 Fax
Balbir.Grewal@SistarMortgage.com
> 100% FHA Financing > Residential (Purchase & Refinance) > Self Employed > Cash Out Refinance > Investment Property Loans > Jumbo Loans > Commercial Property With Business or Business Only

# ਪੰਜਾਬ ਵਿਚ ਖੱਬੀਆਂ ਧਿਰਾਂ ਨੂੰ ਵੀ ਆਸ ਜਾਗੀ

## ਮਨਪ੍ਰੀਤ ਦੇ ਅਕਸ ਦਾ ਲਾਹਾ ਲੈਣ ਦੀ ਤਿਆਰੀ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਪੰਜਾਬ ਦੀ ਸਿਆਸਤ ਵਿਚ ਕਿਸੇ ਵੇਲੇ ਖਾਸ ਅਧਾਰ ਰੱਖਣ ਵਾਲੀਆਂ ਕੌਮੀ ਪੱਧਰ ਦੀਆਂ ਦੋ ਖੱਬੇ ਪੱਖੀ ਸਿਆਸੀ ਪਾਰਟੀਆਂ ਸੀ.ਪੀ.ਆਈ. ਤੇ ਸੀ.ਪੀ ਆਈ.ਐਮ. ਨੂੰ ਸੂਬੇ ਵਿਚ ਆਪਣੀ ਹੋਂਦ ਬਣਾਈ ਰੱਖਣ ਲਈ ਜੱਦੋਜਹਿਦ ਕਰਨੀ ਪੈ ਰਹੀ ਸੀ ਪਰ ਮਨਪ੍ਰੀਤ ਨਾਲ ਹੱਥ ਮਿਲਾਉਣ ਤੋਂ ਬਾਅਦ ਖੱਬੀਆਂ ਧਿਰਾਂ ਨੂੰ ਵੀ ਆਸ ਜਾਗੀ ਹੈ। ਇਹ ਪਾਰਟੀਆਂ ਹੁਣ ਪੀਪਲਜ਼ ਪਾਰਟੀ ਆਫ ਪੰਜਾਬ ਦੇ ਪ੍ਰਧਾਨ ਮਨਪ੍ਰੀਤ ਸਿੰਘ ਬਾਦਲ ਦੇ ਅਕਸ ਦਾ ਲਾਹਾ ਲੈਣ ਦੀ ਤਿਆਰੀ 'ਚ ਹਨ।

ਖੱਬੀਆਂ ਪਾਰਟੀਆਂ ਕਿਸੇ ਨਾ ਕਿਸੇ ਵੱਡੇ ਭਾਈਵਾਲ ਦੇ ਸਹਾਰੇ ਸਾਲ 2002 ਤੱਕ ਵਿਧਾਨ ਸਭਾ ਜਾਂ ਲੋਕ ਸਭਾ ਵਿਚ ਆਪਣਾ ਨੁਮਾਇੰਦਾ ਭੇਜਣ ਵਿਚ ਕਾਮਯਾਬ ਰਹੀਆਂ ਪਰ ਕਾਂਗਰਸ ਵੱਲੋਂ ਸਾਂਝ ਨਾ ਪਾਉਣ ਕਰਕੇ ਇਹ ਪਾਰਟੀਆਂ ਇਕ ਤਰ੍ਹਾਂ ਨਾਲ ਹਾਸ਼ੀਏ 'ਤੇ ਹੀ ਚਲੀਆਂ ਗਈਆਂ। ਦੋਵਾਂ ਪਾਰਟੀਆਂ ਨੇ ਸਾਲ 2007 ਦੀਆਂ ਵਿਧਾਨ ਸਭਾ ਚੋਣਾਂ ਦੌਰਾਨ ਆਪਣੇ ਬਲਬੂਤੇ 'ਤੇ ਚੋਣਾਂ ਲੜੀਆਂ ਪਰ ਵੋਟ ਪ੍ਰਤੀਸ਼ਤ ਬੇਹੱਦ ਘਟਣ ਕਾਰਨ ਨਿਰਾਸ਼ਾ ਹੀ ਪੱਲੇ ਪਈ।

ਆਗਾਮੀ ਵਿਧਾਨ ਸਭਾ ਚੋਣਾਂ ਲਈ ਖੱਬੀਆਂ ਪਾਰਟੀਆਂ ਨੂੰ ਮਨਪ੍ਰੀਤ ਦੀ ਅਗਵਾਈ ਵਾਲੀ ਪੀਪਲਜ਼ ਪਾਰਟੀ ਆਫ ਪੰਜਾਬ (ਪੀ.ਪੀ.ਪੀ.) ਦੇ ਰੂਪ ਵਿਚ ਨਵਾਂ ਭਾਈਵਾਲ ਮਿਲ ਗਿਆ ਹੈ। ਇਸ ਭਾਈਵਾਲ ਦੇ ਕੰਧਾੜੇ ਚੜ੍ਹ ਕੇ ਇਨ੍ਹਾਂ ਪਾਰਟੀਆਂ ਵੱਲੋਂ ਸੂਬੇ ਦੀਆਂ 22 ਕੁ ਸੀਟਾਂ 'ਤੇ ਆਪਣੇ ਉਮੀਦਵਾਰ ਖੜ੍ਹੇ ਕੀਤੇ ਜਾਣ ਦੀ ਸੰਭਾਵਨਾ ਹੈ। ਪੰਜਾਬ ਵਿਚ 1977 ਤੋਂ ਲੈ ਕੇ 2007 ਤੱਕ ਹੋਈਆਂ ਵਿਧਾਨ ਸਭਾ ਚੋਣਾਂ ਦੇ ਨਤੀਜਿਆਂ 'ਤੇ ਝਾਤ ਮਾਰਨ 'ਤੇ ਇਹ ਤੱਥ ਸਾਹਮਣੇ ਆਉਂਦੇ ਹਨ ਕਿ ਸੀ.ਪੀ.ਆਈ. ਤੇ ਸੀ.ਪੀ.ਐਮ. ਵਿਧਾਨ ਸਭਾ ਵਿਚ ਚੰਗੀ ਭੂਮਿਕਾ ਨਿਭਾਉਣ ਦੇ ਸਮਰੱਥ ਸਨ।



ਦੇਸ਼ ਅੰਦਰ ਐਮਰਜੈਂਸੀ ਤੋਂ ਬਾਅਦ 1977 ਵਿਚ ਹੋਈਆਂ ਵਿਧਾਨ ਸਭਾ ਚੋਣਾਂ ਦੌਰਾਨ ਸੀ.ਪੀ.ਐਮ. ਦੇ 8 ਤੇ ਸੀ.ਪੀ.ਆਈ. ਦੇ 7 ਉਮੀਦਵਾਰ ਵਿਧਾਨ ਸਭਾ ਪਹੁੰਚੇ। ਇਸ ਤੋਂ ਬਾਅਦ ਵੀ ਇਨ੍ਹਾਂ ਪਾਰਟੀਆਂ ਨੇ ਆਪਣੀ ਮੌਜੂਦਗੀ ਬਰਕਰਾਰ ਰੱਖੀ। 1980 ਦੀਆਂ ਚੋਣਾਂ ਵਿਚ ਸੀ.ਪੀ.ਆਈ. ਦੇ 9 ਤੇ ਸੀ.ਪੀ.ਐਮ. ਦੇ 5 ਉਮੀਦਵਾਰ ਜੇਤੂ ਰਹੇ। 1985 ਦੀਆਂ ਚੋਣਾਂ ਵਿਚ ਸੀ.ਪੀ.ਆਈ. ਦਾ ਇਕੋ ਹੀ ਉਮੀਦਵਾਰ ਜਿੱਤ ਸਕਿਆ।

ਉਨ੍ਹਾਂ ਦਿਨਾਂ ਵਿਚ ਅਤਿਵਾਦ ਪੂਰੇ ਜ਼ੋਰਾਂ 'ਤੇ ਸੀ। 1992 ਦੀਆਂ ਚੋਣਾਂ ਸਮੇਂ ਅਕਾਲੀ ਧੜਿਆਂ ਨੇ ਤਾਂ ਚੋਣਾਂ ਦਾ ਬਾਈਕਾਟ ਕਰ ਦਿੱਤਾ ਤੇ ਸੀ.ਪੀ.ਆਈ. ਦੇ 4 ਤੇ ਸੀ.ਪੀ.ਐਮ. ਦਾ ਇਕ ਉਮੀਦਵਾਰ ਜਿੱਤ ਗਿਆ। ਸਾਲ 1997 ਵਿਚ ਹੋਈਆਂ ਚੋਣਾਂ ਦੌਰਾਨ ਸੀ.ਪੀ.ਆਈ. ਨੇ ਕਾਂਗਰਸ ਨਾਲ ਗੱਠਜੋੜ ਕਰਕੇ ਦੋ ਉਮੀਦਵਾਰ ਜਿਤਾ ਲਏ ਪਰ ਸੀ.ਪੀ.ਐਮ. ਦਾ ਖਾਤਾ ਨਾ ਖੁੱਲ੍ਹਿਆ।

ਸਾਲ 2002 ਦੀਆਂ ਚੋਣਾਂ ਸੀ.ਪੀ.ਆਈ. ਨੇ ਕਾਂਗਰਸ ਨਾਲ ਰਲ ਕੇ ਲੜੀਆਂ ਸਨ ਤੇ ਇਸੇ ਸਦਕਾ ਆਪਣੇ ਦੋ ਉਮੀਦਵਾਰ ਜਿਤਾਉਣ ਵਿਚ ਕਾਮਯਾਬ ਰਹੀ। ਇਹ ਵੱਖਰੀ ਗੱਲ ਹੈ ਕਿ ਦੋਵੇਂ ਵਿਧਾਇਕ ਕਾਂਗਰਸ ਵਿਚ ਸ਼ਾਮਲ ਹੋ ਗਏ। ਪੰਜਾਬ ਤੋਂ ਲੋਕ ਸਭਾ ਚੋਣਾਂ ਵਿਚ ਵੀ ਇਹ ਪਾਰਟੀਆਂ ਚੰਗਾ ਪ੍ਰਦਰਸ਼ਨ ਕਰਦੀਆਂ ਰਹੀਆਂ ਹਨ। ਮਿਸਾਲ ਦੇ ਤੌਰ 'ਤੇ 1977 ਵਿੱਚ ਸੀ.ਪੀ.ਐਮ. ਦਾ ਇਕ ਉਮੀਦਵਾਰ ਲੋਕ ਸਭਾ ਚੋਣ ਜਿੱਤਿਆ। 1999 ਦੀਆਂ ਚੋਣਾਂ ਦੌਰਾਨ ਕਾਂਗਰਸ ਨਾਲ ਗੱਠਜੋੜ ਹੋਣ ਕਾਰਨ ਸੀ.ਪੀ.ਆਈ. ਦੇ ਇਕ ਉਮੀਦਵਾਰ ਕਾਮਰੇਡ ਭਾਨ ਸਿੰਘ ਭੌਰਾ ਨੇ ਜਿੱਤ ਹਾਸਲ ਕੀਤੀ।

2007 ਦੀਆਂ ਚੋਣਾਂ ਦੌਰਾਨ ਤਾਂ ਖੱਬੀਆਂ ਪਾਰਟੀਆਂ ਦਾ ਪ੍ਰਦਰਸ਼ਨ ਨਿਰਾਸ਼ਾਜਨਕ ਰਿਹਾ ਤੇ ਵੋਟ ਪ੍ਰਤੀਸ਼ਤਤਾ 1997 ਤੇ 2002 ਦੀਆਂ ਚੋਣਾਂ ਨਾਲੋਂ ਘਟ ਕੇ ਬਹੁਤ ਹੇਠਾਂ ਆ ਗਈ। ਇਸੇ ਸਮੇਂ ਦੌਰਾਨ ਖੱਬੀਆਂ ਪਾਰਟੀਆਂ ਵਿਚ ਉਥਲ-ਪੁਥਲ ਵੀ ਹੋਈ ਤੇ ਸੀ.ਪੀ.ਐਮ. ਦੇ ਤਾਂ ਕਈ ਹਿੱਸੇ ਹੋ ਗਏ। ਸਮਝਿਆ ਜਾਂਦਾ ਹੈ ਕਿ ਪੰਜਾਬ ਵਿਚ ਡੇਢ ਦਹਾਕਾ ਚੱਲੀ ਖਾੜਕੂਵਾਦ ਦੀ ਲਹਿਰ ਨੇ ਰਾਜਸੀ ਤੌਰ 'ਤੇ ਖੱਬੀਆਂ ਪਾਰਟੀਆਂ ਦਾ ਜ਼ਿਆਦਾ ਨੁਕਸਾਨ ਕੀਤਾ ਹੈ। ਖੱਬੀਆਂ ਪਾਰਟੀਆਂ ਦੇ ਆਗੂਆਂ ਦਾ ਦਾਅਵਾ ਹੈ ਕਿ ਮੈਦਾਨ ਵਿਚ ਲਾਲ ਝੰਡੇ ਵਾਲਿਆਂ ਦੀ ਮੌਜੂਦਗੀ ਨੂੰ ਵੱਡੀਆਂ ਸਿਆਸੀ ਧਿਰਾਂ ਨਜ਼ਰਅੰਦਾਜ਼ ਨਹੀਂ ਕਰ ਸਕਦੀਆਂ ਕਿਉਂਕਿ ਕੁਝ ਖਾਸ ਵਿਧਾਨ ਸਭਾ ਹਲਕਿਆਂ ਵਿਚ ਸੀ.ਪੀ.ਆਈ. ਤੇ ਸੀ.ਪੀ.ਐਮ. ਦਾ ਖਾਸ ਆਧਾਰ ਹੈ। ਇਸ ਆਧਾਰ ਸਦਕਾ ਖੱਬੀਆਂ ਪਾਰਟੀਆਂ ਦੇ ਉਮੀਦਵਾਰ ਕਾਂਗਰਸ ਦੇ ਉਮੀਦਵਾਰਾਂ ਲਈ ਖ਼ਤਰਾ ਪੈਦਾ ਕਰ ਸਕਦੇ ਹਨ।


# ਅਕਾਲੀ ਦਲ ਵੱਲੋਂ ਨਵੇਂ ਚਿਹਰਿਆਂ ਦਾ 'ਤਜਰਬਾ' ਕਰਨ ਦੀ ਤਿਆਰੀ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ (ਬ) ਵੱਲੋਂ ਅਗਲੀਆਂ ਵਿਧਾਨ ਸਭਾ ਚੋਣਾਂ ਵਿਚ ਨਵੇਂ ਤਜਰਬੇ ਕੀਤੇ ਜਾ ਰਹੇ ਹਨ। ਸੂਤਰਾਂ ਅਨੁਸਾਰ ਪਾਰਟੀ ਵੱਲੋਂ 40 ਤੋਂ ਵੱਧ ਸੀਟਾਂ ਉੱਤੇ ਨਵੇਂ ਚਿਹਰੇ ਉਤਾਰਨ ਦੀ ਰਣਨੀਤੀ ਤਿਆਰ ਕੀਤੀ ਜਾ ਰਹੀ ਹੈ ਜੋ ਪਾਰਟੀ ਲਈ ਵੱਡੀ ਮੁਸ਼ਬਤ ਵੀ ਬਣ ਸਕਦੇ ਹਨ। ਇਸ ਸਾਰੀ ਯੋਜਨਾ ਪਿੱਛੇ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੀ ਸੋਚ ਹੈ।

### 40 ਫੀਸਦੀ ਉਮੀਦਵਾਰ ਬਦਲੇ ਜਾਣ ਦੀ ਚਰਚਾ

ਸੂਤਰਾਂ ਅਨੁਸਾਰ ਪਾਰਟੀ ਨੇ ਜਿੱਥੇ ਪਾਰਟੀ ਦੇ ਬਾਗ਼ੀ ਵਿਧਾਇਕਾਂ ਤੇ ਆਗੂਆਂ ਦੇ ਬਦਲ ਲੱਭਣੇ ਸ਼ੁਰੂ ਕਰ ਦਿੱਤੇ ਹਨ, ਉੱਥੇ ਕਈ ਨਵੇਂ ਚਿਹਰਿਆਂ ਨੂੰ ਵੱਖ-ਵੱਖ ਹਲਕਿਆਂ ਵਿਚ ਕੰਮ ਕਰਨ ਲਈ ਹਰੀ ਝੰਡੀ ਦੇ ਦਿੱਤੀ ਹੈ। ਪਾਰਟੀ ਸੂਤਰਾਂ ਨੇ ਮੰਨਿਆ ਹੈ ਕਿ ਵਿਧਾਨ ਸਭਾ ਹਲਕਿਆਂ ਦੀ ਨਵੀਂ ਹੱਦਬੰਦੀ ਕਰਕੇ ਵੀ ਕਈ ਨਵੇਂ ਚਿਹਰੇ ਸਾਹਮਣੇ ਲਿਆਉਣੇ ਪੈ ਰਹੇ ਹਨ। ਨਵੀਂ ਹੱਦਬੰਦੀ ਕਾਰਨ ਰਾਖਵੇਂ ਤੋਂ ਜਨਰਲ ਤੇ ਜਨਰਲ ਤੋਂ ਰਾਖਵੇਂ ਬਣੇ ਹਲਕਿਆਂ ਨੇ ਵੀ ਨਵੇਂ ਚਿਹਰਿਆਂ ਨੂੰ ਉਭਾਰਨ ਲਈ ਰਾਹ ਖੋਲ੍ਹ ਦਿੱਤਾ ਹੈ। ਦਲ ਦੀ ਭਾਈਵਾਲ ਪਾਰਟੀ ਭਾਰਤੀ ਜਨਤਾ ਪਾਰਟੀ ਨੂੰ ਕੁਝ ਹਲਕਿਆਂ ਦੀ ਅਦਲਾ ਬਦਲੀ ਦੀ ਪੇਸ਼ਕਸ਼ ਕੀਤੀ ਗਈ ਹੈ ਤੇ ਉਸ ਨੂੰ ਵੀ ਨਵੇਂ ਉਮੀਦਵਾਰ ਲੱਭਣੇ ਪੈ ਰਹੇ ਹਨ। ਅਕਾਲੀ ਦਲ ਦਾ ਦਾਅਵਾ ਹੈ ਕਿ ਸਿਰਫ ਜੇਤੂ ਜਾਪਣ ਵਾਲੇ ਨਵੇਂ ਉਮੀਦਵਾਰਾਂ ਨੂੰ ਹੀ ਮੌਕਾ ਦਿੱਤਾ ਜਾਵੇਗਾ ਤੇ ਉਮੀਦਵਾਰ ਚੁਣਨ ਵੇਲੇ ਕਿਸੇ ਤਰ੍ਹਾਂ ਦੀ ਰਿਆਇਤ ਨਹੀਂ ਕੀਤੀ ਜਾਵੇਗੀ।

ਸੂਤਰਾਂ ਮੁਤਾਬਕ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਬਾਗ਼ੀ ਵਿਧਾਇਕਾਂ ਨੂੰ ਮਨਾਉਣ ਦੀ ਥਾਂ ਨਵੇਂ ਉਮੀਦਵਾਰ ਖੜ੍ਹੇ ਕਰਨ ਦਾ ਫੈਸਲਾ ਲੈ ਚੁੱਕਾ ਹਨ। ਇਸੇ ਤਰ੍ਹਾਂ ਮ੍ਰਿਤਕ ਵਿਧਾਇਕਾਂ ਦੇ ਪਰਿਵਾਰਕ ਮੈਂਬਰਾਂ ਨੂੰ ਟਿਕਟ ਦੇਣੀ ਜ਼ਰੂਰੀ ਨਹੀਂ ਮੰਨੀ ਜਾ ਰਹੀ। ਨਵੇਂ ਚਿਹਰਿਆਂ ਨੂੰ ਟਿਕਟਾਂ ਦਿੱਤੇ ਜਾਣ ਦੀ ਚਰਚਾ ਕਾਰਨ ਕਈ ਮੌਜੂਦਾ ਵਿਧਾਇਕਾਂ



ਵੱਲੋਂ ਬਗ਼ਾਵਤ ਦੀਆਂ ਤਿਆਰੀਆਂ ਹਨ ਤੇ ਚਰਚਾ ਹੈ ਕਿ ਇਹ ਵਿਧਾਇਕ ਪੀਪਲਜ਼ ਪਾਰਟੀ ਆਫ ਪੰਜਾਬ ਨਾਲ ਮਿਲ ਕੇ ਅਕਾਲੀ ਦਲ ਲਈ ਵੱਡੀ ਸਮੱਸਿਆ ਖੜ੍ਹੀ ਕਰ ਸਕਦੇ ਹਨ। ਉਂਜ ਹੁਣ ਤੱਕ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਰੁੱਸਿਆਂ ਨੂੰ ਮਨਾਉਣ ਤੇ ਸਭ ਨੂੰ ਖੁਸ਼ ਰੱਖਣ ਦੇ ਸਿਆਸੀ ਪੈਂਤੜੇ ਨਾਲ ਹੀ ਕਾਮਯਾਬ ਹੁੰਦੇ ਰਹੇ ਹਨ ਪਰ ਉਨ੍ਹਾਂ ਦਾ ਫਰਜ਼ੰਦ ਸੁਖਬੀਰ ਸਿੰਘ ਬਾਦਲ ਇਸ ਵਾਰ ਨਵਾਂ ਤਜਰਬਾ ਕਰਨ ਦਾ ਇੱਛੁਕ ਹੈ।

ਸੂਤਰਾਂ ਅਨੁਸਾਰ ਸੁਖਬੀਰ ਬਾਦਲ 'ਤੇ ਦਲ ਦੇ ਯੂਥ ਵਿੰਗ ਦਾ ਚੰਗਾ ਪ੍ਰਭਾਵ ਹੈ ਜਿਸ ਦੀ ਅਗਵਾਈ ਉਨ੍ਹਾਂ ਦਾ ਸਾਲਾ ਬਿਕਰਮ ਸਿੰਘ ਮਜੀਠੀਆ ਕਰ ਰਿਹਾ ਹੈ। ਇਸ ਲਈ ਸ. ਮਜੀਠੀਆ ਵੀ ਵੱਧ ਤੋਂ ਵੱਧ ਟਿਕਟਾਂ ਆਪਣੇ ਚਹੇਤਿਆਂ ਨੂੰ ਦਵਾਉਣ ਲਈ ਜ਼ੋਰ ਲਾ ਰਹੇ ਹਨ। ਸਿਆਸੀ ਮਾਹਿਰਾਂ ਅਨੁਸਾਰ ਇਹ ਪੈਂਤੜਾ ਸਿੱਧਾ ਵੀ ਪੈ ਸਕਦਾ ਹੈ ਤੇ ਨੁਕਸਾਨ ਹੋਣ ਦਾ ਖਦਸ਼ਾ ਵੀ ਹੈ।

# ਅਕਾਲੀ ਦਲ ਤੇ ਕਾਂਗਰਸ ਵਿਚਾਲੇ ਹੀ ਹੋਵੇਗਾ ਭੇੜ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਪੰਜਾਬ ਵਿਧਾਨ ਸਭਾ ਦੇ ਹੁਣ ਤੱਕ ਦੇ ਚੋਣ ਇਤਿਹਾਸ ਦੌਰਾਨ ਮੁੱਖ ਮੁਕਾਬਲਾ ਕਾਂਗਰਸ ਤੇ ਅਕਾਲੀ ਦਲ ਵਿਚਕਾਰ ਹੀ ਹੁੰਦਾ ਆ ਰਿਹਾ ਹੈ। ਭਾਵੇਂ ਸਾਲ 1952 ਤੋਂ ਲੈ ਕੇ 2007 ਤੱਕ ਇਨ੍ਹਾਂ ਚੋਣਾਂ ਵਿਚ ਕਈ ਪਾਰਟੀਆਂ ਤੇ ਕਈ ਧਿਰਾਂ ਹਿੱਸਾ ਲੈ ਚੁੱਕੀਆਂ ਹਨ ਪਰ ਅਕਾਲੀ ਦਲ ਤੇ ਕਾਂਗਰਸ ਤੋਂ ਇਲਾਵਾ ਹੋਰ ਕੋਈ ਵੀ ਪਾਰਟੀ ਕਦੇ ਉੱਭਰ ਕੇ ਸਾਹਮਣੇ ਨਹੀਂ ਆ ਸਕੀ।

ਨਵੇਂ ਪੰਜਾਬ ਦੇ ਪੁਨਰਗਠਨ ਤੋਂ ਪਹਿਲਾਂ ਪੰਜਾਬ ਦੇ ਚੋਣ ਅਖਾੜੇ ਵਿੱਚ ਕਾਂਗਰਸ ਦੂਸਰੀਆਂ ਧਿਰਾਂ ਨੂੰ ਪਛਾੜ ਕੇ ਹਮੇਸ਼ਾ ਮੋਹਰੀ ਰਹੀ ਹੈ। ਸਾਲ 1957 ਵਿਚ ਤਾਂ ਅਕਾਲੀਆਂ ਨੇ ਕਾਂਗਰਸ ਪਾਰਟੀ ਦੀ ਟਿਕਟ 'ਤੇ ਹੀ ਚੋਣਾਂ ਲੜੀਆਂ ਸਨ। ਪੰਜਾਬ ਵਿਧਾਨ ਸਭਾ ਦੀਆਂ ਚੋਣਾਂ ਦੌਰਾਨ ਕਾਂਗਰਸ ਸਾਲ 1952 ਦੌਰਾਨ 126 ਵਿਚੋਂ 98 ਸੀਟਾਂ 'ਤੇ ਜੇਤੂ ਰਹੀ। ਇਸ ਤੋਂ ਬਾਅਦ ਵੀ ਕਾਂਗਰਸ ਸਾਲ 1957 ਵਿਚ 154 ਵਿਚੋਂ 120 ਤੇ 1962 ਵਿਚ 154 ਵਿਚੋਂ 90 ਸੀਟਾਂ ਜਿੱਤਣ ਵਿਚ ਕਾਮਯਾਬ ਰਹੀ।

ਦੂਸਰੇ ਪਾਸੇ ਅਕਾਲੀ ਦਲ ਸਾਲ 1952 ਵਿਚ ਸਿਰਫ 13 ਤੇ 1962 'ਚ 19 ਸੀਟਾਂ ਹੀ ਜਿੱਤਣ ਦੇ ਸਮਰੱਥ ਹੋਇਆ ਸੀ ਜਦਕਿ ਕਮਿਊਨਿਸਟ, ਜਨ ਸੰਘ, ਸੋਸ਼ਲਿਸਟ ਵੀ ਇਨ੍ਹਾਂ ਚੋਣਾਂ ਦੌਰਾਨ ਚਰਚਾ 'ਚ ਰਹੇ। ਉਂਜ ਪੰਜਾਬ ਦੇ ਪੁਨਰਗਠਨ ਤੋਂ ਬਾਅਦ ਹੀ ਸਿਆਸੀ ਧਿਰਾਂ ਦੀ ਅਸਲ ਸਮਰੱਥਾ ਦਾ ਪਤਾ ਲੱਗਾ। ਪਹਿਲੇ ਦੌਰ ਵਿਚ ਹੀ ਕਾਂਗਰਸ ਨੇ ਸਾਲ 1967 ਦੀਆਂ ਵਿਧਾਨ ਸਭਾ ਚੋਣਾਂ ਦੌਰਾਨ ਕੁੱਲ 104 ਸੀਟਾਂ ਵਿਚੋਂ 48 ਸੀਟਾਂ 'ਤੇ ਜਿੱਤ ਹਾਸਲ ਕਰਕੇ ਭਾਵੇਂ ਸਭ ਤੋਂ ਵੱਡੀ ਪਾਰਟੀ ਦਾ ਰੁਤਬਾ ਹਾਸਲ ਕਰ ਲਿਆ ਪਰ ਉਹ ਸਪੱਸ਼ਟ ਬਹੁਮਤ ਹਾਸਲ ਨਾ ਕਰ ਸਕੀ।

ਦੂਸਰੇ ਪਾਸੇ ਸਿਰਫ 26 ਸੀਟਾਂ ਜਿੱਤਣ ਦੇ ਬਾਵਜੂਦ ਅਕਾਲੀ ਦਲ ਹੋਰ ਪਾਰਟੀਆਂ ਦੇ ਸਹਿਯੋਗ ਨਾਲ ਸਰਕਾਰ ਬਣਾਉਣ ਵਿਚ ਕਾਮਯਾਬ ਹੋ ਗਿਆ। ਉਦੋਂ ਅਕਾਲੀ ਤੇ ਜਨਸੰਘੀ ਸਾਂਝੇ ਤੌਰ 'ਤੇ ਮੰਤਰੀ ਮੰਡਲ ਵਿਚ ਸ਼ਾਮਲ ਹੋਏ ਸਨ ਜਦਕਿ ਵਿਧਾਨ ਸਭਾ ਵਿਚ 9-9 ਜਨਸੰਘੀ ਤੇ ਆਜ਼ਾਦ, 8 ਕਮਿਊਨਿਸਟ, 3 ਰਿਪਬਲਿਕਨ ਤੇ ਇਕ ਸੋਸ਼ਲਿਸਟ ਜਿੱਤਿਆ। ਸਾਲ 1969 ਦੀਆਂ ਚੋਣਾਂ ਦੌਰਾਨ ਅਕਾਲੀਆਂ ਨੇ ਆਪਣੇ ਸਿਆਸੀ ਦੌਰ ਦੌਰਾਨ ਪਹਿਲੀ ਵਾਰ ਕਾਂਗਰਸ ਤੋਂ ਵੱਧ 43 ਸੀਟਾਂ ਜਿੱਤੀਆਂ ਜਦਕਿ ਉਦੋਂ ਕਾਂਗਰਸ ਨੂੰ ਸਿਰਫ 38 ਸੀਟਾਂ ਹੀ ਮਿਲੀਆਂ। ਅਕਾਲੀਆਂ ਨੇ ਇਸ ਵੇਲੇ ਵੀ ਮਿਲੀ-ਜੁਲੀ ਸਰਕਾਰ ਹੀ ਬਣਾਈ।

ਇਸ ਤੋਂ ਬਾਅਦ 1972 ਵਿਚ ਕਾਂਗਰਸ ਨੇ 65 ਸੀਟਾਂ ਜਿੱਤ ਕੇ ਅਕਾਲੀ ਦਲ ਦੀ ਹਾਲਤ ਪਤਲੀ ਕਰ ਦਿੱਤੀ। ਅਕਾਲੀਆਂ ਨੂੰ ਇਨ੍ਹਾਂ ਚੋਣਾਂ ਦੌਰਾਨ ਸਿਰਫ 24 ਸੀਟਾਂ ਹੀ ਮਿਲੀਆਂ। ਐਮਰਜੈਂਸੀ ਤੋਂ ਬਾਅਦ ਸਾਲ 1977 ਦੀਆਂ ਵਿਧਾਨ ਸਭਾ ਚੋਣਾਂ ਦੌਰਾਨ ਅਕਾਲੀਆਂ ਨੇ ਪਹਿਲੀ ਵਾਰ ਸਪੱਸ਼ਟ ਬਹੁਮਤ ਹਾਸਲ ਕੀਤਾ। ਦੂਸਰੇ ਪਾਸੇ ਜਨਤਾ ਪਾਰਟੀ ਨੂੰ 25 ਤੇ ਕਾਂਗਰਸ ਨੂੰ ਸਿਰਫ 17 ਸੀਟਾਂ ਹੀ ਮਿਲੀਆਂ।

## ਵਿਧਾਨ ਸਭਾ ਚੋਣਾਂ

ਤਿੰਨ ਸਾਲਾਂ ਬਾਅਦ ਹੀ ਕਾਂਗਰਸ ਨੇ ਅਕਾਲੀ ਦਲ ਨੂੰ ਪਲਟੀ ਮਾਰਦਿਆਂ 1980 ਦੀਆਂ ਵਿਧਾਨ ਸਭਾ ਚੋਣਾਂ ਦੌਰਾਨ 63 ਸੀਟਾਂ ਜਿੱਤ ਕੇ ਆਪਣੀ ਸਰਕਾਰ ਬਣਾ ਲਈ ਸੀ। ਇਨ੍ਹਾਂ ਚੋਣਾਂ ਦੌਰਾਨ ਅਕਾਲੀਆਂ ਨੂੰ ਸਿਰਫ 37 ਸੀਟਾਂ ਹੀ ਮਿਲੀਆਂ।

ਦੂਸਰੇ ਪਾਸੇ ਜਨਤਾ ਪਾਰਟੀ ਦਾ ਪੱਲਾ ਛੱਡ ਕੇ ਭਾਰਤੀ ਜਨਤਾ ਪਾਰਟੀ ਦੇ ਰੂਪ ਵਿਚ ਚੋਣ ਲੜਨ ਵਾਲਾ ਜਨਸੰਘ ਮੁਸ਼ਕਲ ਨਾਲ ਆਪਣਾ ਖਾਤਾ ਹੀ ਖੋਲ੍ਹ ਸਕਿਆ। ਇਸ ਤਰ੍ਹਾਂ ਕਾਂਗਰਸ ਤੇ ਅਕਾਲੀ ਦਲ ਵਿਚਕਾਰ ਜਿੱਤ-ਹਾਰ ਦਾ ਸਿਲਸਿਲਾ ਚੱਲਦਾ ਆ ਰਿਹਾ ਹੈ। ਸਾਲ 1985 ਦੀਆਂ ਵਿਧਾਨ ਸਭਾ ਚੋਣਾਂ ਦੌਰਾਨ ਕਾਂਗਰਸ ਨੂੰ ਸਿਰਫ 32 ਸੀਟਾਂ 'ਤੇ ਹੀ ਸਬਰ ਕਰਨਾ ਪਿਆ ਤੇ ਅਕਾਲੀ ਦਲ ਨੇ ਇਨ੍ਹਾਂ ਚੋਣਾਂ ਦੌਰਾਨ ਨਵਾਂ ਇਤਿਹਾਸ ਸਿਰਜਦਿਆਂ 73 ਵਿਧਾਨ ਸਭਾ ਹਲਕਿਆਂ ਉਪਰ ਜਿੱਤ ਹਾਸਲ ਕੀਤੀ। ਇਸ ਸਮੇਂ ਸੁਰਜੀਤ ਸਿੰਘ ਬਰਨਾਲਾ ਦੀ ਅਗਵਾਈ ਹੇਠ ਅਕਾਲੀ ਦਲ ਦੀ ਸਰਕਾਰ ਹੋਂਦ ਵਿਚ ਆਈ।

ਸੱਤਾਂ ਸਾਲਾਂ ਬਾਅਦ ਜਦੋਂ ਸਾਲ 1992 ਵਿਚ ਪੰਜਾਬ ਵਿਧਾਨ ਸਭਾ ਚੋਣਾਂ ਹੋਈਆਂ ਤਾਂ ਉਸ ਵੇਲੇ ਖਾੜਕੂਵਾਦ ਸਿਖਰ 'ਤੇ ਸੀ। ਉਦੋਂ ਅਕਾਲੀ ਦਲ ਦੀਆਂ ਮੁੱਖ ਧਿਰਾਂ ਵੱਲੋਂ ਚੋਣਾਂ ਦਾ ਬਾਈਕਾਟ ਕਰਨ ਕਾਰਨ ਕਾਂਗਰਸ ਬੜੇ ਆਰਾਮ ਨਾਲ 87 ਸੀਟਾਂ ਹਾਸਲ ਕਰਕੇ ਜੇਤੂ ਰਹੀ ਤੇ ਬੇਅੰਤ ਸਿੰਘ ਦੀ ਅਗਵਾਈ ਹੇਠ ਕਾਂਗਰਸ ਦੀ ਸਰਕਾਰ ਨੇ ਪੰਜਾਬ ਦੀ ਕਮਾਂਡ ਸੰਭਾਲੀ। ਫਿਰ 1997 ਦੀਆਂ ਵਿਧਾਨ ਸਭਾ ਚੋਣਾਂ ਦੌਰਾਨ ਮੁੜ ਇਤਿਹਾਸ ਦੁਹਰਾਇਆ ਗਿਆ ਤੇ ਅਕਾਲੀ ਦਲ ਤੇ ਭਾਜਪਾ ਵੱਲੋਂ ਸਾਂਝੇ ਤੌਰ 'ਤੇ ਲੜੀਆਂ ਚੋਣਾਂ ਦੌਰਾਨ ਦੋਵਾਂ ਧਿਰਾਂ ਨੇ ਬਹੁਮਤ ਹਾਸਲ ਕਰਕੇ ਪੰਜਾਬ 'ਚ ਨਵੇਂ ਦੌਰ ਦੀ ਸ਼ੁਰੂਆਤ ਕੀਤੀ ਸੀ। ਇਨ੍ਹਾਂ ਚੋਣਾਂ ਵਿਚ ਅਕਾਲੀ ਦਲ ਨੂੰ 76 ਤੇ ਭਾਰਤੀ ਜਨਤਾ ਪਾਰਟੀ ਨੂੰ 17 ਸੀਟਾਂ ਹੀ ਮਿਲੀਆਂ ਸਨ। ਫਿਰ ਸਾਲ 2002 ਦੀਆਂ ਚੋਣਾਂ ਦੌਰਾਨ ਮੁੜ ਅਦਲਾ-ਬਦਲੀ ਦੀ ਖੇਡ ਨੇ ਆਪਣਾ ਰੰਗ ਦਿਖਾਇਆ ਤੇ ਕਾਂਗਰਸ 62 ਸੀਟਾਂ ਜਿੱਤ ਕੇ ਪੰਜਾਬ ਉਪਰ ਕਾਬਜ਼ ਹੋਈ। ਇਨ੍ਹਾਂ ਚੋਣਾਂ ਦੌਰਾਨ ਅਕਾਲੀ ਦਲ ਨੂੰ 44 ਸੀਟਾਂ ਹਾਸਲ ਹੋਈਆਂ ਜਦਕਿ ਭਾਜਪਾ ਦੋ ਸੀਟਾਂ 'ਤੇ ਸਿਮਟ ਗਈ। ਫਿਰ ਪੰਜਾਂ ਸਾਲਾਂ ਬਾਅਦ 2007 ਵਿਚ ਮੁੜ ਅਕਾਲੀ ਦਲ ਜੇਤੂ ਰਿਹਾ। ਇਨ੍ਹਾਂ ਚੋਣਾਂ ਦੌਰਾਨ ਅਕਾਲੀ ਦਲ ਦੇ 49 ਉਮੀਦਵਾਰ ਜੇਤੂ ਰਹੇ ਜਦਕਿ ਭਾਰਤੀ ਜਨਤਾ ਪਾਰਟੀ ਦੇ 19 ਉਮੀਦਵਾਰਾਂ ਨੇ ਜਿੱਤ ਹਾਸਲ ਕੀਤੀ। ਹੁਣ ਫਰਵਰੀ 2012 ਦੌਰਾਨ ਹੋ ਰਹੀਆਂ ਵਿਧਾਨ ਸਭਾ ਚੋਣਾਂ ਦੌਰਾਨ ਲੰਮੇ ਸਮੇਂ ਬਾਅਦ ਭਾਵੇਂ ਮਨਪ੍ਰੀਤ ਬਾਦਲ ਦੀ ਪੀ.ਪੀ.ਪੀ., ਸੀ.ਪੀ.ਆਈ., ਸੀ. ਪੀ. ਆਈ. (ਐਮ) ਤੇ ਅਕਾਲੀ ਦਲ (ਲੌਂਗੋਵਾਲ) ਨੇ ਤੀਸਰਾ ਸਿਆਸੀ ਧੜਾ ਉਸਾਰਿਆ ਹੈ ਪਰ ਮੌਜੂਦਾ ਹਾਲਾਤ ਮੁਤਾਬਕ ਇਕ ਵਾਰ ਫਿਰ ਮੁੱਖ ਟੱਕਰ ਅਕਾਲੀ ਦਲ-ਭਾਜਪਾ ਤੇ ਕਾਂਗਰਸ ਵਿਚਕਾਰ ਹੀ ਹੋਣ ਦੇ ਆਸਾਰ ਹਨ। ਅਜਿਹੇ ਸੰਕੇਤ ਵੀ ਮਿਲਦੇ ਹਨ ਕਿ ਤੀਸਰਾ ਫਰੰਟ ਇਨ੍ਹਾਂ ਦੋਵਾਂ ਧਿਰਾਂ ਦੀ ਜਿੱਤ-ਹਾਰ ਤੈਅ ਕਰਨ ਵਿਚ ਅਹਿਮ ਭੂਮਿਕਾ ਨਿਭਾਉਣ ਦੇ ਸਮਰੱਥ ਹੋ ਸਕਦਾ ਹੈ।

# ਵਿਦੇਸ਼ੀ ਹਵਾਈ ਅੱਡਿਆਂ 'ਤੇ ਦਸਤਾਰ ਦੀ 'ਬੇਅਦਬੀ' ਜਾਰੀ




**ਚੰਡੀਗੜ੍ਹ:** ਵਿਦੇਸ਼ੀ ਹਵਾਈ ਅੱਡਿਆਂ 'ਤੇ ਦਸਤਾਰ ਦੀ 'ਬੇਅਦਬੀ' ਜਾਰੀ ਹੈ ਪਰ ਇਸ ਬਾਰੇ ਸਰਕਾਰੀ ਪੱਧਰ 'ਤੇ ਕੋਈ ਖਾਸ ਕਦਮ ਨਹੀਂ ਉਠਾਇਆ ਜਾ ਰਿਹਾ। ਪੰਜਾਬ ਸਰਕਾਰ ਤੇ ਸਿੱਖਾਂ ਦੀ ਨੁਮਾਇੰਦਗੀ ਕਰਨ ਵਾਲੀ ਸੰਸਥਾ ਸ਼੍ਰੋਮਣੀ ਕਮੇਟੀ ਵੱਲੋਂ ਕੇਂਦਰ ਸਰਕਾਰ 'ਤੇ ਹੀ ਦੂਸ਼ਣਬਾਜ਼ੀ ਲਾ ਕੇ ਡੰਗ ਸਾਰਿਆ ਜਾ ਰਿਹਹਾ ਹੈ ਜਦੋਂਕਿ

### ਮਿਲਾਨ ਅੱਡੇ 'ਤੇ ਸਿੱਖ ਕੈਪਟਨ ਦੀ ਦਸਤਾਰ ਲਾਹੀ

ਕੇਂਦਰੀ ਵਿਦੇਸ਼ ਮੰਤਰਾਲਾ ਇਸ ਬਾਰੇ ਵਿਦੇਸ਼ੀ ਮੁਲਕਾਂ ਦੀਆਂ ਸਰਕਾਰਾਂ ਨੂੰ ਚਿੱਠੀਆਂ ਲਿਖਣ ਤੋਂ ਅੱਗੇ ਕੁਝ ਵੀ ਨਹਈ ਕਰ ਰਿਹਾ।

ਪਿਛਲੇ ਦਿਨੀਂ ਮਿਲਾਨ ਕੌਮਾਂਤਰੀ ਹਵਾਈ ਅੱਡੇ (ਇਟਲੀ) 'ਤੇ ਦਿੱਲੀ ਤੋਂ ਜੈੱਟ ਏਅਰਵੇਜ਼ ਦਾ ਜਹਾਜ਼ ਲੈ ਕੇ ਪੁੱਜੇ ਕੈਪਟਨ ਰਵੀਜੋਤ ਸਿੰਘ ਧੂਪੀਆ ਦੀ ਸੁਰੱਖਿਆ ਦੇ ਨਾਂ 'ਤੇ ਪੱਗ ਲੁਹਾਣ ਦਾ ਮਾਮਲਾ ਸਾਹਮਣੇ ਆਉਣ ਨਾਲ ਸਿੱਖਾਂ 'ਚ ਇਕ ਵਾਰ ਫਿਰ ਰੋਸ ਦੀ ਲਹਿਰ ਪੈਦਾ ਹੋ ਗਈ ਹੈ। ਕੈਪਟਨ ਧੂਪੀਆ ਇਸ ਘਟਨਾ ਤੋਂ ਹਾਲੇ ਸਦਮੇ ਵਿਚ ਹਨ ਕਿਉਂਕਿ ਸੁਰੱਖਿਆ ਦੇ ਨਾਂ 'ਤੇ ਉਨ੍ਹਾਂ ਨੂੰ ਖਾਸਾ ਬੇਇੱਜ਼ਤ ਹੋਣਾ ਪਿਆ।

ਉਨ੍ਹਾਂ ਨੂੰ ਜਾਂਚ ਲਈ ਵੱਖਰੇ ਕਮਰੇ ਵਿਚ ਲਿਜਾਇਆ ਗਿਆ ਤੇ ਪੱਗ ਲਾਹੁਣ ਲਈ ਕਿਹਾ ਗਿਆ। ਪੱਗ ਨੂੰ ਇਕ ਟਰੇਅ ਵਿਚ ਰੱਖ ਕੇ ਉਸ ਨੂੰ ਐਕਸਰੇਅ ਮਸ਼ੀਨ ਵਿਚੋਂ ਲੰਘਾਇਆ ਗਿਆ। ਜਾਂਚ ਹੋਣ ਤੋਂ ਬਾਅਦ ਉਨ੍ਹਾਂ ਨੂੰ ਕਿਹਾ ਗਿਆ ਕਿ ਉਹ ਆਪਣੀ ਟੋਪੀ ਪਹਿਣ ਲੈਣ ਜਿਸ ਕਰਕੇ ਕੈਪਟਨ ਨੇ ਆਪਣੇ-ਆਪ ਨੂੰ ਬੇਇਜ਼ਤ ਮਹਿਸੂਤ ਕੀਤਾ।


ਰਾਜ ਸਭਾ ਮੈਂਬਰ ਤੇ ਕਾਂਗਰਸੀ ਆਗੂ ਮਨੋਹਰ ਸਿੰਘ ਗਿੱਲ ਦਾ ਕਹਿਣਾ ਹੈ ਕਿ ਉਹ "ਇਸ ਘਟਨਾ ਤੋਂ ਬਹੁਤ ਸ਼ਰਮਸਾਰ ਹਨ। ਸੁਰੱਖਿਆ ਦੇ ਨਾਂ 'ਤੇ ਸਿੱਖਾਂ ਨੂੰ ਬੇਇੱਜ਼ਤ ਕੀਤਾ ਜਾ ਰਿਹਾ ਹੈ। ਦੁੱਖ ਤਾਂ ਇਸ ਗੱਲ ਦਾ ਹੈ ਕਿ ਸੁਰੱਖਿਆ ਅਮਲੇ ਨੂੰ 'ਪੱਗ' ਤੇ 'ਟੋਪੀ' ਵਿਚਾਲੇ ਫਰਕ ਹੀ ਨਹੀਂ ਪਤਾ।" ਜ਼ਿਕਰਯੋਗ ਹੈ ਕਿ ਭਾਰਤ ਦੇ ਵਿਦੇਸ਼ੀ ਮਾਮਲਿਆਂ ਬਾਰੇ ਮੰਤਰਾਲੇ ਵੱਲੋਂ ਸਮੇਂ-ਸਮੇਂ 'ਤੇ ਦਾਅਵਾ ਕੀਤਾ ਜਾਂਦਾ ਰਿਹਾ ਹੈ ਕਿ ਉਸ ਵੱਲੋਂ ਪੱਗ ਦਾ ਮਾਮਲਾ ਯੂਰਪੀ ਸੰਘ ਤੇ ਹੋਰ ਮੁਲਕਾਂ ਕੋਲ ਉਠਾਇਆ ਜਾ ਚੁੱਕਿਆ ਹੈ ਪਰ ਇਸ ਦੇ ਬਾਵਜੂਦ ਸਿੱਖਾਂ ਦਾ ਅਪਮਾਨ ਜਾਰੀ ਹੈ। ਸ. ਗਿੱਲ ਨੇ ਦੱਸਿਆ ਕਿ ਅਜਿਹੀਆਂ ਘਟਨਾਵਾਂ ਸਿਰਫ ਇਟਲੀ ਵਿਚ ਹੀ ਨਹੀਂ ਸਗੋਂ ਪੋਲੈਂਡ ਵਿਚ ਵੀ ਆਮ ਹਨ। ਉਥੇ ਸੁਰੱਖਿਆ ਦਸਤੇ ਕਿਸੇ ਪੱਗੜੀਧਾਰੀ ਸਿੱਖ ਨੂੰ ਹੋਰਾਂ ਮੁਸਾਫ਼ਰਾਂ ਵਿਚੋਂ ਵੱਖ ਕਰਕੇ ਪੱਗ ਲਾਹੁਣ ਲਈ ਕਹਿੰਦੇ ਹਨ। ਉਨ੍ਹਾਂ ਕਿਹਾ ਕਿ ਉਹ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਤੇ ਵਿਦੇਸ਼ ਮੰਤਰੀ ਐਸ.ਐਮ. ਕ੍ਰਿਸ਼ਨਾ ਨੂੰ ਲਿਖ ਰਹੇ ਹਨ ਤਾਂ ਜੋ ਉਨ੍ਹਾਂ ਵੱਲੋਂ ਇਸ ਮਾਮਲੇ ਨੂੰ ਯੂਰਪੀ ਸੰਘ ਤੇ ਉਸ ਦੇ ਮੈਂਬਰ ਦੇਸ਼ਾਂ ਕੋਲ ਜ਼ੋਰਦਾਰ ਢੰਗ ਨਾਲ ਰੱਖਿਆ ਜਾ ਸਕੇ।" ਕਈ ਮੁਲਕਾਂ ਖਾਸ ਤੌਰ 'ਤੇ ਬਰਤਾਨੀਆ ਵਿਚ ਸਿੱਖ ਯਾਤਰੀਆਂ ਨੂੰ ਪੱਗ ਆਪਣੇ ਹੱਥਾਂ ਨਾਲ ਛੂਹਣ ਲਈ ਕਿਹਾ ਜਾਂਦਾ ਹੈ। ਇਸ ਮਗਰੋਂ ਇਕ ਯੰਤਰ ਨੂੰ ਪੱਗ ਨਾਲ ਲਾ ਕੇ ਉਸ ਦੀ ਕੰਪਿਊਟਰ ਰਾਹੀਂ ਜਾਂਚ ਕੀਤੀ ਜਾਂਦੀ ਹੈ। ਇਸ ਪ੍ਰਕਿਰਿਆ ਨੂੰ ਆਮ ਤੌਰ 'ਤੇ ਕੁਝ ਮਿੰਟ ਲਗਦੇ ਹਨ ਪਰ ਯੂਰਪੀ ਸੰਘ ਵੱਲੋਂ ਇਸ ਪਾਸੇ ਕੁਝ ਖਾਸ ਨਹੀਂ ਕੀਤਾ ਜਾ ਰਿਹਾ। ਹਾਲੇ ਵੀ ਉਥੇ ਪੱਗ ਲੁਹਾ ਕੇ ਟਰੇਅ ਵਿਚ ਰੱਖੀ ਜਾਂਦੀ ਹੈ ਤੇ ਉਸ ਨੂੰ ਐਕਸਰੇਅ ਮਸ਼ੀਨ ਵਿਚੋਂ ਲੰਘਾਇਆ ਜਾਂਦਾ ਹੈ। ਸ. ਗਿੱਲ ਨੇ ਕਿਹਾ "ਇਹ ਬੜਾ ਗੰਭੀਰ ਮਾਮਲਾ ਹੈ। ਇਸ ਨਾਲ ਸਿੱਖਾਂ ਦੀਆਂ ਧਾਰਮਿਕ ਭਾਵਨਾਵਾਂ ਨੂੰ ਠੇਸ ਪੁੱਜ ਰਹੀ ਹੈ। ਭਾਰਤ ਸਰਕਾਰ ਇਸ ਸਮੱਸਿਆ ਦਾ ਹੱਲ ਕੂਟਨੀਤਕ ਪੱਧਰ 'ਤੇ ਕੱਢੇ।" ਉਨ੍ਹਾਂ ਕਿਹਾ ਕਿ ਭਾਰਤ ਸਰਕਾਰ ਜਦੋਂ ਤੱਕ ਪੱਗ ਦੇ ਮੁੱਦੇ 'ਤੇ ਸਖ਼ਤ ਰਵੱਈਆ ਅਖ਼ਤਿਆਰ ਨਹੀਂ ਕਰਦੀ, ਉਦੋਂ ਤੱਕ ਸਿੱਖਾਂ ਦਾ ਅਪਮਾਣ ਹੁੰਦਾ ਰਹੇਗਾ ਤੇ ਹਵਾਈ ਅੱਡਿਆਂ 'ਤੇ ਪੱਗਾਂ ਉਤਾਰ ਕੇ ਜਾਂਚ ਹੁੰਦੀ ਰਹੇਗੀ।

## ਹਰਸਿਮਰਤ ਵੱਲੋਂ ਇਟਲੀ ਦੇ ਰਾਜਦੂਤ ਨੂੰ ਪੱਤਰ



**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਦੀ ਲੋਕ ਸਭਾ ਮੈਂਬਰ ਹਰਸਿਮਰਤ ਬਾਦਲ ਨੇ ਕਿਹਾ ਹੈ ਕਿ ਯੂ.ਪੀ.ਏ. ਦੀ ਚੇਅਰਪਰਸਨ ਸੋਨੀਆ ਗਾਂਧੀ ਆਪਣੇ ਪਿਤਰੀ ਦੇਸ਼ ਇਟਲੀ ਵਿਚ ਸਿੱਖਾਂ ਨੂੰ ਪ੍ਰੇਸ਼ਾਨ ਕਰਨ ਦੇ ਮਾਮਲਿਆਂ ਨੂੰ ਰੋਕਣ ਵਿਚ ਅਸਫਲ ਸਾਬਤ ਹੋਏ ਹਨ। ਉਨ੍ਹਾਂ ਨੇ ਇਸ ਬਾਰੇ ਇਟਲੀ ਦੇ ਰਾਜਦੂਤ ਤੇ ਲੋਕ ਸਭਾ ਦੀ ਸਪੀਕਰ ਨੂੰ ਵੀ ਪੱਤਰ ਲਿਖਿਆ ਹੈ। ਉਨ੍ਹਾਂ ਕਿਹਾ ਕਿ ਸਿੱਖ ਭਾਈਚਾਰੇ ਨੂੰ 1984 ਤੋਂ ਨਿਸ਼ਾਨਾ ਬਣਾਇਆ ਜਾ ਰਿਹਾ ਹੈ ਪਰ ਕਾਂਗਰਸ ਪਾਰਟੀ ਤੇ ਵਿਦੇਸ਼ ਮੰਤਰਾਲੇ ਵੱਲੋਂ ਵਾਰ-ਵਾਰ ਭਰੋਸਾ ਦਿਵਾਉਣ ਦੇ ਬਾਵਜੂਦ ਸਿੱਖਾਂ ਨੂੰ ਤੰਗ ਪ੍ਰੇਸ਼ਾਨ ਕਰਨਾ ਬੰਦ ਨਹੀਂ ਕੀਤਾ ਗਿਆ। ਉਨ੍ਹਾਂ ਕਿਹਾ ਕਿ ਦੇਸ਼ ਦਾ ਪ੍ਰਧਾਨ ਮੰਤਰੀ ਸਿੱਖ ਹੈ ਪਰ ਇਸ ਦੇ ਬਾਵਜੂਦ ਵਿਦੇਸ਼ਾਂ ਵਿਚ ਸਿੱਖਾਂ ਨੂੰ ਦਸਤਾਰ ਦੇ ਮਸਲੇ 'ਤੇ ਪ੍ਰੇਸ਼ਾਨ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਵਿਦੇਸ਼ ਰਾਜ ਮੰਤਰੀ ਪਰਨੀਤ ਕੌਰ, ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਸਿੱਖਾਂ ਨੂੰ ਵਿਦੇਸ਼ਾਂ ਵਿਚ ਪ੍ਰੇਸ਼ਾਨ ਦੇ ਮਾਮਲਿਆਂ ਨੂੰ ਰੋਕਣ ਵਿਚ ਅਸਫਲ ਸਾਬਤ ਹੋਏ ਹਨ। ਲੋਕ ਸਭਾ ਦੀ ਸਪੀਕਰ ਮੀਰਾ ਕੁਮਾਰ ਨੂੰ ਲਿਖੇ ਪੱਤਰ ਵਿਚ ਉਨ੍ਹਾਂ ਕਿਹਾ ਕਿ ਇਟਲੀ ਸਰਕਾਰ ਕੋਲ ਦਸਤਾਰ ਦਾ ਮਾਮਲਾ ਉਠਾਇਆ ਜਾਵੇ। ਇਸੇ ਦੌਰਾਨ ਸ਼੍ਰੋਮਣੀ ਅਕਾਲੀ ਦਲ ਨੇ ਮੰਗ ਪੱਤਰ ਇਟਲੀ ਦੇ ਰਾਜਦੂਤ ਦੇ ਦਫਤਰ ਨੂੰ ਦਿੱਤਾ।

## ਸੰਤ ਭਿੰਡਰਾਂਵਾਲਿਆਂ ਦੀ ਯਾਦਗਾਰ ਬਣਾਉਣ ਦਾ ਐਲਾਨ



**ਚੰਡੀਗੜ੍ਹ:** ਸੰਤ ਸਮਾਜ ਦੇ ਮੁਖੀ ਬਾਬਾ ਹਰਨਾਮ ਸਿੰਘ ਖਾਲਸਾ ਵੱਲੋਂ ਸ਼੍ਰੋਮਣੀ ਅਕਾਲੀ ਦਲ ਦੀ ਸਟੇਜ ਤੋਂ ਸੰਤ ਜਰਨੈਲ ਸਿੰਘ ਭਿੰਡਰਾਵਾਲਿਆਂ ਦੀ ਯਾਦਗਾਰ ਬਣਾਉਣ ਦਾ ਐਲਾਨ ਕਰਕੇ ਨਵੀਂ ਚਰਚਾ ਛੇੜ ਦਿੱਤੀ ਹੈ ਜਿਸ ਕਰਕੇ ਹੁਣ ਮੁੱਖ ਮੰਤਰੀ ਪ੍ਰਕਾਸ਼ ਸਿੰਘ ਨੂੰ ਵੀ ਇਸ ਦੀ ਹਾਮੀ ਭਰਨੀ ਪਈ ਹੈ।

ਬਾਬਾ ਧੁਮਾਂ ਨੇ ਚੱਪੜਚਿੜੀ ਵਿਖੇ ਬਾਬਾ ਬੰਦਾ ਸਿੰਘ ਬਹਾਦਰ ਵੱਲੋਂ ਸਰਹਿੰਦ ਫ਼ਤਹਿ ਕਰਨ ਦੀ ਯਾਦਗਾਰ ਵਜੋਂ ਉਸਾਰਿਆ ਗਿਆ ਫ਼ਤਹਿ ਬੁਰਜ ਕੌਮ ਨੂੰ ਸਮਰਪਿਤ ਕਰਨ ਮੌਕੇ ਸਟੇਜ ਤੋਂ ਐਲਾਨ ਕਰ ਦਿੱਤਾ ਕਿ ਆਉਣ ਵਾਲੇ ਸਮੇਂ ਵਿਚ ਸੰਤ ਜਰਨੈਲ ਸਿੰਘ ਭਿੰਡਰਾਵਾਲਿਆ ਤੇ ਸਾਕਾ ਨੀਲਾ ਤਾਰਾ ਦੇ ਹੋਰ ਸ਼ਹੀਦਾਂ ਦੀ ਯਾਦਗਾਰ ਉਸਾਰੀ ਜਾਵੇਗੀ। ਉਨ੍ਹਾਂ ਕਿਹਾ ਕਿ ਇਸ ਬਾਰੇ ਉਨ੍ਹਾਂ ਦੀ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਤੇ ਪ੍ਰਕਾਸ਼ ਸਿੰਘ ਬਾਦਲ ਮੁੱਖ ਮੰਤਰੀ ਨਾਲ ਚਰਚਾ ਵੀ ਹੋ ਚੁੱਕੀ ਹੈ।

ਇਸ ਤੋਂ ਕੁਝ ਦਿਨ ਬਾਅਦ ਸ. ਬਾਦਲ ਨੇ ਕਿਹਾ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਕਾਇਮ ਸਬ ਕਮੇਟੀ ਨੇ 1984 ਦੇ ਸਾਕਾ ਨੀਲਾ ਤਾਰਾ ਦੇ ਸ਼ਹੀਦਾਂ ਦੀ ਯਾਦ 'ਚ ਸਮਾਰਕ ਬਣਾਉਣ ਲਈ ਸਥਾਨ ਦੀ ਚੋਣ ਕਰ ਲਈ ਹੈ। ਸ਼੍ਰੋਮਣੀ ਕਮੇਟੀ ਨੂੰ ਦੋ ਹਫਤੇ ਪਹਿਲਾਂ ਸੌਂਪੀ ਰਿਪੋਰਟ ਵਿਚ ਸਬ ਕਮੇਟੀ ਨੇ ਤਜਵੀਜ਼ ਪੇਸ਼ ਕੀਤੀ ਹੈ ਕਿ ਇਹ ਯਾਦਗਾਰ ਸ੍ਰੀ ਹਰਿਮੰਦਰ ਸਾਹਿਬ 'ਚ ਸ੍ਰੀ ਅਕਾਲ ਤਖ਼ਤ ਤੇ ਦਰਸ਼ਨੀ ਡਿਓਢੀ ਦੇ ਸਾਹਮਣੇ ਪੈਂਦੇ ਮੀਰੀ-ਪੀਰੀ ਦੇ ਨਿਸ਼ਾਨ ਸਾਹਿਬ ਵਿਚਾਲੇ ਬਣਾਈ ਜਾਵੇ। ਕਮੇਟੀ ਅਨੁਸਾਰ ਛੋਟਾ ਕਮਰਾ ਉਸਾਰਿਆ ਜਾਵੇਗਾ ਤੇ ਸਾਕੇ ਦੌਰਾਨ ਮਾਰੇ ਗਏ ਲੋਕਾਂ ਦੇ ਨਾਂ ਕਾਲੇ ਪੱਥਰ 'ਚ ਲਿਖਵਾ ਕੇ ਇਹ ਪੱਥਰ ਇਸ ਕਮਰੇ ਦੇ ਆਲੇ-ਦੁਆਲੇ ਲਾ ਦਿੱਤਾ ਜਾਏਗਾ।

Asian International Foods
Indian Grocery Store

ਬਹੁਤ ਹੀ ਵਾਜਬ ਕੀਮਤ 'ਤੇ
- ਗਰੌਸਰੀ
- ਸਬਜ਼ੀਆਂ
- ਮਿਠਾਈਆਂ



1950 West Columbia Ave.,, Battle Creek (MI)
Ph#269-288-0574, 269-420-8135

ਅਮਰ ਕਾਰਪੈਟਸ

ਘਰਾਂ/ਦਫਤਰਾਂ ਅਤੇ ਹਰ ਤਰ੍ਹਾਂ ਦੇ ਮਕਾਨਾਂ ਵਿਚ ਵਧੀਆ ਕੁਆਲਟੀ ਦਾ ਕਾਰਪੈਟ ਸਸਤੇ ਭਾਅ ਪੁਆਉ

ਦੀਵਾਨ ਐਵਨਿਊ, ਸ਼ਿਕਾਗੋ ਵਿਚ ਕਾਰਪੈਟਸ ਦਾ ਇੱਕੋ ਇੱਕ ਸਟੋਰ ਜਿੱਥੋਂ ਤੁਸੀ ਖਰੀਦ ਸਕਦੇ ਹੋ ਬਿਲਕੁਲ ਨਵੇਂ ਡਿਜ਼ਾਈਨ ਦੇ ਰੰਗ ਹਰ ਇਕ ਕਵਾਲਿਟੀ ਵਿਚ, ਕੀਮਤਾਂ ਇਨੀਆਂ ਘੱਟ ਕਿ ਤੁਸੀਂ ਸੋਚ ਵੀ ਨਹੀਂ ਸਕਦੇ! ਆਓ! ਦੇਖੋ ਅਮਰ ਕਾਰਪੈਟਸ ਦਾ ਨਵਾਂ ਤੇ ਬੇਹਤਰੀਨ ਚੋਣ ਭਰਪੂਰ ਨਵਾਂ ਅਤੇ ਵੱਡਾ ਸ਼ੋਅਰੂਮ



ਅਮਰੀਕ ਸਿੰਘ



ਫਰੀ ਐਸਟੀਮੇਟ, ਆਰਡਰ ਕਰਨ ਦੇ ਅਗਲੇ ਹੀ ਦਿਨ ਕਾਰਪੈਟ ਪਾਵਾਂਗੇ

Same day service in Chicago and suburbs

Amar Carpets Inc
ਵੈਸਟਰਨ ਅਵੈਨਿਊ ਤੋਂ ਅਧਾ ਬਲਾਕ ਵੈਸਟ, 2423 W Devon Ave. Chicago IL 60659
ਕਾਲ ਕਰੋ : ਅਮਰੀਕ ਸਿੰਘ
Ph: 773-508-5253,773-507-8043, Fax: 773-508-5249

PANNUN THE LAW FIRM
ATTORNEYS & COUNSELLORS
ਗੁਰਪਤਵੰਤ ਸਿੰਘ ਪੰਨੂੰ
ਅਟਾਰਨੀ ਐਟ ਲਾਅ

ਤੁਹਾਡਾ ਇੰਮੀਗ੍ਰੇਸ਼ਨ ਕੇਸ ਬੰਦ ਹੈ ਜਾਂ ਤੁਸੀ ਡੀਪੋਰਟ ਹੋ ਰਹੇ ਹੋ?
ਤੁਹਾਡੀ ਸੇਵਾ ਵਿੱਚ ਹਾਜ਼ਰ



ਇੰਮੀਗ੍ਰੇਸ਼ਨ ਲਾਅ
- ਸਿਟੀਜ਼ਨਸ਼ਿਪ ਅਪੀਲਜ਼
- ਰੀਲੀਜਿਅਸ ਵਰਕਰਜ਼
- ਬੋਨਾਫਾਇਡ ਅਸਾਇਲਮ ਪਟੀਸ਼ਨਜ਼

ਡੀਪੋਰਟੇਸ਼ਨ ਕੇਸਿਜ਼
- ਬੋਰਡ ਆਫ ਇੰਮੀਗ੍ਰੇਸ਼ਨ ਅਪੀਲਜ
- 9th & 2nd ਸਰਕਿਟ ਅਪੀਲਜ਼
- ਕੈਨਸੇਲੇਸ਼ਨ ਆਫ ਡੀਪੋਰਟੇਸ਼ਨ

NEW YORK
T 718.672.8000
JACKSON HEIGHTS, NY 11370

CALIFORNIA
T 510.796.9000
39300 CIVIC CENTER DR, SUITE 170 FREMONT, CA 94538
FREMONT, CA 94538

**Punjab Times**
**Established in 2000**
**12th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018

**Ph:847-359-0746**
**Fax:847-705-9388**

**Editor:**
Amolak Singh Jammu
**Astt. Editor:**
Jaspreet Kaur
Kuljeet Singh

**Graphics:**
Mandeep Singh

**Photographer**
Kamaljit Singh Virdi
Ph. 847-502-2703

**Our Columnists**
Ashok Bhaura
Tarlochan Singh Dupalpur
Baljit Basi
Prof. Kulwant S. Romana

**Corrspondents**
**Detroit, MI**
Rajinder Syan
734-261-0936
**New York**
Iqbal S. Jabowalia
917-375-6395

**Distributed in:**
California, Illinois, Indiana, Michigan, Wisconsin, Ohio, Iowa, Missisipi, Arkansas, Texas, Nevada, Virginia, Oregon, Arizona, Georgia, Florida, Massachusettes, Washington, New York, Missouri

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 85 ਡਾਲਰ,**
**ਪੰਜ ਸਾਲ ਲਈ: 400 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜ਼ਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਬਾਦਲ ਹੁਣ 'ਪੰਥ ਰਤਨ ਫ਼ਖ਼ਰ-ਏ-ਕੌਮ'

## ਜਥੇਦਾਰ ਵਲੋਂ ਸੰਗਤ ਨੂੰ ਉਸਾਰੂ ਸੋਚ ਅਪਨਾਉਣ ਦੀ 'ਤਾਕੀਦ'



ਪੀਰ ਮੁਹੰਮਦ ਨੇ ਇਸ ਕਾਰਵਾਈ ਨੂੰ ਮੰਦਭਾਗਾ ਕਰਾਰ ਦਿੱਤਾ ਹੈ।

ਸਿੱਖ ਜਥੇਬੰਦੀਆਂ ਦਾ ਤਰਕ ਹੈ ਕਿ ਸ. ਬਾਦਲ ਇਸ ਖ਼ਿਤਾਬ ਦੇ ਯੋਗ ਨਹੀਂ ਹਨ। ਇਸ ਖ਼ਿਤਾਬ ਦਾ ਹੱਕਦਾਰ ਉਹੀ ਸਿੱਖ ਹੈ ਜਿਸ ਦੀ ਪੰਥ ਪ੍ਰਤੀ ਨਿਰਸਵਾਰਥ, ਲਾਸਾਨੀ ਤੇ ਬੇਮਿਸਾਲ ਦੇਣ ਹੋਵੇ ਤੇ ਉਸ ਦਾ ਪੰਥ ਵਿਚ ਅਡੋਲ ਨਿਸ਼ਚਾ ਹੋਵੇ। ਸਿੱਖ ਜਥੇਬੰਦੀਆਂ ਮੁਤਾਬਕ ਸ. ਬਾਦਲ ਦੀ ਪੰਥ ਪ੍ਰਤੀ ਕੋਈ ਵਫ਼ਾਦਾਰੀ ਨਹੀਂ ਤੇ ਉਨ੍ਹਾਂ ਦੀ ਤਰਜੀਹ ਹਮੇਸ਼ਾ ਸੱਤਾ ਪ੍ਰਾਪਤੀ ਰਹੀ ਹੈ। ਉਹ ਘਾਗ ਸਿਆਸਤਦਾਨ ਹਨ। ਉਨ੍ਹਾਂ ਨੇ ਪੰਜਾਬ ਦੇ ਮੁੱਦਿਆਂ 'ਤੇ ਲੜੇ ਸੰਘਰਸ਼ ਦੌਰਾਨ ਕਈ ਮੋਰਚਿਆਂ ਵਿਚ ਸ਼ਮੂਲੀਅਤ ਜ਼ਰੂਰ ਕੀਤੀ ਤੇ ਕਈ ਸਾਲ ਜੇਲ੍ਹਾਂ ਵਿਚ ਬਿਤਾਏ ਹਨ ਜਿਸ ਦਾ ਉਨ੍ਹਾਂ ਮੁੱਲ ਵੀ ਵੱਟਿਆ ਹੈ ਪਰ ਉਹ ਇਸ ਖ਼ਿਤਾਬ ਦੇ ਲਾਇਕ ਉਕਾ ਨਹੀਂ ਹਨ।

ਦੂਜੇ ਪਾਸੇ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਦਾ ਕਹਿਣਾ ਹੈ ਕਿ ਸ. ਬਾਦਲ ਨੇ ਸ੍ਰੀ ਅਨੰਦਪੁਰ ਸਾਹਿਬ ਵਿਖੇ 550 ਸਾਲਾ ਸਿੱਖ ਇਤਿਹਾਸ ਨੂੰ ਦਰਸਾਉਂਦਾ 'ਵਿਰਾਸਤ-ਏ-ਖ਼ਾਲਸਾ', ਤਕਰੀਬਨ 11 ਹਜ਼ਾਰ ਸਿੰਘ-ਸਿੰਘਣੀਆਂ, ਬੱਚਿਆਂ ਦੀਆਂ ਸ਼ਹਾਦਤਾਂ ਨੂੰ ਦਰਸਾਉਂਦੀ 'ਛੋਟਾ ਘੱਲੂਘਾਰਾ' ਸ਼ਹੀਦੀ ਯਾਦਗਾਰ, ਕਾਹਨੂੰਵਾਨ ਛੰਭ ਗੁਰਦਾਸਪੁਰ ਵਿਚ, ਤਕਰੀਬਨ 35 ਹਜ਼ਾਰ ਸਿੱਖ ਸ਼ਹਾਦਤਾਂ ਨੂੰ ਦਰਸਾਉਂਦੀ ਵੱਡਾ ਘੱਲੂਘਾਰਾ ਸ਼ਹੀਦੀ ਯਾਦਗਾਰ, ਕੁੱਪ ਰੋਹੀੜਾ ਸੰਗਰੂਰ ਵਿਚ ਅਤੇ ਛੋਟੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਦਾ ਬਦਲਾ ਲੈਣ ਵਾਲੇ ਮਹਾਨ ਸਿੱਖ ਜਰਨੈਲ ਬਾਬਾ ਬੰਦਾ ਸਿੰਘ ਬਹਾਦਰ ਦੀ ਸ਼ਹੀਦੀ ਯਾਦਗਾਰ ਚੱਪੜਚਿੜੀ ਦੇ ਮੈਦਾਨ 'ਚ ਬਣਾ ਕੇ ਆਪਣੇ ਰਾਜਸੀ ਜੀਵਨ ਤੋਂ ਇਲਾਵਾ ਧਾਰਮਿਕ ਜਜ਼ਬੇ ਦਾ ਸਬੂਤ ਦਿੱਤਾ ਹੈ। ਇਸ ਲਈ ਉਹ ਇਸ ਖ਼ਿਤਾਬ ਦੇ ਅਸਲ ਹੱਕਦਾਰ ਹਨ।

ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਕਿਹਾ ਕਿ ਸਿੱਖ ਜਥੇਬੰਦੀਆਂ ਬੇਲੋੜਾ ਵਿਰੋਧ ਨਾ ਕਰਨ ਤੇ ਉਸਾਰੂ ਸੋਚ ਅਪਨਾਉਣ। ਪੰਥ ਰਤਨ ਦਾ ਖ਼ਿਤਾਬ ਮਰਨ ਉਪਰੰਤ ਦੇਣ ਦੀ ਰਵਾਇਤ ਬਾਰੇ ਉਨ੍ਹਾਂ ਦਾਅਵਾ ਕੀਤਾ ਕਿ ਮਾਸਟਰ ਤਾਰਾ ਸਿੰਘ ਨੂੰ ਇਹ ਸਨਮਾਨ ਜੀਉਂਦੇ ਜੀਅ ਦਿੱਤਾ ਗਿਆ ਸੀ। ਇਸ ਤੋਂ ਇਲਾਵਾ ਇਹ ਸਨਮਾਨ ਲੈਣ ਵਾਲਿਆਂ ਵਿਚ ਹੋਰ ਵੀ ਸਿੱਖ ਸ਼ਖਸੀਅਤਾਂ ਸ਼ਾਮਲ ਹਨ। ਉਨ੍ਹਾਂ ਕਿਹਾ ਕਿ ਮੈਰਾਥਨ ਦੌੜਾਕ ਫੌਜਾ ਸਿੰਘ, ਬਾਬਾ ਸੇਵਾ ਸਿੰਘ ਖਡੂਰ ਸਾਹਿਬ ਵਾਲੇ ਅਤੇ ਬਾਬਾ ਬਲਬੀਰ ਸਿੰਘ ਸੀਚੇਵਾਲ ਵਾਲਿਆਂ ਨੂੰ ਵੀ ਸਨਮਾਨਤ ਕਰਨ ਲਈ ਵਿਚਾਰ ਕੀਤਾ ਜਾਵੇਗਾ।

ਚਾਰੇ ਪਾਸਿਓਂ ਸਖ਼ਤ ਵਿਰੋਧ ਦੇ ਬਾਵਜੂਦ ਸ. ਬਾਦਲ ਨੂੰ 5 ਦਸੰਬਰ ਨੂੰ ਇਹ ਖ਼ਿਤਾਬ ਦੇ ਦਿੱਤਾ ਗਿਆ। ਇਹ ਖ਼ਿਤਾਬ ਸ੍ਰੀ ਅਕਾਲ ਤਖਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ, ਤਖ਼ਤ ਸ੍ਰੀ ਪਟਨਾ ਦੇ ਜਥੇਦਾਰ ਗਿਆਨੀ ਇਕਬਾਲ ਸਿੰਘ, ਤਖ਼ਤ ਸ੍ਰੀ ਕੇਸਗੜ੍ਹ ਦੇ ਜਥੇਦਾਰ ਗਿਆਨੀ ਤਰਲੋਚਨ ਸਿੰਘ, ਤਖ਼ਤ ਸ੍ਰੀ ਹਜ਼ੂਰ ਦੇ ਮੀਤ ਜਥੇਦਾਰ ਜੋਤਇੰਦਰ ਸਿੰਘ ਤੇ ਸ੍ਰੀ ਹਰਿਮੰਦਰ ਸਾਹਿਬ ਦੇ ਮੁੱਖ ਗ੍ਰੰਥੀ ਗਿਆਨੀ ਜਸਵਿੰਦਰ ਸਿੰਘ ਵੱਲੋਂ ਸ੍ਰੀ ਅਕਾਲ ਤਖ਼ਤ ਦੀ ਫਾਸੀਲ ਤੋਂ ਖੜ੍ਹੇ ਹੋ ਕੇ ਹੇਠਾਂ ਖੜ੍ਹੇ ਸ. ਪ੍ਰਕਾਸ਼ ਸਿੰਘ ਬਾਦਲ ਨੂੰ ਭੇਟ ਕੀਤਾ ਗਿਆ।

ਇਸ ਸਨਮਾਨ ਵਿਚ ਸਿਰੋਪਾਓ, ਸ੍ਰੀ ਸਾਹਿਬ, ਲੋਈ ਤੇ ਚਾਂਦੀ ਦੀ ਤਸ਼ਤਰੀ ਭੇਟ ਕੀਤੀ ਗਈ। ਇਸ ਮੌਕੇ ਸ੍ਰੀ ਹਰਿਮੰਦਰ ਸਾਹਿਬ ਦੇ ਸਿੰਘ ਸਾਹਿਬਾਨ, ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਅਤੇ ਸਾਬਕਾ ਜਥੇਦਾਰ ਗਿਆਨੀ ਪੂਰਨ ਸਿੰਘ ਵੀ ਹਾਜ਼ਰ ਸਨ। ਤਖਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਭਾਈ ਬਲਵੰਤ ਸਿੰਘ ਨੰਦਗੜ੍ਹ ਇਸ ਮੌਕੇ ਗ਼ੈਰ-ਹਾਜ਼ਰ ਰਹੇ।

ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਤਰਲੋਚਨ ਸਿੰਘ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਫਾਸੀਲ ਤੋਂ ਸੰਗਤ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਪੰਥ ਤੇ ਗੁਰੂ ਗ੍ਰੰਥ ਪ੍ਰਤੀ ਸੇਵਾਵਾਂ ਨਿਭਾਉਣ ਵਾਲੀਆਂ ਸ਼ਖਸੀਅਤਾਂ ਨੂੰ ਸ੍ਰੀ ਅਕਾਲ ਤਖ਼ਤ ਵੱਲੋਂ ਹਮੇਸ਼ਾ ਹੀ ਮਾਣ-ਸਨਮਾਨ ਦਿੱਤਾ ਜਾਂਦਾ ਰਿਹਾ ਹੈ। ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਨੇ ਆਖਿਆ ਕਿ ਅਕਾਲ ਤਖ਼ਤ ਸਾਹਿਬ ਤੋਂ ਸਨਮਾਨ ਦੇਣ ਦੀ ਪਰੰਪਰਾ ਬਹੁਤ ਪੁਰਾਣੀ ਹੈ। ਉਨ੍ਹਾਂ ਕਿਹਾ ਕਿ ਹੁਣ ਤਕ ਗੁਰਪ੍ਰਤਾਪ ਸੂਰਜ ਗ੍ਰੰਥ ਦੇ ਕਰਤਾ ਮਹਾਂ ਕਵੀ ਭਾਈ ਸੰਤੋਖ ਸਿੰਘ, ਸਿਰਦਾਰ ਕਪੂਰ ਸਿੰਘ, ਬਾਬਾ ਖੜਗ ਸਿੰਘ, ਭਾਈ ਰਣਧੀਰ ਸਿੰਘ, ਭਾਈ ਹਰਭਜਨ ਸਿੰਘ ਯੋਗੀ, ਸ. ਦੀਦਾਰ ਸਿੰਘ ਬੈਂਸ, ਜਥੇਦਾਰ ਗੁਰਚਰਨ ਸਿੰਘ ਟੌਹੜਾ, ਗਿਆਨੀ ਸੰਤ ਸਿੰਘ ਮਸਕੀਨ ਨੂੰ ਪੰਥ ਰਤਨ ਦਾ ਖ਼ਿਤਾਬ ਦਿੱਤੀ ਗਈ।

ਇਸ ਮੌਕੇ ਸ. ਬਾਦਲ ਨੇ ਆਖਿਆ ਕਿ ਇਹ ਮਾਣ-ਸਨਮਾਨ ਉਨ੍ਹਾਂ ਲਈ ਵੱਡੀ ਸੰਪਤੀ ਹੈ। ਜਿਸ ਭਰੋਸੇ ਦੇ ਅਧਾਰ 'ਤੇ ਉਨ੍ਹਾਂ ਨੂੰ ਸਨਮਾਨਿਆ ਗਿਆ ਹੈ, ਉਹ ਉਸ ਨੂੰ ਬਰਕਰਾਰ ਰੱਖਦਿਆਂ ਸਿੱਖ ਪੰਥ ਦੀ ਹੋਰ ਵਧੇਰੇ ਸੇਵਾ ਲਈ ਤਤਪਰ ਰਹਿਣਗੇ। ਉਨ੍ਹਾਂ ਇਸ ਮਾਣ-ਸਨਮਾਨ ਲਈ ਸਿੰਘ ਸਾਹਿਬਾਨ ਤੇ ਹਾਜ਼ਰ ਸੰਗਤਾਂ ਦਾ ਧੰਨਵਾਦ ਕੀਤਾ।

# ਬਾਦਲਾਂ ਦਾ ਸ਼੍ਰੋਮਣੀ ਕਮੇਟੀ 'ਤੇ ਮੁਕੰਮਲ ਕਬਜ਼ਾ

ਗੁਰਿੰਦਰ ਸਿੰਘ ਬਾਵਾ (ਮੁੰਬਈ) ਤੇ ਬੀਬੀ ਸੁਖਵਿੰਦਰ ਕੌਰ (ਮੱਧ ਪ੍ਰਦੇਸ਼) ਸ਼ਾਮਲ ਹਨ। ਨਾਮਜ਼ਦ ਕੀਤੇ ਗਏ ਮੈਂਬਰਾਂ ਵਿਚੋਂ ਪ੍ਰੋ. ਬਡੂੰਗਰ, ਸ. ਵਿਰਕ, ਸ. ਬਾਵਾ, ਭੁਪਿੰਦਰ ਸਿੰਘ ਅਨੰਦ ਪਹਿਲਾਂ ਵੀ ਨਾਮਜ਼ਦ ਮੈਂਬਰ ਰਹਿ ਚੁੱਕੇ ਹਨ। ਨਾਮਜ਼ਦ ਮੈਬਰਾਂ 'ਚ ਜਗਤਾਰ ਸਿੰਘ ਰੋਡੇ ਸੰਤ ਸਮਾਜ ਨਾਲ ਸਬੰਧਤ ਹਨ।

ਇਸ ਸਮਾਗਮ ਵਿਚ 15 ਮੈਂਬਰ ਨਾਮਜ਼ਦ ਕੀਤੇ ਜਾਣ ਨਾਲ ਸ਼੍ਰੋਮਣੀ ਕਮੇਟੀ ਦੇ ਨਵੇਂ ਸਦਨ ਦੇ 191 ਮੈਂਬਰਾਂ ਦੀ ਗਿਣਤੀ ਪੂਰੀ ਹੋ ਗਈ ਹੈ। ਸਦਨ ਵਿਚ ਹੁਣ ਵੋਟਾਂ ਰਾਹੀਂ ਚੁਣੇ ਗਏ 170 ਮੈਂਬਰ, 15 ਨਾਮਜ਼ਦ ਮੈਂਬਰ ਤੇ 6 ਸਿੰਘ ਸਾਹਿਬਾਨ ਸ਼ਾਮਲ ਹਨ। ਨਾਮਜ਼ਦਗੀ ਸਮਾਗਮ ਦਾ ਰਸਮੀ ਅਰੰਭ ਜ਼ਿਲ੍ਹੇ ਦੇ ਕਾਰਜਕਾਰੀ ਡਿਪਟੀ ਕਮਿਸ਼ਨਰ ਸਤਵੰਤ ਸਿੰਘ ਜੌਹਲ ਨੇ ਕੀਤਾ। ਇਸ ਮੌਕੇ ਸ਼੍ਰੋਮਣੀ ਕਮੇਟੀ ਮੈਂਬਰ ਭਾਈ ਰਜਿੰਦਰ ਸਿੰਘ ਮਹਿਤਾ ਨੇ ਚੇਅਰਮੈਨ ਵਾਸਤੇ ਜਥੇਦਾਰ ਅਵਤਾਰ ਸਿੰਘ ਮੱਕੜ ਦਾ ਨਾਂ ਤਜਵੀਜ਼ ਕੀਤਾ। ਕੋਈ ਹੋਰ ਨਾਂ ਨਾ ਪੇਸ਼ ਹੋਣ 'ਤੇ ਡਿਪਟੀ ਕਮਿਸ਼ਨਰ ਨੇ ਜਥੇਦਾਰ ਅਵਤਾਰ ਸਿੰਘ ਨੂੰ ਇਜਲਾਸ ਦੇ ਚੇਅਰਮੈਨ ਵਜੋਂ ਪ੍ਰਵਾਨਗੀ ਦੇ ਦਿੱਤੀ।

ਮਗਰੋਂ ਇਜਲਾਸ ਦੀ ਸਮੁੱਚੀ ਕਾਰਵਾਈ ਜਥੇਦਾਰ ਮੱਕੜ ਨੇ ਚਲਾਈ। ਮੈਂਬਰ ਨਾਮਜ਼ਦ ਕਰਨ ਲਈ ਵੀ ਇਹੀ ਪ੍ਰਕ੍ਰਿਆ ਅਪਨਾਈ ਗਈ। ਇਕ-ਇਕ ਮੈਂਬਰ ਵੱਲੋਂ ਨਾਮਜ਼ਦ ਕੀਤੇ ਜਾਣ ਵਾਲੇ ਮੈਂਬਰ ਦੇ ਨਾਂ ਦੀ ਪੇਸ਼ਕਸ਼ ਕੀਤੀ ਗਈ ਤੇ ਹੋਰ ਮੈਂਬਰ ਵੱਲੋਂ ਤਾਈਦ ਕੀਤੀ ਗਈ। ਮੁੱਖ ਚੋਣ ਕਮਿਸ਼ਨਰ ਐਚ.ਐਸ. ਬਰਾੜ ਨੇ ਆਖਿਆ ਕਿ 15 ਮੈਂਬਰ ਨਾਮਜ਼ਦ ਕੀਤੇ ਜਾਣ ਦੀ ਪ੍ਰਕ੍ਰਿਆ ਮੁਕੰਮਲ ਹੋ ਗਈ ਹੈ। ਹੁਣ ਇਸ ਬਾਰੇ ਕੇਂਦਰੀ ਗ੍ਰਹਿ ਮੰਤਰਾਲੇ ਵੱਲੋਂ ਨੋਟੀਫਿਕੇਸ਼ਨ ਜਾਰੀ ਕੀਤਾ ਜਾਵੇਗਾ। ਇਹ ਨੋਟੀਫਿਕੇਸ਼ਨ ਜਾਰੀ ਹੋਣ ਤੋਂ ਬਾਅਦ ਇਕ ਮਹੀਨੇ ਅੰਦਰ ਸ਼੍ਰੋਮਣੀ ਕਮੇਟੀ ਦੇ ਨਵੇਂ ਸਦਨ ਦੇ ਚਾਰ ਅਹੁਦੇਦਾਰ ਤੇ ਕਾਰਜਕਾਰਨੀ ਦੇ 11 ਮੈਂਬਰਾਂ ਦੀ ਚੋਣ ਹੋਵੇਗੀ।

ਜਥੇਦਾਰ ਮੱਕੜ ਨੇ ਦੱਸਿਆ ਕਿ ਇਹ ਅਹਿਮ ਮੌਕਾ ਹੈ ਜਦੋਂ ਸਾਰੇ 15 ਮੈਂਬਰ ਹੀ ਸ਼੍ਰੋਮਣੀ ਅਕਾਲੀ ਦਲ ਨਾਲ ਨਾਮਜ਼ਦ ਕੀਤੇ ਗਏ ਹਨ। ਇਸੇ ਦੌਰਾਨ ਵਿਰੋਧੀ ਧਿਰ ਨਾਲ ਸਬੰਧਤ ਮੈਂਬਰਾਂ ਸੁਰਜੀਤ ਸਿੰਘ, ਕੁਲਬੀਰ ਸਿੰਘ ਬੜਾਪਿੰਡ, ਗੁਰਪ੍ਰੀਤ ਸਿੰਘ ਝੱਬਰ ਨੇ ਕਿਹਾ ਕਿ ਹਾਕਮ ਧਿਰ ਨਾਲ ਸਬੰਧਤ 25 ਮੈਂਬਰ ਗ਼ੈਰ-ਹਾਜ਼ਰ ਸਨ ਤੇ ਮੌਕੇ 'ਤੇ ਹਾਜ਼ਰ ਮੈਂਬਰਾਂ ਦੀ ਗਿਣਤੀ ਮੁਤਾਬਕ ਉਨ੍ਹਾਂ ਦਾ ਇਕ ਮੈਂਬਰ ਨਾਮਜ਼ਦ ਕੀਤਾ ਜਾਣਾ ਚਾਹੀਦਾ ਸੀ। ਉਨ੍ਹਾਂ ਸਹਿਮਤੀ ਪੱਤਰ ਮੰਗਵਾਉਣ ਲਈ ਕੁਝ ਸਮਾਂ ਦੇਣ ਦੀ ਮੰਗ ਕੀਤੀ ਸੀ ਪਰ ਇਸ ਮੰਗ ਨੂੰ ਰੱਦ ਕਰ ਦਿੱਤਾ ਗਿਆ।

ਮੀਟਿੰਗ ਸਮੇਂ ਮੀਡੀਆ ਨੂੰ ਸਮਾਗਮ ਤੋਂ ਮੁਕੰਮਲ ਤੌਰ 'ਤੇ ਦੂਰ ਰੱਖਿਆ ਗਿਆ। ਨਾਮਜ਼ਦ ਕੀਤੇ ਗਏ ਮੈਂਬਰਾਂ ਦੇ ਨਾਂ ਪੇਸ਼ ਕਰਨ ਲਈ ਸਬੰਧਤ ਪਰਚੀਆਂ ਵੱਖ ਵੱਖ ਮੈਂਬਰਾਂ ਨੂੰ ਅਮਰਜੀਤ ਸਿੰਘ ਚਾਵਲਾ ਵੱਲੋਂ ਐਨ ਆਖ਼ਰੀ ਮੌਕੇ ਵੰਡੀਆਂ ਗਈਆਂ।

# ਬਾਦਲ ਨੂੰ 'ਫ਼ਖ਼ਰ-ਏ-ਕੌਮ' ਖ਼ਿਤਾਬ ਦੇਣ ਦਾ ਤਰੀਕਾ ਗਲਤ: ਜਥੇਦਾਰ ਨੰਦਗੜ੍ਹ

**ਬਠਿੰਡਾ:** ਤਖਤ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਬਲਵੰਤ ਸਿੰਘ ਨੰਦਗੜ੍ਹ ਨੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੂੰ 'ਪੰਥ ਰਤਨ ਫ਼ਖ਼ਰ-ਏ-ਕੌਮ' ਦਾ ਖਿਤਾਬ ਦੇਣ ਦੇ ਢੰਗ ਤਰੀਕੇ 'ਤੇ ਇਤਰਾਜ਼ ਪ੍ਰਗਟਾਉਂਦਿਆਂ ਇਸ ਨੂੰ 'ਕਾਹਲੀ ਵਿਚ ਲਿਆ ਗਿਆ ਫੈਸਲਾ' ਦੱਸਿਆ ਹੈ।

ਇਥੇ ਇਹ ਜ਼ਿਕਰਯੋਗ ਹੈ ਕਿ ਸਿੰਘ ਸਾਹਿਬਾਨ ਵੱਲੋਂ ਸ੍ਰੀ ਅਕਾਲ ਤਖ਼ਤ 'ਤੇ ਸ. ਬਾਦਲ ਨੂੰ 'ਪੰਥ ਰਤਨ ਫਖਰ-ਏ-ਕੌਮ' ਦਾ ਖਿਤਾਬ ਦੇਣ ਮੌਕੇ ਚਾਰ ਤਖ਼ਤਾਂ ਦੇ ਜਥੇਦਾਰ ਹਾਜ਼ਰ ਸਨ ਜਦੋਂਕਿ ਗਿਆਨੀ ਬਲਵੰਤ ਸਿੰਘ ਨੰਦਗੜ੍ਹ ਉਥੇ ਨਹੀਂ ਪੁੱਜੇ। ਉਂਜ ਉਨ੍ਹਾਂ ਦੀ ਗੈਰ ਹਾਜ਼ਰੀ ਦਾ ਕਾਰਨ ਸਿਹਤ ਦਾ ਠੀਕ ਨਾ ਹੋਣਾ ਦੱਸਿਆ ਗਿਆ ਸੀ। ਅਗਲੇ ਦਿਨ ਹੀ ਜਥੇਦਾਰ ਨੰਦਗੜ੍ਹ ਨੇ ਕਿਹਾ ਕਿ ਮੁੱਖ ਮੰਤਰੀ ਨੂੰ ਖਿਤਾਬ ਦੇਣ ਦਾ ਫੈਸਲਾ ਲੈਣ ਲਈ ਸਿੰਘ ਸਾਹਿਬਾਨ ਦੀ ਕੋਈ ਮੀਟਿੰਗ ਨਹੀਂ ਹੋਈ। ਉਂਜ ਉਨ੍ਹਾਂ ਗੱਲ ਨੂੰ ਗੋਲਮੋਲ ਕਰਦਿਆਂ ਕਿਹਾ ਕਿ ਉਹ ਮੁੱਖ ਮੰਤਰੀ ਨੂੰ ਇਹ ਸਨਮਾਨ ਦਿੱਤੇ ਜਾਣ ਦੇ ਹੱਕ 'ਚ ਹਨ ਪਰ ਸਨਮਾਨ ਦੇਣ ਦਾ ਤਰੀਕਾ ਗਲਤ ਸੀ।

ਜਥੇਦਾਰ ਨੰਦਗੜ੍ਹ ਨੇ ਕਿਹਾ ਕਿ ਮੁੱਖ ਮੰਤਰੀ ਵੱਲੋਂ ਸਿੱਖ ਇਤਿਹਾਸ ਨਾਲ ਜੁੜੀਆਂ ਉਨ੍ਹਾਂ ਯਾਦਗਾਰਾਂ ਦੀ ਉਸਾਰੀ ਕਰਾਈ ਗਈ ਹੈ ਜਿਨ੍ਹਾਂ ਦਾ ਕਿਸੇ ਸਰਕਾਰ ਨੂੰ ਪਹਿਲਾਂ ਚੇਤਾ ਹੀ ਨਹੀਂ ਸੀ। ਇਸ ਲਈ ਉਹ ਇਸ ਖਿਤਾਬ ਦੇ ਹੱਕਦਾਰ ਹਨ। ਉਨ੍ਹਾਂ ਆਖਿਆ ਕਿ ਸਾਰੇ ਸਿੰਘ ਸਾਹਿਬਾਨ ਆਨੰਦਪੁਰ ਸਾਹਿਬ ਵਿਖੇ ਇਕੱਠੇ ਹੋਏ ਸਨ। ਮੁੱਖ ਮੰਤਰੀ ਨਾਲ ਆਨੰਦਪੁਰ ਸਮਾਗਮਾਂ ਬਾਰੇ ਵਿਚਾਰ-ਵਟਾਂਦਰਾ ਕੀਤਾ ਗਿਆ ਸੀ। ਜਦੋਂ ਆਨੰਦਪੁਰ ਸਾਹਿਬ ਵਿਖੇ ਮੀਟਿੰਗ ਖਤਮ ਹੋ ਗਈ ਤਾਂ ਮੁੱਖ ਮੰਤਰੀ ਦੇ ਜਾਣ ਮਗਰੋਂ ਸ. ਬਾਦਲ ਨੂੰ 'ਫ਼ਖ਼ਰ-ਏ-ਕੌਮ' ਦੀ ਉਪਾਧੀ ਨਾਲ ਸਨਮਾਨੇ ਜਾਣ ਦੀ ਗੱਲ ਤੋਰ ਦਿੱਤੀ ਗਈ। ਉਨ੍ਹਾਂ ਨੇ ਵੀ ਉਸ ਮੌਕੇ ਆਖ ਦਿੱਤਾ ਸੀ ਕਿ ਮੁੱਖ ਮੰਤਰੀ ਨੂੰ ਇਸ ਉਪਾਧੀ ਨਾਲ ਸਨਮਾਨਤ ਕੀਤਾ ਜਾਣਾ ਚਾਹੀਦਾ ਹੈ ਪਰ ਚੰਗਾ ਹੁੰਦਾ ਜੇ ਇਸ ਬਾਰੇ ਰਸਮੀ ਮੀਟਿੰਗ ਰੱਖ ਕੇ ਬਾਕਾਇਦਾ ਐਲਾਨ ਕੀਤਾ ਜਾਂਦਾ। ਉਨ੍ਹਾਂ ਇਹ ਵੀ ਆਖਿਆ ਕਿ ਬਹੁਤ ਸਾਰੇ ਲੋਕ ਚਾਪਲੂਸ ਹਨ ਜਿਨ੍ਹਾਂ ਵੱਲੋਂ ਮੁੱਖ ਮੰਤਰੀ ਨੂੰ ਵੀ ਕਸੂਤੀ ਹਾਲਤ ਵਿਚ ਫਸਾ ਦਿੱਤਾ ਜਾਂਦਾ ਹੈ। ਅਨੰਦਪੁਰ ਸਮਾਗਮਾਂ ਵਿਚ ਮੁੱਖ ਮੰਤਰੀ ਦੀ ਵੱਡੀ ਫੋਟੋ ਰੱਖੇ ਜਾਣ ਵਾਲਾ ਕੰਮ ਵੀ ਚਾਪਲੂਸਾਂ ਦਾ ਹੀ ਸੀ।

## ਬਾਬਾ ਬਖਸ਼ੀਸ਼ ਸਿੰਘ ਡੇਰਾ ਮੁਖੀ 'ਤੇ ਹਮਲੇ ਦੇ ਕੇਸ 'ਚੋਂ ਬਰੀ

**ਸਮਾਣਾ:** ਅਦਾਲਤ ਨੇ ਡੇਰਾ ਸਿਰਸਾ ਮੁਖੀ ਨੂੰ ਮਨੁੱਖੀ ਬੰਬ ਬਣ ਕੇ ਮਾਰਨ ਦੀ ਸਾਜਿਸ਼ ਦੇ ਮਾਮਲੇ 'ਚ ਬਾਬਾ ਬਖਸ਼ੀਸ਼ ਸਿੰਘ, ਭਾਈ ਬਗੀਚਾ ਸਿੰਘ ਵੜੈਚ, ਬੀਬੀ ਗੋਬਿੰਦ ਕੌਰ ਤੇ ਅਮਰਜੀਤ ਸਿੰਘ ਮਰੋੜੀ ਨੂੰ ਬਾਇੱਜ਼ਤ ਬਰੀ ਕਰ ਦਿੱਤਾ ਹੈ। ਨਾਭਾ ਦੀ ਜੇਲ੍ਹ 'ਚ ਪੁਲਿਸ ਫੋਰਸ ਨਾਲ ਬਾਬਾ ਬਖਸ਼ੀਸ਼ ਸਿੰਘ ਨੂੰ ਐਸ ਡੀ ਐਮ ਮਨੋਜ ਸਿੰਗਲਾ ਦੀ ਅਦਾਲਤ 'ਚ ਪੇਸ਼ ਕੀਤਾ ਗਿਆ।

ਸਮਾਣਾ ਪੁਲਿਸ ਵੱਲੋਂ ਬਾਬਾ ਬਖਸ਼ੀਸ਼ ਸਿੰਘ, ਭਾਈ ਬਗੀਚਾ ਸਿੰਘ ਵੜੈਚ, ਬੀਬੀ ਗੋਬਿੰਦ ਕੌਰ ਤੇ ਅਮਰਜੀਤ ਸਿੰਘ ਮਰੋੜੀ ਖ਼ਿਲਾਫ ਅਕਤੂਬਰ 2008 'ਚ ਕੇਸ ਦਰਜ ਕੀਤਾ ਗਿਆ ਸੀ ਕਿ ਉਹ ਡੇਰਾ ਸਿਰਸਾ ਮੁਖੀ ਨੂੰ ਮਨੁੱਖੀ ਬੰਬ ਬਣ ਕੇ ਮਾਰਨ ਦੀ ਸਾਜਿਸ਼ ਘੜ ਰਹੇ ਸਨ।

ਪੁਲਿਸ ਨੇ ਦੋਸ਼ ਲਾਇਆ ਸੀ ਕਿ ਉਹ ਡੇਰਾ ਸਿਰਸਾ ਮੁਖੀ ਨੂੰ ਮਨੁੱਖੀ ਬੰਬ ਨਾਲ ਮਾਰ ਕੇ ਦੋਹਾਂ ਫਿਰਕਿਆਂ 'ਚ ਨਫਰਤ ਫੈਲਾਉਣਾ ਚਾਹੁੰਦੇ ਸਨ ਤਾਂ ਜੋ ਫਿਰਕੂ ਦੰਗੇ ਭੜਕ ਸਕਣ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

ਬੀਬੀ ਨਵਦੀਪ ਕੌਰ (ਡਾ.)
ਸ੍ਰੀ ਸੰਨੀ ਧੜ (ਮਿਸ਼ੀਗਨ)
ਪ੍ਰੋ ਜੋਗਿੰਦਰ ਸਿੰਘ ਰਮਦੇਵ
ਸ. ਸਵਰਨਜੀਤ ਸਿੰਘ ਢਿਲੋਂ
ਸ. ਅਮੋਲਕ ਸਿੰਘ ਗਾਖਲ
ਸ. ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ

ਸ. ਬਲਵਿੰਦਰ ਸਿੰਘ ਸੰਧੂ
ਸ. ਹਰਜੀਤ ਸਿੰਘ ਸਾਹੀ
ਸ੍ਰੀ ਸਰਵਣ ਸਿੰਘ ਟਿਵਾਣਾ
ਸ. ਜੈਦੇਵ ਸਿੰਘ ਭੱਠਲ
ਸ. ਸ਼ਮਸ਼ੇਰ ਸਿੰਘ ਬੋਪਾਰਾਏ
ਸ. ਜਗਦੀਸ਼ਰ ਸਿੰਘ ਕਲੇਰ (ਮਿਲਵਾਕੀ)

ਸ. ਦਰਸ਼ਨ ਸਿੰਘ ਦਰੜ
ਸ. ਰਾਜਿੰਦਰ ਸਿੰਘ ਬੈਂਸ
ਸ. ਮਨਦੀਪ ਸਿੰਘ ਭੂਰਾ
ਸ੍ਰੀ ਗੁਰਿੰਦਰ ਸਿੰਘ ਗਿੱਲ
ਸ੍ਰੀ ਹੈਪੀ ਹੀਰ

# ਪਾਕਿਸਤਾਨੀ ਫੌਜ ਵੱਲੋਂ ਅਮਰੀਕਾ ਨੂੰ ਘੂਰਕੀ

**ਇਸਲਾਮਾਬਾਦ:** ਪਾਕਿਸਤਾਨ ਦੀਆਂ ਦੋ ਚੌਕੀਆਂ 'ਤੇ ਨਾਟੋ ਹਮਲੇ 'ਚ 24 ਪਾਕਿ ਸੈਨਿਕਾਂ ਦੇ ਮਾਰੇ ਜਾਣ ਤੋਂ ਬਾਅਦ ਅਮਰੀਕਾ ਤੇ ਪਾਕਿਸਤਾਨ ਦੇ ਸਬੰਧ ਤ੍ਰਿਕ ਗਏ ਹਨ। ਪਾਕਿ ਫੌਜ ਦੇ ਮੁਖੀ ਜਨਰਲ ਅਸ਼ਫਾਕ ਪ੍ਰਵੇਜ਼ ਕਿਆਨੀ ਨੇ ਆਪਣੀ ਫੌਜ ਨੂੰ ਹੁਕਮ ਦਿੱਤੇ ਹਨ ਕਿ ਅਫ਼ਗਾਨਿਸਤਾਨ 'ਚ ਸਰਗਰਮ ਨਾਟੋ ਫੌਜਾਂ ਵੱਲੋਂ ਜੇਕਰ ਮੁੜ ਕੋਈ 'ਹਮਲਾ' ਕੀਤਾ ਜਾਂਦਾ ਹੈ ਤਾਂ ਉਸ ਦਾ 'ਪੂਰੀ ਤਾਕਤ ਨਾਲ ਮੂੰਹ ਤੋੜਵਾਂ' ਜਵਾਬ ਦਿੱਤਾ ਜਾਵੇ।

ਦੂਜੇ ਪਾਸੇ ਅਹਿਮ ਅਮਰੀਕੀ ਕਾਂਗਰਸ ਮੈਂਬਰ ਨੇ ਰੱਖਿਆ ਮੰਤਰੀ ਲਿਓਨ ਪਨੇਟਾ ਨੂੰ ਕਿਹਾ ਹੈ ਕਿ ਜਦੋਂ ਤਕ ਇਸ ਘਟਨਾ ਬਾਰੇ ਚੱਲ ਰਹੀ ਮਹੱਤਵਪੂਰਨ ਜਾਂਚ ਮੁਕੰਮਲ ਨਹੀਂ ਹੋ ਜਾਂਦੀ ਉਦੋਂ ਤਕ ਮੁਆਫ਼ੀ ਮੰਗ ਕੇ ਇਸਲਾਮਾਬਾਦ ਦੇ ਰੋਹ ਨੂੰ ਸ਼ਾਂਤ ਕਰਨ ਦੇ ਯਤਨ ਕਰਨ ਦੀ ਲੋੜ ਨਹੀਂ ਹੈ। ਇਸ ਦੇ ਨਾਲ ਹੀ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਨੇ ਦਾਅਵਾ ਕੀਤਾ ਕਿ ਦੇਸ਼ ਦੀ ਸਰਕਾਰ ਨੂੰ ਨਾ ਨਿਆਂਪਾਲਿਕਾ ਤੋਂ ਤੇ ਨਾ ਫੌਜ ਤੋਂ ਕੋਈ ਖਤਰਾ ਹੈ। ਪਾਕਿਸਤਾਨ ਦੇ ਫੌਜ ਮੁਖੀ ਨੇ ਅਫਗਾਨਿਸਤਾਨ ਸੀਮਾ ਨਾਲ ਲੱਗਦੇ ਆਪਣੇ ਖੇਤਰਾਂ 'ਚ ਤਾਇਨਾਤ ਫੌਜੀ ਯੂਨਿਟਾਂ ਦੇ ਕਮਾਂਡਰਾਂ ਨੂੰ ਦੱਸਿਆ ਹੈ ਕਿ ਉਨ੍ਹਾਂ ਨੂੰ ਆਪਣੇ ਸਾਰੇ ਸਾਧਨ ਵਰਤ ਕੇ ਕਿਸੇ ਵੀ ਹਮਲੇ ਦਾ ਜਵਾਬ ਦੇਣ ਦੀ ਪੂਰੀ ਖੁੱਲ੍ਹ ਹੈ। ਸੂਤਰਾਂ ਨੇ ਕਿਆਨੀ ਦਾ ਹਵਾਲਾ ਦਿੰਦਿਆਂ ਕਿਹਾ ਕਿ ਨਾਟੋ ਫੌਜਾਂ ਵੱਲੋਂ ਕੋਈ ਹਮਲਾ ਕੀਤੇ ਜਾਣ 'ਤੇ ਸਬੰਧਤ ਯੂਨਿਟ ਜਾਂ ਫੌਜੀ ਅਧਿਕਾਰੀਆਂ ਨੂੰ ਜੁਆਬੀ ਕਾਰਵਾਈ ਕਰਨ ਦੀ ਖੁੱਲ੍ਹ ਹੋਵੇਗੀ।

ਏਹੀ ਨਹੀਂ ਕਿਆਨੀ ਦੇ ਹਵਾਲੇ ਨਾਲ ਇਹ ਵੀ ਕਿਹਾ ਗਿਆ ਹੈ ਕਿ ਕਿਸੇ ਵੀ ਪੱਧਰ 'ਤੇ ਕਿਸੇ ਤੋਂ ਮਨਜ਼ੂਰੀ ਲੈਣ ਦੀ ਲੋੜ ਨਹੀਂ ਤੇ ਹਮਲੇ ਲਈ ਜ਼ਮੀਨ 'ਤੇ ਲੋੜੀਂਦੇ ਸਾਧਨ ਫੌਜ ਮੁਹੱਈਆ ਕਰਾਏਗੀ। ਫੌਜ ਮੁਖੀ ਨੇ ਦੱਸਿਆ ਕਿ ਉਨ੍ਹਾਂ ਨੇ ਆਦੇਸ਼ ਜਾਰੀ ਕਰ ਦਿੱਤੇ ਹਨ ਕਿ ਭਵਿੱਖ 'ਚ ਅਜਿਹੇ ਕਿਸੇ ਵੀ ਹਮਲੇ ਦਾ ਜਵਾਬ ਬਿਨਾਂ ਕੋਈ ਲਾਭ-ਹਾਨੀ ਸੋਚੇ ਪੂਰੀ ਤਾਕਤ ਨਾਲ ਦਿੱਤਾ ਜਾਏਗਾ।

ਪਾਕਿਸਤਾਨ 'ਚ 24 ਸੈਨਿਕਾਂ ਦੀ ਮੌਤ ਦਾ ਕਾਰਨ ਬਣੇ ਨਾਟੋ ਹਮਲੇ ਦੇ ਕਾਰਨਾਂ ਦੀ ਪੂਰੀ ਤੇ ਨਿਰਪੱਖ ਜਾਂਚ ਦੀ ਮੰਗ ਕਰਦਿਆਂ ਅਮਰੀਕਾ ਦੇ ਕਾਂਗਰਸ ਮੈਂਬਰ ਮਾਇਕ ਕੌਫਮੈਨ ਨੇ ਰੱਖਿਆ ਮੰਤਰੀ ਲਿਓਨ ਪਨੇਟਾ ਨੂੰ ਕਿਹਾ ਹੈ ਕਿ ਜਦੋਂ ਤਕ ਇਸ ਬਾਰੇ ਚੱਲ ਰਹੀ ਜਾਂਚ ਪੂਰੀ ਨਹੀਂ ਹੁੰਦੀ ਉਦੋਂ ਤਕ ਇਸਲਾਮਾਬਾਦ ਤੋਂ ਮੁਆਫ਼ੀ ਮੰਗਣ ਦੀ ਲੋੜ ਨਹੀਂ ਹੈ। ਜਲ ਸੈਨਾ ਦੇ ਸਾਬਕਾ ਅਧਿਕਾਰੀ ਕੌਫਮੈਨ ਨੇ ਪਨੇਟਾ ਨੂੰ ਪੱਤਰ ਲਿਖ ਕੇ ਕਿਹਾ ਹੈ ਕਿ ਸਰਹੱਦ 'ਤੇ ਤਾਇਨਾਤ ਫੌਜਾਂ ਦੇ ਹਾਲਾਤ ਸਮਝੇ ਜਾਣ। ਉਹ ਵਾਸ਼ਿੰਗਟਨ ਜਾਂ ਇਸਲਾਮਾਬਾਦ 'ਚ ਜੋੜਤੋੜ ਕਰਕੇ ਆਪਣੇ ਆਪ ਨੂੰ ਬਚਾ ਸਕਣ ਦੀ ਹਾਲਤ 'ਚ ਨਹੀਂ ਹਨ। ਉਨ੍ਹਾਂ ਸੈਨਿਕਾ, ਮਲਾਹਾਂ, ਹਵਾਈ ਸੈਨਿਕਾਂ ਤੇ ਜਲ ਸੈਨਿਕਾਂ ਨੂੰ ਤਾਂ ਅਸਲਫਤਾ ਜਾਂ ਫੈਸਲਾ ਨਾ ਲੈ ਸਕਣ ਦੀ ਕੀਮਤ ਆਪਣੀ ਜਾਨ ਦੇ ਕੇ ਚੁਕਾਉਣੀ ਪੈਂਦੀ ਹੈ। ਉਨ੍ਹਾਂ ਕਿਹਾ ਕਿ ਜੇਕਰ ਅਮਰੀਕੀ ਸੈਨਿਕ ਅਫਗਾਨਿਸਤਾਨ ਸੀਮਾ 'ਤੇ ਤਾਇਨਾਤ ਹਨ ਤੇ ਉਨ੍ਹਾਂ 'ਤੇ ਹਮਲਾ ਹੋ ਜਾਂਦਾ ਹੈ ਤਾਂ ਇਸ 'ਚ ਹੈਰਾਨੀ ਨਹੀਂ ਹੋਣੀ ਚਾਹੀਦੀ ਕਿ ਉਹ ਫੌਜੀ ਤਾਕਤ ਨਾਲ ਆਪਣੇ ਆਪ ਨੂੰ ਬਚਾਉਣਗੇ ਕਿਉਂਕਿ ਉਨ੍ਹਾਂ ਦੇ ਕੰਮਕਾਰ ਦੇ ਹਾਕਮ ਉਨ੍ਹਾਂ ਨੂੰ ਇਹ ਗਾਰੰਟੀ ਦਿੰਦੇ ਹਨ।

## ਅਮਰੀਕਾ ਵੱਲੋਂ ਸ਼ਮਸੀ ਹਵਾਈ ਅੱਡਾ ਖਾਲੀ

**ਇਸਲਾਮਾਬਾਦ:** ਅਮਰੀਕਾ ਨੇ ਪਾਕਿਸਤਾਨ ਦਾ ਸ਼ਮਸੀ ਹਵਾਈ ਅੱਡਾ ਖਾਲੀ ਕਰਨਾ ਸ਼ੁਰੂ ਕਰ ਦਿੱਤਾ ਹੈ ਤੇ ਕਿਹਾ ਕਿ ਉਹ ਪਾਕਿਸਤਾਨ ਵੱਲੋਂ ਦਿੱਤੀ ਮੋਹਲਤ ਮੁਤਾਬਕ 11 ਦਸੰਬਰ ਤਕ ਬਲੋਚਿਸਤਾਨ ਵਿਚ ਸਥਿਤ ਸ਼ਮਸੀ ਫੌਜੀ ਹਵਾਈ ਅੱਡਾ ਖਾਲੀ ਕਰ ਦੇਵੇਗਾ। ਸਮਝਿਆ ਜਾਂਦਾ ਹੈ ਕਿ ਸੀ.ਆਈ.ਏ. ਵੱਲੋਂ ਇਸ ਅੱਡੇ ਦੀ ਵਰਤੋਂ ਡਰੋਨ ਹਮਲਿਆਂ ਵਾਸਤੇ ਕੀਤੀ ਜਾਂਦੀ ਸੀ।

'ਨਾਟੋ' ਹਮਲੇ ਵਿਚ ਆਪਣੇ 24 ਫੌਜੀਆਂ ਜਵਾਨਾਂ ਦੇ ਮਾਰੇ ਜਾਣ ਪਿਛੋਂ ਪਾਕਿਸਤਾਨ ਨੇ ਅਮਰੀਕਾ ਨੂੰ ਇਹ ਅੱਡਾ ਖਾਲੀ ਕਰਨ ਵਾਸਤੇ ਕਿਹਾ ਸੀ। ਪਾਕਿਸਤਾਨ ਵਿਚ ਅਮਰੀਕਾ ਦੇ ਰਾਜਦੂਤ ਕੈਮਰੋਨ ਮੁੰਟੇਰ ਨੇ ਦੱਸਿਆ ਕਿ ਉਨ੍ਹਾਂ ਵੱਲੋਂ ਇਸਲਾਮਾਬਾਦ ਦੀ ਮੰਗ 'ਤੇ ਇਹ ਹਵਾਈ ਅੱਡਾ ਖਾਲੀ ਕੀਤਾ ਜਾ ਰਿਹਾ ਹੈ। ਅਮਰੀਕਾ ਵੱਲੋਂ ਇਸ ਹਵਾਈ ਅੱਡੇ ਦੀ ਵਰਤੋਂ ਨਾਟੋ ਲਈ ਤੇ ਦੇਸ਼ ਦੇ ਗੜਬੜਗ੍ਰਸਤ ਉੱਤਰ ਪੱਛਮੀ ਖੇਤਰ 'ਚ ਡਰੋਨ ਹਮਲਿਆਂ ਲਈ ਕੀਤੀ ਜਾ ਰਹੀ ਸੀ। ਅਮਰੀਕਾ ਦਹਾਕੇ ਤੋਂ ਇਹ ਹਵਾਈ ਅੱਡਾ ਵਰਤ ਰਿਹਾ ਸੀ।

## Matrimonials

### ਵਰ ਦੀ ਲੋੜ ਹੈ

Wanted Sikh Saini US/ Canadian match for Sikh Saini US citizen girl, 24, 5'-0" studying hospital/ medical billing & coding after bachelor in Bussiness Admn. Contact: singhp1@hotmail.com

Seeking a suitable Jatt Sikh US citizen match for a pretty 24, 5'-3" Dentist girl in India. Contact at skgurdeep7@gmail.com.

Wanted US/Canadian/UK/ Australian citizen match for Amritdhari Sidhu girl from educated urban family in India, 5.4, 23 yrs, doing MSc Biochem. Call: 850-225-6388 in the US or email: sukhssohi@yahoo.com

### ਕੰਨਿਆ ਦੀ ਲੋੜ ਹੈ

ਜੱਟ ਸਿੱਖ ਚੀਮਾ 29, ਕੱਦ 5'-11" ਅਮਰੀਕੀ ਸਿਟੀਜ਼ਨ 10+2 ਪਾਸ ਲੜਕੇ ਲਈ ਇੰਡੀਆ ਤੋਂ ਪੜ੍ਹੀ ਲਿਖੀ 22 ਤੋਂ 27 ਸਾਲ ਉਮਰ ਦੀ ਘਟੋ ਘਟ 5' 4" ਕੱਦ ਦੀ ਘਰੇਲੂ ਲੜਕੀ ਦੀ ਲੋੜ ਹੈ। ਮੰਗਣੀ ਇੰਡੀਆ ਤੇ ਵਿਆਹ ਅਮਰੀਕਾ ਵਿਚ। ਲੜਕੇ ਦੇ ਮਾਪੇ ਇੰਡੀਆ ਵਿਚ ਹਨ। ਸੰਪਰਕ ਕਰੋ:ਫੋਨ 91-80591-27952 ਜਾਂ ਈਮੇਲ ਕਰੋ js.cheema@yahoo.com

Suitable match for 29/5'-9" cleanshaven, slim, Ramgarhia Sikh boy, Software Engineer well settled in US.Caste no bar. Call: 425- 307-1050: Email:biodata/ photo: psingh03850@gmail.com

## ਪੰਜਾਬੀ ਰੇਡੀਓ ਯੂ.ਐਸ.ਏ. ਤੋਂ ਪੰਜਾਬ ਚੋਣਾਂ ਬਾਰੇ ਵਿਸ਼ੇਸ਼ ਰਿਪੋਰਟ ਹਰ ਰੋਜ਼

**ਸੈਨ ਹੋਜ਼ੇ:** ਪੰਜਾਬ ਰੇਡੀਓ ਯੂ.ਐਸ.ਏ. ਵਲੋਂ ਪੰਜਾਬ ਵਿਚ ਆ ਰਹੀਆਂ ਵਿਧਾਨ ਸਭਾ ਚੋਣਾਂ ਬਾਰੇ ਸੋਮਵਾਰ ਤੋਂ ਸ਼ੁੱਕਰਵਾਰ ਤੱਕ ਹਰ ਰੋਜ਼ ਪੱਤਰਕਾਰ ਸੁਸ਼ੀਲ ਦੁਸਾਂਝ ਵਿਸ਼ੇਸ਼ ਰਿਪੋਰਟ ਪੇਸ਼ ਕਰਿਆ ਕਰਨਗੇ ਜੋ ਬਾਅਦ ਦੁਪਹਿਰ 2 ਵਜੇ ਅਤੇ ਰਾਤੀਂ 10 ਵਜੇ ਪ੍ਰਸਾਰਿਤ ਕੀਤੀ ਜਾਵੇਗੀ।

ਰੇਡੀਓ ਵਲੋਂ ਲੰਘੇ ਐਤਵਾਰ ਸਿੱਖ ਸੰਘਰਸ਼ ਦੇ ਮਹਾਨ ਜਰਨੈਲ ਸ਼ਹੀਦ ਭਾਈ ਹਰਜਿੰਦਰ ਸਿੰਘ ਜਿੰਦਾ ਦੀ ਮਾਤਾ ਗੁਰਨਾਮ ਕੌਰ ਸਬੰਧੀ ਸ਼ਰਧਾਂਜਲੀ ਵਜੋਂ ਵਿਸ਼ੇਸ਼ ਪ੍ਰੋਗਰਾਮ ਪੇਸ਼ ਕੀਤਾ ਗਿਆ, ਜੋ ਹਾਲ ਹੀ ਵਿਚ ਅਕਾਲ ਚਲਾਣਾ ਕਰ ਗਏ ਹਨ। ਇਸ ਤੋਂ ਪਹਿਲਾਂ ਕਲੀਆਂ ਦੇ ਬਾਦਸ਼ਾਹ ਕੁਲਦੀਪ ਮਾਣਕ ਦੀ ਯਾਦ ਵਿਚ ਦੋ ਦਿਨ ਲਗਾਤਾਰ ਪ੍ਰੋਗਰਾਮ ਚਲਦੇ ਰਹੇ ਜਿਸ ਦੌਰਾਨ ਉਨ੍ਹਾਂ ਦੀ ਬੇਟੀ ਸ਼ਕਤੀ ਅਤੇ ਭਤੀਜੇ ਪ੍ਰਗਟ ਖਾਨ ਨੇ ਪੰਜਾਬੀ ਰੇਡੀਓ ਯੂ.ਐਸ.ਏ. ਸਰੋਤਿਆਂ ਦਾ ਧੰਨਵਾਦ ਕੀਤਾ। ਸਦੀਵੀ ਵਿਛੋੜਾ ਦੇ ਗਏ ਉਘੇ ਫਿਲਮੀ ਕਲਾਕਾਰ ਦੇਵ ਆਨੰਦ ਨੂੰ ਐਤਵਾਰ ਨੂੰ ਸਰੋਤਿਆਂ ਨੇ ਸ਼ਰਧਾਂਜਲੀਆਂ ਭੇਟ ਕੀਤੀਆਂ।

ਇਸੇ ਦੌਰਾਨ ਪੰਜਾਬੀ ਰੇਡੀਓ ਯੂ.ਐਸ.ਏ. ਦੇ ਕੁਝ ਪ੍ਰੋਗਰਾਮਾਂ ਵਿਚ ਤਬਦੀਲੀਆਂ ਕੀਤੀਆਂ ਗਈਆਂ ਹਨ ਜਿਨ੍ਹਾਂ ਦਾ ਵੇਰਵਾ ਅਖ਼ਬਾਰ ਵਿਚ ਛਪੇ ਉਨ੍ਹਾਂ ਦੇ ਇਸ਼ਤਿਹਾਰ ਵਿਚ ਦਰਜ ਹੈ। ਰੇਡੀਓ ਵਲੋਂ ਜਾਰੀ ਕਿ ਬਿਆਨ ਅਨੁਸਾਰ ਬੱਚਿਆਂ ਦੇ ਪ੍ਰੋਗਰਾਮ 'ਝਿਲਮਿਲ ਤਾਰੇ' ਦਾ ਟਾਈਮ ਸਨਿਚਰਵਾਰ ਸ਼ਾਮੀਂ 8.15 ਤੋਂ ਸ਼ਾਮੀਂ 9.00 ਵਜੇ ਤੱਕ ਰੱਖਿਆ ਗਿਆ ਹੈ। ਪੰਜਾਬੀ ਰੇਡੀਓ ਯੂ.ਐਸ.ਏ. ਦੇ ਹੋਸਟ ਅਮਰਜੀਤ ਸਿੰਘ ਬਲ ਨੇ ਦੱਸਿਆ ਕਿ ਆਉਣ ਵਾਲੇ ਕੁਝ ਕੁ ਹਫ਼ਤਿਆਂ ਵਿਚ ਹੋਰ ਕਈ ਮਿਆਰੀ ਪ੍ਰੋਗਰਾਮ ਪੇਸ਼ ਕੀਤੇ ਜਾਣਗੇ। ਹੋਰ ਜਾਣਕਾਰੀ ਲਈ ਫੋਨ (408) 722-7698 ਉਤੇ ਸੰਪਰਕ ਕੀਤਾ ਜਾ ਸਕਦਾ ਹੈ।


Nirvana Funeral Services
ਭਾਰਤੀ ਰੀਤਾਂ ਅਨੁਸਾਰ ਅੰਤਿਮ ਕ੍ਰਿਆਵਾਂ ਲਈ ਸਹੀ ਪ੍ਰਬੰਧ, ਵਾਜ਼ਬ ਖਰਚਾ
Contact: Sandeep S. Kanda
Funeral & Pre Need Consultant
Ph. 773-971-1371

SUPER TRAVEL
847-676-9090, 773-465-5566
E-mail: supertravel2003@yahoo.com
Lowest Fares With Excellent Service
AMERICAN AIR, CONTINENTAL AIR
JET AIRWAYS DELTA, AIR INDIA, KLM, LUFTHANSA.
For Emergency Call anytime at 847-673-3825
EARLY BIRD SALE!!!!
India $545
London $250





Freeway Travel Inc
ਸਸਤੀਆਂ ਟਿਕਟਾਂ, ਖਰਾ ਸੌਦਾ, ਬਿਹਤਰ ਸਰਵਿਸ
Call Raju
Tel: 773-973-0200
Fax: 773-973-0557
2542 W Devon Ave. Chicago IL 60659





Best Way Travels & Tour Inc.
Since 1975
6353 N Claremont (Corner of Devon & Claremont) Chicago, IL 60659
Best Fares For India/ Pakistan. Europe 50% Discount Business Class.
Ph:773-465-4949, Fax:773-465-8599








Business Opportunity
International Company looking for serious people to work from home-part time or full time. Great earning potential, full training and support provided. To attend training in your area.
For more info. call:
Sukhpreet Kaur Indiana
Ph:317-884-3557
Sharanjeet Kaur
Ph:317-332-1387
spkaurus@yahoo.co.in - www.shopherbalife.com/skaur


Desi Bazar
916 E. Main Street #118, Greenwood, IN, 46143
Tel: 317-888-2040, Fax: 317-887-6116
We specialize in all kind of Indian Groceries and Sweets
• FRESH VEGETABLES EVERY THURSDAY
• FRESH GOAT MEAT
10% off on all Gurudwara supplies and Religious programs!!
We Are Open 7 Days a Week
ਖੁਲ੍ਹਾ ਤੇ ਸਾਫ ਸੁਥਰਾ ਸਟੋਰ, ਪੰਜਾਬੀਆਂ ਦਾ ਮਾਣ ਦੇਸੀ ਬਾਜ਼ਾਰ

# ਅਮਿਤਾਭ ਬੱਚਨ ਵੱਲੋਂ ਸਿੱਖ ਕਤਲੇਆਮ ’ਚ ਸ਼ਮੂਲੀਅਤ ਤੋਂ ਇਨਕਾਰ

## ■ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਨੂੰ ਪੱਤਰ ਲਿਖਿਆ ■ ਸਿੰਘ ਸਹਿਬਾਨ ਵੱਲੋਂ ਫੈਸਲਾ 22 ਦਸੰਬਰ ਨੂੰ

**ਚੰਡੀਗੜ੍ਹ:** ਨਵੰਬਰ 1984 ਦੇ ਸਿੱਖ ਕਤਲੇਆਮ ’ਚ ਉਕਸਾਹਟ ਪੈਦਾ ਕਰਨ ਦੇ ਲੱਗ ਰਹੇ ਦੋਸ਼ਾਂ ਬਾਰੇ ਬਾਲੀਵੁੱਡ ਅਦਾਕਾਰ ਅਮਿਤਾਭ ਬੱਚਨ ਨੇ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਨੂੰ ਪੱਤਰ ਭੇਜ ਕੇ ਆਪਣੇ ਆਪ ਨੂੰ ਨਿਰਦੋਸ਼ ਦੱਸਿਆ ਹੈ। ਇਹ ਪੱਤਰ ਪੰਜ ਸਿੰਘ ਸਾਹਿਬਾਨ ਦੀ 22 ਦਸੰਬਰ ਨੂੰ ਹੋਣ ਵਾਲੀ ਇਕੱਤਰਤਾ ਵਿਚ ਵਿਚਾਰਿਆ ਜਾਵੇਗਾ।

ਇਹ ਪੱਤਰ ਸ੍ਰੀ ਬੱਚਨ ਨੇ ਮੁੰਬਈ ਵਿਖੇ ਸ਼੍ਰੋਮਣੀ ਕਮੇਟੀ ਦੇ ਮੈਂਬਰ ਸ. ਗੁਰਿੰਦਰ ਸਿੰਘ ਬਾਵਾ ਨੂੰ ਸੌਂਪਿਆ। ਇਹ ਪੱਤਰ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਤਕ ਪਹੁੰਚਾਉਣ ਲਈ ਸ੍ਰੀ ਬਚਨ ਤੇ ਉਨ੍ਹਾਂ ਦਾ ਬੇਟਾ ਅਭਿਸ਼ੇਕ ਬੱਚਨ 28 ਨਵੰਬਰ ਨੂੰ ਸ੍ਰੀ ਬਾਵਾ ਦੇ ਮੁੰਬਈ ਸਥਿਤ ਘਰ ਗਏ ਸਨ। ਸ੍ਰੀ ਬਾਵਾ ਨੇ ਇਹ ਪੱਤਰ ਆਪਣੇ ਇਕ ਰਿਸ਼ਤੇਦਾਰ ਸਤਨਾਮ ਸਿੰਘ ਰਾਹੀਂ ਦਸਤੀ ਰੂਪ ਵਿਚ ਇਥੇ ਗਿਆਨੀ ਗੁਰਬਚਨ ਸਿੰਘ ਕੋਲ ਭੇਜਿਆ ਹੈ। ਇਸ ਪੱਤਰ ਦੇ ਨਾਲ ਸ੍ਰੀ ਬੱਚਨ ਦੇ ਪਰਿਵਾਰ ਦੀਆਂ ਸਿੱਖ ਪਰਿਵਾਰ ਨਾਲ ਸਬੰਧਤ ਹੋਣ ਬਾਰੇ ਤਸਵੀਰਾਂ ਵੀ ਹਨ। ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਦੱਸਿਆ ਕਿ ਇਹ ਪੱਤਰ ਪੰਜ ਸਿੰਘ ਸਾਹਿਬਾਨ ਦੀ 22 ਦਸੰਬਰ ਨੂੰ ਹੋਣ ਵਾਲੀ ਇਕੱਤਰਤਾ ਵਿਚ ਵਿਚਾਰਿਆ ਜਾਵੇਗਾ ਤੇ ਇਸ ਬਾਰੇ ਕੋਈ ਅਗਲਾ ਫੈਸਲਾ ਕੀਤਾ ਜਾਵੇਗਾ। ਉਨ੍ਹਾਂ ਦੱਸਿਆ ਕਿ ਇਸ ਪੱਤਰ ਵਿਚ ਸ੍ਰੀ ਬਚਨ ਨੇ ਲਿਖਿਆ ਕਿ ਉਹ ਸਿੱਖ ਪਰਿਵਾਰ ਨਾਲ ਸਬੰਧਤ ਹਨ। ਉਨ੍ਹਾਂ ਦੇ ਮਾਤਾ ਤੇਜੀ ਬੱਚਨ ਸਿੱਖ ਪਰਿਵਾਰ ਦੀ ਧੀ ਸਨ। ਇਸ ਬਾਰੇ ਉਨ੍ਹਾਂ ਆਪਣੀ ਮਾਤਾ ਤੇਜੀ ਬੱਚਨ ਤੇ ਨਾਨਾ ਸ੍ਰੀ ਸੌਦਾਗਰ ਸਿੰਘ ਦੀ ਕੇਸਧਾਰੀ ਸਿੱਖ ਵਜੋਂ ਤਸਵੀਰ ਵੀ ਭੇਜੀ ਹੈ। ਪੱਤਰ ’ਚ ਉਨ੍ਹਾਂ ਲਿਖਿਆ ਹੈ ਕਿ ਉਨ੍ਹਾਂ ਦਾ ਪਰਿਵਾਰ ਵੀ ਸਿੱਖ ਧਰਮ ਵਿਚ ਪੂਰਾ ਵਿਸ਼ਵਾਸ ਰੱਖਦਾ ਹੈ ਤੇ ਸਿੱਖ ਧਰਮ ਸਰਬੱਤ ਦਾ ਭਲਾ ਮੰਗਣ ਵਾਲਾ ਧਰਮ ਹੈ।



ਉਨ੍ਹਾਂ ਲਿਖਿਆ ਕਿ ਨਵੰਬਰ 1984 ਦੇ ਸਿੱਖ ਵਿਰੋਧੀ ਦੰਗੇ ਭੜਕਾਉਣ ਬਾਰੇ ਉਨ੍ਹਾਂ ਉਨ੍ਹਾਂ ਕਦੇ ਵੀ ਅਜਿਹਾ ਨਹੀਂ ਕੀਤਾ। ਇਨ੍ਹਾਂ ਦੋਸ਼ਾਂ ਕਾਰਨ ਉਨ੍ਹਾਂ ਦੀਆਂ ਭਾਵਨਾਵਾਂ ਨੂੰ ਭਾਰੀ ਠੇਸ ਪੁੱਜੀ ਹੈ। ਉਨ੍ਹਾਂ ਲਿਖਿਆ ਕਿ ਇਹ ਸੱਚ ਹੈ ਕਿ ਗਾਂਧੀ ਪਰਿਵਾਰ ਨਾਲ ਉਨ੍ਹਾਂ ਦੀ ਨੇੜਤਾ ਰਹੀ ਹੈ ਤੇ ਉਨ੍ਹਾਂ ਦੇ ਦੁੱਖ-ਸੁੱਖ ਵਿਚ ਸ਼ਾਮਲ ਹੁੰਦੇ ਰਹੇ ਹਨ ਪਰ ਉਨ੍ਹਾਂ ਕਦੇ ਵੀ ਸਿੱਖ ਵਿਰੋਧੀ ਦੰਗੇ ਭੜਕਾਉਣ ਵਰਗੀ ਕੋਈ ਕਾਰਵਾਈ ਨਹੀਂ ਕੀਤੀ। ਜ਼ਿਕਰਯੋਗ ਹੈ ਕਿ ਸ੍ਰੀ ਅਮਿਤਾਭ ਬੱਚਨ ਨੇ ਆਨੰਦਪੁਰ ਵਿਖੇ ਸਥਾਪਿਤ ਕੀਤੇ ਗਏ ਵਿਰਾਸਤ-ਏ-ਖਾਲਸਾ ਦੇ ਉਦਘਾਟਨ ਮੌਕੇ ਆਉਣਾ ਸੀ ਪਰ ਕਈ ਸਿੱਖ ਜਥੇਬੰਦੀਆਂ ਵੱਲੋਂ ਪੰਥਕ ਸਮਾਗਮ ਵਿਚ ਸੱਦੇ ਜਾਣ ਦੀ ਕਰੜੀ ਵਿਰੋਧਤਾ ਕੀਤੀ ਗਈ। ਸਿੱਖ ਜਥੇਬੰਦੀਆਂ ਵੱਲੋਂ ਸ੍ਰੀ ਬਚਨ ’ਤੇ ਸਿੱਖ ਵਿਰੋਧੀ ਹੋਣ ਦਾ ਦੋਸ਼ ਲਾਇਆ ਗਿਆ ਸੀ। ਇਸ ਬਾਰੇ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਪੀਰ ਮੁਹੰਮਦ ਦੇ ਪ੍ਰਧਾਨ ਕਰਨੈਲ ਸਿੰਘ ਪੀਰ ਮੁਹੰਮਦ ਤੇ ਨਵੰਬਰ 1984 ਦੇ ਸਿੱਖ ਵਿਰੋਧੀ ’ਤੇ ਲਾਏ ਜਾ ਰਹੇ ਦੋਸ਼ ਬੇਬੁਨਿਆਦ ਹਨ। ਦੰਗਿਆਂ ਦੀ ਮੁੱਖ ਗਵਾਹ ਬੀਬੀ ਜਗਦੀਸ਼ ਕੌਰ ਤੇ ਹੋਰਾਂ ਵੱਲੋਂ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਨੂੰ ਮੰਗ ਪੱਤਰ ਵੀ ਸੌਂਪਿਆ ਗਿਆ ਸੀ।

ਬੀਬੀ ਜਗਦੀਸ਼ ਕੌਰ ਨੇ ਦਾਅਵਾ ਕੀਤਾ ਸੀ ਕਿ ਉਨ੍ਹਾਂ 1 ਨਵੰਬਰ 1984 ਨੂੰ ਡੀ.ਡੀ. (ਦਿੱਲੀ ਦੂਰਦਰਸ਼ਨ) ਦੇ ਸਿੱਧੇ ਪ੍ਰਸਾਰਨ ਸਮੇਂ ਅਮਿਤਾਭ ਬੱਚਨ ਨੂੰ ਸਿੱਖ ਵਿਰੋਧੀ ਦੰਗਿਆਂ ਬਾਰੇ ਉਕਸਾਉਂਦਿਆਂ ਦੇਖਿਆ ਤੇ ਸੁਣਿਆ ਸੀ। ਉਹ ਉਸ ਵੇਲੇ ਸਵਰਗੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੀ ਮ੍ਰਿਤਕ ਦੇਹ ਦੇ ਕੋਲ ਖੜ੍ਹੇ ਸਨ ਤੇ ਉਨ੍ਹਾਂ ਦੇ ਨਾਲ ਸਵਰਗੀ ਰਾਜੀਵ ਗਾਂਧੀ ਵੀ ਸਨ।

ਜਥੇਦਾਰ ਗੁਰਬਚਨ ਸਿੰਘ ਨੇ ਆਖਿਆ ਕਿ ਜੇਕਰ ਸ੍ਰੀ ਬੱਚਨ ਇਸ ਬਾਰੇ ਆਪਣੀ ਭੁੱਲ ਬਖਸ਼ਾਉਣ ਲਈ ਤਿਆਰ ਹੁੰਦੇ ਹਨ ਤਾਂ ਉਨ੍ਹਾਂ ਨੂੰ ਇਥੇ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਜ਼ਰੂਰ ਸੱਦਿਆ ਜਾਵੇਗਾ ਪਰ ਫਿਲਹਾਲ ਉਨ੍ਹਾਂ ਪੱਤਰ ਵਿਚ ਅਜਿਹਾ ਕੁਝ ਨਹੀਂ ਲਿਖਿਆ।

## ਸਿੱਖ ਜਥੇਬੰਦੀਆਂ ਵੱਲੋਂ ਸਖਤ ਕਾਰਵਾਈ ਦੀ ਮੰਗ

ਚੰਡੀਗੜ੍ਹ: ਸਿੱਖ ਜਥੇਬੰਦੀਆਂ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ, ਪੀਰ ਮੁਹੰਮਦ ਦੇ ਪ੍ਰਧਾਨ ਕਰਨੈਲ ਸਿੰਘ ਪੀਰ ਮੁਹੰਮਦ, ਨੈਸ਼ਨਲ 1984 ਵਿਕਟਮਜ਼ ਜਸਟਿਸ ਐਂਡ ਵੈਲਫੇਅਰ ਸੁਸਾਇਟੀ ਦੇ ਪ੍ਰਧਾਨ ਬਾਬੂ ਸਿੰਘ ਦੁਖੀਆ ਤੇ ਦਿੱਲੀ ਦੰਗਿਆਂ ਦੀ ਚਸ਼ਮਦੀਦ ਗਵਾਹ ਬੀਬੀ ਜਗਦੀਸ਼ ਕੌਰ ਨੇ ਪੰਜ ਸਿੰਘ ਸਾਹਿਬਾਨ ਨਾਲ ਮੁਲਾਕਾਤ ਕਰਕੇ ਮੰਗ ਪੱਤਰ ਦਿੱਤਾ ਹੈ ਤੇ ਅਪੀਲ ਕੀਤੀ ਹੈ ਕਿ ਅਮਿਤਾਭ ਬੱਚਨ ਦੇ ਬੇਕਸੂਰ ਹੋਣ ਬਾਰੇ ਦਾਅਵੇ ਨੂੰ ਰੱਦ ਕੀਤਾ ਜਾਵੇ ਤੇ ਉਸ ਖਿਲਾਫ ਕਾਨੂੰਨੀ ਕਾਰਵਾਈ ਕਰਵਾਉਣ ਨੂੰ ਹਰੀ ਝੰਡੀ ਦਿੱਤੀ ਜਾਵੇ। ਉਨ੍ਹਾਂ ਅਪੀਲ ਕੀਤੀ ਹੈ ਕਿ ਸ਼੍ਰੋਮਣੀ ਅਕਾਲੀ ਦਲ ਅਤੇ ਸ਼੍ਰੋਮਣੀ ਕਮੇਟੀ ਮੈਂਬਰਾਂ ਨੂੰ ਵੀ ਹਦਾਇਤ ਕੀਤੀ ਜਾਵੇ ਕਿ ਉਹ ਸ੍ਰੀ ਬੱਚਨ ਨੂੰ ਕਲੀਨ ਚਿੱਟ ਦੇਣ ਦੇ ਯਤਨਾਂ ਦਾ ਸਮਰਥਨ ਬੰਦ ਕਰਨ। ਬਾਬੂ ਸਿੰਘ ਦੁਖੀਆ ਤੇ ਬੀਬੀ ਜਗਦੀਸ਼ ਕੌਰ ਨੇ ਦਾਅਵਾ ਕੀਤਾ ਕਿ 31 ਅਕਤੂਬਰ, 1984 ਨੂੰ ਸਵਰਗੀ ਇੰਦਰਾ ਗਾਂਧੀ ਦੀ ਮੌਤ ਤੋਂ ਬਾਅਦ ਦਿੱਲੀ ਆਏ ਸ੍ਰੀ ਬੱਚਨ ਨੇ ਭੜਕਾਊ ਨਾਅਰੇ ਲਾਏ ਸਨ ਜਿਸ ਤੋਂ ਉਤਸ਼ਾਹਤ ਹੋ ਕੇ ਦਿੱਲੀ ਸਮੇਤ ਦੇਸ਼ ਦੇ ਵੱਖ-ਵੱਖ ਹਿੱਸਿਆਂ ਵਿਚ ਸਿੱਖ ਵਿਰੋਧੀ ਦੰਗੇ ਭੜਕੇ। ਫੈਡਰੇਸ਼ਨ ਦੇ ਸਕੱਤਰ ਜਨਰਲ ਦਵਿੰਦਰ ਸਿੰਘ ਸੋਢੀ ਨੇ ਮੰਗ ਕੀਤੀ ਹੈ ਕਿ ਨਵੰਬਰ 1984 ਵਿਚ ਸਮੁੱਚੇ ਦੇਸ਼ ਅੰਦਰ ਸਿੱਖ ਕਤਲੇਆਮ ਲਈ ਸੋਚੀ ਸਮਝੀ ਡੂੰਘੀ ਸਾਜ਼ਿਸ਼ ਤਹਿਤ ਹਮਲੇ ਕਰਵਾਉਣ, ਸਾਜ਼ਿਸ਼ ਰਚਣ, ਲੋਕਾਂ ਨੂੰ ਭੜਕਾਉਣ ਲਈ ਅਮਿਤਾਭ ਬਚਨ ਖ਼ਿਲਾਫ਼ ਕਤਲ ਦਾ ਮਾਮਲਾ ਦਰਜ ਕੀਤਾ ਜਾਵੇ ਅਤੇ ਪੰਜਾਬ ’ਚ ਉਨ੍ਹਾਂ ਦੀਆਂ ਫਿਲਮਾਂ ’ਤੇ ਰੋਕ ਲਾਈ ਜਾਵੇ।

## ਅਮਿਤਾਭ ਬੱਚਨ ਖ਼ਿਲਾਫ਼ ਗਵਾਹ ਸਾਹਮਣੇ ਆਏ

**ਚੰਡੀਗੜ੍ਹ:** ਨਵੰਬਰ 1984 ’ਚ ਸਿੱਖ ਕਤਲੇਆਮ ਦੌਰਾਨ ਦੰਗਾਕਾਰੀਆਂ ਨੂੰ ਭੜਕਾਉਣ ਦੇ ਦੋਸ਼ਾਂ ਦਾ ਸਾਹਮਣਾ ਕਰ ਰਹੇ ਅਦਾਕਾਰ ਅਮਿਤਾਭ ਬਚਨ ਦੀਆਂ ਮੁਸ਼ਕਲਾਂ ਉਸ ਵੇਲੇ ਵਧ ਗਈਆਂ ਜਦੋਂ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਤੇ ਸਿੱਖਜ਼ ਫਾਰ ਜਸਟਿਸ ਤੇ ਨੈਸ਼ਨਲ 1984 ਵਿਕਟਿਮਸ ਜਸਟਿਸ ਐਂਡ ਵੈਲਫੇਅਰ ਸੁਸਾਇਟੀ ਨੇ ਇਕ ਗਵਾਹ ਨੂੰ ਮੀਡੀਆ ਸਾਹਮਣੇ ਪੇਸ਼ ਕੀਤਾ। ਉਨ੍ਹਾਂ ਦਾਅਵਾ ਕੀਤਾ ਕਿ ਇੰਦਰਾ ਗਾਂਧੀ ਦੀ ਹੱਤਿਆਂ ਤੋਂ ਬਾਅਦ ਉਸ ਨੇ ਅਮਿਤਾਭ ਬਚਨ ਨੂੰ ਦੂਰਦਰਸ਼ਨ ’ਤੇ 'ਖ਼ੂਨ ਕਾ ਬਦਲਾ ਖ਼ੂਨ’ ਨਾਅਰੇ ਲਾਉਂਦੇ ਹੋਏ ਅੱਖੀਂ ਦੇਖਿਆ ਸੀ। ਇਸ ਤੋਂ ਇਲਾਵਾ ਬੀਬੀ ਜਗਦੀਸ਼ ਕੌਰ ਤੇ ਅਜਮੇਰ ਸਿੰਘ ਰੰਧਾਵਾ ਸਣੇ ਤਕਰੀਬਨ 15 ਹੋਰ ਗਵਾਹਾਂ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਤੇ ਜਥੇਦਾਰਾਂ ਅੱਗੇ ਪੇਸ਼ ਕਰਨ ਦਾ ਦਾਅਵਾ ਕੀਤਾ ਹੈ।

ਸ. ਕਰਨੈਲ ਸਿੰਘ ਪੀਰ ਮੁਹੰਮਦ ਤੇ ਸਕੱਤਰ ਜਨਰਲ ਦਵਿੰਦਰ ਸਿੰਘ ਸੋਢੀ ਦੀ ਮੌਜੂਦਗੀ ਵਿਚ ਬਾਬੂ ਸਿੰਘ ਦੁਖੀਆ ਨੇ ਖੁਲਾਸਾ ਕੀਤਾ ਕਿ ਇੰਦਰਾ ਗਾਂਧੀ ਦੀ ਮੌਤ ਤੋਂ ਬਾਅਦ ਅਮਿਤਾਭ ਨੂੰ ਦੂਰਦਰਸ਼ਨ ’ਤੇ 'ਖ਼ੂਨ ਕਾ ਬਦਲਾ ਖ਼ੂਨ’ ਦੇ ਨਾਅਰੇ ਲਾਉਂਦੇ ਵੇਖਿਆ ਗਿਆ ਸੀ। ਸਿੱਖਾਂ ਦੇ ਕਤਲੇਆਮ ਲਈ ਬਚਨ ਨੇ ਦੰਗਾਕਾਰੀਆਂ ਦੀ ਭੀੜ ਨੂੰ ਭੜਕਾਇਆ ਸੀ। ਇਸ ਨਾਅਰੇ ਨੂੰ ਦੂਰਦਰਸ਼ਨ ਤੋਂ ਇਲਾਵਾ ਆਲ ਇੰਡੀਆ ਰੇਡੀਓ ’ਤੇ ਵੀ ਪ੍ਰਸਾਰਤ ਕੀਤਾ ਗਿਆ ਸੀ।

ਇਸ ਮੌਕੇ ਪੀਰ ਮੁਹੰਮਦ ਨੇ ਕਿਹਾ ਕਿ ਸ਼ਰਮਨਾਕ ਗੱਲ ਤਾਂ ਇਹ ਹੈ ਕਿ ਸਿੱਖਾਂ ਦਾ ਕਤਲ ਕਰਨ ਲਈ ਦੰਗਾਕਾਰੀਆਂ ਨੂੰ ਭੜਕਾਉਣ ਲਈ ਅਮਿਤਾਭ ਬਚਨ ਖ਼ਿਲਾਫ਼ ਕਤਲ ਦੇ ਕੇਸ ਦਰਜ ਕਰਨ ਦੀ ਬਜਾਏ ਸ਼੍ਰੋਮਣੀ ਅਕਾਲੀ ਦਲ ਦੀ ਸਰਪ੍ਰਸਤੀ ਹੇਠ ਕੰਮ ਕਰ ਰਹੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਵੱਲੋਂ ਅਦਾਕਾਰ ਦੇ ਕੇਸ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਅੱਗੇ ਪੇਸ਼ ਕਰਕੇ ਸਿੱਖਾਂ ਦੇ ਜ਼ਖ਼ਮਾਂ ਉਤੇ ਲੂਣ ਛਿੜਕਿਆ ਜਾ ਰਿਹਾ ਹੈ। ਨੈਸ਼ਨਲ 1984 ਵਿਕਟਿਮਸ ਜਸਟਿਸ ਐਂਡ ਵੈਲਫੇਅਰ ਸੁਸਾਇਟੀ ਦੇ ਪ੍ਰਧਾਨ ਬਾਬੂ ਸਿੰਘ ਦੁਖੀਆ ਨੇ ਕਿਹਾ ਕਿ ਅਮਿਤਾਭ ਦੰਗਾਕਾਰੀਆਂ ਨੂੰ ਭੜਕਾਉਣ ਦੇ ਦੋਸ਼ਾਂ ਤੋਂ ਬਚ ਨਹੀਂ ਸਕਦੇ। ਦੰਗਿਆਂ ਦੀ ਮੁੱਖ ਗਵਾਹ ਬੀਬੀ ਜਗਦੀਸ਼ ਕੌਰ ਨੇ ਕਿਹਾ ਕਿ ਉਨ੍ਹਾਂ ਖ਼ੁਦ ਆਪਣੀਆਂ ਅੱਖਾਂ ਨਾਲ ਦੂਰਦਰਸ਼ਨ ’ਤੇ ਸਿੱਧਾ ਪ੍ਰਸਾਰਨ ਵੇਖਿਆ ਸੀ ਜਿਸ ਵਿਚ ਅਮਿਤਾਭ ਨੇ 'ਖ਼ੂਨ ਕਾ ਬਦਲਾ ਖ਼ੂਨ’ ਨਾਅਰਾ ਆਪਣੀਆਂ ਬਾਹਾਂ ਉੱਤੇ ਚੁੱਕ ਕੇ ਲਗਾਇਆ ਸੀ।

24 ਘੰਟੇ 11 ਸਟੇਸ਼ਨਾਂ ਤੋਂ ਚੱਲਣ ਵਾਲਾ ਪੰਜਾਬੀ ਰੇਡੀਓ
San Jose, Livermore, Berkeley, Tracy, Sacramento, Yuba City, Stocton, Modesto, Fresno, Bakersfield, Reno

ਪੰਜਾਬੀ ਰੇਡੀਓ ਯੂਐਸਏ
Punjabi RADIO USA
ON THE AIR
ਛੋਟੇ ਰੇਡੀਓ ਦੀ ਕੀਮਤ $25 • ਵੱਡੇ ਰੇਡੀਓ ਦੀ ਕੀਮਤ $35 • ਇੰਟਰਨੈਟ ਰੇਡੀਓ [illegible] ਵਾਲਾ ਹੁਣ $99 ਨੂੰ

PUNJABI RADIO USA
ਦੁਨੀਆਂ ਵਿਚ ਪਹਿਲਾ ਪੰਜਾਬੀ ਰੇਡੀਓ ਹੈ, ਜਿਸ ਦੀ I-Phone ਤੇ Android Application ਤੁਸੀਂ ਕਿਸੇ ਸਮੇਂ ਵੀ ਮੁਫ਼ਤ ਡਾਊਨਲੋਡ ਕਰ ਸਕਦੇ ਹੋ।

- ਸਵੇਰੇ 4 ਵਜੇ ਤੋਂ 9 ਵਜੇ ਤੱਕ ਅੰਮ੍ਰਿਤ ਵੇਲਾ ਸਚੁ ਨਾਉਂ', ਗੁਰਦੁਆਰਾ ਸਾਹਿਬ ਫਰੀਮਾਂਟ ਤੋਂ ਸਿੱਧਾ ਪ੍ਰਸਾਰਣ
- ਸਵੇਰੇ 9.20 ਤੋਂ 10 ਵਜੇ ਤੱਕ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਤੋਂ ਹੁਕਮਨਾਮੇ ਦੀ ਪੰਜਾਬੀ ਤੇ ਅੰਗਰੇਜ਼ੀ ਵਿਚ ਵਿਆਖਿਆ (ਅੰਗਰੇਜ਼ੀ : ਭਾਈ ਸੁੱਖਾ ਸਿੰਘ)
- ਸਵੇਰੇ 10 ਤੋਂ 11 ਵਜੇ ਤੱਕ ਆਤਮਿਕ ਆਨੰਦ ਪ੍ਰੋਗਰਾਮ (ਕੁਲਬੀਰ ਸਿੰਘ) (ਸੋਮਵਾਰ-ਸ਼ੁੱਕਰਵਾਰ)
- ਸਵੇਰੇ 11.30 ਤੋਂ ਦੁਪਹਿਰ 1 ਵਜੇ ਤੱਕ 'ਬੌਲੀਵੁੱਡ ਹਿੱਟਸ' (Bollywood Hits) (ਸੋਮਵਾਰ-ਸ਼ੁੱਕਰਵਾਰ)
- 1 ਵਜੇ ਤੋਂ 2 ਵਜੇ ਤੱਕ ਭੈਣਾਂ ਵਾਸਤੇ ਸਪੈਸ਼ਲ ਪ੍ਰੋਗਰਾਮ (ਰਾਣੀ ਕਾਹਲੋਂ ਤੇ ਅੰਜੂ ਨਾਰੰਗ)
- 2 ਵਜੇ ਤੋਂ 3 ਵਜੇ ਤੱਕ ਹਾਸਰਸ ਪ੍ਰੋਗਰਾਮ 'ਹੱਸਦੇ ਹਸਾਉਂਦੇ' (ਮੰਗਲਵਾਰ)
- ਸੋਮਵਾਰ ਨੂੰ Repeat ਪ੍ਰੋਗਰਾਮ ਖ਼ਬਰ 'ਤੇ ਨਜ਼ਰ (ਪਰਮਿੰਦਰ ਟਿਵਾਣਾ)
- ਬੁੱਧਵਾਰ ਨੂੰ ਖਿਆਲ ਆਪੋ ਆਪਣਾ (ਅਮਰਜੀਤ ਸਿੰਘ ਬੱਲ)
- ਵੀਰਵਾਰ ਨੂੰ Repeat ਪ੍ਰੋਗਰਾਮ 'ਦੋ ਆਰ ਦੀਆਂ-ਦੋ ਪਾਰ ਦੀਆਂ' (ਗੁਰਪ੍ਰੀਤ ਸਿੰਘ ਅਤੇ ਸਿਮਰ)
- ਸ਼ੁੱਕਰਵਾਰ ਨੂੰ Repeat ਜੌਬ ਐਂਡ ਬਿਜਨਸ ਸ਼ੋਅ • ਸ਼ਨੀਵਾਰ : ਕਵੀ ਦਰਬਾਰ
- 3 ਵਜੇ ਤੋਂ 5 ਵਜੇ ਤੱਕ ਪ੍ਰੋਗਰਾਮ 'ਕੁਝ ਗੱਲਾਂ ਕੁੱਝ ਗੀਤ'
- ਐਤਵਾਰ : 'ਲਹਿਰੇਂ' (ਬਾਬੂ ਲਾਲ ਤੇ ਬਿਮਲੇਸ਼ ਪ੍ਰਸਾਦ ਫੀਜੀ ਦਾ ਹਿੱਟ ਪ੍ਰੋਗਰਾਮ)
- 5 ਵਜੇ ਤੋਂ 7.30 ਤੱਕ 'ਸਰਬ ਸਾਂਝੀ ਗੁਰਬਾਣੀ' (ਰਹਿਰਾਸ ਸਾਹਿਬ, ਕੀਰਤਨ, ਢਾਡੀ ਵਾਰਾਂ ਤੇ ਕਥਾ ਵੱਖ ਵੱਖ ਗੁਰਦੁਆਰਾ ਸਾਹਿਬ ਤੋਂ)

ਪੰਜਾਬੀ ਰੇਡੀਓ ਦੇ ਪ੍ਰੋਗਰਾਮ

ਪੰਜਾਬ ਵਿਧਾਨ ਸਭਾ ਚੋਣਾਂ 2012
ਪੰਜਾਬ ਤੋਂ ਚੋਣਾਂ ਦੀ ਸਪੈਸ਼ਲ ਕਵਰੇਜ ਹਰ ਰੋਜ਼ 2 ਵਜੇ ਸ਼ਾਮ ਨੂੰ ਅਤੇ 10 ਵਜੇ ਰਾਤ ਨੂੰ ਸੁਸ਼ੀਲ ਦੋਸਾਂਝ ਦੇ ਨਾਲ

ਖ਼ਬਰਾਂ ਤਾਜ਼ੀਆਂ (ਚਾਰ ਵਾਰ ਹਰ ਰੋਜ਼)
09.05 : ਪੰਜਾਬ ਤੋਂ ਸੁਸ਼ੀਲ ਦੁਸਾਂਝ
11.05 : ਲਹਿੰਦੇ ਪੰਜਾਬ ਤੋਂ ਮਸੂਦ ਮੱਲ੍ਹੀ
08.05 : ਲਹਿੰਦੇ ਪੰਜਾਬ ਤੋਂ ਮਸੂਦ ਮੱਲ੍ਹੀ
09.05 : ਪੰਜਾਬ ਤੋਂ ਜਸਵਿੰਦਰ ਸਿੰਘ ਬਿੱਟਾ

ਬਾਬਾ ਬੰਦਾ ਸਿੰਘ ਬਹਾਦਰ (ਡਰਾਮਾ)
ਸ਼ਨਿੱਚਰਵਾਰ : 10:30 ਤੋਂ 11:00 ਵਜੇ ਸਵੇਰੇ
ਮੰਗਲਵਾਰ : 9:30 ਵਜੇ ਤੋਂ 10:00 ਵਜੇ ਰਾਤ

- ਰਾਤ 8 ਤੋਂ 9 ਵਜੇ ਤੱਕ :
ਸੋਮਵਾਰ ਭਖਦੇ ਮਸਲਿਆਂ 'ਤੇ Live Talk Show (ਸੁਸ਼ੀਲ ਦੁਸਾਂਝ) • ਮੰਗਲਵਾਰ : 'ਇਕ ਸੋਚ' (ਕਮਲ ਗਿੱਲ) • ਬੁੱਧਵਾਰ : ਖ਼ਬਰ 'ਤੇ ਨਜ਼ਰ (ਪਰਮਿੰਦਰ ਸਿੰਘ ਟਿਵਾਣਾ) • ਵੀਰਵਾਰ : ਜੌਬ ਐਂਡ ਬਿਜਨਸ ਸ਼ੋਅ
ਸ਼ੁੱਕਰਵਾਰ : ਸ਼ਾਨ ਪੰਜਾਬ ਦੀ (ਗੁਰਦੀਪ ਸਿੰਘ ਸ਼ੇਰਗਿੱਲ, ਸੋਨੀਆ ਸ਼ੇਰਗਿੱਲ) • ਸ਼ਨੀਵਾਰ : ਝਿਲਮਿਲ ਤਾਰੇ-ਬੱਚਿਆਂ ਲਈ ਪ੍ਰੋਗਰਾਮ • ਐਤਵਾਰ : ਲਹਿੰਦੇ ਪੰਜਾਬ ਦੀਆਂ ਬਾਂਗਾਂ (ਮਸੂਦ ਮੱਲ੍ਹੀ, ਪਰਵੀਨ ਮੱਲ੍ਹੀ)
- ਰਾਤ 9 ਤੋਂ 10 ਵਜੇ ਤੱਕ :
ਸੋਮਵਾਰ : ਮਨੋਰੰਜਨ ਪ੍ਰੋਗਰਾਮ 'ਦੋ ਆਰ ਦੀਆਂ, ਦੋ ਪਾਰ ਦੀਆਂ' (ਗੁਰਪ੍ਰੀਤ ਸਿੰਘ ਤੇ ਸਿਮਰ) • ਮੰਗਲਵਾਰ : ਬਾਬਾ ਬੰਦਾ ਸਿੰਘ ਬਹਾਦਰ (ਡਰਾਮਾ) • ਬੁੱਧਵਾਰ : ਲਹਿੰਦੇ ਪੰਜਾਬ ਦੀਆਂ ਬਾਂਗਾਂ (ਮਸੂਦ ਮੱਲ੍ਹੀ)
ਵੀਰਵਾਰ : ਖਬਰਸਾਰ-ਜਸਵਿੰਦਰ ਸਿੰਘ ਬਿੱਟਾ • ਸ਼ੁੱਕਰਵਾਰ : (9 ਤੋਂ 11 ਵਜੇ ਤੱਕ) 'ਪਾਣੀ 'ਚ ਮਧਾਣੀ' • ਬੁਝਾਰਤਾਂ ਦਾ ਹਿੱਟ ਪ੍ਰੋਗਰਾਮ
• ਸ਼ਨੀਵਾਰ : ਇਕ ਖ਼ਾਸ ਮੁਲਾਕਾਤ • ਐਤਵਾਰ : ਵਿਦਿਆ ਵਿਚਾਰੀ ਤਾਂ ਪਰਉਪਕਾਰੀ (ਹਰਪ੍ਰੀਤ ਕੌਰ ਸੰਘਾ, ਡਾ. ਮੀਤਪਾਲ ਸਿੰਘ ਤੇ ਦਿਲਪ੍ਰੀਤ ਸਿੰਘ ਖ਼ਾਲਸਾ)
- ਰਾਤ 10 ਤੋਂ 11 ਵਜੇ ਤੱਕ (ਸੋਮਵਾਰ-ਐਤਵਾਰ) : Repeat ਪ੍ਰੋਗਰਾਮ, ਸੰਗੀਤ

ਹੋਰ ਜਾਣਕਾਰੀ ਲਈ 408.722.7698
Listen LIVE www.punjabiradiousa.com
Email: info@punjabiradiousa.com
3750 McKee Road, # B, San Jose CA 95127
ਫੋਨ 'ਤੇ ਸੁਣਨ ਲਈ ਕਾਲ ਕਰੋ • 1-(832) 551.5029

# ਕਾਮਰੇਡ ਕੋਟੇਸ਼ਵਰ ਰਾਓ ਉਰਫ਼ ਕਿਸ਼ਨਜੀ ਨਾਲ ਯਾਦਗਾਰੀ ਮੁਲਾਕਾਤ

## ਮਾਓਵਾਦੀਆਂ ਦੇ ਦਖਲ ਨਾਲ ਸਿਫਤੀ ਤਬਦੀਲੀ ਆਈ

*ਕੋਟੇਸ਼ਵਰ ਕਰੀਮਨਗਰ ਯੂਨੀਵਰਸਿਟੀ ਵਿਚ ਬੀ.ਐਸਸੀ. (ਮੈਥੇਮੈਟਿਕਸ-ਆਨਰਜ਼) ਦਾ ਵਿਦਿਆਰਥੀ ਸੀ ਜਦੋਂ 1974 ਵਿਚ ਉਹ ਮਾਓਵਾਦੀਆਂ ਦੀ ਜਥੇਬੰਦੀ ਸੀ.ਪੀ.ਆਈ. (ਐਮ.ਐਲ.)-ਪੀਪਲਜ਼ ਵਾਰ ਦਾ ਕੁਲਵਕਤੀ ਕਾਰਕੁਨ ਬਣ ਗਿਆ। ਆਪਣੀ 18 ਸਾਲ ਦੀ ਉਮਰ ਤੋਂ ਲੈ ਕੇ 55 ਸਾਲ ਦੀ ਉਮਰ ਤੱਕ ਲਗਭਗ 37 ਸਾਲ ਉਸ ਨੇ ਗੁਪਤਵਾਸ ਜੀਵਨ ਗੁਜ਼ਾਰਿਆ। ਲੰਘੇ 24 ਨਵੰਬਰ ਦੇ ਦਿਨ ਉਹ ਕੁਸ਼ਬਾਨੀ ਦੇ ਜੰਗਲੀ ਇਲਾਕੇ ਵਿਚ ਭਾਰਤੀ ਸੁਰੱਖਿਆ ਦਸਤਿਆਂ ਹੱਥੋਂ ਮਾਰਿਆ ਗਿਆ। ਸਾਲ 2000 ਵਿਚ ਪਾਰਟੀ ਨੇ ਉਸ ਨੂੰ ਇਸ ਇਲਾਕੇ 'ਚ ਕੰਮ ਕਰਨ ਲਈ ਭੇਜਿਆ ਸੀ ਤਾਂ ਕਿ ਉਤਰੀ ਭਾਰਤ ਦੇ ਬਿਹਾਰ, ਝਾਰਖੰਡ, ਉੜੀਸਾ ਅਤੇ ਪੱਛਮੀ ਬੰਗਾਲ ਵਿਚ ਪਾਰਟੀ ਦਾ ਆਧਾਰ ਮਜ਼ਬੂਤ ਕੀਤਾ ਜਾ ਸਕੇ। 2004 'ਚ ਉਹ ਸੀ.ਪੀ.ਆਈ. (ਮਾਓਵਾਦੀ) ਦੀ ਪੋਲਿਟ ਬਿਊਰੋ ਦਾ ਮੈਂਬਰ ਚੁਣਿਆ ਗਿਆ। 2006 ਦੇ ਦਹਾਕੇ ਦੇ ਆਖਰੀ ਸਾਲਾਂ ਵਿਚ ਉਸ ਨੂੰ ਪੀਪਲਜ਼ ਲਿਬਰੇਸ਼ਨ ਗੁਰੀਲਾ ਆਰਮੀ ਦੇ ਕੇਂਦਰੀ ਮਿਲਟਰੀ ਕਮਿਸ਼ਨ ਦਾ ਮੁਖੀ ਥਾਪ ਦਿੱਤਾ ਗਿਆ। ਉਸ ਦੀ ਸਾਥਣ ਸੁਚਿਤਰਾ ਮਹਿਤੋ ਜੋ ਇਸ ਘਟਨਾ 'ਚ ਜ਼ਖ਼ਮੀ ਹੋਣ ਦੇ ਬਾਵਜੂਦ ਬਚ ਨਿਕਲੀ, ਵੀ ਸਰਕਾਰ ਦੀ 'ਮੋਸਟ ਵਾਂਟਿਡ ਲਿਸਟ' ਵਿਚ ਸ਼ਾਮਲ ਹੈ। ਸਰਕਾਰ ਅਨੁਸਾਰ ਮਾਓਵਾਦੀਆਂ ਦੇ ਬਹੁਤ ਵੱਡੇ ਐਕਸ਼ਨ ਜਿਸ ਵਿਚ 26 ਸੁਰੱਖਿਆ ਕਰਮੀ ਮਾਰੇ ਗਏ ਸਨ, ਦੀ ਮੁੱਖ ਪਲੈਨਰ ਇਹ ਸੁਚਿਤਰਾ ਮਹਿਤੋ ਹੀ ਸੀ। ਪੱਛਮੀ ਬੰਗਾਲ ਦੇ ਨਾਮਵਰ ਪੱਤਰਕਾਰ ਸੁਹਿਰਦ ਸ਼ੰਕਰ ਚਟੋਪਾਧਿਆਇ ਨੇ ਨਵੰਬਰ 2009 'ਚ ਉਸ ਨਾਲ ਮੁਲਾਕਾਤ ਕੀਤੀ ਸੀ ਜਦੋਂ ਬੁੱਧਦੇਵ ਭੱਟਾਚਾਰਜੀ ਪੱਛਮੀ ਬੰਗਾਲ ਦਾ ਮੁੱਖ ਮੰਤਰੀ ਅਤੇ ਮਮਤਾ ਬੈਨਰਜੀ ਕੇਂਦਰ ਵਿਚ ਰੇਲਵੇ ਮੰਤਰੀ ਸੀ-ਅਨੁਵਾਦਕ)*

**ਸਵਾਲ:** ਤੁਸੀਂ ਆਪਣੇ ਜੱਦੀ ਸੂਬੇ ਆਂਧਰਾ ਪ੍ਰਦੇਸ਼ ਛੱਡ ਕੇ ਪੱਛਮੀ ਬੰਗਾਲ ਵਿਚ ਆ ਕੇ ਆਪਣੀ ਪਾਰਟੀ ਦੀ ਕਮਾਂਡ ਸੰਭਾਲੀ ਹੈ। ਇਸ ਦੀ ਵਜ੍ਹਾ ਕੀ ਹੈ?

**ਜਵਾਬ:** ਅਸੀਂ ਉੱਤਰੀ ਬੰਗਾਲ, ਬਿਹਾਰ ਦੇ ਮੈਦਾਨਾਂ, ਉੜੀਸਾ ਦੇ ਕੇਂਦਰੀ ਜ਼ਿਲ੍ਹਿਆਂ,

**ਸੁਹਿਰਦ ਸ਼ੰਕਰ ਚੱਟੋਪਾਧਿਆ**
**ਅਨੁਵਾਦ:ਪ੍ਰੋ. ਕੁਲਵੰਤ ਸਿੰਘ ਰੋਮਾਣਾ**

ਛਤੀਸਗੜ੍ਹ ਦੇ ਇਲਾਕਿਆਂ ਵਿਚ ਪਾਰਟੀ ਦਾ ਆਧਾਰ ਫੈਲਾਉਣਾ ਚਾਹੁੰਦੇ ਹਾਂ।

**ਸਵਾਲ:** ਕੀ ਤੁਸੀਂ ਇਹ ਨਹੀਂ ਸਮਝਦੇ ਕਿ ਲਾਲਗੜ੍ਹ ਦੇ ਇਲਾਕੇ 'ਚ ਤੁਹਾਡੀ ਪਾਰਟੀ ਦੀ ਚੜ੍ਹਤ ਸਿੰਗੂਰ ਅਤੇ ਨੰਦੀਗਰਾਮ ਦੇ ਘੋਲਾਂ ਕਾਰਨ ਹੋਈ ਹੈ, ਨਾ ਕਿ ਨਕਸਲਬਾੜੀ ਦੀ ਸੋਚ ਕਾਰਨ?

**ਜਵਾਬ:** ਨਹੀਂ, ਲਾਲਗੜ੍ਹ 'ਚ ਮਾਓਇਸਟਾਂ ਦੀ ਚੜ੍ਹਤ ਨਕਸਲਬਾੜੀ ਸੋਚ ਕਾਰਨ ਹੀ ਹੋਈ ਹੈ ਪਰ ਇਹ ਗੱਲ ਵੀ ਸੱਚ ਹੈ ਕਿ ਨੰਦੀਗਰਾਮ ਤੇ ਸਿੰਗੂਰ ਦੇ ਘੋਲਾਂ ਨੇ ਸਾਡੀ ਪਾਰਟੀ ਨੂੰ ਇਸ ਇਲਾਕੇ 'ਚ ਵੱਡਾ ਹੁਲਾਰਾ ਦਿੱਤਾ ਹੈ। ਕਿਸੇ ਸਿਆਸੀ ਮੁੱਦੇ 'ਤੇ ਇੰਨੀ ਲੰਬੀ ਲੜਾਈ ਆਜ਼ਾਦ ਭਾਰਤ 'ਚ ਪਹਿਲਾ ਵੱਡਾ ਘੋਲ ਸੀ, ਪਰ ਇਹ ਗੱਲ ਵੀ ਯਾਦ ਰੱਖਣ ਵਾਲੀ ਹੈ ਕਿ ਇਕ ਪਾਸੇ ਸੰਸਾਰ ਦੇ ਆਰਥਿਕ ਸੰਕਟ ਕਾਰਨ ਅਤੇ ਦੂਜੇ ਪਾਸੇ ਭਾਰਤੀ ਸਟੇਟ ਦੀ ਸ਼ਹਿ 'ਤੇ ਬਹੁਕੌਮੀ ਕੰਪਨੀਆਂ ਵੱਲੋਂ ਆਮ ਲੋਕਾਂ ਦੀ ਜ਼ਮੀਨ ਜਾਇਦਾਦ ਹੜੱਪਣ ਕਾਰਨ ਵੀ ਲਾਲਗੜ੍ਹ ਦੀ ਲਹਿਰ ਨੂੰ ਵੱਡੀ ਕਾਮਯਾਬੀ ਮਿਲੀ ਹੈ। ਇਹ ਗੱਲ ਵੀ ਯਾਦ ਰੱਖਣ ਵਾਲੀ ਹੈ ਕਿ ਉਪਰੋਕਤ ਦੋਹਾਂ ਘੋਲਾਂ ਵਿਚ ਅਸੀਂ ਵੀ ਪੂਰੀ ਤਰ੍ਹਾਂ ਸ਼ਾਮਲ ਸਾਂ। ਇਸ ਵਲੇ ਸ਼ਾਂਤੀਪੂਰਨ ਵਿਰੋਧ ਕਰਨ ਨਾਲ ਵੀ ਕੰਮ ਨਹੀਂ ਚੱਲਣਾ। ਵੱਡੀਆਂ ਰੈਲੀਆਂ ਤੇ ਲੰਬੇ ਜਲੂਸ ਵੀ ਜ਼ਰੂਰੀ ਹਨ ਜਿਨ੍ਹਾਂ 'ਚ ਆਮ ਲੋਕਾਂ ਦੀ ਵੱਧ ਤੋਂ ਵੱਧ ਸ਼ਮੂਲੀਅਤ ਹੋਵੇ।

**ਸਵਾਲ:** ਇਹ ਸਮਝਿਆ ਜਾਂਦਾ ਹੈ ਕਿ ਲਾਲਗੜ੍ਹ ਦੀ ਲਹਿਰ ਅਸਲ ਵਿਚ ਇਥੋਂ ਦੇ ਆਦਿਵਾਸੀਆਂ ਦੇ ਦੁੱਖ-ਦੋਜ਼ਖ਼ ਵਿਚੋਂ ਪੈਦਾ ਹੋਈ ਆਪ-ਮੁਹਾਰੀ ਲਹਿਰ ਸੀ ਜਿਸ ਵਿਚ ਮਾਓਵਾਦੀਆਂ ਦਾ ਸ਼ਾਮਲ ਹੋਣਾ ਉਨ੍ਹਾਂ ਦੀ ਮਜਬੂਰੀ ਸੀ। ਨਹੀਂ ਤਾਂ ਉਨ੍ਹਾਂ ਬਹੁਤ ਪਛੜ ਜਾਣਾ ਸੀ?

**ਜਵਾਬ:** ਨਹੀਂ, ਇਹ ਗੱਲ ਨਹੀਂ ਹੈ ਕਿ ਅਸੀਂ ਲਾਲਗੜ੍ਹ ਦੇ ਇਲਾਕੇ ਵਿਚ ਕੱਲ੍ਹ ਹੀ ਕੰਮ ਕਰਨਾ ਸ਼ੁਰੂ ਕੀਤਾ ਹੈ। ਮਾਓਵਾਦੀਆਂ ਦਾ ਕੰਮ ਅਤੇ ਅਗਵਾਈ ਇਸ ਇਲਾਕੇ 'ਚ ਬੜੀ ਦੇਰ ਤੋਂ ਮੌਜੂਦ ਹੈ। ਸਾਥੋਂ ਵੀ ਪਹਿਲਾਂ ਇਥੇ ਪੁਲਿਸ ਵਧੀਕੀਆਂ ਵਿਰੁਧ ਬਣੀ ਲੋਕ ਕਮੇਟੀ (ਪੀ.ਸੀ.ਪੀ.ਏ.) ਕੰਮ ਕਰ ਰਹੀ ਸੀ, ਭਾਵੇਂ ਪੀ.ਸੀ.ਪੀ.ਏ. ਨਾਲ ਸਾਡਾ ਕੋਈ ਸਿੱਧਾ ਸਬੰਧ ਨਹੀਂ, ਪਰ ਸਾਡੇ ਆਉਣ ਤੋਂ ਪਹਿਲਾਂ ਹੀ ਲਾਲਗੜ੍ਹ ਇਲਾਕੇ ਦੇ ਲੋਕ ਪੀ.ਸੀ.ਪੀ.ਏ. ਦੇ ਲੋਕ ਪੱਖੀ ਪੈਂਤੜੇ ਤੋਂ ਕਾਫ਼ੀ ਪ੍ਰਭਾਵਿਤ ਸਨ।

**ਸਵਾਲ:** 2008 ਵਿਚ ਪੱਛਮੀ ਬੰਗਾਲ ਦੇ ਮੁੱਖ ਮੰਤਰੀ ਬੁੱਧਾਦੇਵ ਤੇ ਹੋਏ ਹਮਲੇ ਤੋਂ ਬਾਅਦ ਜੇ ਸਰਕਾਰ ਲੋਕਾਂ ਤੇ ਐਨਾ ਤਸ਼ੱਦਦ ਨਾ ਕਰਦੀ ਤਾਂ ਕੀ ਤੁਸੀਂ ਸਮਝਦੇ ਹੋ ਕਿ ਲਾਲਗੜ੍ਹ 'ਤੇ ਤੁਸੀਂ ਇੰਨੀ ਵੱਡੀ ਲਹਿਰ ਉਸਾਰ ਸਕਦੇ ਸਓ?

**ਜਵਾਬ:** ਗੱਲ ਇਸ ਤਰ੍ਹਾਂ ਬਿਲਕੁਲ ਨਹੀਂ ਹੈ। ਇਥੇ ਸਾਡਾ ਸਿਧਾਂਤ ਹੌਲੀ ਹੌਲੀ ਕੰਮ ਕਰ ਰਿਹਾ ਸੀ ਪਰ ਨਾਲ ਹੀ ਤੁਹਾਡੀ ਇਹ ਗੱਲ ਠੀਕ ਵੀ ਹੈ ਕਿ ਇਸ ਸਰਕਾਰੀ ਤਸ਼ੱਦਦ ਦਾ ਲੋਕਾਂ ਵੱਲੋਂ ਬਹੁਤ ਤਿੱਖਾ ਪ੍ਰਤੀਕਰਮ ਹੋਇਆ ਜਿਸ ਦਾ ਸਾਨੂੰ ਕਾਫ਼ੀ ਲਾਹਾ ਮਿਲਿਆ। ਅਸੀਂ ਤਾਂ ਇਥੋਂ ਤੱਕ ਸਮਝਦੇ ਹਾਂ ਕਿ ਇਸ ਸਰਕਾਰੀ ਤਸ਼ੱਦਦ ਨੇ ਸਾਨੂੰ ਨੰਦੀਗਰਾਮ ਅਤੇ ਸਿੰਗੂਰ ਦੇ ਘੋਲਾਂ ਨਾਲੋਂ ਵੀ ਵੱਧ ਫ਼ਾਇਦਾ ਦਿੱਤਾ ਹੈ। ਦੋਹਾਂ ਹਾਲਾਤ 'ਚ ਸਾਡੀ ਇਕੋ ਮੰਗ ਸੀ ਕਿ ਪੁਲਿਸ ਆਪਣੀਆਂ ਵਧੀਕੀਆਂ ਲਈ ਲੋਕਾਂ ਤੋਂ ਮੁਆਫ਼ੀ ਮੰਗੇ। ਸੂਬੇ ਦੀ ਸਰਕਾਰ ਨੂੰ ਸਾਡੀ ਇਹ ਮੰਗ ਮਨਜ਼ੂਰ ਨਹੀਂ ਸੀ। ਤੁਸੀਂ ਆਪ ਹੀ ਵੇਖੋ ਕਿ ਸਾਡੇ ਕੋਲ ਘੋਲ ਬਿਨਾਂ ਕੋਈ ਦਾਗ ਹੀ ਨਹੀਂ ਸੀ ਰਹਿ ਗਿਆ।

**ਸਵਾਲ:** ਕੀ ਤੁਸੀਂ ਕਦੇ ਇਹ ਵੀ ਸੋਚਿਆ ਹੈ ਕਿ ਕਿਸੇ ਵੇਲੇ ਤੁਹਾਡੀ ਤਨਜ਼ੀਮ ਨੂੰ ਤੁਹਾਡੀ ਲੋੜ ਹੀ ਨਾ ਰਵੇ?

**ਜਵਾਬ:** ਹਾਂ, ਮੈਂ ਐਸਾ ਹਮੇਸ਼ਾ ਹੀ ਸੋਚਦਾ ਹਾਂ। ਸਾਡੀ ਇਸ ਲਹਿਰ ਵਿਚ 50 ਫੀਸਦੀ ਯੋਗਦਾਨ ਉਨ੍ਹਾਂ ਲੋਕਾਂ ਦਾ ਹੈ ਜੋ ਇਥੋਂ ਦੇ ਹਨ। ਇਹ ਆਪਣੇ ਚੰਗੇ ਭਵਿੱਖ ਲਈ ਲੜ ਰਹੇ ਹਨ, ਪਰ ਸਾਡੇ ਆਉਣ ਨਾਲ ਉਨ੍ਹਾਂ ਦੀ ਇਸ ਲੜਾਈ ਵਿਚ ਗੁਣਾਤਮਕ ਤਬਦੀਲੀ ਆਈ ਹੈ। ਸਾਥੋਂ ਪਹਿਲਾਂ ਵੀ ਇਹ ਕਬਾਇਲੀ ਲੋਕ ਆਪਣੇ ਹੱਕਾਂ ਲਈ ਲੜਦੇ ਸਨ। ਉਦੋਂ ਇਹ ਆਪਣੇ ਰਵਾਇਤੀ ਹਥਿਆਰਾਂ ਜਿਵੇਂ ਤੀਰ, ਕਮਾਨ, ਬਰਛੇ, ਟਕੂਏ ਆਦਿ ਲੈ ਕੇ ਵੱਡੀ ਗਿਣਤੀ ਵਿਚ ਇਕੱਠੇ ਹੋ ਕੇ ਵਧੀਕੀਆਂ ਦਾ ਵਿਰੋਧ ਕਰਦੇ ਸਨ, ਪਰ ਪੁਲਿਸ ਆਦਿ ਦੇ ਆਉਣ ਨਾਲ ਇਹ ਤਿਤਰ-ਬਿਤਰ ਹੋ ਜਾਂਦੇ ਸਨ। ਹੁਣ ਇਹ ਅੱਵਲ ਤਾਂ ਭੱਜਦੇ ਨਹੀਂ, ਸਗੋਂ ਸੁਰੱਖਿਆ ਦਸਤਿਆਂ ਦਾ ਮੁਕਾਬਲਾ ਕਰਦੇ ਹਨ; ਜੇ ਇਕ ਵਾਰ ਭੱਜ ਵੀ ਜਾਣ ਤਾਂ ਫਿਰ ਇਕੱਠੇ ਹੋ ਕੇ ਵਿਰੋਧੀ 'ਤੇ ਵਾਰ ਕਰਦੇ ਹਨ। ਇਨ੍ਹਾਂ ਕਬਾਇਲੀ ਲੋਕਾਂ 'ਚ ਇਹ ਲੜਨ ਮਰਨ ਦੀ ਪ੍ਰਵਿਰਤੀ ਸਾਡੀ ਪਾਰਟੀ ਜਾਂ ਸਾਡੇ ਕਾਰਕੁਨਾਂ ਨੇ ਪੈਦਾ ਨਹੀਂ ਕੀਤੀ, ਇਹ ਇਨ੍ਹਾਂ 'ਚ ਪਹਿਲਾਂ ਹੀ ਮੌਜੂਦ ਸੀ।ਅਸੀਂ ਤਾਂ ਸਿਰਫ਼ ਇਨ੍ਹਾਂ ਦੇ ਇਸ ਸੁਭਾਅ ਨੂੰ ਜਥੇਬੰਦਕ ਰੂਪ ਦਿੱਤਾ ਹੈ। ਇਹ ਲੋਕ ਪਹਿਲਾਂ ਵੀ ਆਪਣੇ ਲਈ ਲੜਦੇ ਸਨ ਤੇ ਹੁਣ ਵੀ ਆਪਣੇ ਲਈ ਲੜ ਰਹੇ ਹਨ। ਅਸੀਂ ਤਾਂ ਇਨ੍ਹਾਂ ਨੂੰ ਲੜਨ ਦਾ ਢੰਗ ਸੁਝਾਇਆ ਹੈ ਜੋ ਇਨ੍ਹਾਂ ਨੂੰ ਰਾਸ ਆਇਆ ਲਗਦਾ ਹੈ।

**ਸਵਾਲ:** 2007 'ਚ ਤੁਹਾਡੀ ਪਾਰਟੀ ਨੇ ਫ਼ੈਸਲਾ ਕੀਤਾ ਸੀ ਕਿ ਨਕਸਲਵਾੜੀ ਲਹਿਰ ਵਾਲੀ ਲੋਕ ਦੁਸ਼ਮਣਾਂ ਦੇ ਵਿਅਕਤੀਗਤ ਸਫ਼ਾਏ ਦੀ ਨੀਤੀ ਗ਼ਲਤ ਹੈ ਤੇ ਅੱਗੇ ਤੋਂ ਪਾਰਟੀ ਇਸ ਤਰ੍ਹਾਂ ਦੀਆਂ ਕਾਰਵਾਈਆਂ ਲੋਕ ਰਾਏ ਨਾਲ ਕਰੇਗੀ ਪਰ ਅੱਜ ਵੀ ਮਾਓਵਾਦੀਆਂ ਵਲੋਂ ਵਿਅਕਤੀਗਤ ਕਤਲ ਜਾਰੀ ਹਨ। ਚਾਰੂ ਮਜ਼ੂਮਦਾਰ ਨਾਲੋਂ ਤੁਹਾਡੀ ਨੀਤੀ ਵੱਖਰੀ ਕਿਵੇਂ ਹੋਈ?

**ਜਵਾਬ:** ਉਸ ਵੇਲੇ ਜਮਾਤੀ ਦੁਸ਼ਮਣ ਦਾ ਸਫ਼ਾਇਆ, ਇਨਕਲਾਬ ਕਰਨ ਦਾ ਇਕੋ-ਇਕ ਢੰਗ ਸੀ ਅਤੇ ਅਸੀਂ ਇਸ ਨੀਤੀ ਨੂੰ ਬਦਲਿਆ ਹੈ। ਅਸੀਂ ਸਮਝਦੇ ਹਾਂ ਕਿ ਇਸ ਕਿਸਮ ਦੇ ਕਤਲ ਸਾਡੀ ਜੰਗ ਦਾ ਰੂਪ ਜ਼ਰੂਰ ਹੈ, ਪਰ ਇਹ ਸਾਡੀ ਜਾਂ ਮਾਓ ਦੀ ਕਾਢ ਨਹੀਂ ਹੈ। ਤੁਸੀਂ ਇਤਿਹਾਸ ਪੜ੍ਹ ਕੇ ਵੇਖੋ, ਦੁੱਖਾਂ ਦੇ ਸਤਾਏ ਲੋਕਾਂ ਨੇ ਇਸ ਕਿਸਮ ਦੀਆਂ ਕਾਰਵਾਈਆਂ ਦੀ ਡੱਟਵੀਂ ਹਮਾਇਤ ਕੀਤੀ ਹੈ ਜਿਸ ਕਰਕੇ ਇਸ ਕਿਸਮ ਦੀਆਂ ਕਾਰਵਾਈਆਂ ਸਾਡੀ ਲਹਿਰ ਦਾ ਹਿੱਸਾ ਜ਼ਰੂਰ ਹਨ ਪਰ ਮੁੱਖ ਏਜੰਡਾ ਨਹੀਂ ਹਨ। ਤੁਸੀਂ ਯਾਦ ਕਰੋ ਕਿ ਭਾਰਤੀ ਫੌਜ ਅਤੇ ਹੋਰ ਸੁਰੱਖਿਆ ਦਸਤਿਆਂ ਦੇ ਇਸ ਇਲਾਕੇ 'ਚ ਦਾਖ਼ਲ ਹੋਣ ਤੋਂ ਪਹਿਲਾਂ ਸਾਡੀ ਪਾਰਟੀ ਨੇ ਇਸ ਤਰ੍ਹਾਂ ਦਾ ਕੋਈ ਵਿਅਕਤੀਗਤ ਕਤਲ ਨਹੀਂ ਸੀ ਕੀਤਾ ਜਿਸ ਦੀ ਤੁਸੀਂ ਗੱਲ ਕਰ ਰਹੇ ਹੋ। ਹੁਣ ਜ਼ਰਾ ਯਾਦ ਕਰੋ ਕਿ ਉਦੋਂ ਜਦੋਂ ਅਸੀਂ ਸੀ.ਪੀ.ਐਮ. ਦੇ 30 ਲੋਕ ਦੁਸ਼ਮਣ ਅਨਸਰਾਂ ਨੂੰ ਸਜ਼ਾ ਦੇਣੀ ਸੀ ਤਾਂ ਅਸੀਂ ਜਨ ਅਦਾਲਤ ਲਾਈ



ਸੀ ਜਿਸ ਵਿਚ 12000 ਹਜ਼ਾਰ ਲੋਕ ਸ਼ਾਮਲ ਹੋਏ ਸਨ। ਇਹ ਸਾਰੇ ਇਨ੍ਹਾਂ 30 ਦੇ 30 ਦੋਸ਼ੀਆਂ ਨੂੰ ਸ਼ਜਾ-ਏ-ਮੌਤ ਦੇਣ ਲਈ ਬਜ਼ਿਦ ਸਨ ਪਰ ਉਸ ਇਲਾਕੇ ਦੇ ਮਾਓਇਸਟ ਅਪ੍ਰੇਸ਼ਨ ਕਮਾਂਡਰ ਵਿਕਾਸ ਨੇ ਘੰਟਿਆਂ ਬੱਧੀ ਲੋਕਾਂ ਨਾਲ ਮਗਜ਼ ਖਪਾਈ ਕੀਤੀ ਤਾਂ ਇਹ ਲੋਕ ਇਸ ਗੱਲ 'ਤੇ ਮੰਨੇ ਕਿ 13 ਜਣਿਆਂ ਨੂੰ ਗਲਾਂ 'ਚ ਜੁੱਤੀਆਂ ਦੇ ਹਾਰ ਪਾ ਕੇ ਅਤੇ ਮੁਆਫ਼ੀ ਮੰਗਾ ਕੇ ਛੱਡ ਦਿੱਤਾ ਜਾਵੇ ਤੇ ਬਾਕੀ 17 ਜਣੇ ਲੋਕਾਂ ਦੇ ਸਾਹਮਣੇ ਉਨ੍ਹਾਂ ਦੀ ਇੱਛਾ ਅਨੁਸਾਰ ਹੀ ਮਾਰੇ ਗਏ। ਇਨ੍ਹਾਂ ਲੋਕਾਂ ਨੂੰ ਗ੍ਰਿਫ਼ਤਾਰ ਕਰਨ ਅਤੇ ਸਜ਼ਾ ਦੇਣ ਤੋਂ ਪਹਿਲਾਂ ਇਨ੍ਹਾਂ ਦੇ ਘਰਦਿਆਂ ਨੂੰ ਚਿਤਾਵਨੀਆਂ ਵੀ ਦਿੱਤੀਆਂ ਗਈਆਂ ਸਨ। ਇਹ ਲੋਕ ਨਾ ਸਿਰਫ਼ ਪੁਲਿਸ ਦੇ ਸੂਹੀਏ ਸਨ ਸਗੋਂ ਉਨ੍ਹਾਂ ਦੇ ਨਾਲ ਜਾ ਕੇ ਸਾਡੇ ਹਮਦਰਦਾਂ ਤੇ ਕਾਰਕੁਨਾਂ ਨੂੰ ਗ੍ਰਿਫ਼ਤਾਰ ਕਰਵਾਉਂਦੇ ਸਨ। ਅਸੀਂ ਸਿਰਫ਼ ਸੀ.ਪੀ.ਐਮ ਕਾਰਕੁਨ ਹੀ ਨਹੀਂ ਮਾਰੇ ਸਗੋਂ ਸਭ ਉਹ ਲੋਕ ਜੋ ਸਾਡੇ ਲੋਕਾਂ ਦੇ ਦੁਸ਼ਮਣ ਅਤੇ ਸੁਰੱਖਿਆ ਦਸਤਿਆਂ ਦੇ ਮਿੱਤਰ ਸਨ। ਇਨ੍ਹਾਂ 'ਚ ਹੀ ਸੀ.ਪੀ.ਐਮ. ਦੇ ਮੈਂਬਰ ਸਨ, ਝਾਰਖੰਡ ਪਾਰਟੀ ਦੇ ਬੰਦੇ ਵੀ ਅਤੇ ਗਨ ਪ੍ਰਤੀਰੋਧ ਕਮੇਟੀ ਦੇ ਮੈਂਬਰ ਵੀ।

ਅਸਲ 'ਚ ਜਨ ਪ੍ਰਤੀਰੋਧ ਕਮੇਟੀ ਅਤੇ ਸਲਵਾ ਜੂਡਮ 'ਚ ਕੋਈ ਫ਼ਰਕ ਨਹੀਂ ਹੈ। ਅਸੀਂ ਜੋ ਛੇ ਬੰਦੇ ਮਾਰੇ ਸਨ, ਉਨ੍ਹਾਂ 'ਚ ਤਿੰਨ ਸਲਵਾ ਜੂਡਮ ਦੇ ਬੰਦੇ ਸਨ ਤੇ ਤਿੰਨ ਸੀ.ਪੀ.ਐਮ ਦੇ ਮੈਂਬਰ ਸਨ। ਸਜ਼ਾ ਦੇਣ ਤੋਂ ਪਹਿਲਾਂ ਉਨ੍ਹਾਂ ਨੂੰ ਕਈ ਚਿਤਾਵਨੀਆਂ ਭੇਜੀਆਂ ਗਈਆਂ ਸਨ ਪਰ ਉਨ੍ਹਾਂ ਸਾਡੀ ਇਕ ਨਾ ਸੁਣੀ, ਤੇ ਹਾਰ ਕੇ ਸਾਨੂੰ ਐਕਸ਼ਨ ਕਰਨਾ ਪਿਆ। ਪਹਿਲਾਂ ਵਾਲੀ ਨੀਤੀ 'ਚ ਅਸੀਂ ਬੜੀਆਂ ਤਬਦੀਲੀਆਂ ਕੀਤੀਆਂ ਹਨ। ਦੁਸ਼ਮਣ ਦੇ ਵਿਅਕਤੀਗਤ ਸਫ਼ਾਏ ਦੇ ਨਾਲ-ਨਾਲ ਅਸੀਂ ਲੋਕ ਘੋਲਾਂ 'ਚ ਹਿੱਸਾ ਲੈਂਦੇ ਹਾਂ ਅਤੇ ਕਈ ਵਾਰ ਨਵੀਆਂ ਲੋਕ ਲਹਿਰਾਂ ਉਸਾਰਦੇ ਵੀ ਹਾਂ। ਲੋਕ ਦੋਖ਼ੀਆਂ ਦੇ ਸਮਾਜਕ ਬਾਈਕਾਟ ਕਰਨ ਵਰਗੀਆਂ ਕਾਰਵਾਈਆਂ ਵੀ ਕਰਦੇ ਹਾਂ। ਲੋਕ ਭਲਾਈ ਅਤੇ ਵਿਕਾਸ ਦੇ ਕਾਰਜ ਵੀ ਕਰਦੇ ਹਾਂ। ਮੇਧਨੀਪੁਰ ਦੇ ਸਾਂਕਾਂਬੀਗਾਂ ਪਿੰਡ ਦੇ ਲੋਕਾਂ ਲਈ ਅਸੀਂ 7 ਕਿਲੋਮੀਟਰ ਨਹਿਰ ਤਿਆਰ ਕੀਤੀ। ਇਸੇ ਤਰ੍ਹਾਂ ਹੋਰ ਕੰਮ ਵੀ ਕਰਦੇ ਹੀ ਰਹਿੰਦੇ ਹਾਂ।

**ਸਵਾਲ:** ਤੁਹਾਡੀ ਪਾਰਟੀ ਨੇ ਐਲਾਨ ਕੀਤਾ ਸੀ ਕਿ 2009 ਦੀਆਂ ਲੋਕ ਸਭਾ ਚੋਣਾਂ ਤੋਂ ਬਾਅਦ ਪਾਰਟੀ ਆਪਣਾ ਘੇਰਾ ਹੋਰ ਵਿਸ਼ਾਲ ਕਰੇਗੀ। ਉਹ ਕਿਹੜੇ ਇਲਾਕੇ ਹਨ ਜਿਥੇ ਤੁਸੀਂ ਆਪਣਾ ਕੰਮ ਵਧਾਉਣਾ ਚਾਹੁੰਦੇ ਹੋ?

**ਜਵਾਬ:** ਇਹ ਇਲਾਕੇ ਹਨ ਉਤਰੀ ਬੰਗਾਲ, ਬਿਹਾਰ ਦੇ ਮੈਦਾਨੀ ਇਲਾਕੇ, ਉੜੀਸਾ ਦੇ ਕੇਂਦਰੀ ਜ਼ਿਲ੍ਹੇ ਅਤੇ ਪੂਰਬੀ ਛਤੀਸਗੜ੍ਹ। ਇਹ ਉਹ ਇਲਾਕੇ ਹਨ ਜੋ ਬਹੁਤ ਪਛੜੇ ਹੋਏ ਹਨ। ਇਨ੍ਹਾਂ ਸੂਬਿਆਂ ਦੀਆਂ ਸਰਕਾਰਾਂ ਬਹੁ-ਕੌਮੀ ਕੰਪਨੀਆਂ ਨਾਲ ਮੁਹਾਦੇ ਕਰ ਰਹੀਆਂ ਹਨ। ਇਹ ਇਲਾਕੇ ਸਾਡੇ ਲਈ ਰਣਨੀਤਕ ਅਹਿਮੀਅ' ਵੀ ਰੱਖਦੇ ਹਨ ਕਿਉਂਕਿ ਇਸ ਤਰ੍ਹਾਂ ਕਰਨ ਨਾਲ ਝਾਰਖੰਡ, ਬੰਗਾਲ ਅਤੇ ਆਂਧਰਾ ਪ੍ਰਦੇਸ਼ ਦੇ ਘੱਟੋ-ਘੱਟ 15 ਹੋਰ ਜ਼ਿਲ੍ਹੇ ਸਾਡੇ ਪ੍ਰਭਾਵ ਹੇਠ ਜਾਣਗੇ।

**ਸਵਾਲ:** ਤੁਸੀਂ ਮੈਨੂੰ ਆਪਣੀ ਪਾਰਟੀ ਦੇ ਪੱਛਮੀ ਬੰਗਾਲ ਵਿਚਲੇ ਪ੍ਰੋਗਰਾਮ ਬਾਰੇ ਵੀ ਕੁਝ ਦੱਸੋ?

ਜਵਾਬ: ਬੜੀ ਸਾਫ਼ ਗੱਲ ਹੈ ਕਿ ਇਥੇ ਅਸੀਂ ਮੁਕਤ ਖੇਤਰ ਤਿਆਰ ਕਰਨ ਦੀ ਕੋਸ਼ਿਸ਼ ਕਰਾਂਗੇ ਜਿਥੇ ਸਾਡੀ ਹਕੂਮਤ ਹੋਵੇਗੀ। 2007 ਵਿਚ ਅਸੀਂ ਐਲਾਨ ਕੀਤਾ ਸੀ ਕਿ ਅਸੀਂ ਫੈਸਲਾ ਕਰ ਲਿਆ ਹੈ ਕਿ ਜੰਗਲ ਮਹਿਲ ਗੁਰੀਲਾ ਖੇਤਰ ਹੋਵੇਗਾ। ਇਸ ਵਿਚ ਅਸੀਂ ਕਾਫ਼ੀ ਕਾਮਯਾਬ ਹੋਏ ਹਾਂ। ਲੋਕ ਸਿਆਸੀ ਤੌਰ 'ਤੇ ਚੇਤੰਨ ਹੋਏ ਹਨ। ਮੈਂ ਤੁਹਾਨੂੰ ਇਸ ਤੋਂ ਵੱਧ ਕੁਝ ਨਹੀਂ ਦੱਸ ਸਕਦਾ ਕਿਉਂਕਿ ਪੋਲਿਟ ਬਿਊਰੋ ਦਾ ਅਨੁਸ਼ਾਸਨ ਇਸ ਦੀ ਇਜਾਜ਼ਤ ਨਹੀਂ ਦਿੰਦਾ।

**ਸਵਾਲ:** ਮੈਨੂੰ ਪਤਾ ਲੱਗਾ ਹੈ ਕਿ ਇਸ ਇਲਾਕੇ 'ਚ ਤੁਸੀਂ ਬੜੀ ਵੱਡੀ ਪੱਧਰ 'ਤੇ ਭਰਤੀ ਕਰ ਰਹੇ ਹੋ?

**ਜਵਾਬ:** ਭਰਤੀ ਕਰੇ ਬਗ਼ੈਰ ਜੰਗ ਕਿਵੇਂ ਲੜੀ ਜਾਵੇਗੀ?

**ਸਵਾਲ:** ਰਿਪੋਰਟਾਂ ਹਨ ਕਿ ਤੁਸੀਂ ਪੱਛਮੀ ਬੰਗਾਲ ਦੇ ਮੁੱਖ ਮੰਤਰੀ ਨੂੰ ਕਤਲ ਕਰਨ ਦੀਆਂ ਸਕੀਮਾਂ ਬਣਾ ਰਹੇ ਹੋ ਅਤੇ ਕੋਲਕਾਤਾ ਦੀ ਰਾਈਟਰਜ਼ ਬਿਲਡਿੰਗ 'ਤੇ ਕਬਜ਼ਾ ਕਰਨ ਦੀ ਸੋਚ ਰਹੇ ਹੋ?

**ਜਵਾਬ:** ਮੀਡੀਆ ਨੂੰ ਮਸਾਲੇਦਾਰ ਖ਼ਬਰਾਂ ਚਾਹੀਦੀਆਂ ਹਨ ਅਤੇ ਪੁਲਿਸ ਨੂੰ ਐਸੀਆਂ ਖਬਰਾਂ 'ਚੋਂ ਮਾਲ ਚਾਹੀਦਾ ਹੈ। ਇਨ੍ਹਾਂ ਰਿਪੋਰਟਾਂ ਦਾ ਅਰਥ ਇਸ ਤੋਂ ਵੱਧ ਕੁਝ ਵੀ ਨਹੀਂ ਹੈ। ਮੈਂ ਪਹਿਲਾਂ ਹੀ ਦੱਸ ਚੁੱਕਾ ਹਾਂ ਕਿ ਬੁੱਧਦੇਵ ਭੱਟਾਚਾਰਜੀ ਨੂੰ ਕਤਲ ਕਰਨ ਦਾ ਫ਼ੈਸਲਾ ਨਾ ਮੇਰਾ ਸੀ, ਨਾ ਮੇਰੀ ਪਾਰਟੀ ਦਾ ਸੀ; ਫ਼ੈਸਲਾ ਨੰਦੀਗਰਾਮ ਦੇ ਲੋਕਾਂ ਦਾ, ਪੱਛਮੀ ਬੰਗਾਲ ਦੇ ਲੋਕਾਂ ਦਾ ਸੀ; ਇਥੋਂ ਤੱਕ ਕਿ ਇਸ ਸੂਬੇ ਦੀ ਕੁਝ ਲਿਬਰਲ ਬੁਰਜੁਆਜ਼ੀ ਦਾ ਵੀ ਸੀ।

**ਸਵਾਲ:** ਜਿਸ ਤਰ੍ਹਾਂ ਸਰਕਾਰ ਮਾਓਵਾਦੀਆਂ ਉਤੇ ਤਕੜਾ ਹੱਲਾ ਬੋਲਣ ਦੀ ਤਿਆਰੀ ਵਿਚ ਹੈ, ਤਾਂ ਕੀ ਤੁਸੀਂ ਇਹ ਨਹੀਂ ਸਮਝਦੇ ਕਿ ਇਸ ਕਿਸਮ ਦੀ ਕਾਰਵਾਈ 'ਚ ਤਾਂ ਹਜ਼ਾਰਾਂ ਬੇਗੁਨਾਹ ਲੋਕ ਵੀ ਮਾਰੇ ਜਾਣਗੇ?

**ਜਵਾਬ:** ਇਸ ਵਾਰੇ ਤਾਂ ਸਰਕਾਰ ਨੂੰ ਸੋਚਣਾ ਚਾਹੀਦਾ ਹੈ। ਇਹ ਜੋ ਇਥੇ ਯੁੱਧ ਦੀ ਹਾਲਤ ਬਣੀ ਹੋਈ ਹੈ, ਇਸ ਦੀ ਜ਼ਿੰਮੇਵਾਰ ਤਾਂ ਕੇਂਦਰੀ ਅਤੇ ਸੂਬਾ ਸਰਕਾਰਾਂ ਹੀ ਹਨ। ਅਸੀਂ ਤਾਂ ਅਜੇ ਵੀ ਸ਼ਾਂਤੀ ਚਾਹੁੰਦੇ ਹਾਂ। ਹਕੂਮਤ ਹੀ ਐਸੀ ਧਿਰ ਹੈ ਜੋ ਸ਼ਾਂਤੀ ਨਹੀਂ ਚਾਹੁੰਦੀ।

**ਸਵਾਲ:** ਤਾਂ ਫਿਰ ਸਮਝਿਆ ਜਾਵੇ ਕਿ ਤੁਸੀਂ ਬੈਠ ਕੇ ਸਰਕਾਰ ਨਾਲ ਸ਼ਾਂਤੀ ਵਾਰਤਾ ਲਈ ਤਿਆਰ ਹੋ?

**ਜਵਾਬ:** ਤੁਸੀਂ 210ਵੇਂ ਐਸੇ ਸ਼ਖ਼ਸ ਹੋ ਜਿਸ ਨੇ ਮੈਨੂੰ ਇਹ ਸਵਾਲ ਕੀਤਾ ਹੈ। ਕੇਂਦਰੀ ਗ੍ਰਹਿ ਮੰਤਰੀ ਪੀ. ਚਿੰਦਬਰਮ ਅਤੇ ਬੁੱਧਦੇਵ ਨੇ ਸਾਫ਼ ਕਿਹਾ ਹੈ ਕਿ ਉਹ ਸਾਡੇ ਨਾਲ ਕਿਸੇ ਵੀ ਕਿਸਮ ਦੀ ਗੱਲਬਾਤ ਕਰਨ ਲਈ ਤਿਆਰ ਨਹੀਂ। ਉਨ੍ਹਾਂ ਨੇ ਪਹਿਲਾਂ ਹੀ ਸਾਨੂੰ ਕੁਚਲਣ ਲਈ ਇਥੇ ਆਪਣੇ ਸੁਰੱਖਿਆ ਦਸਤੇ ਭੇਜ ਰੱਖੇ ਹਨ ਤੇ ਤੁਸੀਂ ਮੀਡੀਆ ਵਾਲੇ ਫਿਰ ਵੀ ਸਾਨੂੰ ਹੀ ਪੁੱਛ ਰਹੇ ਹੋ ਕਿ ਤੁਸੀਂ ਸ਼ਾਂਤੀ ਵਾਰਤਾ ਲਈ ਤਿਆਰ ਹੋ ਕਿ ਨਹੀਂ? ਮੈਂ ਜੋ ਯੁੱਧ ਦੇ ਮੈਦਾਨ 'ਚ ਜੰਗ ਲੜ ਰਿਹਾ ਹਾਂ, ਮੈਂ ਤੁਹਾਡੇ ਐਸੇ ਸਵਾਲਾਂ ਦਾ ਕੀ ਜਵਾਬ ਦੇਵਾਂ!

**ਸਵਾਲ:** ਮਮਤਾ ਬੈਨਰਜੀ ਰੇਲਵੇ ਮੰਤਰੀ ਬਣਨ ਤੋਂ ਪਹਿਲਾਂ ਤਾਂ ਪੀ.ਸੀ.ਪੀ.ਏ. ਨਾਲ ਘਿਓ-ਖਿਚੜੀ ਸੀ, ਪਰ ਹੁਣ ਲਗਦਾ ਹੈ, ਉਹ ਇਸ ਜਬਰ ਵਿਰੋਧੀ ਕਮੇਟੀ ਤੋਂ ਵਿਥ ਬਣਾ ਰਹੀ ਹੈ?

**ਜਵਾਬ:** ਮੈਂ ਪਿਛਲੇ ਤਿੰਨ ਮਹੀਨਿਆਂ ਤੋਂ ਮਮਤਾ ਨੂੰ ਕਹਿੰਦਾ ਆ ਰਿਹਾ ਹਾਂ ਕਿ ਉਹ ਸਾਨੂੰ ਆਪਣਾ ਅਸਲੀ ਮਕਸਦ ਸਾਫ਼ ਕਰੇ। ਚੋਣ ਜਿੱਤ ਕੇ ਉਸ ਦੀ ਕਿਸਮਤ ਬਦਲ ਗਈ ਹੈ, ਪਰ ਉਸ ਦੇ ਨਾਹਰੇ 'ਮਾਂ ਮਾਟੀ ਮਾਨੁਸ਼' ਦਾ ਕੀ ਬਣਿਆ। ਉਹ ਤਾਂ ਵਿਚਾਰੇ ਉੱਥੇ ਹੀ ਖੜ੍ਹੇ ਹਨ। ਮਮਤਾ ਅਸਲ 'ਚ ਸਿਰੇ ਦੀ ਮੌਕਾਪ੍ਰਸਤ ਹੈ।



# ਸੁਖਬੀਰ ਦੇ 50 ਸਾਲ ਰਾਜ ਕਰਨ ਦੇ ਸੁਪਨੇ!

**ਸਿਆਸਤ ਦਾ ਪਿੜ**



ਜਤਿੰਦਰ ਪਨੂੰ

ਅੱਜ ਜਦੋਂ ਪੰਜਾਬ ਵਿਧਾਨ ਸਭਾ ਦੀਆਂ ਚੋਣਾਂ ਵਿਚ ਪੌਣੇ ਤਿੰਨ ਮਹੀਨੇ ਬਾਕੀ ਰਹਿ ਗਏ ਹਨ, ਇਹ ਗੱਲ ਆਮ ਪੁੱਛੀ ਜਾ ਰਹੀ ਹੈ ਕਿ ਜਿੱਤ ਕਿਸ ਦੀ ਹੋਵੇਗੀ ਤੇ ਹੁਣ ਵਾਲਾ ਹਾਕਮ ਗੱਠਜੋੜ ਕਿੰਨੇ ਕੁ ਪਾਣੀ ਵਿਚ ਰਹੇਗਾ? ਡਿਪਟੀ ਮੁੱਖ ਮੰਤਰੀ ਤੇ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ 30 ਨਵੰਬਰ ਵਾਲੇ ਦਿਨ ਇੱਕ ਪੱਤਰਕਾਰ ਨੂੰ ਇਹ ਵੀ ਕਹਿ ਦਿੱਤਾ ਕਿ ਉਨ੍ਹਾਂ ਨੇ ਕਾਂਗਰਸ ਪਾਰਟੀ ਦੇ ਕੰਪਿਊਟਰ ਸਰਵੇਖਣ ਦੀ ਰਿਪੋਰਟ ਕੱਢਵਾ ਕੇ ਵੇਖ ਲਈ ਹੈ ਤੇ ਉਸ ਦੇ ਮੁਤਾਬਕ ਕਾਂਗਰਸ ਨੂੰ ਸਿਰਫ 53 ਸੀਟਾਂ ਮਿਲਣ ਦੀ ਆਸ ਹੈ। ਏਦਾਂ ਦਾ ਦਾਅਵਾ ਕਾਂਗਰਸ ਦੇ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਨੇ ਵੀ ਕੀਤਾ ਹੈ ਪਰ ਉਹ ਵਿਰੋਧੀ ਧਿਰ ਵਿਚ ਹੈ ਤੇ ਸਰਕਾਰੀ ਮਸ਼ੀਨਰੀ ਵਰਤ ਕੇ ਦੂਜੀ ਧਿਰ ਦੀ ਜਾਸੂਸੀ ਕਰਾਉਣ ਦਾ ਜਿਹੜਾ ਦੋਸ਼ ਹਾਕਮ ਧਿਰ ਉਤੇ ਲੱਗ ਸਕਦਾ ਹੈ, ਉਹ ਉਸ ਉਤੇ ਨਹੀਂ ਲੱਗਣਾ। ਚੋਣ ਪ੍ਰਕ੍ਰਿਆ ਨਾਲ ਜੁੜੇ ਹੋਏ ਤਾਂ ਅਸੀਂ ਵੀ 1969 ਦੇ ਵੇਲੇ ਤੋਂ ਹਾਂ, ਜਦੋਂ ਅਜੇ ਪੜ੍ਹਦੇ ਹੁੰਦੇ ਸਾਂ, ਪਰ ਇੱਕ ਹੋਰ ਸੱਜਣ, ਜਿਹੜੇ ਦਿੱਲੀ ਵਿਚ ਸਿਰਫ ਚੋਣ ਸਰਵੇਖਣਾਂ ਨਾਲ ਮੱਥਾ ਮਾਰਨ ਲਈ ਜਾਣੇ ਜਾਂਦੇ ਹਨ, ਨੇ ਦੱਸਿਆ ਕਿ ਸੁਖਬੀਰ ਸਿੰਘ ਬਾਦਲ ਨੂੰ ਰਾਜਸੀ ਪਰਪੱਕਤਾ ਦੀ ਘਾਟ ਕਾਰਨ ਇਹ ਵੀ ਨਹੀਂ ਪਤਾ ਕਿ ਇੰਜ ਕਰਨਾ 'ਵਾਟਰਗੇਟ ਸਕੈਂਡਲ' ਵਰਗੀ ਹਰਕਤ ਹੈ। ਇੱਕ ਮੌਕੇ ਅਮਰੀਕਾ ਦੇ ਇੱਕ ਰਾਸ਼ਟਰਪਤੀ ਨੇ ਵਾਟਰਗੇਟ ਹੋਟਲ ਵਿਚ ਆਪਣੀ ਵਿਰੋਧੀ ਪਾਰਟੀ ਦੀਆਂ ਚੋਣਾਂ ਦੇ ਸਿਲਸਿਲੇ ਵਿਚ ਸਰਗਰਮੀਆਂ ਦੀ ਜਾਸੂਸੀ ਕਰਨ ਦਾ ਜਦੋਂ ਕਾਰਾ ਕੀਤਾ ਤਾਂ ਉਹ ਏਨਾ ਬਦਨਾਮ ਹੋ ਗਿਆ ਕਿ ਹੁਣ ਤੱਕ ਜਿੱਥੇ ਕਿਤੇ ਇਹੋ ਜਿਹੀ ਕੋਈ ਗੱਲ ਵਾਪਰੇ, ਉਸ ਦੇ ਨਾਂ ਨਾਲ ਉਸੇ ਵਾਟਰਗੇਟ ਸਕੈਂਡਲ ਦਾ 'ਗੇਟ' ਜੋੜ ਕੇ ਹਵਾਲਾ ਦਿੱਤਾ ਜਾਣਾ ਆਮ ਗੱਲ ਹੋ ਚੁੱਕੀ ਹੈ। ਫਿਰ ਵੀ ਇਹੋ ਜਿਹੇ ਕੰਮ ਕਰਨ ਵਾਲੇ ਕਰੀ ਜਾਂਦੇ ਹਨ।



ਕਾਂਗਰਸ ਪਾਰਟੀ ਦੇ ਕੰਪਿਊਟਰ ਵਿਚੋਂ ਇਹੋ ਜਿਹੀ ਕੋਈ ਗੱਲ ਵੇਖੀ ਜਾਂ ਨਹੀਂ ਵੇਖੀ, ਇਹ ਬਾਅਦ ਦੀ ਗੱਲ ਹੈ, ਵੱਡਾ ਸਵਾਲ ਇਹ ਹੈ ਕਿ ਅਕਾਲੀ ਦਲ ਇਸ 53 ਸੀਟਾਂ ਦੇ ਅੰਕੜੇ ਪਿੱਛੋਂ ਕੀ ਕਹਿੰਦਾ ਤੇ ਕੀ ਕਰਦਾ ਹੈ? ਇਸ ਦੀ ਲੀਡਰਸ਼ਿਪ ਨੇ ਇੱਕ ਹਫਤੇ ਵਿਚ ਦੋ ਵੱਡੀਆਂ ਗਲਤੀਆਂ ਕੀਤੀਆਂ ਹਨ, ਜਿਨ੍ਹਾਂ ਦਾ ਬੁਰਾ ਅਸਰ ਇਸ ਦੇ ਅਕਸ ਉਤੇ ਪੈ ਗਿਆ ਹੈ। ਇੱਕ ਤਾਂ ਬਠਿੰਡੇ ਵਿਚ ਕਈ ਦਹਾਕਿਆਂ ਦੇ ਹਿੰਦੂ ਅਕਾਲੀ ਆਗੂ ਚਿਰੰਜੀ ਲਾਲ ਗਰਗ ਨੂੰ ਕੱਢਣਾ ਅਤੇ ਫਿਰ ਸਿਰਫ਼ ਦੋ ਘੰਟੇ ਬਾਅਦ ਵਾਪਸ ਲੈ ਲੈਣਾ। ਕੱਢਣ ਦਾ ਐਲਾਨ ਪਾਰਟੀ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਕੀਤਾ ਤੇ ਇਸ ਫੈਸਲੇ ਨੂੰ ਰੱਦ ਕਰਨ ਦਾ ਐਲਾਨ ਉਸ ਦੇ ਪਿਤਾ ਤੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਪਾਰਟੀ ਦੇ ਸਰਪ੍ਰਸਤ ਵਜੋਂ ਕੀਤਾ। ਕਰਨਾ ਇਸ ਕਰ ਕੇ ਪਿਆ ਕਿ ਮਾਲਵੇ ਵਿਚ ਫੱਟੀ ਪੋਚੀ ਜਾਣ ਦਾ ਡਰ ਪੈਦਾ ਹੋ ਗਿਆ ਸੀ। ਦੂਸਰੀ ਗਲਤੀ ਸੀ ਪ੍ਰਚੂਨ ਬਾਜ਼ਾਰ ਵਿਚ ਵਿਦੇਸ਼ੀ ਨਿਵੇਸ਼ ਦੇ ਮਾਮਲੇ ਵਿਚ ਪਹਿਲਾਂ ਕੇਂਦਰ ਸਰਕਾਰ ਦੇ ਫੈਸਲੇ ਦੀ ਹਮਾਇਤ ਕਰ ਕੇ ਫਿਰ ਉਸ ਦੇ ਵਿਰੋਧ ਵਿਚ ਖੜੋਣ ਦਾ ਐਲਾਨ ਕਰ ਦੇਣਾ। ਇਹ ਫੈਸਲਾ ਵੀ ਲਿਆ ਪਹਿਲਾਂ ਸੁਖਬੀਰ ਨੇ ਸੀ ਤੇ ਪਲਟਾਉਣ ਦਾ ਕੰਮ ਬਾਪੂ ਬਾਦਲ ਨੂੰ ਕਰਨਾ ਪਿਆ।

ਕਈ ਲੋਕਾਂ ਨੂੰ ਜਾਪਦਾ ਹੈ ਕਿ ਅਜਿਹਾ ਹੁਣ ਹੀ ਕੀਤਾ ਗਿਆ ਹੈ ਪਰ ਅਸਲ ਵਿਚ ਅਜਿਹਾ ਪਿਛਲੇ ਸਾਲ ਵੀ ਵਾਪਰਿਆ ਸੀ। ਉਦੋਂ ਸੁਖਬੀਰ ਨੇ ਡਿਪਟੀ ਮੁੱਖ ਮੰਤਰੀ ਵਜੋਂ ਗ੍ਰਹਿ ਮੰਤਰੀ ਦੇ ਫਰਜ਼ ਨਿਭਾਉਂਦਿਆਂ ਪੁਲਿਸ ਦੇ ਵੱਡੇ ਅਫਸਰਾਂ ਦੀਆਂ ਬਦਲੀਆਂ ਕੀਤੀਆਂ ਸਨ ਤੇ ਫਾਈਲ ਉਤੇ ਮੁੱਖ ਮੰਤਰੀ ਦੇ ਦਸਤਖਤ ਅਖੀਰ ਵਿਚ ਹੋਣੇ ਸਨ। ਮੁੱਖ ਮੰਤਰੀ ਨੇ ਫਾਈਲ ਰੱਖ ਛੱਡੀ ਤੇ ਕੰਮ ਦੇ ਬੋਝ ਦਾ ਹਵਾਲਾ ਦੇ ਕੇ ਟਾਲਦੇ ਰਹੇ ਪਰ ਜਦੋਂ ਡਿਪਟੀ ਮੁੱਖ ਮੰਤਰੀ ਦਾ ਜਹਾਜ਼ ਦਿੱਲੀ ਤੋਂ ਵਿਦੇਸ਼ ਨੂੰ ਉਡਾਰੀ ਮਾਰ ਗਿਆ ਤਾਂ ਅਗਲੇ ਦੇਸ਼ ਜਾ ਕੇ ਉਸ ਦੇ ਪਹੀਏ ਲੱਗਣ ਤੋਂ ਪਹਿਲਾਂ ਫਾਈਲ ਮੰਗਾ ਕੇ ਉਸ ਵਿਚੋਂ ਕਈ ਨਾਂ ਬਦਲ ਦਿੱਤੇ ਸਨ। ਇੱਕ ਅੰਗਰੇਜ਼ੀ ਅਖਬਾਰ ਵਿਚ ਉਦੋਂ ਦੋ ਵਾਰ ਛਪੀ ਇਸ ਖਬਰ ਦਾ ਅੱਜ ਤੱਕ ਵੀ ਕਿਸੇ ਨੇ ਖੰਡਨ ਨਹੀਂ ਕੀਤਾ।

ਫਿਰ ਜਦੋਂ ਇਹ ਗੱਲ ਚੱਲੀ ਕਿ ਸੁਖਬੀਰ ਨੂੰ ਮੁੱਖ ਮੰਤਰੀ ਬਣਾਇਆ ਜਾ ਰਿਹਾ ਹੈ ਤਾਂ ਨਾਲ ਹੀ ਇਹ ਚਰਚਾ ਚੱਲ ਪਈ ਕਿ ਪਾਰਟੀ ਦੇ ਅੰਦਰੋਂ ਵਿਰੋਧ ਹੋਣ ਕਰ ਕੇ ਬਾਦਲ ਸਾਹਿਬ ਅਜੇ ਉਸ ਨੂੰ ਇਹ ਜ਼ਿੰਮੇਵਾਰੀ ਨਹੀਂ ਸੌਂਪ ਰਹੇ। ਅਸੀਂ ਉਦੋਂ ਵੀ ਲਿਖ ਦਿੱਤਾ ਸੀ ਕਿ ਗੱਲ ਸਿਰਫ ਏਨੀ ਨਹੀਂ, ਕੁਝ ਪਰਪੱਕਤਾ ਦੀ ਘਾਟ ਦਾ ਸਵਾਲ ਵੀ ਹੈ। ਮੁੱਖ ਮੰਤਰੀ ਨੂੰ ਪਤਾ ਹੈ ਕਿ ਡਿਪਟੀ ਮੁੱਖ ਮੰਤਰੀ ਦੇ ਤੌਰ ਉਤੇ ਵੀ ਸਰਕਾਰ ਤਾਂ ਸੁਖਬੀਰ ਸਿੰਘ ਬਾਦਲ ਹੀ ਚਲਾ ਰਿਹਾ ਹੈ ਤੇ ਇਸ ਵਿਚ ਸੌਖ ਇਹ ਹੈ ਕਿ ਉਹ ਗਲਤੀ ਕਰੇ ਤਾਂ ਮੁੱਖ ਮੰਤਰੀ ਕੋਲ ਉਸ ਨੂੰ ਸੰਭਾਲਣ ਦਾ ਵਕਤ ਰਹਿੰਦਾ ਹੈ ਪਰ ਜੇ ਮੁੱਖ ਮੰਤਰੀ ਹੀ ਉਹ ਆਪ ਹੋਵੇ ਤੇ ਕੋਈ ਬੱਜਰ ਭੁੱਲ ਕਰ ਦੇਵੇ, ਫਿਰ ਸੰਭਾਲਣ ਵਾਸਤੇ ਸੁਪਰ ਮੁੱਖ ਮੰਤਰੀ ਦੀ ਕੋਈ ਪਦਵੀ ਹੀ ਨਹੀਂ ਹੁੰਦੀ, ਇਸ ਲਈ ਮੁਸ਼ਕਲ ਪੈਦਾ ਹੋ ਸਕਦੀ ਹੈ। ਇਸ ਗੱਲ ਨੂੰ ਸਮਝਦੇ ਹੋਏ ਬਾਦਲ ਸਾਹਿਬ ਨੇ ਮੱਡ-ਗਾਰਡ ਉਤੇ ਬੈਠ ਕੇ ਆਪਣੇ ਪੁੱਤਰ ਨੂੰ ਟਰੈਕਟਰ ਚਲਾਉਣਾ ਸਿਖਾਉਣ ਵਾਲੇ ਬਾਪ ਦੀ ਜ਼ਿੰਮੇਵਾਰੀ ਸੰਭਾਲ ਲਈ ਸੀ ਤੇ ਆਸ ਕੀਤੀ ਕਿ ਪੁੱਤਰ ਕੁਝ ਸਮੇਂ ਤੱਕ ਆਪਣੇ ਆਪ ਚਲਾਉਣ ਜੋਗਾ ਹੋ ਜਾਵੇਗਾ। ਅਮਲ ਵਿਚ ਇਹ ਗੱਲ ਸਾਹਮਣੇ ਆਈ ਹੈ ਕਿ ਉਹ ਏਨਾ ਸਮਾਂ ਲੰਘਾ ਕੇ ਵੀ ਸੰਭਲ ਕੇ ਕਦਮ ਚੁੱਕਣ ਜੋਗਾ ਨਹੀਂ ਹੋ ਸਕਿਆ ਤੇ ਇੱਕੋ ਹਫਤੇ ਵਿਚ ਦੋ ਵਾਰੀ ਵੱਡੀ ਗਲਤੀ ਕਰ ਗਿਆ ਹੈ, ਜਿਸ ਨੂੰ ਸੁਧਾਰਨ ਲਈ ਮੁੱਖ ਮੰਤਰੀ ਨੂੰ ਅੱਗੇ ਹੋ ਕੇ ਭਾਜਪਾ ਦੇ ਕੌਮੀ ਆਗੂ ਅਰੁਣ ਜੇਤਲੀ ਕੋਲ ਇਹ ਕਹਿਣਾ ਪਿਆ ਹੈ ਕਿ 'ਸਾਡੇ ਤੋਂ ਗਲਤੀ ਹੋ ਗਈ ਹੈ।'

ਹੁਣ ਜਿਹੜਾ ਇਹ ਬਿਆਨ ਛਪਿਆ ਹੈ ਕਿ ਵਿਰੋਧੀ ਪਾਰਟੀ ਦੇ ਕੰਪਿਊਟਰ ਤੋਂ ਸਰਵੇਖਣ ਦਾ ਵੇਰਵਾ ਅਸੀਂ ਪ੍ਰਾਪਤ ਕਰ ਲਿਆ ਹੈ, ਉਹ ਵੀ ਸੁਖਬੀਰ ਦੀ ਰਾਜਸੀ ਪਰਪੱਕਤਾ ਦੀ ਘਾਟ ਨੂੰ ਪ੍ਰਗਟ ਕਰਦਾ ਹੈ। ਅਜੇ ਏਸੇ ਤਰ੍ਹਾਂ ਦਾ ਇੱਕ ਹੋਰ ਵਲਾਵਾਂ ਬਠਿੰਡੇ ਦੇ ਨਾਲ ਲੱਗਦੇ ਮੰਡੀ ਖੁਰਦ ਪਿੰਡ ਵਿਚ ਕੂੜੇ ਦੇ ਡੰਪ ਵਾਲੇ ਸਕੈਂਡਲ ਦਾ ਬਣ ਜਾਣਾ ਹੈ। ਚੰਡੀਗੜ੍ਹ ਵਿਚ ਪਹਿਲਾਂ ਇਹ ਤੈਅ ਕੀਤਾ ਗਿਆ ਕਿ ਫਲਾਣੇ ਥਾਂ ਕੂੜੇ ਦਾ ਡੰਪ ਬਣਾਉਣ ਲਈ ਜ਼ਮੀਨ ਚਾਹੀਦੀ ਹੈ, ਫਿਰ ਅਕਾਲੀ ਦਲ ਦੇ ਕੁਝ ਯੂਥ ਵਿੰਗ ਨਾਲ ਜੁੜੇ ਬੰਦੇ ਉਥੇ ਗਏ ਤੇ ਸਬੰਧਤ ਜ਼ਮੀਨ ਖਰੀਦ ਲਈ ਅਤੇ ਦੋ ਦਿਨਾਂ ਦੇ ਵਿਚ ਇੰਤਕਾਲ ਵੀ ਉਨ੍ਹਾਂ ਦੇ ਨਾਂ ਚੜ੍ਹ ਗਏ। ਇੱਕ ਹਫਤਾ ਬਾਅਦ ਸਰਕਾਰੀ ਮਸ਼ੀਨਰੀ ਸਰਗਰਮ ਹੋਈ ਤੇ ਜਿਹੜੀ ਜ਼ਮੀਨ ਡੇਢ ਕੁ ਕਰੋੜ ਰੁਪਏ ਦੇ ਨੇੜੇ ਖਰੀਦੀ ਸੀ, ਇੱਕ ਮਹੀਨੇ ਬਾਅਦ ਸੱਤ ਕਰੋੜ ਰੁਪਏ ਦੀ ਉਨ੍ਹਾਂ ਬੰਦਿਆਂ ਤੋਂ ਸਰਕਾਰ ਨੇ ਖਰੀਦ ਲਈ, ਜਿਨ੍ਹਾਂ ਦਾ ਸਬੰਧ ਹਾਕਮ ਪਾਰਟੀ ਦੇ ਸਿਖਰਲੇ ਗਲਿਆਰਿਆਂ ਨਾਲ ਜੁੜਦਾ ਹੈ। ਕਾਂਗਰਸ ਪਾਰਟੀ ਦੇ ਕੰਪਿਊਟਰਾਂ ਵਿਚ ਸੰਨ੍ਹ ਲਾਉਣ ਵਾਲੇ 'ਕੰਪਿਊਟਰ ਗੇਟ' ਤੋਂ ਵੀ ਅਸੂਲੀ ਤੌਰ ਉਤੇ ਇਹ 'ਕੂੜਾ ਗੇਟ' ਵੱਡਾ ਮਾਮਲਾ ਬਣ ਜਾਂਦਾ ਹੈ, ਜਿਹੜਾ ਸਾਫ ਦੱਸਦਾ ਹੈ ਕਿ ਸਾਰਾ ਕੁਝ ਚੰਡੀਗੜ੍ਹ ਵਿਚੋਂ ਬੈਠ ਕੇ ਯੋਜਨਾਬੱਧ ਤਰੀਕੇ ਨਾਲ ਕੀਤਾ ਗਿਆ ਜਾਂ ਕਰਵਾਇਆ ਗਿਆ ਹੈ।

ਇਸ ਤਰ੍ਹਾਂ ਦੇ ਕਈ ਸਕੈਂਡਲਾਂ ਵਿਚ ਨਾ ਉਲਝ ਕੇ ਜੇ ਪੰਜਾਬ ਦੇ ਰਾਜਸੀ ਦ੍ਰਿਸ਼ ਦੀ ਚਰਚਾ ਕਰਨ ਦੀ ਲੋੜ ਹੋਵੇ ਤਾਂ ਕੋਈ ਵੀ ਬੰਦਾ ਇਹ ਸੋਚ ਸਕਦਾ ਹੈ ਕਿ ਸੁਖਬੀਰ ਬਾਦਲ ਨੇ ਪਹਿਲਾਂ ਕਿਹਾ ਸੀ ਕਿ ਪੰਝੀ ਸਾਲ ਰਾਜ ਕਰਨਾ ਹੈ, ਪਿਛਲੇ ਹਫਤੇ ਤੋਂ 50 ਸਾਲ ਰਾਜ ਕਰਨ ਦੀ ਗੱਲ ਸ਼ੁਰੂ ਕਰ ਦਿੱਤੀ ਹੈ, ਉਹ ਕਿਸ ਦੇ ਆਸਰੇ ਕਰਨਾ ਹੈ? ਰਾਜ ਦਰਬਾਰ ਨਾਲ ਜੁੜੇ ਕੁਝ ਲੋਕ ਆਖਦੇ ਹਨ ਕਿ ਜਦੋਂ ਤੱਕ ਪੰਜਾਬ ਵਿਚ ਅਕਾਲੀ ਦਲ ਤੇ ਭਾਰਤੀ ਜਨਤਾ ਪਾਰਟੀ ਦਾ ਗੱਠਜੋੜ ਹੈ, ਇਨ੍ਹਾਂ ਦੇ ਰਾਜ ਦੀ ਸੰਭਾਵਨਾ ਉਤੇ ਕਾਟਾ ਮਾਰਨਾ ਔਖਾ ਹੈ। ਹੋ ਸਕਦਾ ਹੈ ਕਿ ਉਹ ਠੀਕ ਕਹਿੰਦੇ ਹੋਣ ਪਰ ਜੇ ਹੇਠਾਂ ਹਕੀਕੀ ਸਥਿਤੀ ਵੱਲ ਵੇਖੀਏ ਤਾਂ ਇਹੋ ਜਿਹਾ ਕੋਈ ਇਸ਼ਾਰਾ ਹੀ ਨਹੀਂ ਮਿਲਦਾ। ਅਕਾਲੀ ਪਾਰਟੀ ਨੂੰ ਪਿਛਲੀ ਵਾਰੀ 48 ਸੀਟਾਂ ਆਈਆਂ ਸਨ, ਲੋਕ ਇਹ ਨਹੀਂ ਮੰਨਦੇ ਕਿ ਇਸ ਵਾਰ 48 ਆਉਣੀਆਂ ਹਨ, ਪਰ ਅਸੀਂ ਇਹ ਫਰਜ਼ ਕਰ ਲਈਏ ਕਿ 48 ਆ ਜਾਣਗੀਆਂ, ਫਿਰ ਵੀ ਸਰਕਾਰ ਤਾਂ 59 ਵਿਧਾਇਕ ਹੋਣ ਨਾਲ ਬਣਦੀ ਹੈ ਤੇ ਉਹ ਭਾਈਵਾਲ ਭਾਜਪਾ ਦੇ ਆਸਰੇ ਹੀ ਬਣ ਸਕਦੇ ਹਨ। ਭਾਜਪਾ ਦੀਆਂ ਪਿਛਲੀ ਵਾਰੀ 19 ਸੀਟਾਂ ਸਨ, ਇਸ ਵਾਰੀ ਦੋ ਜਾਂ ਤਿੰਨ ਤੋਂ ਵੱਧ ਜਦੋਂ ਭਾਜਪਾ ਦੇ ਨੇਤਾ ਆਪ ਨਹੀਂ ਮੰਨਦੇ ਤਾਂ ਸੁਖਬੀਰ ਦਾ ਉਹ ਕੀ ਪਾਰ-ਉਤਾਰਾ ਕਰ ਦੇਣਗੇ?

ਜੀ ਹਾਂ, ਦਾਅਵੇ ਤਾਂ ਭਾਰਤੀ ਜਨਤਾ ਪਾਰਟੀ ਦੇ ਨੇਤਾ ਕੁਝ ਵੀ ਕਰੀ ਜਾਣ, ਕੋਈ ਉਨ੍ਹਾਂ ਨੂੰ ਰੋਕਦਾ ਨਹੀਂ ਪਰ ਹਕੀਕਤ ਇਹ ਹੈ ਕਿ ਉਨ੍ਹਾਂ ਨੇ ਆਪ ਹੀ ਆਪਣਾ ਬੇੜਾ ਗਰਕ ਕੀਤਾ ਪਿਆ ਹੈ। ਇੱਕ ਮਾਰ ਤਾਂ ਉਨ੍ਹਾਂ ਨੂੰ ਇਹ ਪੈਣੀ ਹੈ ਕਿ ਕਾਂਗਰਸ ਵਿਚੋਂ ਮੰਗਵਾਂ ਲੈ ਕੇ ਪਿਛਲੀ ਵਾਰੀ ਜਿਤਾਇਆ ਤੇ ਚੀਫ ਪਾਰਲੀਮੈਂਟਰੀ ਸੈਕਟਰੀ ਬਣਵਾਇਆ ਰਾਜ ਖੁਰਾਣਾ ਡੇਢ ਕਰੋੜ ਰੁਪਏ ਦੀ ਰਿਸ਼ਵਤ ਲੈਂਦਾ ਫੜਿਆ ਗਿਆ। ਉਸ ਦੀ ਤਫਤੀਸ਼ ਦੋ ਮੰਤਰੀਆਂ-ਮਨੋਰੰਜਨ ਕਾਲੀਆ ਤੇ ਸਵਰਨਾ ਰਾਮ ਦੇ ਜੜ੍ਹੀਂ ਬੈਠ ਗਈ। ਤੀਸਰਾ ਜਗਦੀਸ਼ ਸਾਹਨੀ ਪਾਰਟੀ ਵਿਚਲੀ ਧੜੇਬੰਦੀ ਕਾਰਨ ਆਪਣੀ ਪਾਰਟੀ ਦੀ ਮੰਤਰੀ ਲਕਸ਼ਮੀ ਕਾਂਤਾ ਚਾਵਲਾ ਦੇ ਕਹਿਰ ਦਾ ਸ਼ਿਕਾਰ ਹੋ ਗਿਆ ਤੇ ਹੁਣ ਉਸ ਦੀ ਹਾਲਤ ਪਾਣੀਓਂ ਪਤਲੀ ਕਿਸੇ ਹੋਰ ਨੇ ਨਹੀਂ, ਖੁਦ ਉਸ ਦੀ ਪਾਰਟੀ ਨੇ ਕਰ ਛੱਡੀ ਹੈ। ਉਸ ਨੂੰ ਪਾਰਟੀ ਵੱਲੋਂ ਟਿਕਟ ਦੇਣ ਜਾਂ ਨਾ ਦੇਣ ਦਾ ਵੀ ਅਜੇ ਤੱਕ ਕਿਸੇ ਨੂੰ ਪੱਕਾ ਪਤਾ ਨਹੀਂ। ਜਿਹੜੀ ਲਕਸ਼ਮੀ ਕਾਂਤਾ ਚਾਵਲਾ ਨੇ ਉਸ ਦੇ ਰਾਹ ਵਿਚ ਕੰਡੇ ਖਿਲਾਰੇ ਸਨ, ਉਸ ਦੇ ਆਪਣੇ ਬਾਰੇ ਜਗਦੀਸ਼ ਸਾਹਨੀ ਨੇ ਜੋ ਕੁਝ ਵਿਧਾਨ ਸਭਾ ਵਿਚ ਕਹਿ ਦਿੱਤਾ ਸੀ, ਉਸ ਨੇ ਬੀਬੀ ਨੂੰ ਚੋਣ ਲੜਨ ਜੋਗੀ ਨਹੀਂ ਛੱਡਿਆ ਤੇ ਹੁਣ ਉਹ ਸੰਨਿਆਸ ਲੈਣ ਦੀਆਂ ਗੱਲਾਂ ਕਰੀ ਜਾ ਰਹੀ ਹੈ।

ਇੱਕ ਹੋਰ ਥਾਂ ਪਾਰਟੀ ਦਾ ਸੂਬਾ ਪ੍ਰਧਾਨ ਆਪਣੀ ਪਾਰਟੀ ਦੇ ਵਿਧਾਇਕ ਅਤੇ ਸਾਬਕਾ ਮੰਤਰੀ ਤੋਂ ਸੀਟ ਖੋਹਣ ਲਈ ਸਰਗਰਮ ਹੋਇਆ ਪਿਆ ਹੈ ਤੇ ਦੋਵਾਂ ਦੇ ਝਗੜੇ ਨੇ ਪਾਰਟੀ ਨੂੰ ਉਥੋਂ ਪਾਰ ਨਹੀਂ ਲੱਗਣ ਦੇਣਾ। ਭ੍ਰਿਸ਼ਟਾਚਾਰ ਦੇ ਕੇਸ ਕਾਰਨ ਮੰਤਰੀ ਮੰਡਲ ਤੋਂ ਪਾਸੇ ਕੀਤੇ ਗਏ ਮਨੋਰੰਜਨ ਕਾਲੀਆ ਦੀ ਥਾਂ ਜਿਸ ਤੀਕਸ਼ਣ ਸੂਦ ਨੂੰ ਆਗੂ ਬਣਾਇਆ ਗਿਆ ਸੀ, ਉਸ ਦੇ ਆਪਣੇ ਖਿਲਾਫ ਹੁਣ ਕੇਸ ਹਾਈ ਕੋਰਟ ਤੱਕ ਜਾ ਪਹੁੰਚਿਆ ਹੈ ਤੇ ਦੋਸ਼ ਵੀ ਵਾਹਵਾ ਸੰਗੀਨ ਹਨ। ਅੰਮ੍ਰਿਤਸਰ ਵਿਚ ਇੱਕ ਭਾਜਪਾ ਵਿਧਾਇਕ ਦੇ ਖਿਲਾਫ ਇੱਕ ਕੇਸ ਇਸ ਹਫਤੇ ਸੇਲਜ਼ ਟੈਕਸ ਦੀ ਟੀਮ ਨੇ ਦਰਜ ਕਰਵਾ ਦਿੱਤਾ ਹੈ। ਲੁਧਿਆਣੇ ਦੇ ਇੱਕ ਭਾਜਪਾ ਮੰਤਰੀ ਦੇ ਪੁੱਤਰ ਦੇ ਖਿਲਾਫ ਪ੍ਰਦੂਸ਼ਣ ਕੰਟਰੋਲ ਬੋਰਡ ਦੀ ਟੀਮ ਨਾਲ ਬਦਸਲੂਕੀ ਦਾ ਕੇਸ ਦਰਜ ਕੀਤਾ ਪਿਆ ਹੈ।

ਉਂਜ ਤਾਂ ਏਨਾ ਕੁਝ ਵੀ ਕਾਫੀ ਸੀ, ਪਰ ਪਿਛਲੇ ਦਿਨਾਂ ਵਿਚ ਇੱਕ ਹੋਰ ਵਰਤਾਰਾ ਵੀ ਇਹੋ ਜਿਹਾ ਪੰਜਾਬ ਦੀ ਰਾਜਨੀਤੀ ਵਿਚ ਆ ਗਿਆ ਹੈ, ਜਿਸ ਦਾ ਅਸਰ ਅਣਖ ਵਾਲੇ ਅਕਾਲੀਆਂ ਨਾਲ ਗੱਲਬਾਤ ਵਿਚ ਝਲਕਣ ਲੱਗ ਪਿਆ ਹੈ। ਜਦੋਂ ਸਾਬਕਾ ਖਜ਼ਾਨਾ ਮੰਤਰੀ ਮਨਪ੍ਰੀਤ ਸਿੰਘ ਬਾਦਲ ਨੂੰ ਪਾਰਟੀ ਵਿਚੋਂ ਕੱਢਿਆ ਗਿਆ ਤਾਂ ਉਸ ਦੇ ਨਾਲ ਜਾਂਦੇ ਪੱਕੇ ਬੰਦਿਆਂ ਨੂੰ ਤੋੜਨ ਲਈ ਸਰਕਾਰੀ ਮਸ਼ੀਨਰੀ, ਖਾਸ ਕਰ ਕੇ ਪੁਲਿਸ ਦੀ ਦੁਰਵਰਤੋਂ ਕੀਤੀ ਗਈ। ਮਨਪ੍ਰੀਤ ਦਾ ਕਈ ਸਾਲਾਂ ਦਾ ਸਹਾਇਕ ਰਿਹਾ ਚਰਨਜੀਤ ਸਿੰਘ ਉਸ ਦਾ ਪੱਕਾ ਵਫਾਦਾਰ ਹੁੰਦਾ ਸੀ, ਉਸ ਨੂੰ ਇੱਕ ਦਮ ਪੁਰਾਣੇ ਦੱਬ ਕੇ ਰੱਖੇ ਹੋਏ ਕੇਸ ਪੁੱਟ ਕੇ ਥਾਣੇ ਦਾ ਦਰਵਾਜ਼ਾ ਵਿਖਾ ਦਿੱਤਾ ਗਿਆ। ਫਿਰ ਉਸ ਦਾ ਅਖਬਾਰਾਂ ਵਿਚ ਬਿਆਨ ਆਇਆ ਕਿ ਜਦੋਂ ਉਸ ਉਤੇ 'ਹਕੂਮਤ ਦਾ ਜਬਰ' ਹੋਣ ਲੱਗਾ ਤਾਂ ਮਨਪ੍ਰੀਤ ਨੇ ਉਸ ਦੀ ਪੈਰਵੀ ਨਹੀਂ ਕੀਤੀ, ਇਸ ਕਰ ਕੇ ਉਹ ਵੱਡੇ ਬਾਦਲ ਤੇ ਉਨ੍ਹਾਂ ਦੇ ਪੁੱਤਰ ਦੀ ਅਗਵਾਈ ਕਬੂਲ ਕਰ ਰਿਹਾ ਹੈ। ਇਹ ਆਪਣੇ ਆਪ ਵਿਚ ਇਸ ਗੱਲ ਦਾ ਇਕਬਾਲ ਕਰਨਾ ਸੀ ਕਿ ਉਹ ਅਗਵਾਈ ਕਬੂਲ ਨਹੀਂ ਕਰ ਰਿਹਾ, ਉਸ ਨੂੰ ਕਬੂਲ ਕਰਨ ਲਈ ਮਜਬੂਰ ਕੀਤਾ ਗਿਆ ਹੈ। ਉਸ ਪਿੱਛੋਂ ਮੁੱਖ ਮੰਤਰੀ ਬਾਦਲ ਦੇ ਛੋਟੇ ਭਰਾ ਗੁਰਦਾਸ ਸਿੰਘ ਬਾਦਲ ਦੇ ਨਾਲ ਕਈ ਸਾਲਾਂ ਤੋਂ ਪ੍ਰਛਾਵੇਂ ਵਾਂਗ ਜੁੜੇ ਹੋਏ ਸੇਵਕ ਨਾਲ ਇਹੋ ਵਿਹਾਰ ਕੀਤਾ ਗਿਆ ਤੇ ਅੰਤ ਨੂੰ ਇੱਕ ਜਲਸੇ ਵਿਚ ਉਸ ਦੇ ਕੋਲੋਂ ਵੀ ਉਹੋ ਐਲਾਨ ਕਰਵਾਇਆ ਗਿਆ, ਜਿਹੜਾ ਚਰਨਜੀਤ ਸਿੰਘ ਨੇ ਕੀਤਾ ਸੀ। ਕੁਝ ਅਕਾਲੀ ਆਗੂਆਂ ਨੇ ਬੜੇ ਬੁਲੰਦ ਬਾਂਗ ਦਾਅਵੇ ਕਰ ਕੇ ਅਕਾਲੀ ਦਲ ਨੂੰ ਛੱਡਿਆ ਸੀ ਅਤੇ ਫਿਰ ਉਨ੍ਹਾਂ ਨੇ ਵਾਪਸੀ ਕੀਤੀ ਜਾਂ ਉਨ੍ਹਾਂ ਨੂੰ ਕਰਨੀ ਪੈ ਗਈ ਸੀ ਅਤੇ ਹਰ ਮਾਮਲੇ ਵਿਚ ਕਹਾਣੀ ਇਹੋ ਦੁਹਰਾਈ ਜਾਣ ਦੀ ਗੱਲ ਲੋਕਾਂ ਵਿਚ ਅੱਜ ਕੱਲ੍ਹ ਚਰਚਾ ਦਾ ਵਿਸ਼ਾ ਬਣੀ ਹੋਈ ਹੈ।

ਹੋਰ ਵਿਵਾਦ ਬਹੁਤ ਹੁੰਦੇ ਸਨ ਪਰ ਪ੍ਰਕਾਸ਼ ਸਿੰਘ ਬਾਦਲ ਦਾ ਨਾਂ ਇਸ ਤਰ੍ਹਾਂ ਦੇ ਕਿਸੇ ਮਾਮਲੇ ਵਿਚ ਪਿਛਲੇ ਸਾਰੇ ਸਾਲਾਂ ਵਿਚ ਕਦੇ ਨਹੀਂ ਸੀ ਜੁੜਿਆ। ਹੁਣ ਜਿਸ ਤਰ੍ਹਾਂ ਹਰ ਕਿਸੇ ਨੂੰ ਦਬਾਅ ਕੇ ਰੱਖਣ ਦੀ ਖੇਡ ਚੱਲ ਰਹੀ ਹੈ, ਇਸ ਨਾਲ ਅਕਾਲੀ ਦਲ ਦੇ ਅੰਦਰਲਾ ਘੁਟਨ ਦਾ ਮਾਹੌਲ ਲੁਕਿਆ ਹੋਇਆ ਨਹੀਂ ਰਿਹਾ। ਚਿਰੰਜੀ ਲਾਲ ਗਰਗ ਵਾਲੇ ਮਾਮਲੇ ਵਿਚ ਤਾਂ ਬਾਦਲ ਸਾਹਿਬ ਨੇ ਗੱਲ ਸੰਭਾਲਣ ਦਾ ਯਤਨ ਕਰ ਲਿਆ, ਭਾਵੇਂ ਗਰਗ ਨੇ ਅਜੇ ਵੀ ਰੋਸਾ ਛੱਡਿਆ ਨਹੀਂ ਤੇ ਆਪਣੀ ਥਾਂ ਅੜਿਆ ਖੜਾ ਹੈ ਪਰ ਅਕਾਲੀ ਦਲ ਵਿਚ ਇਸ ਰਾਜਸੀ ਤਿਕੜਮਬਾਜ਼ੀ ਦੇ ਕਾਰਨ ਅਗਲੇ ਦਿਨੀਂ ਕਈ ਕੁਝ ਹੋਰ ਵਾਪਰਨ ਦੇ ਸੰਕੇਤ ਪੱਤਰਕਾਰੀ ਨਾਲ ਜੁੜੇ ਹਲਕਿਆਂ ਵਿਚ ਸੁਣੇ ਜਾ ਰਹੇ ਹਨ। ਸੁਖਬੀਰ ਬਾਦਲ ਨੂੰ ਕੁਦਰਤ ਦਾ ਇਹ ਨਿਯਮ ਵੀ ਯਾਦ ਨਹੀਂ ਕਿ ਜਦੋਂ ਸਮੁੰਦਰ ਬਿਲਕੁਲ ਖਾਮੋਸ਼ ਹੋਵੇ, ਉਦੋ ਤੂਫਾਨ ਆਉਂਦਾ ਹੁੰਦਾ ਹੈ। ਇੰਜ ਹੀ ਜਿਸ ਪਾਰਟੀ ਅੰਦਰ ਹੱਦੋਂ ਬਾਹਲੀ ਜੀ-ਹਜ਼ੂਰੀ ਦਾ ਮਾਹੌਲ ਬਣ ਜਾਵੇ, ਉਸ ਵਿਚੋਂ ਫਿਰ ਜਗਜੀਵਨ ਰਾਮ ਅਤੇ ਬਹੁਗੁਣੇ ਨਿਕਲਦੇ ਹੁੰਦੇ ਹਨ। ਪੰਜਾਬ ਵਿਚ ਵੀ ਇਹ ਵਾਪਰ ਸਕਦਾ ਹੈ। ਫਿਰ ਵੀ ਸੁਖਬੀਰ ਸਿੰਘ ਬਾਦਲ 5, 25 ਜਾਂ 50 ਸਾਲ ਰਾਜ ਕਰਨ ਦਾ ਸੁਫਨਾ ਦੇਖਦਾ ਹੈ, ਤਾਂ ਇਹ ਉਸ ਦੀ 'ਹਿੰਮਤ' ਹੀ ਹੈ।

## ਕਲੀਆਂ ਦਾ ਬਾਦਸ਼ਾਹ ਮਾਣਕ ਸਪੁਰਦੇ-ਖਾਕ

ਮਾਣਕ ਦੀ ਅੰਤਿਮ ਵਿਦਾਈ ਮੌਕੇ ਮੈਂਬਰ ਪਾਰਲੀਮੈਂਟ ਪਰਮਜੀਤ ਕੌਰ ਗੁਲਸ਼ਨ, ਸਾਬਕਾ ਮੰਤਰੀ ਸਿਕੰਦਰ ਸਿੰਘ ਮਲੂਕਾ, ਵਿਧਾਇਕ ਗੁਰਪ੍ਰੀਤ ਸਿੰਘ ਕਾਂਗੜ, ਵਿਧਾਇਕ ਅਜਾਇਬ ਸਿੰਘ ਭੱਟੀ, ਸਾਬਕਾ ਮੰਤਰੀ ਬਲਵੰਤ ਸਿੰਘ ਰਾਮੂਵਾਲੀਆ ਨੇ ਸ੍ਰੀ ਮਾਣਕ ਨੂੰ ਸ਼ਰਧਾਂਜਲੀ ਭੇਟ ਕਰਦਿਆਂ ਕਿਹਾ ਕਿ ਪੰਜਾਬੀ ਗਾਇਕੀ ਦੇ ਚਮਕਦੇ ਸਿਤਾਰੇ ਦੇ ਚਲੇ ਜਾਣ ਨਾਲ ਪੰਜਾਬੀ ਲੋਕ ਗਾਇਕੀ ਨੂੰ ਨਾ ਪੂਰਾ ਹੋਣ ਵਾਲਾ ਘਾਟਾ ਪਿਆ ਹੈ।

ਇਸ ਮੌਕੇ ਪਹੁੰਚੇ ਕਲਾ ਪ੍ਰੇਮੀ ਜਗਦੇਵ ਸਿੰਘ ਜੱਸੋਵਾਲ, ਗੀਤਕਾਰ ਦੇਵ ਥਰੀਕਿਆਂ ਵਾਲਾ, ਹੰਸ ਰਾਜ ਹੰਸ, ਹਰਭਜਨ ਮਾਨ, ਭਗਵੰਤ ਮਾਨ, ਸੁਰਿੰਦਰ ਛਿੰਦਾ, ਜੇਜ਼ੀ ਬੈਂਸ, ਸਰਦੂਲ ਸਿਕੰਦਰ, ਪੰਮੀ ਬਾਈ, ਮੁਹੰਮਦ ਸਦੀਕ ਨੇ ਕਿਹਾ ਕਿ ਕਲੀਆਂ ਦੇ ਬਾਦਸ਼ਾਹ ਕੁਲਦੀਪ ਮਾਣਕ ਦੇ ਚਲੇ ਜਾਣ ਨਾਲ ਪੰਜਾਬ ਦੀ ਕਿੱਸਾ ਗਾਇਕੀ ਦੇ ਇਕ ਯੁੱਗ ਦਾ ਅੰਤ ਹੋ ਗਿਆ ਹੈ। ਉਨ੍ਹਾਂ ਕਿਹਾ ਕਿ ਸ੍ਰੀ ਮਾਣਕ ਨੂੰ ਸੱਚੀ ਸ਼ਰਧਾਂਜਲੀ ਇਹੀ ਹੋਵੇਗੀ ਕਿ ਪੰਜਾਬੀ ਲੋਕ ਗਾਇਕੀ ਦੀ ਅਮੀਰੀ ਨੂੰ ਬਣਾਈ ਰੱਖੀਏ।

ਸ੍ਰੀ ਮਾਣਕ ਤੇ ਹੋਰ ਪਰਿਵਾਰਕ ਮੈਂਬਰਾਂ ਤੋਂ ਇਲਾਵਾ ਗਾਇਕ ਸਰਬਜੀਤ ਚੀਮਾ, ਗਿੱਪੀ ਗਰੇਵਾਲ, ਹਰਦੀਪ ਗਿੱਲ, ਪਾਲੀ ਦੇਤਵਾਲੀਆ, ਡਾ. ਨਿਰਮਲ ਜੌੜਾ, ਕਰਤਾਰ ਰਮਲਾ, ਜਸਵੰਤ ਸੰਦੀਲਾ, ਗੋਰਾ ਚੱਕ ਵਾਲਾ, ਬਲਵੀਰ ਚੋਟੀਆ, ਬਲਕਾਰ ਸਿੱਧੂ, ਜਗਤਾਰ ਜੱਗੀ, ਨਛੱਤਰ ਗਿੱਲ, ਰਾਜ ਜੁਝਾਰ, ਗਾਇਕ ਹਰਿੰਦਰ ਸੰਧੂ, ਮਨਮੋਹਨ ਵਾਰਿਸ, ਬੂਟਾ ਭਾਈ ਰੂਪਾ, ਦੀਪਾ ਘੋਲੀਆ, ਗੀਤਕਾਰ ਭਿੰਦਰ ਡੱਬਵਾਲੀ, ਅਮਰਦੀਪ ਗਿੱਲ, ਹਰਜੀਤ ਹਰਮਨ, ਕੇ. ਦੀਪ, ਦੇਬੀ ਮਖਸੂਸਪੁਰੀ, ਪ੍ਰੀਤ ਹਰਪਾਲ, ਗੁਰਤੇਜ ਚਿੱਤਰਕਾਰ, ਮੱਖਣ ਬਰਾੜ, ਪਲਵਿੰਦਰ ਧਾਮੀ, ਰਾਜਾ ਸਿੱਧੂ, ਲਵਲੀ ਨਿਰਮਾਣ, ਡਾ. ਪਰਨੀਤ ਕੌਰ ਦਿਉਲ ਸਮੇਤ ਇਲਾਕੇ ਦੀਆਂ ਪੰਚਾਇਤਾਂ ਤੇ ਲੋਕ ਵੱਡੀ ਗਿਣਤੀ ਵਿਚ ਹਾਜ਼ਰ ਸਨ। ਜਲਾਲ ਦੇ ਬਾਜ਼ਾਰ ਮੁਕੰਮਲ ਤੌਰ 'ਤੇ ਬੰਦ ਰਹੇ।

**ਪੰਜਾਬ, ਹਰਿਆਣਾ, ਰਾਜਸਥਾਨ ਵਿਚ ਜਾਇਦਾਦ ਬਣਾਓ**

**ਮਨਚਾਹੀ ਜਾਇਦਾਦ ਖਰੀਦੋ, ਪਲਾਟ ਕਟਵਾਓ**

**ਪਸੰਦ ਵਾਲਾ ਡਿਜ਼ਾਈਨ ਬਣਵਾਓ ਅਤੇ ਵਧੀਆ ਕੰਸਟਰਕਸ਼ਨ ਕਰਵਾਓ**

ਸੰਪਰਕ ਕਰੋ

India Contact
Er. Inderjeet S. Bath
95696-70700

USA Contact
Er. Sukhjit P. Singh
702-287-0347

*Continental Planners and Builders*

*(unit of Geomedia Engineering & Consultancy, Punjab)*

www.geomediaengg.com

A team of qualified professionals

Planners/Engineers/Architects/Surveyors

# Cagla's Auto Repair

*Your Complete Auto Repair Shop*

**1225 W. Northwest Hwy., Palatine, IL 60074**

**Ph:847-963-6363**

ਮੁਕੰਮਲ ਕਾਰ ਰਿਪੇਅਰ ਦੀ ਤੁਹਾਡੀ ਆਪਣੀ ਸ਼ਾਪ



**Free**

**Computer diagnostics with any repairs**

**15% Off**
All Repairs


ਸਹੀ ਤੇ ਭਰੋਸੇਯੋਗ ਕੰਮ
ਬਹੁਤ ਹੀ ਵਾਜਬ ਰੇਟ




**$14.95** *plus tax (up to 5qts)*
With this coupon
Expires 12/31/2011

ਕਿਸੇ ਵੀ ਸਰਵਿਸ ਨਾਲ ਟੋਇੰਗ ਫਰੀ

**Free** Towing with any service







# Has your credit been Naughty or Nice?

ਕੀ ਤੁਹਾਡਾ ਕਰੈਡਿਟ ਖਰਾਬ ਹੈ????

ਤੁਹਾਨੂੰ ਮਾਰਟਗੇਜ, ਕਾਰ ਲੋਨ, ਕਰੈਡਿਟ ਕਾਰਡ ਜਾਂ ਇੰਸ਼ੋਰੈਂਸ ਕਿਸ ਭਾਅ ਮਿਲੇਗੀ, ਇਹ ਸਭ ਤੁਹਾਡੇ ਕਰੈਡਿਟ ਸਕੋਰ ‘ਤੇ ਹੀ ਨਿਰਭਰ ਹੈ।

**We Can Help**

**We specialize in repairing credit reports. We Improve your credit by removing negative items you identify as inaccurate, misleading or unverifiable.** ***Damaging Items include:***

***Bankruptcies *Late Payments *Judgements *Collections**
***Foreclosures *Charge Offs *Garnishments *Repossessions**
***Liens *Partial Payments** ***all credit killers!***

ਅੱਜ ਹੀ ਕਰੈਡਿਟ ਠੀਕ ਕਰਨ ਵਾਲੇ ਮਾਹਰਾਂ ਨੂੰ ਕਾਲ ਕਰੋ

ZiNU CREDIT REPAIR

**Call 1-800-400-ZINU(9468)**

**Visit:www.Zinucreditrepair.com**



# Law Office of Navdeep S. Jhaj

## Immigration Law Attorney

## General Legal Practice

**Estate Planning**
**Personal Injury**
**Bankruptcy**



Navdeep S. Jhaj

Member, American Immigration Lawyers Association

ਅਸੀਂ ਹੇਠ ਲਿਖੀਆਂ ਸੇਵਾਵਾਂ ਮੁਹੱਈਆ ਕਰਦੇ ਹਾਂ

- ਇਮੀਗਰੇਸ਼ਨ
- ਜਨਰਲ ਲਾਅ
- ਪਰਸਨਲ ਇੰਜਰੀ
- ਬੈਂਕਰਪਸੀ
- ਐਸਟੇਟ ਪਲਾਨਿੰਗ

**1930 W Hubbard, 2nd Floor, Chicago, IL 60622**
**Voice: 312.404.8893, Fax: 312.243.2277**
**email: navjhaj@me.com**



# ਨੈਸ਼ਨਲ ਟਰੱਕ ਡਰਾਈਵਿੰਗ ਸਕੂਲ

**National Truck Driving School**

ਸੈਕਰਾਮੈਂਟੋ, ਕੈਲੀਫੋਰਨੀਆ
ਜੋਰਦਾਰ ਮੰਗ ’ਤੇ ਹੁਣ ਯੂਬਾ ਸਿਟੀ ਲੋਕੇਸ਼ਨ ਵੀ ਸ਼ੁਰੂ

**ਓਨਰ ਅਪਰੇਟਰ ਅਤੇ ਡਰਾਈਵਰ ਚਾਹੀਦੇ ਹਨ**
*ਕੰਪਨੀ ਡਰਾਈਵਰ ਨੂੰ 35 ਸੈਂਟ ਪ੍ਰਤੀ ਮੀਲ ਦਿੱਤੇ ਜਾਣਗੇ*

*ਟਰੱਕ ਡਰਾਇਵਿੰਗ ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ
*ਲਾਇਸੈਂਸ ਲੈਣ ਉਪਰੰਤ ਕੰਮ/ਜੌਬ ਦੀ ਗਾਰੰਟੀ
*ਰਿਹਾਇਸ਼ ਦਾ ਵੀ ਖਾਸ ਪ੍ਰਬੰਧ
*2-3 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ



**Call For Special Price**

**Kashmir S. Thandi**
**Office: (866) 933-3038**
**Balhar S. Ranu Cell:916-502-7733**
**Yuba City Ph:530-383-2785**

**4585 Pell Dr. Secramento CA, 95838**

ਪੰਜਾਬ ਟਾਈਮਜ਼

*ਸਨਿਚਰਵਾਰ, 10 ਦਸੰਬਰ 2011*

## ਸਸਤੀ ਸਿਆਸਤ ਅਤੇ ਸਹਿੰਦੜ ਸੰਗਤ

ਬਜ਼ੁਰਗ ਅਕਾਲੀ ਆਗੂ ਅਤੇ ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੂੰ 'ਪੰਥ ਰਤਨ ਫ਼ਖ਼ਰ-ਏ-ਕੌਮ' ਖਿਤਾਬ ਨਾਲ ਨਿਵਾਜਣਾ ਮੂੰਹਜ਼ੋਰ ਸਿਆਸਤ ਦਾ ਸ਼ਾਇਦ ਸਭ ਤੋਂ ਸਸਤਾ ਸਿਆਸੀ ਸਟੰਟ ਹੈ। ਇਸ ਸਿਆਸੀ ਸਟੰਟ ਦਾ ਬਾਦਲਕਿਆਂ ਦੇ ਟੱਬਰ ਨੂੰ ਕੋਈ ਸਿਆਸੀ ਲਾਹਾ ਨਹੀਂ ਮਿਲਣਾ ਅਤੇ ਇਸ ਸਟੰਟ ਦੀ ਮੁਖ਼ਾਲਫ਼ਤ ਕਰਨ ਵਾਲਿਆਂ ਦਾ ਕੋਈ ਸਿਆਸੀ ਨੁਕਸਾਨ ਵੀ ਨਹੀਂ ਹੋਣਾ। ਮੁੱਕਦੀ ਗੱਲ ਤਾਂ ਇਹ ਹੈ ਕਿ ਇਕੀਵੀਂ ਸਦੀ ਦੇ ਦੂਜੇ ਦਹਾਕੇ ਦਾ ਇਹ ਜਗੀਰਦਾਰੀ ਫੈਸਲਾ ਸਾਨੂੰ ਆਉਣ ਵਾਲੇ ਸਮੇਂ ਲਈ ਖ਼ਬਰਦਾਰ ਜ਼ਰੂਰ ਕਰ ਰਿਹਾ ਹੈ। ਜਿਸ ਵੇਲੇ ਮੁੱਖ ਮੰਤਰੀ ਨੂੰ ਇਸ ਖਿਤਾਬ ਨਾਲ ਨਿਵਾਜਣ ਦੀਆਂ ਤਿਆਰੀਆਂ ਨੂੰ ਆਖ਼ਰੀ ਛੋਹਾਂ ਦਿੱਤੀਆਂ ਜਾ ਰਹੀਆਂ ਸਨ, ਉਸ ਵੇਲੇ ਮੁੱਖ ਮੰਤਰੀ ਦੀ ਨੂੰਹ ਅਤੇ ਸੰਸਦ ਮੈਂਬਰ ਹਰਸਿਮਰਤ ਕੌਰ ਬਾਦਲ ਦੇ ਇਕ ਸਮਾਗਮ ਵਿਚ ਇਕ ਅਧਿਆਪਕਾ ਨੂੰ ਪਿੰਡ ਦੌਲਾ ਦਾ ਸਰਪੰਚ ਅਤੇ ਅਕਾਲੀ ਚੌਧਰੀ ਚੁਪੇੜਾਂ ਮਾਰ ਰਿਹਾ ਸੀ। ਸਿਤਮਜ਼ਰੀਫੀ ਇਹ ਕਿ ਹਰਸਿਮਰਤ ਨੇ ਇਸ ਘਟਨਾ ਬਾਰੇ ਪਤਾ ਲੱਗਣ 'ਤੇ ਇਸ ਨੂੰ ਵਿਰੋਧੀਆਂ ਦੀ ਕੋਈ ਚਾਲ ਦੱਸਿਆ! ਅਧਿਆਪਕਾ ਆਪਣੇ ਹੋਰ ਸਾਥੀਆਂ ਨਾਲ ਹਰਸਿਮਰਤ ਨੂੰ ਇਹ ਯਾਦ ਕਰਵਾਉਣ ਆਈ ਸੀ ਕਿ ਉਨ੍ਹਾਂ ਨਾਲ ਪੱਕੀ ਨੌਕਰੀ ਬਾਰੇ ਕੀਤਾ ਵਾਅਦਾ ਤੋੜ ਨਿਭਾਇਆ ਜਾਵੇ। ਕੈਪਟਨ ਅਮਰਿੰਦਰ ਸਿੰਘ ਦੀ ਪਿਛਲੀ ਸਰਕਾਰ ਵੇਲੇ ਰੁਜ਼ਗਾਰ ਲਈ ਸੰਘਰਸ਼ ਕਰ ਰਹੀ ਹਰ ਜਥੇਬੰਦੀ ਦੀ ਸਟੇਜ ਉਤੇ ਜਾ ਕੇ ਬਾਦਲ ਦੇ ਫ਼ਰਜ਼ੰਦ ਸੁਖਬੀਰ ਸਿੰਘ ਬਾਦਲ ਨੇ ਵਾਅਦੇ ਕੀਤੇ ਸਨ ਕਿ ਅਕਾਲੀ ਸਰਕਾਰ ਆਉਣ 'ਤੇ ਉਨ੍ਹਾਂ ਦੀਆਂ ਮੰਗਾਂ ਪੂਰੀਆਂ ਕਰ ਦਿੱਤੀਆਂ ਜਾਣਗੀਆਂ ਪਰ ਇਹ ਵਾਅਦਾ 5 ਸਾਲਾਂ ਵਿਚ ਵੀ ਵਫ਼ਾ ਨਾ ਹੋਇਆ।

ਨਿਗੂਣੀਆਂ ਮੰਗਾਂ ਲਈ ਬੇਰੁਜ਼ਗਾਰਾਂ ਨਾਲ ਇਹ ਤੱਦੀ ਕੋਈ ਪਹਿਲੀ ਵਾਰ ਨਹੀਂ ਹੋਈ ਹੈ। ਬਹੁਤ ਥਾਈਂ ਲਾਠੀਆਂ ਵਰ੍ਹਾਈਆਂ ਗਈਆਂ। ਹੁਣ ਵਾਂਗ ਕੁੜੀਆਂ ਨਾਲ ਵੀ ਲਿਹਾਜ਼ ਨਹੀਂ ਕੀਤਾ ਗਿਆ। ਪੁਲਿਸ ਵਾਲਿਆਂ ਨੇ ਇਨ੍ਹਾਂ ਬੇਰੁਜ਼ਗਾਰਾਂ ਦੇ ਇਉਂ ਆਹੂ ਲਾਹੇ ਜਿਵੇਂ ਉਹ ਕਿਸੇ ਦੁਸ਼ਮਣ ਨਾਲ ਆਢਾ ਲਾ ਰਹੇ ਹੋਣ। ਗੁਰੂਆਂ ਦੇ ਵਰੋਸਾਏ ਪੰਜਾਬ ਵਿਚ ਅਜੇ ਤੱਕ ਇਹ ਦੇਖਣ-ਸੁਣਨ ਨੂੰ ਨਹੀਂ ਮਿਲਿਆ ਕਿ ਸੁਰੱਖਿਆ ਬਲਾਂ ਨੇ ਇਉਂ ਬੇਕਸੂਰਾਂ ਉਤੇ ਜ਼ੁਲਮ ਢਾਹੁਣ ਤੋਂ ਇਨਕਾਰ ਕੀਤਾ ਹੋਵੇ। ਚੇਤੇ ਰਹੇ ਕਿ ਇਸਰਾਈਲੀ ਫੌਜ ਦੀ ਇਕ ਪੂਰੀ ਟੁਕੜੀ ਨੇ ਬੇਕਸੂਰ ਫਲਸਤੀਨੀਆਂ ਉਤੇ ਗੋਲੀ ਚਲਾਉਣ ਤੋਂ ਇਨਕਾਰ ਕਰ ਦਿੱਤਾ ਸੀ। ਪੰਜਾਬ ਵਿਚ ਤਾਂ ਪਿਛਲੇ ਸਮੇਂ ਦੌਰਾਨ ਆਹੂ ਲਾਹੁਣ ਵਾਲੀ ਗੱਲ ਇਸ ਤੋਂ ਵੀ ਅਗਾਂਹ ਨਿਕਲ ਗਈ ਹੈ। ਪੁਲਿਸ ਨੇ ਜਿਹੜੀ ਤੱਦੀ ਕੀਤੀ ਸੋ ਕੀਤੀ, ਅਕਾਲੀ ਆਗੂਆਂ ਨੇ ਖ਼ੁਦ ਅੱਗੇ ਹੋ ਕੇ ਨੌਜਵਾਨਾਂ ਨੂੰ ਲਾਠੀਆਂ-ਮੁੱਕਿਆਂ ਨਾਲ ਝੰਬਿਆ। ਮਲੋਟ ਦੇ ਇਕ ਪਿੰਡ ਵਿਚ ਬਿਊਟੀ ਪਾਰਲਰ ਦੇ ਬਹਾਨੇ ਗਲਤ ਕੰਮ ਕਰ ਰਹੇ ਲੋਕਾਂ ਨੂੰ ਡੱਕਣ ਦਾ ਜੇਰਾ ਕਰਨ ਵਾਲੇ ਅਧਿਆਪਕ ਨੂੰ ਪਿੰਡ ਦੇ ਸਰਪੰਚ ਨੇ ਮੂੰਹ ਕਾਲਾ ਕਰਕੇ ਘੁਮਾਇਆ। ਸਾਬਕਾ ਮੰਤਰੀ ਸਿਕੰਦਰ ਸਿੰਘ ਮਲੂਕਾ ਵੱਲੋਂ ਬਠਿੰਡੇ ਨੌਜਵਾਨਾਂ ਉਤੇ ਕੀਤੇ ਹਮਲੇ ਦੀਆਂ ਤਸਵੀਰਾਂ ਵੀ ਸਾਰੇ ਜੱਗ ਨੇ ਦੇਖੀਆਂ ਸਨ। ਸਿਆਸੀ ਪੰਡਿਤ ਰਾਇ ਦੇ ਰਹੇ ਹਨ ਕਿ ਇਹ ਸਾਰਾ ਕੁਝ ਸਿਆਸਤ ਵਿਚ ਭਾਰੂ ਹੋ ਰਹੇ ਜਗੀਰੂ ਲੱਛਣਾਂ ਦੀਆਂ ਅਲਾਮਤਾਂ ਹਨ। ਬਾਦਲਕਿਆਂ ਨੇ ਸਿਆਸਤ ਨੂੰ ਤੋੜ-ਮਰੋੜ ਕੇ ਇਉਂ ਖੀਸੇ ਵਿਚ ਪਾ ਲਿਆ ਹੈ ਕਿ ਕਹਿਣ-ਸੁਣਨ ਵਾਲੀ ਕੋਈ ਗੱਲ ਹੀ ਨਹੀਂ ਰਹਿ ਗਈ। ਇਸ ਸਿਆਸੀ ਜਗੀਰੂ ਹੈਂਕੜ ਦੇ ਤੂੰਬੇ ਉਡਾਉਣ ਵਾਲਾ ਕੋਈ ਨਹੀਂ ਨਿੱਤਰ ਰਿਹਾ। ਮਨਪ੍ਰੀਤ ਸਿੰਘ ਬਾਦਲ ਵੀ ਇਸ ਗਲੀ ਵਿਚ ਨਹੀਂ ਵੜ ਰਿਹਾ। ਬਾਦਲਕਿਆਂ ਦਾ ਵਿਰੋਧ ਕਰਨ ਵਾਲੇ ਪੰਥ-ਪ੍ਰੇਮੀ ਸਿਰਫ ਬਾਦਲਕਿਆਂ ਦੇ ਵਿਰੋਧ ਤੱਕ ਹੀ ਸੀਮਤ ਹਨ। ਇੰਨੇ ਸਾਲਾਂ ਦੀ ਸਿਆਸਤ ਦੌਰਾਨ ਵੀ ਉਨ੍ਹਾਂ ਤੋਂ ਸਿਆਸੀ ਜਗੀਰੂ ਹੈਂਕੜ ਨੂੰ ਤੋੜਨਾ ਤਾਂ ਦੂਰ, ਇਸ ਨੂੰ ਤੋੜਨ ਬਾਰੇ ਸੋਚਿਆ ਵੀ ਨਹੀਂ ਜਾ ਸਕਿਆ।

ਸਾਲ 1997 ਵਿਚ ਜਦੋਂ ਪ੍ਰਕਾਸ਼ ਸਿੰਘ ਬਾਦਲ ਸੱਤਾ ਵਿਚ ਆਏ ਸਨ ਤਾਂ ਉਨ੍ਹਾਂ ਨੇ ਲੋਕਾਂ ਨੂੰ ਮਹਾਰਾਜਾ ਰਣਜੀਤ ਸਿੰਘ ਵਰਗਾ ਰਾਜ ਦੇਣ ਦਾ ਵਾਅਦਾ ਕੀਤਾ ਸੀ। ਪੰਜ ਸਾਲ ਉਹ ਅਤੇ ਪੰਜ ਸਾਲ ਹੁਣ ਵਾਲੇ ਲੰਘ ਗਏ ਹਨ, ਲੋਕਾਂ ਨੂੰ ਉਸ ਰਾਜ ਦੇ ਦਰਸ਼ਨ ਤੱਕ ਨਸੀਬ ਨਹੀਂ ਹੋਏ। ਅਜੇ ਤੱਕ ਸਵਾਲ ਤਾਂ ਇਹ ਵੀ ਹੈ ਕਿ ਮਹਾਰਾਜਾ ਰਣਜੀਤ ਸਿੰਘ ਵਰਗੇ ਰਾਜ ਤੋਂ ਉਨ੍ਹਾਂ ਦੀ ਮੁਰਾਦ ਕੀ ਸੀ? ਜੇ ਪੰਥ ਅਤੇ ਪੰਜਾਬ ਦੇ ਨੁਕਤਿਆਂ ਤੋਂ ਵਿਚਾਰ ਕਰੀਏ ਤਾਂ ਮਹਾਰਾਜਾ ਰਣਜੀਤ ਸਿੰਘ ਨੇ ਆਪਣੀ ਜਗੀਰੂ ਪਹੁੰਚ ਕਰਕੇ ਪੰਥ ਦਾ ਨੁਕਸਾਨ ਹੀ ਵੱਧ ਕੀਤਾ। ਸੰਗਤ ਨੂੰ ਗੁਰੂ ਤੇ ਪੰਥ ਨਾਲ ਜੋੜਨ ਦੀ ਥਾਂ ਸਾਰਾ ਜ਼ੋਰ ਗੁਰਦੁਆਰਿਆਂ ਦੀ ਉਸਾਰੀ 'ਤੇ ਲਾ ਦਿੱਤਾ। ਹੁਣ ਵੀ ਤਾਂ ਪੰਥ ਦਾ ਸਭ ਤੋਂ ਵੱਧ ਨੁਕਸਾਨ ਪ੍ਰਕਾਸ਼ ਸਿੰਘ ਬਾਦਲ ਹੀ ਕਰ ਰਹੇ ਹਨ! ਅਕਾਲੀ ਦਲ ਉਤੇ ਆਪਣੇ ਟੱਬਰ ਅਤੇ ਧਾਰਮਿਕ ਸੰਸਥਾਵਾਂ ਉਪਰ ਸਿਆਸਤ ਦਾ ਕਬਜ਼ਾ ਕਰਕੇ ਇਸ ਸ਼ਖ਼ਸ ਨੇ ਪੰਥ ਅਤੇ ਪੰਜਾਬ ਨੂੰ ਲੀਹੋਂ ਲਾਹ ਘੱਤਿਆ ਹੈ। ਸਭ ਤੋਂ ਮਾੜੀ ਗੱਲ ਇਹ ਹੋਈ ਹੈ ਕਿ ਇਸ ਸ਼ਖ਼ਸ ਦੀ ਇਸ ਸਸਤੀ ਸਿਆਸਤ ਵੱਲ ਸੰਗਤ ਦਾ ਰਵੱਈਆ ਵੀ ਸਹਿੰਦੜਾਂ ਵਾਲਾ ਹੋ ਗਿਆ ਹੈ। ਬਾਦਲਕਿਆਂ ਦਾ ਵਿਰੋਧ ਕਰਨ ਵਾਲਿਆਂ ਦਾ ਹਾਲ ਇਹ ਜਾਪਦਾ ਹੈ ਕਿ ਇਨ੍ਹਾਂ ਨੂੰ ਅਜੇ ਤੱਕ ਬਾਦਲਕਿਆਂ ਦੀਆਂ ਸਿਆਸੀ ਚਾਲਾਂ ਦੀ ਹੀ ਸਮਝ ਨਹੀਂ ਪੈ ਰਹੀ। ਇਸ ਸੂਰਤ ਵਿਚ ਕੋਈ ਲੜਾਈ ਵੀ ਵਿੱਢੀ ਜਾ ਸਕਦੀ ਹੈ? ਇਹ ਵੀ ਇਕ ਵਡਾ ਸਵਾਲ ਹੀ ਹੈ। ਜਿੰਨੀ ਦੇਰ ਤੱਕ ਇਸ ਤੰਦ-ਤਾਣੇ ਦੀ ਸਮਝ ਨਹੀਂ ਪੈਂਦੀ, ਉਦੋਂ ਤੱਕ ਬੇੜੀ ਕਿਸੇ ਤਣ-ਪੱਤਣ ਨਹੀਂ ਲੱਗ ਸਕਦੀ। ਅੱਜ ਸਭ ਤੋਂ ਵੱਡੀ ਵੰਗਾਰ ਇਸ ਸਸਤੀ ਸਿਆਸਤ ਅਤੇ ਦਿਨ-ਬ-ਦਿਨ ਸਹਿੰਦੜ ਹੋ ਰਹੀ ਸੰਗਤ ਨੂੰ ਠਕੋਰਨ ਦੀ ਹੈ। ਇਹ ਅਹਿਮ ਰੋਲ ਕਿਸ ਨੇ ਅਤੇ ਕਿਸ ਤਰ੍ਹਾਂ ਨਿਭਾਉਣਾ ਹੈ? ਇਸ ਦਾ ਜਵਾਬ ਫਿਲਹਾਲ ਵਕਤ ਦੇ ਗਰਭ ਵਿਚ ਪਿਆ ਹੈ। ਆ ਰਹੀਆਂ ਚੋਣਾਂ ਵੀ ਸ਼ਾਇਦ ਪੱਥਰ ਹੋ ਗਏ ਇਸ ਵਕਤ ਨੂੰ ਭੰਨ ਨਾ ਸਕਣ, ਕਿਉਂਕਿ ਅਜੇ ਤੱਕ ਕਿਸੇ ਲੀਹ-ਪਾੜਵੀਂ ਸਿਆਸਤ ਦੀ ਕੋਈ ਸ਼ਨਾਖ਼ਤ ਨਹੀਂ ਹੋਈ ਹੈ। ਉਦੋਂ ਤੱਕ ਸਹਿੰਦੜ ਸੰਗਤ ਨੂੰ ਉਲਾਂਭਾ ਅਤੇ ਸਸਤੀ ਸਿਆਸਤ ਦੇ ਗੜ੍ਹ ਦੇ ਤੂੰਬੇ ਉਡ ਜਾਣ ਲਈ ਵਾਹਿਗੁਰੂ ਅੱਗੇ ਅਰਦਾਸ...!

### ਠਾਹ-ਸੋਟਾ

-ਚਾਚਾ ਬੇਲਿਹਾਜ਼

*ਮਾਨਕ ਦੀ ਯਾਦ ਵਿਚ!*

ਉਹਦੇ ਜਿਹੇ ਤਾਂ ਓਹੀ ਸੀ ਸੱਚ ਜਾਣੋ, 'ਮਾਨਕ' ਨਾਮ ਕਈ ਹੋਰ ਰਖਾਈ ਫਿਰਦੇ।
ਕਲੀਆਂ ਹਿੱਕ ਦੇ ਜ਼ੋਰ 'ਤੇ ਰਿਹਾ ਗਾਉਂਦਾ, ਗਾਇਕ ਸਿੰਗਰਾਂ ਨਾਲ ਨਚਾਈ ਫਿਰਦੇ।
ਤੂੰਬੀ ਉਹੋ ਜਿਹੀ ਕਿਸੇ ਦੀ ਟੁਣਕਦੀ ਨਾ, ਡੰਡੇ ਬੱਡਾਂ ਵਿਚ ਕਈ ਫਸਾਈ ਫਿਰਦੇ।
ਤਰਲੇ ਸਾਹਿਬਾਂ ਦੇ ਦਰਦ ਦੇ ਨਾਲ ਗਾਏ, ਕਈ ਮਿਰਜੇ ਦੀ ਬੱਕੀ ਭਜਾਈ ਫਿਰਦੇ।
ਧੀਦੋ ਰਾਂਝੇ ਦੇ ਮੁੰਦਰਾਂ ਕੌਣ ਪਾਊ? ਗੋਰਖ ਨਾਥ ਦੀ ਕਰੀ ਚੜ੍ਹਾਈ ਫਿਰਦੇ।
ਮਾਨਕ ਇਕੋ ਸੀ ਪਿੰਡ ਜਲਾਲ ਵਾਲਾ, ਕਲਾ-ਪਾਰਖੂ ਗੱਲ ਮੁਕਾਈ ਫਿਰਦੇ।

# ਖੇਤੀ ਤੇ ਕਿਸਾਨੀ ਦਾਅ ਉਤੇ

*ਪੰਜਾਬ ਹੀ ਨਹੀਂ, ਫਿਲਹਾਲ ਸਮੁੱਚੇ ਭਾਰਤ ਦੀ ਬਹੁਤੀ ਵਸੋਂ ਖੇਤੀ ਉਤੇ ਨਿਰਭਰ ਹੈ ਪਰ ਪਿਛਲੇ ਦੋ ਦਹਾਕਿਆਂ ਦੀਆਂ ਨਵੀਆਂ ਆਰਥਿਕ ਨੀਤੀਆਂ ਨਾਲ ਖੇਤੀ ਦਾ ਕੰਮ-ਧੰਦਾ ਬਰਕਰਾਰ ਰਹਿਣ 'ਤੇ ਹੀ ਸਵਾਲੀਆ ਚਿੰਨ੍ਹ ਲੱਗ ਗਿਆ ਹੈ। ਵਿਕਾਸ ਨਾਲ ਭਾਵੇਂ ਵੱਖ ਵੱਖ ਖੇਤਰਾਂ ਵਿਚ ਲਗਾਤਾਰ ਤਬਦੀਲੀ ਵਾਪਰਦੀ ਰਹੀ ਹੈ ਅਤੇ ਅਗਾਂਹ ਵੀ ਅਜਿਹਾ ਹੀ ਹੋਣਾ ਹੈ ਪਰ ਕਿਸਾਨਾਂ ਨੂੰ ਵਿਕਾਸ ਦੇ ਨਾਂ 'ਤੇ ਉਨ੍ਹਾਂ ਦੇ ਹਾਲ ਉਤੇ ਹੀ ਛੱਡ ਦੇਣਾ ਕਿਸੇ ਵੀ ਤਰ੍ਹਾਂ ਜਾਇਜ਼ ਨਹੀਂ। ਭਾਰਤ ਦੇ ਲੀਡਰ ਰੀਸ ਤਾਂ ਅਮਰੀਕੀ ਨੀਤੀਆਂ ਦੀ ਕਰ ਰਹੇ ਹਨ ਪਰ ਇਹ ਗੱਲ ਸੁਣਨ ਨੂੰ ਉਹ ਤਿਆਰ ਹੀ ਨਹੀਂ ਹਨ ਕਿ ਅਮਰੀਕਾ ਆਪਣੇ ਕਿਸਾਨਾਂ ਦੇ ਹਿਤਾਂ ਦੀ ਰਾਖੀ ਲਈ ਕਿਸ ਪੱਧਰ ਤੱਕ ਚਲਾ ਜਾਂਦਾ ਹੈ। ਭਾਰਤੀ ਲੀਡਰਾਂ ਨੇ ਬਿਨਾ ਕਿਸੇ ਸੋਚ-ਵਿਚਾਰ ਦੇ ਖੇਤੀ ਅਤੇ ਕਿਸਾਨੀ ਨੂੰ ਦਾਅ 'ਤੇ ਲਾ ਦਿੱਤਾ ਹੈ। ਪੰਜਾਬ ਅਤੇ ਭਾਰਤ ਵਿਚ ਆਉਣ ਵਾਲਾ ਸਮਾਂ ਪਹਿਲਾਂ ਹੀ ਸੰਕਟ ਵਿਚ ਘਿਰੀ ਕਿਸਾਨੀ ਨੂੰ ਹੋਰ ਵੀ ਭਿਅੰਕਰ ਰੂਪ ਵਿਚ ਟੱਕਰਨ ਵਾਲਾ ਹੈ। ਗੁਰਪ੍ਰੀਤ ਦਬੜ੍ਹੀਖਾਨਾ ਨੇ ਇਸੇ ਨੁਕਤੇ ਤੋਂ ਇਸ ਲੇਖ ਵਿਚ ਚਰਚਾ ਕੀਤੀ ਹੈ। -ਸੰਪਾਦਕ*

■ ਗੁਰਪ੍ਰੀਤ ਦਬੜ੍ਹੀਖਾਨਾ*

ਅੱਜ ਸਮੁੱਚਾ ਭਾਰਤ, ਖਾਸ ਕਰਕੇ ਦੇਸ਼ ਦੀ ਖੇਤੀ ਆਪਣੀ ਹੋਂਦ ਦੇ ਸੰਕਟ ਨਾਲ ਦੋ-ਚਾਰ ਹੋ ਰਹੀ ਹੈ। ਨਵ-ਉਦਾਰਵਾਦੀ ਨੀਤੀਆਂ ਦੀਆਂ ਪੈਰੋਕਾਰ ਸਮੇਂ ਦੀਆਂ ਸਰਕਾਰਾਂ ਸਾਡੀ ਖੇਤੀ ਖੁਦਮੁਖਤਾਰੀ, ਖੁਰਾਕ ਸੁਰੱਖਿਆ ਅਤੇ ਦੇਸ਼ ਦੀ ਆਜ਼ਾਦੀ ਨੂੰ ਮੌਨਸੈਂਟੋ, ਡਿਊਪੌਂਟ, ਕਾਰਗਿਲ, ਬਾਇਰ, ਵਾਲਮਾਰਟ, ਪੈਪਸੀ ਅਤੇ ਕੋਕ ਆਦਿ ਕਈ ਬਹੁਕੌਮੀ ਕਾਰਪੋਰੇਸ਼ਨਾਂ ਦੇ ਹੱਥ ਵੇਚਣ 'ਤੇ ਤੁਲੀਆਂ ਹੋਈਆਂ ਹਨ।


ਸੰਸਾਰ ਬੈਂਕ ਅਤੇ ਆਈ.ਐਮ.ਐਫ. (ਕੌਮਾਂਤਰੀ ਮੁਦਰਾ ਫੰਡ) ਵਰਗੀਆਂ ਕੌਮਾਂਤਰੀ ਵਿੱਤੀ ਸੰਸਥਾਵਾਂ ਬਹੁਤ ਹੀ ਘਿਨਾਉਣੀਆਂ ਸ਼ਰਤਾਂ 'ਤੇ ਗਰੀਬ ਅਤੇ ਵਿਕਾਸਸ਼ੀਲ ਦੇਸ਼ਾਂ ਨੂੰ ਕਰਜ਼ਾ ਦਿੰਦੀਆਂ ਹਨ ਜਿਨ੍ਹਾਂ ਸਦਕੇ ਸਬੰਧਿਤ ਦੇਸ਼ਾਂ ਦੇ ਆਮ ਲੋਕ ਹਰ ਪੱਖੋਂ ਖ਼ੁਦ ਨੂੰ ਮਜਬੂਰ, ਕੰਗਾਲ, ਬੇਵਸ ਅਤੇ ਠੱਗਿਆ ਹੋਇਆ ਮਹਿਸੂਸ ਕਰਦੇ ਹਨ। ਕਰਜ਼ੇ ਦੀਆਂ ਸ਼ਰਤਾਂ ਅਨੁਸਾਰ ਸਬੰਧਿਤ ਦੇਸ਼ਾਂ ਦੀ ਖੇਤੀ, ਭੂਮੀ, ਪਾਣੀ, ਕੱਚਾ ਤੇਲ, ਲੋਹਾ, ਤਾਂਬਾ, ਕਾਪਰ, ਬਾਕਸਾਈਟ ਆਦਿ ਕੁਦਰਤੀ ਸੋਮਿਆਂ ਦੀ ਅੰਨ੍ਹੀ ਲੁੱਟ ਕੀਤੀ ਜਾਂਦੀ ਹੈ।

ਬੀਜ ਐਕਟ, ਬਾਇਓ ਟੈਕਨੋਲੋਜੀ, ਰੈਗੂਲੇਟਰੀ ਅਥਾਰਟੀ ਆਫ ਇੰਡੀਆ ਐਕਟ ਅਤੇ ਕੰਪਨੀਆਂ ਪੱਖੀ ਪੇਟੈਂਟ ਐਕਟ ਆਦਿ ਵਰਗੇ ਕਾਲੇ ਕਾਨੂੰਨਾਂ ਦੀ ਵਿਵਸਥਾ ਕੀਤੀ ਜਾਂਦੀ ਹੈ। ਇਥੇ ਹੀ ਬਸ ਨਹੀਂ, ਸਗੋਂ ਸੰਸਾਰ ਬੈਂਕ ਦੀਆਂ ਕਠਪੁਤਲੀ ਸਰਕਾਰਾਂ ਬਹੁਕੌਮੀ ਕਾਰਪੋਰੇਸ਼ਨਾਂ ਨੂੰ ਤੁਰੰਤ ਫਾਇਦਾ ਪਹੁੰਚਾਉਣ ਲਈ ਰਾਤੋ-ਰਾਤ ਆਰਡੀਨੈਂਸ ਜਾਰੀ ਕਰਕੇ ਖੇਤੀ ਨਾਲ ਸਬੰਧਿਤ ਕੁਝ ਖੇਤਰਾਂ ਵਿਚ 100 ਫੀਸਦ ਸਿੱਧੇ ਵਿਦੇਸ਼ੀ ਨਿਵੇਸ਼ ਨੂੰ ਮਨਜ਼ੂਰੀ ਦੇ ਦਿੰਦੀਆਂ ਹਨ। ਇਸ ਸਾਲ 31 ਮਾਰਚ ਨੂੰ ਸਾਡੇ ਦੇਸ਼ ਵਿਚ ਇੰਜ ਹੀ ਵਾਪਰਿਆ ਸੀ। ਭਾਰਤ ਦੀ ਕੇਂਦਰ ਸਰਕਾਰ ਨੇ ਬਿਨਾਂ ਸੰਸਦ ਨੂੰ ਭਰੋਸੇ ਵਿਚ ਲਏ ਰਾਤੋ-ਰਾਤ ਆਰਡੀਨੈਂਸ ਜਾਰੀ ਕਰਕੇ ਭਾਰਤੀ ਖੇਤੀ ਵਿਚ ਫਲ-ਸਬਜ਼ੀਆਂ ਉਗਾਉਣ, ਮੱਛੀਆਂ ਪਾਲਣ, ਫੁੱਲਾਂ ਦੀ ਖੇਤੀ ਕਰਨ ਅਤੇ ਬੀਜਾਂ ਦੇ ਕਾਰੋਬਾਰ ਵਿਚ 100 ਫੀਸਦ ਸਿੱਧੇ ਵਿਦੇਸ਼ੀ ਨਿਵੇਸ਼ ਨੂੰ ਮਨਜ਼ੂਰੀ ਦੇ ਦਿੱਤੀ ਸੀ। ਇਸ ਦਾ ਸਿੱਧਾ ਜਿਹਾ ਅਤੇ ਸਪੱਸ਼ਟ ਅਰਥ ਇਹ ਹੈ ਕਿ ਭਾਰਤੀ ਖੇਤੀ ਦੇ ਕੰਪਨੀਕਰਨ ਵੱਲ ਸਰਕਾਰ ਨੇ ਵੱਡਾ ਕਦਮ ਪੁੱਟ ਲਿਆ ਹੈ। ਮੌਨਸੈਂਟੋ ਅਤੇ ਇਸ ਵਰਗੀਆਂ ਹੋਰ ਬਹੁਕੌਮੀ ਕਾਰਪੋਰੇਸ਼ਨਾਂ ਦੇ ਹਿੱਤ ਸਾਧਣ 'ਚ ਜੁਟੀਆਂ ਹੋਈਆਂ ਸਰਕਾਰਾਂ ਇਕ ਲੰਮੇ ਅਰਸੇ ਤੋਂ ਅਜਿਹੀਆਂ ਖੇਤੀ ਨੀਤੀਆਂ ਲਾਗੂ ਕਰਦੀਆਂ ਆ ਰਹੀਆਂ ਹਨ ਜਿਨ੍ਹਾਂ ਦੇ ਅੰਤਿਮ ਸਿੱਟੇ ਵਜੋਂ ਬਹੁ-ਗਿਣਤੀ ਕਿਸਾਨ ਖੇਤੀ ਵਿਚੋਂ ਆਪਣੇ-ਆਪ ਬਾਹਰ ਹੋ ਜਾਣਗੇ।

ਖੇਤੀ ਦਾ ਵੱਡੀ-ਪੱਧਰ 'ਤੇ ਮਸ਼ੀਨੀਕਰਨ ਰਸਾਇਣਕ ਖੇਤੀ ਦੀ ਇਕ ਹੋਰ ਅਹਿਮ ਵਿਸ਼ੇਸ਼ਤਾ ਰਹੀ ਹੈ। ਖੇਤੀ ਦੇ ਲਗਾਤਾਰ ਮਸ਼ੀਨੀਕਰਨ ਨੇ ਸਾਡੇ ਖੇਤਾਂ ਵਿਚੋਂ ਹੌਲੀ-ਹੌਲੀ ਮਜ਼ਦੂਰਾਂ ਨੂੰ ਬਾਹਰ ਦਾ ਰਸਤਾ ਦਿਖਾਉਣਾ ਸ਼ੁਰੂ ਕਰ ਦਿੱਤਾ ਹੈ। ਇਹ ਭਾਰਤੀ ਖੇਤੀ ਉਤੇ ਕੰਪਨੀਆਂ ਦੇ ਕਬਜ਼ੇ ਵੱਲ ਦੂਜਾ ਕਦਮ ਸੀ। ਆਰੰਭ ਵਿਚ ਵਹਾਈ-ਬਿਜਾਈ ਵਾਲੀਆਂ ਮਸ਼ੀਨਾਂ ਲਿਆਂਦੀਆਂ ਗਈਆਂ। ਇਨ੍ਹਾਂ ਨੇ ਬਹੁਤ ਹੀ ਛੋਟੇ ਪੱਧਰ 'ਤੇ ਖੇਤ ਮਜ਼ਦੂਰਾਂ ਨੂੰ ਪ੍ਰਭਾਵਿਤ ਕੀਤਾ। ਖੇਤ ਦੀ ਵਹਾਈ-ਬਿਜਾਈ ਦੇ ਕੰਮਾਂ ਵਿਚੋਂ ਮਜ਼ਦੂਰਾਂ ਦੀ ਛੁੱਟੀ ਹੋ ਗਈ, ਹਾਲਾਂਕਿ ਉਨ੍ਹਾਂ ਦੇ ਖੇਤੀ ਵਿਚੋਂ ਬਾਹਰ ਹੋਣ ਦੀ ਨੌਬਤ ਨਹੀਂ ਸੀ ਆਈ ਪਰ ਕੰਪਨੀਆਂ ਨੂੰ ਆਪਣੇ ਮਨਸੂਬੇ ਤੋੜ ਚੜ੍ਹਾਉਣ ਵਿਚ ਆਰੰਭਕ ਸਫਲਤਾ ਜ਼ਰੂਰ ਮਿਲ ਗਈ।

ਸਾਡੀਆਂ ਸਰਕਾਰਾਂ ਅਤੇ ਬਹੁਕੌਮੀ ਕੰਪਨੀਆਂ ਦਾ ਨਾ-ਪਾਕ ਗਠਜੋੜ ਇਥੇ ਹੀ ਨਹੀਂ ਰੁਕਿਆ। ਹੁਣ ਉਨ੍ਹਾਂ ਨੇ ਖੇਤੀ ਵਿਚ ਬਚੀ-ਖੁਚੀ ਕਿਰਤ ਵੀ ਖੁੱਡੇ ਲਾਉਣ ਦਾ ਇਰਾਦਾ ਕਰ ਲਿਆ ਅਤੇ ਖੇਤੀ ਵਿਚ ਨਦੀਨ ਨਾਸ਼ਕ ਰੂਪੀ ਜ਼ਹਿਰਾਂ ਦੀ ਆਮਦ ਹੋ ਗਈ। ਨਤੀਜਨ, ਖੇਤੀ ਵਿਚ ਬਚੀ ਰਹੀ ਕਿਰਤੀ ਜਮਾਤ ਜਿਹੜੀ ਫਸਲਾਂ ਦੀ ਗੁਡਾਈ ਕਰਕੇ ਆਪਣਾ ਢਿੱਡ ਤੋਰਦੀ ਸੀ, ਨੂੰ ਵੀ ਖੇਤੀ ਵਿਚੋਂ ਬਾਹਰ ਕਰ ਦਿੱਤਾ ਗਿਆ। ਸਿੱਟੇ ਵਜੋਂ ਅੱਜ ਖੇਤੀ ਵਿਚ ਮਜ਼ਦੂਰਾਂ ਦੀ ਘਾਟ ਗੰਭੀਰ ਸਮੱਸਿਆ ਦਾ ਰੂਪ ਧਾਰ ਚੁੱਕੀ ਹੈ। ਇਸ ਤੱਥ ਤੋਂ ਕੋਈ ਵੀ ਕਿਸਾਨ ਇਨਕਾਰ ਨਹੀਂ ਕਰ ਸਕਦਾ ਕਿ ਮਸ਼ੀਨਾਂ ਦੇ ਹੁੰਦਿਆਂ ਹੋਇਆਂ ਵੀ ਮਜ਼ਦੂਰਾਂ ਬਿਨਾਂ ਖੇਤੀ ਸੰਭਵ ਨਹੀਂ ਹੈ।

ਸਮੁੱਚੇ ਦੇਸ਼ ਦੇ ਕਰੋੜਾਂ ਕਿਸਾਨਾਂ ਨੂੰ ਤਕਨੀਕ ਦੇ ਨਾਂ 'ਤੇ ਮੂਰਖ ਬਣਾ ਕੇ ਸਮੁੱਚਾ ਅਮਰੀਕੀ ਖੇਤੀ ਮਾਡਲ ਸਾਡੇ ਦੇਸ਼ ਵਿਚ ਅੰਤਿਮ ਰੂਪ ਵਿਚ ਲਾਗੂ ਕਰਨ ਦੀਆਂ ਵਿਉਂਤਾਂ ਘੜੀਆਂ ਜਾ ਰਹੀਆਂ ਹਨ। ਸਮੁੱਚੇ ਅਮਰੀਕੀ ਖੇਤੀ ਮਾਡਲ ਦਾ ਅਰਥ ਹੈ-ਹਜ਼ਾਰਾਂ ਏਕੜਾਂ ਦੇ ਖੇਤ ਦੇਸ਼ੀ-ਵਿਦੇਸ਼ੀ ਬਹੁਕੌਮੀ ਕੰਪਨੀਆਂ ਦੀ ਮਲਕੀਅਤ ਹੋਣਗੇ ਅਤੇ ਜਿਥੇ ਖੇਤੀ ਦੇ ਸਾਰੇ ਕੰਮ ਪੂਰੀ ਤਰ੍ਹਾਂ ਵੱਡੀਆਂ-ਵੱਡੀਆਂ ਮਸ਼ੀਨਾਂ ਨਾਲ ਕੀਤੇ ਜਾਇਆ ਕਰਨਗੇ ਅਤੇ ਸਾਰੀ ਖੇਤੀ ਵਿਚ ਅੰਨ੍ਹੇਵਾਹ ਰਸਾਇਣਿਕ ਖਾਦਾਂ, ਕੀੜੇਮਾਰ ਅਤੇ ਨਦੀਨ ਨਾਸ਼ਕ ਜ਼ਹਿਰਾਂ ਦਾ ਛਿੜਕਾਅ ਹਵਾਈ ਜਹਾਜ਼ਾਂ ਨਾਲ ਕੀਤਾ ਜਾਇਆ ਕਰੇਗਾ। ਇਸ ਤਰ੍ਹਾਂ ਦਾ ਖੇਤੀ ਮਾਡਲ ਸਾਡੀ ਖੇਤੀ, ਕਿਸਾਨੀ, ਕੁਦਰਤੀ ਜੈਵਿਕ ਵੰਨ-ਸੁਵੰਨਤਾ, ਸਾਡੇ ਬਚੇ-ਖੁਚੇ ਵਾਤਾਵਰਨ, ਸਿਹਤ ਅਤੇ ਸਾਡੀ ਆਰਥਿਕਤਾ ਨੂੰ ਤਹਿਸ-ਨਹਿਸ ਕਰ ਦੇਵੇਗਾ। ਅੱਜ ਅਮਰੀਕਾ ਵਿਚ ਹਾਲਾਤ ਇਹ ਹਨ ਕਿ ਉਥੋਂ ਦੀਆਂ ਜੇਲ੍ਹਾਂ ਵਿਚ ਕੈਦੀਆਂ ਦੀ ਸੰਖਿਆ ਤਾਂ 70 ਲੱਖ ਹੈ ਅਤੇ ਖੇਤਾਂ ਵਿਚ ਕਿਸਾਨ ਸਿਰਫ 7 ਲੱਖ ਹੀ ਬਚੇ ਹਨ; ਮਤਲਬ, ਅਮਰੀਕਾ ਦੀ ਕੁੱਲ ਆਬਾਦੀ ਦਾ 1 ਫੀਸਦ। ਕੀ ਅਸੀਂ ਵੀ ਅਜਿਹੇ ਹਾਲਾਤ ਦਾ ਸਾਹਮਣਾ ਕਰਨ ਦੀ ਇੱਛਾ ਰੱਖਦੇ ਹਾਂ? ਸਰਕਾਰਾਂ ਅਤੇ ਕੰਪਨੀਆਂ ਦੇ ਇਸ ਨਾ-ਪਾਕ ਗਠਜੋੜ ਨੇ ਆਪਣੇ ਇਸ ਅਮਲ ਨੂੰ ਅੰਜਾਮ ਤੱਕ ਪਹੁੰਚਾਉਣ ਲਈ ਪੇਟੈਂਟਸ਼ੁਦਾ ਬੀ.ਟੀ. ਬੀਜਾਂ ਜਿਨ੍ਹਾਂ ਨੂੰ ਸਾਇੰਸ ਦੀ ਭਾਸ਼ਾ ਵਿਚ 'ਜੈਨੇਟਿਕਲੀ ਮੋਡੀਫਾਈਡ' ਬੀਜ ਕਿਹਾ ਜਾਂਦਾ ਹੈ, ਨੂੰ ਆਪਣਾ ਨਿਵੇਕਲਾ ਅਤੇ ਸਟੀਕ ਹਥਿਆਰ ਬਣਾਇਆ ਹੈ। ਇਸ ਹਥਿਆਰ ਦਾ ਇਸਤੇਮਾਲ ਕਰਕੇ ਖੇਤੀ ਵਸਤਾਂ ਦੇ ਵਪਾਰ ਵਿਚ ਲੱਗੀਆਂ ਮੌਨਸੈਂਟੋ ਵਰਗੀਆਂ ਕਈ ਬਹੁਕੌਮੀ ਕਾਰਪੋਰੇਸ਼ਨਾਂ ਸਮੁੱਚੀ ਦੁਨੀਆ ਦੇ ਹਰ ਉਸ ਬੀਜ ਨੂੰ ਕਾਬੂ ਕਰਨਾ ਚਾਹੁੰਦੀਆਂ ਹਨ ਜਿਨ੍ਹਾਂ ਤੋਂ ਅਜਿਹੀਆਂ ਫਸਲਾਂ ਪੈਦਾ ਹੁੰਦੀਆਂ ਹਨ ਜਿਨ੍ਹਾਂ ਦੇ ਉਤਪਾਦਕਾਂ ਦਾ ਇਸਤੇਮਾਲ ਖੁਰਾਕੀ ਪਦਾਰਥ ਬਣਾਉਣ ਲਈ ਕੀਤਾ ਜਾਂਦਾ ਹੈ।



ਆਪਣਾ ਇਹ ਟੀਚਾ ਪੂਰਾ ਕਰਨ ਲਈ ਮੌਨਸੈਂਟੋ ਨੇ ਆਪਣੇ ਪੇਟੈਂਟ ਥੱਲੇ ਮਨੁੱਖ ਸਮੇਤ ਸਮੂਹ ਜੀਵ-ਜੰਤੂਆਂ ਦੀ ਸਿਹਤ, ਵਾਤਾਵਰਨ ਅਤੇ ਜੈਵਿਕ ਵੰਨ-ਸੁਵੰਨਤਾ ਲਈ ਬੇਹੱਦ ਖਤਰਨਾਕ ਅਸੁਰੱਖਿਅਤ ਬੀ.ਟੀ. ਬੀਜ ਬਣਾਉਣ ਦੀ ਕਵਾਇਦ ਸ਼ੁਰੂ ਕੀਤੀ ਹੋਈ ਹੈ। ਜਦੋਂ ਅਸੀਂ ਬੀ.ਟੀ. ਬੀਜਾਂ ਲਈ ਬੇਹੱਦ ਖ਼ਤਰਨਾਕ ਅਤੇ ਅਸੁਰੱਖਿਅਤ ਸ਼ਬਦਾਂ ਦਾ ਇਸਤੇਮਾਲ ਕਰਦੇ ਹਾਂ ਤਾਂ ਸਾਡਾ ਭਾਵ ਹੁਣ ਤੱਕ ਦੁਨੀਆ ਭਰ ਵਿਚ ਬੀ.ਟੀ. ਬੀਜਾਂ ਅਤੇ ਫਸਲਾਂ ਦੇ ਹੁਣ ਤੱਕ ਹੋਏ ਖੁਰਾਕ ਟਰਾਇਲਾਂ ਦੇ ਉਨ੍ਹਾਂ ਇਕ ਹਜ਼ਾਰ ਸੁਤੰਤਰ ਅਧਿਐਨਾਂ ਤੋਂ ਹੁੰਦਾ ਹੈ ਜਿਨ੍ਹਾਂ ਵਿਚ ਇਹ ਸਿੱਧ ਹੋਇਆ ਹੈ ਕਿ ਬੀ.ਟੀ. ਫਸਲਾਂ ਕਿਸੇ ਵੀ ਪੱਖੋਂ ਖੁਰਾਕ ਦੇ ਤੌਰ 'ਤੇ ਨਾ ਤਾਂ ਮਨੁੱਖਾਂ ਲਈ ਅਤੇ ਨਾ ਹੀ ਜਾਨਵਰਾਂ ਅਤੇ ਨਾ ਹੀ ਵਾਤਾਵਰਨ ਲਈ ਹੀ ਸੁਰੱਖਿਅਤ ਹਨ।

ਸਾਨੂੰ ਲੱਗਦਾ ਹੈ ਕਿ ਸ੍ਰੀ ਜੈ ਰਾਮ ਰਮੇਸ਼ ਦੀ ਕੇਂਦਰੀ ਵਣ ਅਤੇ ਵਾਤਾਵਰਨ ਮੰਤਰਾਲੇ ਤੋਂ ਛੁੱਟੀ ਕਰਕੇ ਕੇਂਦਰ ਸਰਕਾਰ ਨੇ ਦੇਸ਼ ਵਿਚ ਬੀ.ਟੀ. ਫਸਲਾਂ ਨੂੰ ਮਨਜ਼ੂਰੀ ਦੇਣ ਵੱਲ ਇਕ ਹੋਰ ਕਦਮ ਵਧਾ ਲਿਆ ਹੈ। ਜੇਕਰ ਅਜਿਹਾ ਵਾਪਰ ਗਿਆ ਤਾਂ ਕਿਸਾਨਾਂ ਦੀ ਖੇਤੀ ਖੁਦਮੁਖਤਾਰੀ, ਸਾਡੀ ਖੁਰਾਕ ਸੁਰੱਖਿਆ ਅਤੇ ਦੇਸ਼ ਦੀ ਆਜ਼ਾਦੀ ਇਕ ਵਾਰ ਫਿਰ ਤੋਂ ਗੰਭੀਰ ਖ਼ਤਰੇ ਵਿਚ ਪੈ ਜਾਵੇਗੀ। ਜਦੋਂ ਹਰ ਫਸਲ ਦੇ ਬੀਜ ਲਈ ਕਿਸਾਨ ਕੰਪਨੀਆਂ 'ਤੇ ਨਿਰਭਰ ਹੋ ਗਏ ਤਾਂ ਕੰਪਨੀਆਂ ਬੀਜਾਂ ਲਈ ਉਨ੍ਹਾਂ ਤੋਂ ਮਨਮਾਨੀ ਕੀਮਤ ਵਸੂਲਣਗੀਆਂ, ਆਪਣੀ ਮਰਜ਼ੀ ਦੇ ਅਤੇ ਜਿਸ ਨੂੰ ਚਾਹੁਣਗੀਆਂ ਬੀਜ ਦੇਣਗੀਆਂ। ਕਿਸਾਨ ਰੋਜ਼ੀ-ਰੋਟੀ ਲਈ ਕੰਪਨੀਆਂ ਦੇ ਮੁਥਾਜ ਹੋ ਜਾਣਗੇ। ਸਿੱਟੇ ਵਜੋਂ ਕਿਸਾਨ ਉਹੀ ਫਸਲਾਂ ਬੀਜਣ ਲਈ ਮਜਬੂਰ ਹੋ ਜਾਣਗੇ ਜਿਹੜੀਆਂ ਸਾਮਰਾਜਵਾਦੀ ਤਾਕਤਾਂ ਦੀਆਂ ਤੇਲ ਦੀਆਂ ਅਤੇ ਹੋਰ ਲੋੜਾਂ ਪੂਰੀਆਂ ਕਰ ਸਕਣ ਦੇ ਯੋਗ ਹੋਣਗੀਆਂ। ਸਿੱਟੇ ਵਜੋਂ ਦੇਸ਼ ਇਕ ਵਾਰ ਫਿਰ ਤੋਂ ਪਹਿਲਾਂ ਨਾਲੋਂ ਵੀ ਵਧੇਰੇ ਬੁਰੀ ਤਰ੍ਹਾਂ ਕੰਪਨੀਆਂ ਦਾ ਗੁਲਾਮ ਹੋ ਜਾਵੇਗਾ। ਇਸ ਭਿਆਨਕ ਕਿਸਮ ਦੀ ਗੁਲਾਮੀ ਦਾ ਆਗਾਜ਼ ਬਜ਼ਾਰ ਵਿਚ ਉਪਲਬਧ ਬੀ.ਟੀ. ਨਰਮੇ ਦੇ ਬੀਜਾਂ ਤੋਂ ਕਦੋਂ ਦਾ ਹੋ ਚੁੱਕਾ ਹੈ। ਕਿਸਾਨ ਆਪਣੇ ਦੇਸੀ ਬੀਜ ਬਿਲਕੁਲ ਗੁਆ ਚੁੱਕੇ ਹਨ ਅਤੇ ਨਰਮੇ ਦੀ ਖੇਤੀ ਲਈ ਬੀਜਾਂ ਵਾਸਤੇ ਉਹ ਹਰ ਪੱਖੋਂ ਬੀ.ਟੀ. ਬੀਜ ਕੰਪਨੀਆਂ 'ਤੇ ਨਿਰਭਰ ਹੋ ਚੁੱਕੇ ਹਨ। ਕੰਪਨੀਆਂ ਵਾਲੇ ਕਿਸਾਨਾਂ ਤੋਂ ਮਨ-ਮਾਨੀਆਂ ਕੀਮਤਾਂ ਵਸੂਲ ਕਰ ਰਹੀਆਂ ਹਨ। ਇਥੋਂ ਤੱਕ ਕਿ ਕਿਸਾਨਾਂ ਨੂੰ ਉਨ੍ਹਾਂ ਦੀ ਪਸੰਦ ਦੇ ਬੀਜ ਵੀ ਨਹੀਂ ਦਿੱਤੇ ਜਾਂਦੇ। ਇਹ ਤਾਂ ਆਉਣ ਵਾਲੀ ਭਿਆਨਕ ਗੁਲਾਮੀ ਦਾ ਸੰਕੇਤ ਮਾਤਰ ਹੈ। ਕਲਪਨਾ ਕਰੋ, ਜਦੋਂ ਕਿਸਾਨ ਹਰ ਬੀਜ ਲਈ ਬੀ.ਟੀ. ਬੀਜ ਕੰਪਨੀਆਂ 'ਤੇ ਨਿਰਭਰ ਹੋ ਜਾਵੇਗਾ, ਉਦੋਂ ਭਲਾ ਕੀ ਹੋਵੇਗਾ?

*ਫੋਨ: 91-99151-95062

# ਧਰਮ ਸਰਮ ਦੋਇ ਛਪਿ ਖਲੋਇ

ਸਵਾਲ ਸੰਵਾਦ

ਦਲਜੀਤ ਅਮੀ



ਫੋਨ:+91-97811-21873

## ਸਿਆਸੀ ਜਗੀਰਦਾਰੀ ਲਈ 'ਸਰਬੱਤ ਦੇ ਭਲੇ' ਦਾ ਲੜ ਛੱਡਿਆ

***ਸਾਲ 2007 ਵਿਚ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੀ ਅਗਵਾਈ ਵਿਚ ਸਰਕਾਰ ਬਣਨ ਤੋਂ ਬਾਅਦ ਪੰਜਾਬ ਵਿਚ ਪੰਚਾਇਤੀ ਚੋਣਾਂ ਹੋਈਆਂ ਸਨ। ਉਨ੍ਹਾਂ ਚੋਣਾਂ ਦੌਰਾਨ ਪਿੰਡਾਂ ਦੇ ਬਜ਼ੁਰਗਾਂ ਦੀਆਂ ਪੱਗਾਂ ਲਾਹੁਣ ਅਤੇ ਚਿੱਟੀਆਂ ਦਾੜ੍ਹੀਆਂ ਵਾਲੇ ਬਾਬਿਆਂ ਨੂੰ ਲਹੂ-ਲੁਹਾਣ ਕਰਨ ਦੀਆਂ ਤਸਵੀਰਾਂ ਅਖ਼ਬਾਰਾਂ ਵਿਚ ਛਪੀਆਂ ਸਨ। ਇਸ ਤੋਂ ਬਾਅਦ ਜਿਨ੍ਹਾਂ ਪਿੰਡਾਂ ਵਿਚ ਬਾਦਲਕਿਆਂ ਦੇ ਪੰਚ ਬਹੁਗਿਣਤੀ ਵਿਚ ਨਹੀਂ ਸਨ, ਉਨ੍ਹਾਂ ਦੀ ਪੰਚਾਇਤ ਬਣਨ ਵਿਚ ਤਕਰੀਬਨ ਸਾਲ ਲੱਗਿਆ ਸੀ। ਇਸ ਦੌਰਾਨ ਜ਼ਿਆਦਾਤਰ ਘੱਟਗਿਣਤੀਆਂ ਤਾਂ ਬਹੁਗਿਣਤੀਆਂ ਵਿਚ ਤਬਦੀਲ ਹੋ ਗਈਆਂ ਸਨ। ਜੇ ਪੰਚਾਇਤੀ ਚੋਣਾਂ ਵਿਚ 'ਸਰਮ ਧਰਮ' ਅਤੇ ਕਾਨੂੰਨ ਨਜ਼ਰਅੰਦਾਜ਼ ਕਰਨ ਦੀ ਨੀਂਹ ਰੱਖੀ ਗਈ ਸੀ ਤਾਂ ਹੁਣ ਸਰਪੰਚ ਤੋਂ ਕੀ ਤਵੱਕੋ ਕੀਤੀ ਜਾ ਸਕਦੀ ਹੈ?***

ਮੁਕਤਸਰ ਜ਼ਿਲ੍ਹੇ ਦੇ ਪਿੰਡ ਦੌਲਾ ਵਿਚ ਬੇਰੁਜ਼ਗਾਰ ਅਧਿਆਪਕ ਬੀਬੀ ਨਾਲ ਸਰਪੰਚ ਬਲਵਿੰਦਰ ਸਿੰਘ ਨੇ ਹੱਥੋ-ਪਾਈ ਕੀਤੀ। ਕਸੂਰ ਇਹ ਸੀ ਕਿ ਰੁਜ਼ਗਾਰ ਲਈ ਵਰਿੰਦਰ ਪਾਲ ਕੌਰ ਆਪਣੇ ਸਾਥੀਆਂ ਸਮੇਤ ਲੋਕ ਸਭਾ ਵਿਚ ਪੰਜਾਬ ਦੀ ਨੁਮਾਇੰਦਗੀ ਕਰ ਰਹੀ ਅਤੇ ਬਾਦਲ ਪਰਿਵਾਰ ਦੀ ਨੂੰਹ ਹਰਸਿਮਰਤ ਨੂੰ ਮੰਗ ਪੱਤਰ ਦੇਣ ਆਈ ਸੀ। ਇਹ ਮੰਗ ਪੱਤਰ ਉਂਜ ਵੀ ਸੂਬਾ ਸਰਕਾਰ ਬਣਾਉਣ ਵਾਲੀਆਂ ਸਿਆਸੀ ਪਾਰਟੀਆਂ ਦੇ ਚੋਣ ਮਨੋਰਥ ਪੱਤਰਾਂ ਵਿਚ ਦਰਜ ਹੈ। ਰੁਜ਼ਗਾਰ ਦੇਣਾ ਇਨ੍ਹਾਂ ਦਾ ਚੋਣ ਵਾਅਦਾ ਸੀ। ਵਾਅਦਾ ਯਾਦ ਕਰਵਾਉਣਾ ਅਤੇ ਆਪਣੇ ਹੱਕ ਲਈ ਸੰਘਰਸ਼ ਕਰਨਾ ਕੋਈ ਕਸੂਰ ਨਹੀਂ ਹੈ। ਜੇ ਮਸਲਾ ਮਨੁੱਖੀ ਹਕੂਕ, ਜਮਹੂਰੀ ਕਦਰਾਂ-ਕੀਮਤਾਂ, ਨੈਤਿਕਤਾ ਅਤੇ ਸੰਵਿਧਾਨ ਵਿਚ ਦਰਜ ਬੁਨਿਆਦੀ ਹਕੂਕ ਜਾਂ ਨਿਰਦੇਸ਼ਕ ਸਿਧਾਂਤਾਂ ਦੇ ਹਵਾਲੇ ਨਾਲ ਵਿਚਾਰਿਆ ਜਾਵੇਗਾ ਤਾਂ ਵਰਿੰਦਰ ਪਾਲ ਕੌਰ ਬੇਕਸੂਰ ਹੈ। ਸਵਾਲ ਇਹ ਹੈ ਕਿ ਇਨ੍ਹਾਂ ਹਵਾਲਿਆਂ ਨਾਲ ਮਸਲੇ ਉਤੇ ਵਿਚਾਰ ਕਰਨਾ ਸਰਪੰਚ ਜਾਂ ਬਾਦਲਾਂ ਦੀ ਨੂੰਹ ਲਈ ਕਿਉਂ ਜ਼ਰੂਰੀ ਹੈ?

ਸਾਲ 2007 ਵਿਚ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੀ ਅਗਵਾਈ ਵਿਚ ਸਰਕਾਰ ਬਣਨ ਤੋਂ ਬਾਅਦ ਪੰਜਾਬ ਵਿਚ ਪੰਚਾਇਤੀ ਚੋਣਾਂ ਹੋਈਆਂ ਸਨ। ਉਨ੍ਹਾਂ ਚੋਣਾਂ ਦੌਰਾਨ ਪਿੰਡਾਂ ਦੇ ਬਜ਼ੁਰਗਾਂ ਦੀਆਂ ਪੱਗਾਂ ਲਾਹੁਣ ਅਤੇ ਚਿੱਟੀਆਂ ਦਾੜ੍ਹੀਆਂ ਵਾਲੇ ਬਾਬਿਆਂ ਨੂੰ ਲਹੂ-ਲੁਹਾਣ ਕਰਨ ਦੀਆਂ ਤਸਵੀਰਾਂ ਅਖ਼ਬਾਰਾਂ ਵਿਚ ਛਪੀਆਂ ਸਨ। ਇਸ ਤੋਂ ਬਾਅਦ ਜਿਨ੍ਹਾਂ ਪਿੰਡਾਂ ਵਿਚ ਬਾਦਲਕਿਆਂ ਦੇ ਪੰਚ ਬਹੁਗਿਣਤੀ ਵਿਚ ਨਹੀਂ ਸਨ, ਉਨ੍ਹਾਂ ਦੀ ਪੰਚਾਇਤ ਬਣਨ ਵਿਚ ਤਕਰੀਬਨ ਸਾਲ ਲੱਗਿਆ ਸੀ। ਇਸ ਦੌਰਾਨ ਜ਼ਿਆਦਾਤਰ ਘੱਟਗਿਣਤੀਆਂ ਤਾਂ ਬਹੁਗਿਣਤੀਆਂ ਵਿਚ ਤਬਦੀਲ ਹੋ ਗਈਆਂ ਸਨ। ਜੇ ਪੰਚਾਇਤੀ ਚੋਣਾਂ ਵਿਚ 'ਸਰਮ ਧਰਮ' ਅਤੇ ਕਾਨੂੰਨ ਨਜ਼ਰਅੰਦਾਜ਼ ਕਰਨ ਦੀ ਨੀਂਹ ਰੱਖੀ ਗਈ ਸੀ ਤਾਂ ਹੁਣ ਸਰਪੰਚ ਤੋਂ ਕੀ ਤਵੱਕੋ ਕੀਤੀ ਜਾ ਸਕਦੀ ਹੈ? ਬਾਦਲਾਂ ਨੇ ਉਸ ਵੇਲੇ ਆਪਣੀ ਭਾਈਵਾਲ ਭਾਜਪਾ ਦੇ ਕਾਰਕੁਨਾਂ ਨੂੰ ਚੜ੍ਹਿਆ ਸੂਬਾ ਸਰਕਾਰ ਦਾ ਨਸ਼ਾ ਕੁੱਟ-ਕੁੱਟ ਕੇ ਉਤਾਰ ਦਿੱਤਾ ਸੀ। ਜੋ ਭਾਈਵਾਲ ਸਿਆਸੀ ਪਾਰਟੀ ਦਾ ਸਤਿਕਾਰ ਨਹੀਂ ਕਰਦੇ, ਉਨ੍ਹਾਂ ਤੋਂ ਕਿਸੇ 'ਸਰਮ ਧਰਮ' ਅਤੇ ਕਾਇਦੇ-ਕਾਨੂੰਨ ਦੇ ਜ਼ਾਬਤੇ ਵਿਚ ਰਹਿਣ ਦੀ ਆਸ ਕਿਵੇਂ ਕੀਤੀ ਜਾ ਸਕਦੀ ਹੈ? ਅਕਾਲੀ ਦਲ ਦੇ ਵਿਧਾਇਕ ਨੇ ਭਾਜਪਾ ਦੇ ਮੰਤਰੀ ਮਨੋਰੰਜਨ ਕਾਲੀਆ ਨੂੰ ਗਾਲਾਂ ਕੱਢ ਕੇ ਸਮਝਾ ਦਿੱਤਾ ਸੀ ਕਿ ਪੰਚਾਇਤੀ ਚੋਣਾਂ ਦੀਆਂ ਲੜਾਈਆਂ ਨੂੰ ਮੁਕਾਮੀ ਜਾਂ ਕਾਰਕੁਨਾਂ ਦਾ ਵਕਤੀ ਉਬਾਲ ਨਾ ਸਮਝਿਆ ਜਾਵੇ। ਸਿਕੰਦਰ ਸਿੰਘ ਮਲੂਕਾ ਨੇ ਬੇਰੁਜ਼ਗਾਰਾਂ ਦੇ ਥੱਪੜ ਮਾਰ ਕੇ ਦੱਸ ਦਿੱਤਾ ਸੀ ਕਿ ਹੁਣ ਸਿਆਸਤਦਾਨਾਂ ਨੂੰ ਬੁਰਛਾਗਰਦੀ ਲਈ ਪਰਦੇ ਦੀ ਲੋੜ ਨਹੀਂ।

ਹਰਸਿਮਰਤ ਬਾਦਲ ਦੇ ਬਿਆਨ ਨਾਲ ਹੀ ਇਸ ਰੁਝਾਨ ਦੀ ਦੂਜੀ ਕੜੀ ਸਮਝ ਵਿਚ ਆਉਂਦੀ ਹੈ। ਉਸ ਨੇ ਇਸ ਹੱਥੋਪਾਈ ਨੂੰ ਪਹਿਲਾਂ ਸਿਆਸੀ ਸਾਜ਼ਿਸ਼ ਕਰਾਰ ਦਿੱਤਾ ਪਰ ਦਬਾਅ ਵਧਣ ਤੋਂ ਬਾਅਦ ਬਣਦੀ ਕਾਰਵਾਈ ਦਾ ਯਕੀਨ ਦਿਵਾਇਆ। 'ਸਾਜ਼ਿਸ਼' ਦਾ ਨੁਕਤਾ ਮੌਜੂਦਾ ਸਿਆਸਤਦਾਨਾਂ ਦੇ ਮੂਲ-ਮੰਤਰਾਂ ਵਿਚ ਸ਼ੁਮਾਰ ਹੈ। ਪਿਛਲੇ ਦਿਨਾਂ ਵਿਚ ਰਾਹੁਲ ਗਾਂਧੀ ਨੂੰ ਕਾਲੇ ਝੰਡੇ ਦਿਖਾਉਣ ਵਾਲਿਆਂ ਉਤੇ ਉਤਰ ਪ੍ਰਦੇਸ਼ ਦੀ ਵਿਧਾਨ ਸਭਾ ਵਿਚ ਕਾਂਗਰਸ ਦੇ ਆਗੂ ਪ੍ਰਮੋਦ ਤਿਵਾੜੀ ਅਤੇ ਕੇਂਦਰੀ ਰਾਜ ਮੰਤਰੀ ਜਤਿਨ ਪ੍ਰਸਾਦ ਨੇ ਮੁਜ਼ਾਹਰਾਕਾਰੀਆਂ ਉਤੇ ਆਪ ਹਮਲਾ ਕੀਤਾ। ਪੁਲਿਸ ਦੇ ਘੇਰੇ ਵਿਚ ਆਏ ਮੁਜ਼ਾਹਰਾਕਾਰੀਆਂ ਦੇ ਠੁੱਡੇ ਮਾਰ ਕੇ ਸਿਆਸਤਦਾਨਾਂ ਨੇ ਗਾਂਧੀ ਪਰਿਵਾਰ ਨਾਲ ਆਪਣੀ ਵਫ਼ਾਦਾਰੀ ਦਾ ਸਬੂਤ ਦਿੱਤਾ। ਇਸ ਤੋਂ ਬਾਅਦ ਅੰਬਿਕਾ ਸੋਨੀ ਅਤੇ ਦਿਗਵਿਜੇ ਸਿੰਘ ਵਰਗੇ ਕਾਂਗਰਸੀਆਂ ਨੇ ਇਸ ਕੁੱਟ-ਮਾਰ ਨੂੰ ਜਾਇਜ਼ ਕਰਾਰ ਦੇਣ ਲਈ ਰਾਜੀਵ ਗਾਂਧੀ ਅਤੇ ਇੰਦਰਾ ਗਾਂਧੀ ਦੇ ਕਤਲਾਂ ਦਾ ਹਵਾਲਾ ਦਿੱਤਾ। ਜੇ ਸ਼ਰੇਆਮ ਨਿਹੱਥੇ ਮੁਜ਼ਾਹਰਾਕਾਰੀਆਂ ਦੀ ਕੁੱਟਮਾਰ ਨੂੰ ਜਾਇਜ਼ ਕਰਾਰ ਦੇਣ ਲਈ ਭਾਵੁਕਤਾ ਦਾ ਸਹਾਰਾ ਲਿਆ ਜਾ ਸਕਦਾ ਹੈ ਤਾਂ ਝੂਠੇ ਪੁਲਿਸ ਮੁਕਾਬਲਿਆਂ, ਰਾਜਸੀ ਵਧੀਕੀਆਂ ਅਤੇ ਤਸ਼ੱਦਦ ਸੁਹਿਰਦ ਸਵਾਲ ਦੀ ਆਸ ਸਿਆਸਤਦਾਨਾਂ ਤੋਂ ਕਿਵੇਂ ਕੀਤੀ ਜਾ ਸਕਦੀ ਹੈ?

ਸੁੱਖਰਾਮ ਅਤੇ ਸ਼ਰਦ ਪਵਾਰ ਉਤੇ ਹਮਲਿਆਂ ਨੂੰ ਗ਼ੈਰ-ਜਮਹੂਰੀ ਕਰਾਰ ਦੇਣ ਵਾਲੀ ਪਾਰਟੀ ਦਾ ਸੰਜੇ ਨਿਰੂਪਮ ਰੈਲੀ ਵਿਚੋਂ ਅਰਵਿੰਦ ਕੇਜਰੀਵਾਲ ਨੂੰ ਕਹਿੰਦਾ ਹੈ, 'ਉਸ ਨੂੰ ਯਾਦ ਰੱਖਣਾ ਚਾਹੀਦਾ ਹੈ ਕਿ ਚੱਪਲਾਂ ਮਾਰਨ ਵਾਲੇ ਹਰ ਥਾਂ ਹਾਜ਼ਰ ਰਹਿਣਗੇ।' ਇਹ ਸਵਾਲ ਤਾਂ ਉਨ੍ਹਾਂ ਤੋਂ ਕੌਣ ਪੁੱਛ ਸਕਦਾ ਹੈ ਕਿ ਅਰਵਿੰਦ ਕੇਜਰੀਵਾਲ ਦੇ ਮਾਰੀ ਚੱਪਲ ਜਮਹੂਰੀਅਤ ਅਤੇ ਸ਼ਰਦ ਪਵਾਰ ਦੇ ਲੱਗੀ ਚਪੇੜ ਗ਼ੈਰ-ਜਮਹੂਰੀ ਕਿਵੇਂ ਹੋ ਗਈ? ਸੰਜੇ ਨਿਰੂਪਮ ਇਸ ਨੁਕਤੇ ਰਾਹੀਂ ਡੂੰਘਾ ਸਿਆਸੀ ਨੁਕਤਾ ਸਮਝਾਉਂਦੇ ਜਾਪਦੇ ਹਨ। ਉਹ ਸਾਫ਼ ਕਹਿ ਰਹੇ ਹਨ ਕਿ ਸਿਆਸਤਦਾਨਾਂ ਅਤੇ ਅਵਾਮ ਦੇ ਕਾਇਦੇ-ਕਾਨੂੰਨ ਵੱਖਰੇ ਹਨ। ਦੂਜਾ ਪੱਖ ਇਹ ਹੈ ਕਿ ਸਿਆਸਤਦਾਨ ਮੰਨਦੇ ਹਨ ਕਿ ਉਨ੍ਹਾਂ ਦੀ ਬਿਆਨਬਾਜ਼ੀ ਦਾ ਅਰਥ ਸਮਝਾਉਣ ਦਾ ਕੰਮ ਵੀ ਉਨ੍ਹਾਂ ਦਾ ਹੈ। ਇਸੇ ਲਈ ਤਾਂ ਵੱਖ-ਵੱਖ ਪਾਰਟੀਆਂ ਲਈ ਕਦੇ ਜੂਲੀਅਨ ਅਸਾਂਜ ਦੇ ਖੁਲਾਸੇ ਬਿਹਤਰੀਨ ਪੱਤਰਕਾਰੀ ਦਾ ਨਮੂਨਾ ਹੋ ਜਾਂਦੇ ਹਨ ਅਤੇ ਕਦੇ ਉਸ ਦੀ ਭਰੋਸੇਯੋਗਤਾ ਸ਼ੱਕੀ ਹੋ ਜਾਂਦੀ ਹੈ। 'ਇਮਾਨਦਾਰ' ਪ੍ਰਧਾਨ ਮੰਤਰੀ ਇਸੇ ਰੁਝਾਨ ਦੀ ਹੋਰ ਕੜੀ ਦਾ ਖੁਲਾਸਾ ਕਰਦੇ ਹਨ। ਉਹ ਮਹਿੰਗਾਈ ਦੇ ਮਾਮਲੇ ਵਿਚ ਕਹਿੰਦੇ ਹਨ ਕਿ 'ਉਨ੍ਹਾਂ ਕੋਲ ਕੋਈ ਜਾਦੂ ਮੰਤਰ ਨਹੀਂ ਹੈ' ਪਰ ਰਾਡੀਆ ਟੇਪਾਂ ਤੋਂ ਬਾਅਦ ਰਤਨ ਟਾਟਾ ਦੇ ਭੇਤ ਨੂੰ ਭੇਤ ਰੱਖਣ ਦਾ ਯਕੀਨ ਦਿਵਾਉਣਾ ਆਪਣਾ ਕੌਮੀ ਫ਼ਰਜ਼ ਸਮਝਦੇ ਹਨ।

ਭਾਰਤ ਵਿਚ ਬਹੁਤ ਸਾਰੇ ਸਰਕਾਰੀ ਫ਼ੈਸਲਿਆਂ ਦਾ ਸਿਰਾ ਅਮਨ-ਕਾਨੂੰਨ ਨਾਲ ਜੋੜਿਆ ਜਾਂਦਾ ਹੈ। ਹੁਣ ਤੱਕ ਦਾ ਇਤਿਹਾਸ ਗਵਾਹ ਹੈ ਕਿ ਅਮਨ-ਕਾਨੂੰਨ ਦੇ ਨਾਮ ਉਤੇ ਕੀਤੀਆਂ ਗਈਆਂ ਕਾਨੂੰਨੀ ਪੇਸ਼ਬੰਦੀਆਂ ਤਹਿਤ ਸਿਰਫ਼ ਫ਼ੌਜ ਅਤੇ ਪੁਲਿਸ ਨੂੰ ਤਸ਼ੱਦਦ ਲਈ ਛੋਟਾਂ ਦਿੱਤੀਆਂ ਗਈਆਂ ਹਨ। ਇਨ੍ਹਾਂ ਕਾਨੂੰਨਾਂ ਨਾਲ ਉਨ੍ਹਾਂ ਦੀ ਜਵਾਬਦੇਹੀ ਲਈ ਬਣੀਆਂ ਪੇਸ਼ਬੰਦੀਆਂ ਖ਼ਤਮ ਕਰ ਦਿੱਤੀਆਂ ਜਾਂਦੀਆਂ ਹਨ। ਅਮਨ-ਕਾਨੂੰਨ ਬਾਬਤ ਬਿਆਨਬਾਜ਼ੀ ਲਈ ਹੁਣ ਸਿਆਸਤਦਾਨਾਂ ਨੂੰ ਠੋਸ ਹਾਲਾਤ ਜਾਂ ਕਾਰਨਾਂ ਦਾ ਹਵਾਲਾ ਦੇਣ ਦੀ ਲੋੜ ਨਹੀਂ ਰਹੀ। ਸਖ਼ਤ ਕਾਨੂੰਨੀ ਪੇਸ਼ਬੰਦੀਆਂ ਰਾਹੀਂ ਸ਼ੁਰੂ ਕੀਤਾ ਗਿਆ ਤਸ਼ੱਦਦ ਹੁਣ ਰਾਜਤੰਤਰ ਦਾ ਖ਼ਾਸਾ ਬਣ ਗਿਆ ਹੈ। ਵਕਤੀ ਲੋੜਾਂ ਲਈ ਕੀਤਾ ਜਾਣ ਵਾਲਾ ਪੁਲਿਸੀਕਰਨ ਹੁਣ ਸਿਆਸੀ ਮੰਤਰ ਬਣ ਗਿਆ ਹੈ। ਇਕ ਪਾਸੇ ਸੁਰੱਖਿਆ ਦੇ ਨਾਮ ਉਤੇ ਸਖ਼ਤ ਕਾਨੂੰਨੀ ਪੇਸ਼ਬੰਦੀਆਂ ਦਾ ਰੁਝਾਨ ਜਾਰੀ ਹੈ ਅਤੇ ਦੂਜੇ ਪਾਸੇ ਸਾਬਕਾ ਪੁਲਿਸ ਅਫ਼ਸਰਾਂ ਲਈ ਸਿਆਸੀ ਅਹੁਦੇ ਰਾਖਵੇਂ ਕੀਤੇ ਜਾ ਰਹੇ ਹਨ। ਪੰਜਾਬ ਦੀਆਂ ਅਗਾਮੀ ਵਿਧਾਨ ਸਭਾ ਚੋਣਾਂ ਵਿਚ ਸਾਬਕਾ ਪੁਲਿਸ ਅਫ਼ਸਰਾਂ ਦਾ ਜੁੱਟ ਹੁਕਮਰਾਨ ਅਕਾਲੀ ਦਲ ਵਿਚ ਧੜੇ ਵਜੋਂ ਅਸਰਅੰਦਾਜ਼ ਰਹੇਗਾ। ਇਹ ਮਸਲਾ ਸਾਬਕਾ ਪੁਲਿਸ ਅਫ਼ਸਰਾਂ ਦੀ ਸਿਆਸੀ ਸਮਝ ਨਾਲ ਜੁੜਦਾ ਹੈ ਜਾਂ ਅਕਾਲੀ ਦਲ ਦੇ ਪੁਲਿਸੀਕਰਨ ਨਾਲ? ਜਦੋਂ ਹਰਸਿਮਰਤ ਸਾਜ਼ਿਸ਼ ਦੀ ਗੱਲ ਕਰਦੀ ਹੈ ਤਾਂ ਇਹੋ ਖ਼ਾਸਾ ਸ਼ਬਦਾਂ ਦਾ ਜਾਮਾ ਪਹਿਨਦਾ ਹੈ। ਜਿਸ ਫ਼ੌਜੀਕਰਨ ਨੂੰ ਅਮਰੀਕਾ ਨੇ 'ਅਤਿਵਾਦ ਖ਼ਿਲਾਫ਼ ਆਲਮੀ' ਜੰਗ ਉਤੇ ਨਾਟੋ ਫ਼ੌਜਾਂ ਨਾਲ ਲਾਗੂ ਕੀਤਾ ਹੈ, ਉਹ ਪੰਜਾਬ ਵਿਚ 'ਸਿਆਸੀ ਜਗੀਰਦਾਰੀ' ਕਾਇਮ ਰੱਖਣ ਲਈ ਅਜਮਾਇਆ ਜਾ ਰਿਹਾ ਹੈ। ਅਮਰੀਕਾ ਦੇ ਸਾਬਕਾ ਜਰਨੈਲ ਮੰਤਰੀ ਬਣ ਸਕਦੇ ਹਨ ਤਾਂ ਪੰਜਾਬ ਦੇ ਸਾਬਕਾ ਪੁਲਿਸ ਅਫ਼ਸਰ ਉਨ੍ਹਾਂ ਤੋਂ ਸਬਕ ਸਿੱਖ ਸਕਦੇ ਹਨ। ਅਮਰੀਕਾ ਦਾ ਹਮਲਾਵਰ ਰੁਖ਼ ਤੀਜੀ ਦੁਨੀਆਂ ਦੇ ਨਾਬਰ ਮੁਲਕ ਭੁਗਤ ਰਹੇ ਹਨ ਅਤੇ ਸਾਡੇ ਰਾਜਤੰਤਰ ਦਾ ਖ਼ਾਸਾ ਥੁੜਾਂ ਮਾਰੇ ਅਵਾਮ ਉਤੇ ਪਰਖਿਆ ਜਾ ਰਿਹਾ ਹੈ। ਸਖ਼ਤ ਕਾਨੂੰਨਾਂ ਨਾਲ ਰਾਜਤੰਤਰ ਦਾ ਬਦਲਿਆ ਖ਼ਾਸਾ ਸਰਪੰਚਾਂ ਦੇ ਵਿਹਾਰ ਵਿਚ ਝਲਕਣਾ ਹੀ ਹੈ।

ਇਸ ਹਮਲਾਵਰ ਰੁਝਾਨ ਦੀਆਂ ਤੰਦਾਂ ਅਫ਼ਸਰਸ਼ਾਹੀ ਨਾਲ ਜੁੜੀਆਂ ਹੋਈਆਂ ਹਨ। ਸਿਆਸਤਦਾਨਾਂ ਤੋਂ ਪਹਿਲਾਂ ਹੱਥੋਪਾਈ ਦਾ ਰੁਝਾਨ ਅਫ਼ਸਰਸ਼ਾਹੀ ਨੇ ਸ਼ੁਰੂ ਕੀਤਾ ਹੈ। ਚੰਡੀਗੜ੍ਹ ਵਿਚ ਝੁੱਗੀਆਂ-ਝੌਂਪੜੀਆਂ ਢਾਹੁਣ ਦੀ ਸਰਕਾਰੀ ਮੁਹਿੰਮ ਦੌਰਾਨ ਐਸ.ਡੀ.ਐਮ. ਅੰਕੁਰ ਗਰਗ ਨੇ 13 ਸਾਲਾ ਮੁੰਡੇ ਦੇ ਢਿੱਡ ਵਿਚ ਠੁੱਡੇ ਮਾਰੇ ਸਨ। ਗਰਗ ਨੇ ਸਫ਼ਾਈ ਦਿੱਤੀ ਸੀ ਕਿ ਉਸ ਨੇ ਇਹ ਕਾਰਵਾਈ ਆਤਮਰੱਖਿਆ ਵਿਚ ਕੀਤੀ ਹੈ। ਅਫ਼ਸਰਾਂ ਦੀ ਸਫ਼ਾਈ ਅਫ਼ਸਰਾਂ ਨੇ ਵਿਚਾਰਨੀ ਹੁੰਦੀ ਹੈ। ਅਖ਼ਬਾਰਾਂ ਵਿਚ ਛਪੀਆਂ ਫੋਟੋਆਂ ਇਸ 'ਸਫ਼ਾਈ' ਦਾ ਕੁਫ਼ਰ ਨੰਗਾ ਕਰਦੀਆਂ ਸਨ। ਉਸ ਵੇਲੇ 'ਤਹਿਲਕਾ' ਦੇ ਪੱਤਰਕਾਰ ਵਿਕਰਮਜੀਤ ਸਿੰਘ ਨੇ ਅੰਕੁਰ ਗਰਗ ਦੇ ਕਰੀਬੀ ਮਿੱਤਰ ਦੇ ਹਵਾਲੇ ਨਾਲ ਲਿਖਿਆ ਸੀ ਕਿ ਉਸ ਨੂੰ ਲਾਠੀਚਾਰਜ ਦੀ ਅਗਵਾਈ ਕਰਨੀ ਪਸੰਦ ਹੈ। ਲਾਠੀਚਾਰਜ ਦੀ ਅਗਵਾਈ ਪਸੰਦ ਕਰਨ ਵਾਲੇ ਅਫ਼ਸਰਾਂ ਉਤੇ ਤਰੱਕੀਆਂ, ਤਬਾਦਲਿਆਂ ਅਤੇ ਅਹੁਦਿਆਂ ਦੇ ਰੂਪ ਵਿਚ ਸਿਆਸਤਦਾਨਾਂ ਦੀ ਮਿਹਰ ਹੁੰਦੀ ਰਹੀ ਹੈ। ਨਰਿੰਦਰ ਮੋਦੀ ਦੇ ਪੈਰੀਂ ਪੈਣ ਵਾਲੇ ਅਫ਼ਸਰ ਅਤੇ ਮਾਇਆਵਤੀ ਦੀ ਜੁੱਤੀਆਂ ਸਾਫ਼ ਕਰਨ ਪੁਲਿਸ ਮੁਲਾਜ਼ਮ ਅਵਾਮੀ ਸਵਾਲਾਂ ਤੋਂ ਤਸ਼ੱਦਦ ਰਾਹੀਂ ਹੀ ਬਚ ਸਕਦੇ ਹਨ। ਅਫ਼ਸਰਸ਼ਾਹੀ ਜਿੰਨੀ ਸਿਆਸਤਦਾਨਾਂ ਦੀ ਚਮਚਾਗਿਰੀ ਕਰੇਗੀ, ਓਨਾ ਹੀ ਅਵਾਮ ਨਾਲ ਤਾਨਾਸ਼ਾਹੀ ਵਿਵਹਾਰ ਕਰੇਗੀ। ਢਾਡਿਆਂ ਸਾਹਮਣੇ ਡੰਡੋਤ ਕਰਨ ਵਾਲੇ ਨਿਤਾਣਿਆਂ-ਨਿਆਸਰਿਆਂ ਦੀ ਡੰਡੋਤ ਕਰਵਾ ਕੇ ਆਪਣੀ 'ਸ਼ਾਨ' ਬਹਾਲ ਕਰਨ ਦਾ 'ਉਪਰਾਲਾ' ਕਰਦੇ ਹਨ।

ਇਹੋ ਰੁਝਾਨ ਸਿਆਸੀ ਬਦਲਾਖ਼ੋਰੀ ਦਾ ਰੂਪ ਅਖ਼ਤਿਆਰ ਕਰਦਾ ਹੈ। ਮਨਪ੍ਰੀਤ ਬਾਦਲ ਉਤੇ ਸੁਖਬੀਰ ਬਾਦਲ ਨੇ ਇਲਜ਼ਾਮ ਲਗਾਏ ਸਨ ਕਿ ਉਸ ਨੇ ਸਿਆਸੀ ਬਦਲਾਖੋਰੀ ਤਹਿਤ ਆਪਣੇ ਹਲਕੇ ਵਿਚ ਝੂਠੇ ਪੁਲਿਸ ਮਾਮਲੇ ਦਰਜ ਕਰਵਾਏ ਹਨ। ਇਹੋ ਇਲਜ਼ਾਮ ਸੁਖਬੀਰ ਬਾਦਲ ਖ਼ਿਲਾਫ਼ ਮਨਪ੍ਰੀਤ ਬਾਦਲ ਲਗਾਉਂਦਾ ਹੈ ਕਿ ਉਸ ਦੇ ਹਮਾਇਤੀਆਂ ਨੂੰ ਪ੍ਰੇਸ਼ਾਨ ਕਰਨ ਲਈ ਝੂਠੇ ਪਰਚੇ ਦਰਜ ਕੀਤੇ ਜਾ ਰਹੇ ਹਨ। ਦੋਵੇਂ ਬਾਦਲ ਇਕ-ਦੂਜੇ ਦੇ ਭੇਤੀ ਹਨ ਅਤੇ ਅੰਦਰਲੀਆਂ ਜਾਣਦੇ ਹਨ। ਇਨ੍ਹਾਂ ਦੀਆਂ ਗੱਲਾਂ ਤੋਂ ਰਾਜਤੰਤਰ ਦੇ ਮੌਜੂਦਾ ਖ਼ਾਸੇ ਦੀ ਤਸਦੀਕ ਹੁੰਦੀ ਹੈ। ਦਿੱਲੀ ਵਸਦੇ ਲੇਖਕ ਗੁਰਬਚਨ ਸਿੰਘ ਭੁੱਲਰ ਮੁਤਾਬਕ ਬਾਦਲ ਪਰਿਵਾਰ ਵਿਚੋਂ ਮੁੱਖ ਮੰਤਰੀ ਦੀ ਕੁਰਸੀ ਲਈ ਅਗਲੀ ਦਾਅਵੇਦਾਰ ਹਰਸਿਮਰਤ ਕੌਰ ਹੈ। ਉਸ ਨੇ 'ਸ਼੍ਰੋਮਣੀ ਲੇਖਕ' ਦੀ ਸਮਝ ਨੂੰ ਸੱਚਾ ਸਾਬਤ ਕਰ ਦਿੱਤਾ ਹੈ। ਜਿਹੜੀ ਸਾਜ਼ਿਸ਼ ਦੀ ਮੁਹਾਰਨੀ ਮਨਪ੍ਰੀਤ ਅਤੇ ਸੁਖਬੀਰ ਪੜ੍ਹ ਰਹੇ ਹਨ, ਉਹ ਹਰਸਿਮਰਤ ਨੇ ਵੀ ਕੰਠ ਕਰ ਲਈ ਹੈ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕੀ ਕਮੇਟੀ ਦੀਆਂ ਚੋਣਾਂ ਦੌਰਾਨ ਜਥੇਦਾਰ ਅਵਤਾਰ ਸਿੰਘ ਮੱਕੜ ਦੀ ਬੋਲੀ ਸਭ ਨੇ ਸੁਣੀ ਸੀ। ਲਗਾਤਾਰ 'ਪ੍ਰਧਾਨ ਜੀ, ਪ੍ਰਧਾਨ ਜੀ' ਦਾ ਜਾਪ ਕਰਨ ਤੋਂ ਬਾਅਦ ਬਦਕਲਾਮੀ ਨਾਲ ਉਹ ਆਪਣੀ 'ਸ਼ਾਨ' ਦੀ ਬਹਾਲੀ ਦਾ ਉਪਰਾਲਾ ਕਰਦੇ ਜਾਪਦੇ ਸਨ। ਮਨਪ੍ਰੀਤ ਬਾਦਲ ਨੂੰ ਸਿਰਸਾ ਦੇ ਸੱਚਾ ਸੌਦਾ ਡੇਰੇ ਵਿਚ ਜਾਣ ਉਤੇ ਸਿੱਖੀ ਯਾਦ ਕਰਵਾਉਣ ਵਾਲੇ ਜਥੇਦਾਰਾਂ ਨੂੰ ਉਸੇ ਪਰਿਵਾਰ ਦੇ ਦੂਜੇ ਜੀਆਂ ਦਾ ਡੇਰੇ ਵਿਚ ਨਤਮਸਤਕ ਹੋਣਾ ਨਜ਼ਰ ਨਹੀਂ ਆਉਂਦਾ। ਇਨ੍ਹਾਂ ਨੂੰ 'ਮਾਲਕ ਦੀ ਅੱਖ ਦੇਖ ਕੇ ਗੱਲ ਕਰਨ' ਦਾ ਵੱਲ ਆ ਗਿਆ ਹੈ। ਇਸ ਰੁਝਾਨ ਨੇ ਇਹ ਤੈਅ ਕਰ ਦਿੱਤਾ ਹੈ ਕਿ ਨੈਤਿਕਤਾ ਜੀਵਨ ਸ਼ੈਲੀ ਦਾ ਹਿੱਸਾ ਨਹੀਂ ਹੈ ਸਗੋਂ ਲੋੜ ਪੈਣ ਉਤੇ ਇਸ ਦਾ ਹਵਾਲਾ ਦਿੱਤਾ ਜਾ ਸਕਦਾ ਹੈ। ਜ਼ਿਆਦਾਤਰ ਸਿਆਸੀ ਪਾਰਟੀਆਂ ਅਤੇ ਅਦਾਰੇ ਇਸ ਰੁਝਾਨ ਦੀ ਚੁਫੇਰੀ ਮਾਰ ਹੇਠ ਹਨ।



***ਹਰਸਿਮਰਤ ਕੌਰ ਬਾਦਲ ਵਾਲੇ ਸਮਾਗਮ ਦੌਰਾਨ ਅਧਿਆਪਕਾ 'ਤੇ ਹਮਲਾ ਕਰ ਰਿਹਾ ਪਿੰਡ ਦੌਲਾ ਦਾ ਸਰਪੰਚ।***

ਜਦੋਂ ਔਖੇ ਹਾਲਾਤ ਵਿਚ ਤਨਦੇਹੀ ਨਾਲ ਪੜ੍ਹਦੀਆਂ ਕੁੜੀਆਂ ਦੀ ਬਾਤ ਚਰਨਜੀਤ ਭੁੱਲਰ ਨੇ 'ਪੰਜਾਬੀ ਟ੍ਰਿਬਿਊਨ' ਤੋਂ ਇਸ਼ਤਿਹਾਰ ਰਾਹੀਂ ਖਰੀਦੇ ਪੰਨੇ ਉਤੇ ਪਾਈ ਸੀ ਤਾਂ ਹਰ ਤਬਕੇ ਦੇ ਬੰਦਿਆਂ ਦੀ ਬੰਦਿਆਈ ਇਮਦਾਦ ਦੇ ਰੂਪ ਵਿਚ ਸਾਹਮਣੇ ਆਈ ਸੀ। ਸ਼ਿੰਦਰਪਾਲ ਕੌਰ ਦੀ ਵੇਦਨਾ ਨਾਲ ਪੰਜਾਬ ਪੱਛਿਆ ਗਿਆ ਸੀ। ਉਸ ਵੇਲੇ ਬਾਦਲ ਪਰਿਵਾਰ ਦੇ ਪੀਪਲਜ਼ ਪਾਰਟੀ ਆਫ਼ ਪੰਜਾਬ (ਪੀ.ਪੀ.ਪੀ.) ਵਾਲੇ ਵਿੱਤ ਮੰਤਰੀ ਨੇ ਆਪਣੇ ਹਲਕੇ ਦੀ ਕੁੜੀ ਸ਼ਿੰਦਰਪਾਲ ਕੌਰ ਦੀ ਕੋਈ ਇਮਦਾਦ ਕਰਨ ਦਾ ਹੌਸਲਾ ਨਹੀਂ ਕੀਤਾ। ਉਹ ਜਾਣਦਾ ਸੀ ਕਿ ਸਵਾਲ ਇਕੱਲੀ ਸੁਰੇਵਾਲਾ ਪਿੰਡ ਦੀ ਸ਼ਿੰਦਰਪਾਲ ਦਾ ਨਹੀਂ ਹੈ। ਇਹ ਹਰ ਉਸ ਕੁੜੀ ਦਾ ਮਸਲਾ ਬਣਨਾ ਸੀ ਜੋ ਸ਼ਿੰਦਰਪਾਲ ਨਾਲ ਮਿਲਦੇ-ਜੁਲਦੇ ਹਾਲਾਤ ਵਿਚ ਜਿਉਂ ਰਹੀ ਸੀ। ਹਾਲਾਤ ਨੂੰ ਸੁਧਾਰਨਾ ਉਨ੍ਹਾਂ ਦਾ ਮਕਸਦ ਨਹੀਂ ਹੈ। ਸਿਆਸਤਦਾਨਾਂ ਦੀ ਇਸੇ 'ਲੰਬੀ' ਸੋਚ ਨੇ ਉਨ੍ਹਾਂ ਨੂੰ ਨੈਤਿਕਤਾ ਦੇ ਬੋਝ ਤੋਂ ਮੁਕਤ ਕਰ ਦਿੱਤਾ ਹੈ। ਹੁਣ ਉਹ ਹਰ ਸਵਾਲ ਨੂੰ ਸਾਜ਼ਿਸ਼ ਦੇ ਜਾਮੇ ਵਿਚ ਪੇਸ਼ ਕਰਨ ਦੀ ਮੁਹਾਰਤ ਕਰ ਰਹੇ ਹਨ। ਮਨਪ੍ਰੀਤ ਬਾਦਲ ਦੀ ਵਿੱਤ ਮੰਤਰੀ ਵਜੋਂ 'ਮਜਬੂਰੀ' ਇਸੇ ਸਾਜ਼ਿਸ਼ ਦੀ ਕੜੀ ਜਾਪਦੀ ਹੈ। ਪੀ.ਪੀ.ਪੀ. ਦੇ ਕਾਰਕੁਨ ਜਦੋਂ ਜੇਬ ਵਿਚੋਂ ਬੁਢੇਪਾ ਪੈਨਸ਼ਨ ਦੇਣ ਦੀਆਂ ਖ਼ਬਰਾਂ ਅਖ਼ਬਾਰਾਂ ਵਿਚ ਛਪਵਾਉਂਦੇ ਹਨ ਤਾਂ ਇਨ੍ਹਾਂ ਦੀ 'ਸਰਕਾਰੀ ਖ਼ਜ਼ਾਨੇ ਉਤੋਂ ਸਬਸਿਡੀਆਂ ਦਾ ਬੋਝ ਘੱਟ ਕਰਨ' ਦੀ ਦਲੀਲ ਕਿੱਥੇ ਜਾਂਦੀ ਹੈ?

ਵਰਿੰਦਰ ਪਾਲ ਕੌਰ ਨਾਲ ਹੋਈ ਹੱਥੋਪਾਈ ਦਾ ਦੂਜਾ ਪੱਖ ਸਿਆਸੀ ਤਸ਼ੱਦਦ ਦੇ ਗੌਣ ਪੱਖ ਨਾਲ ਜੋੜ ਕੇ ਵਿਚਾਰਨਾ ਬਣਦਾ ਹੈ। ਇਹ ਮਸਲਾ ਚਰਚਾ ਵਿਚ ਆਉਣ ਦਾ ਵੱਡਾ ਕਾਰਨ ਇਸ ਦਾ ਕੈਮਰੇ ਵਿਚ ਦਰਜ ਹੋਣਾ ਅਤੇ ਨਸ਼ਰ ਹੋਣਾ ਹੈ। ਇਸ ਨੂੰ ਦੇਖ ਕੇ ਸ਼ਾਹਰੁਖ਼ ਖ਼ਾਨ ਨੇ ਟਵਿੱਟਰ ਉਤੇ ਲਿਖਿਆ ਹੈ, "ਟੈਲੀਵਿਜ਼ਨ ਉਤੇ ਇਕ ਸਰਪੰਚ ਨੂੰ ਇਕ ਅਧਿਆਪਕ ਬੀਬੀ ਨਾਲ ਹੱਥੋਪਾਈ ਕਰਦਿਆਂ ਦੇਖਿਆ। ਇਹ ਸ਼ਰਮਸ਼ਾਰ ਕਰ ਦੇਣ ਵਾਲੀ ਘਟਨਾ ਹੈ। ਇਸ ਨੂੰ ਸਜ਼ਾ ਮਿਲਣੀ ਚਾਹੀਦੀ ਹੈ।" ਪਿਛਲੇ ਦਿਨੀਂ ਬੇਰੁਜ਼ਗਾਰਾਂ ਨੂੰ ਲੱਤਾਂ ਨਾਲ ਕੁੱਟਦੇ ਪੁਲਿਸ ਅਫ਼ਸਰ ਖ਼ਿਲਾਫ਼ ਕਾਰਵਾਈ ਅਖ਼ਬਾਰਾਂ ਵਿਚ ਫੋਟੋਆਂ ਛਪਣ ਤੋਂ ਬਾਅਦ ਹੀ ਹੋਈ ਸੀ। ਮੁਹਾਲੀ ਵਿਚ ਬੇਰੁਜ਼ਗਾਰ ਬੰਦੇ ਦੀ ਪੱਗ ਉਤਾਰਨ ਵਾਲੇ ਪੁਲਿਸ ਅਫ਼ਸਰ ਖ਼ਿਲਾਫ਼ ਕਾਰਵਾਈ ਹੋਣ ਦਾ ਕਾਰਨ ਫੇਸਬੁੱਕ ਉਤੇ ਨਸ਼ਰ ਹੋਈ ਵੀਡੀਓ ਬਣੀ ਸੀ। ਵਰਿੰਦਰ ਪਾਲ ਦੇ ਮਾਮਲੇ ਵਿਚ ਦਲੀਲ ਇਹ ਦਿੱਤੀ ਗਈ ਹੈ ਕਿ ਹਮਲਾ ਕੁੜੀ ਉਤੇ ਹੋਇਆ ਹੈ।


ਅਮਰਿੰਦਰ ਸਿੰਘ ਦੇ ਰਾਜ ਦੌਰਾਨ ਅਜਿਹਾ ਮਸਲਾ ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਵਿਚ ਡੰਗਰ ਡਾਕਟਰੀ ਦੀ ਪੜ੍ਹਾਈ ਕਰਦੀਆਂ ਕੁੜੀਆਂ ਉਤੇ ਲਾਠੀਚਾਰਜ ਵੇਲੇ ਸਾਹਮਣੇ ਆਇਆ ਸੀ। ਇਸ ਰੁਝਾਨ ਵਿਚੋਂ ਇਕ ਨੁਕਤਾ ਉਭਰਦਾ ਹੈ ਕਿ ਪੁਲਿਸ ਜਾਂ ਸਿਆਸੀ ਤਸ਼ੱਦਦ ਕੁੜੀਆਂ, ਬੱਚਿਆਂ ਅਤੇ ਫੋਟੋਆਂ ਦੇ ਹਵਾਲੇ ਨਾਲ ਹੀ ਸਾਹਮਣੇ ਆਉਂਦਾ ਹੈ। ਕੀ ਅਸੀਂ ਮੁਜ਼ਾਹਰਾਕਾਰੀਆਂ ਉਤੇ ਤਸ਼ੱਦਦ ਨੂੰ ਮੌਜੂਦਾ ਸਮਾਜ ਦਾ ਹਿੱਸਾ ਪ੍ਰਵਾਨ ਕਰ ਲਿਆ ਹੈ। ਹੁਣ ਪੱਤਰਕਾਰ ਲਾਠੀਚਾਰਜ ਦੀ ਖ਼ਬਰ ਲਿਖਦੇ ਹਨ ਕਿ 'ਪੁਲਿਸ ਨੂੰ ਲਾਠੀਚਾਰਜ ਕਰਨਾ ਪਿਆ'। ਮੁਜ਼ਾਹਰਿਆਂ ਅਤੇ ਰੈਲੀਆਂ ਨੂੰ 'ਅਮਨ-ਕਾਨੂੰਨ ਦੀ ਸਮੱਸਿਆ' ਵਜੋਂ ਪੇਸ਼ ਕੀਤਾ ਜਾਂਦਾ ਹੈ। ਚੰਡੀਗੜ੍ਹ ਦੇ ਪੱਤਰਕਾਰ ਕਿਸਾਨ ਰੈਲੀਆਂ ਦੌਰਾਨ ਸ਼ਰਾਬ ਪੀਂਦੇ ਕਿਸਾਨਾਂ ਦੀਆਂ ਫੋਟੋਆਂ ਨੂੰ ਤਰਜੀਹ ਦਿੰਦੇ ਹਨ। ਇਨ੍ਹਾਂ ਤਸਵੀਰਾਂ ਤੋਂ ਲੱਗਣ ਲੱਗਦਾ ਹੈ ਕਿ ਕਿਸਾਨ ਸ਼ਰਾਬ ਪੀਣ ਚੰਡੀਗੜ੍ਹ ਆਏ ਸਨ ਅਤੇ ਉਂਜ ਇਸ ਸ਼ਹਿਰ ਵਿਚ ਕੋਈ ਨਹੀਂ ਪੀਂਦਾ। ਇਸੇ ਰੁਝਾਨ ਦੀ ਕੜੀ ਸੰਪਾਦਕੀਆਂ ਵਿਚ ਕੀਤੀ ਜਾਂਦੀ 'ਸਖ਼ਤ ਕਾਰਵਾਈ ਦੀ ਮੰਗ' ਹੈ। ਜਦੋਂ ਪੱਤਰਕਾਰ ਸਿਆਸੀ ਤਰਜ਼ ਉਤੇ 'ਸਖ਼ਤ ਸਜ਼ਾਵਾਂ' ਅਤੇ 'ਸਖ਼ਤ ਤੋਂ ਸਖ਼ਤ ਕਾਰਵਾਈ' ਦੀ ਮੰਗ ਕਰਦੇ ਹਨ ਤਾਂ ਇਹ ਬੇਦਲੀਲੇ ਉਲਾਰ ਸਮਾਜ ਦੀ ਉਸਾਰੀ ਦੀ ਵਕਾਲਤ ਕਰਦੇ ਹਨ। ਸਵਾਲ ਕਾਨੂੰਨੀ ਮੁਤਾਬਕ ਬਣਦੀ ਨਿਰਪੱਖ ਕਾਰਵਾਈ ਤੋਂ ਸਖ਼ਤ ਸਜ਼ਾ ਦਾ ਕਿਵੇਂ ਬਣ ਗਿਆ? ਸਖ਼ਤ ਜਾਂ ਨਰਮ ਦਾ ਫ਼ੈਸਲਾ ਕਾਨੂੰਨ ਰਾਹੀਂ ਕੀਤਾ ਜਾਣਾ ਹੈ। 'ਇੰਡੀਅਨ ਐਕਸਪ੍ਰੈਸ' ਨੇ ਮੁੰਤਜ਼ਰ ਅਲ ਜ਼ੈਦੀ ਵੱਲੋਂ ਬੁੱਸ਼ ਨੂੰ ਜੁੱਤੀ ਮਾਰਨ ਤੋਂ ਬਾਅਦ ਸੰਪਾਦਕੀ ਵਿਚ 'ਅਮਰੀਕੀ ਤਫ਼ਤੀਸ਼ਕਾਰਾਂ ਹੱਥੋਂ ਅਣਦੱਸੇ ਇਲਜ਼ਾਮ ਤਹਿਤ ਪੁੱਛਗਿੱਛ' ਦਾ ਜਸ਼ਨ ਮਨਾਇਆ ਸੀ। ਹੁਣ ਇਹੋ ਅਖ਼ਬਾਰ ਖੁੱਲ੍ਹੀ ਮੰਡੀ ਉਤੇ ਕੀਤੇ ਹਰ ਸਵਾਲ ਨੂੰ ਨਾਲਾਇਕੀ ਕਰਾਰ ਦਿੰਦਾ ਹੈ। ਸਰਕਾਰ ਤੋਂ ਰੁਜ਼ਗਾਰ ਮੰਗਣਾ ਇਸੇ ਨਾਲਾਇਕੀ ਦਾ ਹਿੱਸਾ ਹੈ।

ਉਪਰੋਕਤ ਰੁਝਾਨ ਦੀਆਂ ਤੰਦਾਂ ਬਹੁਤ ਉਲਝੀਆਂ ਜਾਪਦੀਆਂ ਹਨ ਪਰ ਇਨ੍ਹਾਂ ਦੀ ਪੇਚੀਦਗੀ ਵਿਚ ਰਾਜਤੰਤਰ ਦਾ ਖ਼ਾਸਾ ਲੁਕਿਆ ਹੋਇਆ ਹੈ। ਮੌਜੂਦਾ ਰਾਜਤੰਤਰ ਦਾ ਖ਼ਾਸਾ ਬਸਤਾਨੀ ਸੱਭਿਆਚਾਰ ਨਾਲ ਮੇਲ ਖਾਂਦਾ ਹੈ। ਯਥਾਰਥਵਾਦੀ ਲੇਖਕ ਸੋਹਣ ਸਿੰਘ ਸੀਤਲ ਦੇ ਨਾਵਲ 'ਤੂਤਾਂ ਵਾਲੇ ਖੂਹ' ਦਾ ਬਾਬਾ ਅਕਾਲੀ ਅੰਗਰੇਜ਼ ਬਸਤਾਨਾਂ ਦੀ ਬੇਪਰਵਾਹੀ ਦਾ ਬਿਆਨ ਕਰਨ ਲਈ ਕਹਾਣੀ ਸੁਣਾਉਂਦਾ ਹੈ ਕਿ ਕਿਸਾਨ ਚੜ੍ਹਾਈ ਚੜ੍ਹਦੇ ਨੇ ਬਲਦਾਂ ਨੂੰ ਲਲਕਾਰਾ ਮਾਰਿਆ, ਅਖੇ 'ਚੜ੍ਹ ਜੋ ਜਿਵੇਂ ਜਰਮਨਾਂ ਦੇ ਜਹਾਜ਼ ਚੜ੍ਹਦੇ ਨੇ।' ਬਸਤਾਨਾਂ ਨੇ ਰਾਜਧਰੋਹ ਦੇ ਮਾਮਲੇ ਵਿਚ ਗ੍ਰਿਫ਼ਤਾਰ ਕਰ ਲਿਆ। ਮੌਜੂਦਾ ਸਰਕਾਰ ਦੀ ਸਰਪ੍ਰਸਤੀ ਵਾਲੇ ਸਰਪੰਚਾਂ ਨੇ ਸਿਆਸਤਦਾਨੀ ਦੀ ਬਸਤਾਨੀ ਸੋਚ ਨੂੰ ਉਘਾੜ ਕੇ ਪੇਸ਼ ਕੀਤਾ ਹੈ। ਜੇ ਕੋਈ ਗਾਂਧੀ ਪਰਿਵਾਰ ਨਾਲ ਵਫ਼ਾਦਾਰੀ ਸਾਬਤ ਕਰਨ ਲਈ ਠੁੱਡੇ ਮਾਰਦਾ ਹੈ ਤਾਂ ਬਾਦਲਾਂ ਨਾਲ ਵਫ਼ਾਦਾਰੀ ਦਾ ਸਬੂਤ ਬੇਰੁਜ਼ਗਾਰਾਂ ਦੀ ਮਾਰ-ਕੁੱਟ ਕਰਦਾ ਹੈ। ਇਹ ਜਮਹੂਰੀ ਹਕੂਕ ਤੋਂ ਬੇਮੁਖ ਸਿਆਸਤ ਦਾ ਮੂੰਹਜ਼ੋਰ ਪ੍ਰਗਟਾਵਾ ਹੈ। ਸਿਆਸਤਦਾਨਾਂ ਨੇ ਨਿੱਜੀ ਮੁਨਾਫ਼ਿਆਂ ਸਿਆਸਤ ਦਾ ਧੁਰਾ ਬਣਾ ਲਿਆ ਹੈ ਅਤੇ ਹੁਣ ਪਟਵਾਰੀ

***(ਬਾਕੀ ਸਫਾ 27 'ਤੇ)***

# ਜਾਂਦੀ ਵਾਰੀ ਫਤਿਹ ਮਨਜ਼ੂਰ ਕਰਨੀ!

ਲਿਖਤੁਮ



ਤਰਲੋਚਨ ਸਿੰਘ ਦੁਪਾਲਪੁਰ

ਫੋਨ:408-903-9952

ਪੰਜਾਬੀ ਰੰਗਮੰਚ ਅਤੇ ਗਾਇਕੀ ਦਾ ਵਿਸ਼ਲੇਸ਼ਕ ਐਸ. ਅਸ਼ੋਕ ਭੌਰਾ ਤੇ ਮੈਂ ਫੋਨ 'ਤੇ ਗੱਲਾਂ ਕਰਦੇ ਕਿਸੇ ਖਾਸ ਨੁਕਤੇ ਉਤੇ ਖੂਬ ਹੱਸੇ। ਉਸੇ ਰਾਤ ਅੱਧੀ ਰਾਤ ਮੇਰੇ ਫੋਨ ਦੀ ਰਿੰਗ ਵੱਜੀ ਤਾਂ ਸਕਰੀਨ ਉਪਰ 'ਅਸ਼ੋਕ ਭੌਰਾ' ਦੇਖ ਕੇ ਮੇਰਾ ਮੱਥਾ ਠਣਕਿਆ! "ਇਹ ਤਾਂ ਕਦੇ ਐਸ ਵੇਲ਼ੇ ਫੋਨ ਨਹੀਂ ਕਰਦਾ ਹੁੰਦਾ, ਅੱਜ ਕੀ ਗੱਲ ਹੋਈ ਹੋਵੇਗੀ?" ਚਿੰਤਾਗ੍ਰਸੀ ਉਤਸੁਕਤਾ ਨਾਲ ਫੋਨ ਦਾ ਹਰਾ ਬਟਨ ਦੱਬਿਆ, 'ਹੈਲੋ' ਦੀ ਥਾਂ ਮੇਰੇ ਮੂੰਹੋਂ ਨਿੱਕਲਿਆ, "ਭੌਰਾ ਭਰਾ ਜੀ ਸੁੱਖ ਤਾਂ ਹੈ?"

"ਨਹੀਂ, ਸੁੱਖ ਨ-ਹੀਂ-ਈਂ-ਭਾ-ਅ-ਜੀ!" ਘੋਰ ਉਦਾਸੀ ਵਾਲੀ ਲਟਕਵੀਂ-ਟੁੱਟਦੀ-ਢਹਿੰਦੀ ਜਿਹੀ ਆਵਾਜ਼ ਆ ਰਹੀ ਸੀ, "ਭਾਣਾ ਬੀਤ ਗਿਆ...ਮਾਣਕ-ਮੁੱਕ...!!" ਮੇਰੇ ਮੂੰਹੋਂ ਗਹਿਰੇ ਸਦਮੇ ਵਾਲੀ 'ਚੁ-ਚੁ-ਚੁ' ਸੁਣ ਕੇ, ਉਸ ਦੇ ਭਰੇ ਗਲੇ 'ਚੋਂ ਇੰਨੇ ਕੁ ਲਫਜ਼ ਹੋਰ ਬੜੀ ਮੁਸ਼ਕਿਲ ਨਾਲ ਨਿਕਲੇ, "ਸਵੇਰ ਦਾ ਵੈਂਟੀਲੇਸ਼ਨ 'ਤੇ...ਸਰਬਜੀਤ, ਸ਼ਕਤੀ, ਯੁੱਧਵੀਰ...!" ਮਾਣਕ ਦੀ ਪਤਨੀ, ਧੀ ਅਤੇ ਪੁੱਤਰ ਦੇ ਨਾਂ ਲੈਣ ਤੋਂ ਬਾਅਦ ਭੌਰੇ ਦੀਆਂ ਹਿਚਕੀਆਂ ਤੇ ਹੌਕੇ ਸੁਣਾਈ ਦਿੱਤੇ।

ਬੇਸ਼ੱਕ ਹਫਤਾ ਕੁ ਪਹਿਲਾਂ ਸੁਣਿਆਂ ਤਾਂ ਸੀ ਕਿ ਕੁਲਦੀਪ ਮਾਣਕ ਢਿੱਲਾ ਹੋਣ ਕਾਰਨ ਹਸਪਤਾਲ ਦਾਖਲ ਹੈ ਪਰ ਯਕੀਨ ਸੀ ਕਿ ਇਹੋ ਜਿਹੀਆਂ ਢਿੱਲਾਂ-ਮੱਠਾਂ ਨੂੰ ਉਹ ਹਮੇਸ਼ਾਂ ਹੀ ਗਲੋਂ ਵਗਾਹ ਮਾਰਦਾ ਆਇਆ ਹੈ। ਉਸ ਦੇ ਬੀਮਾਰ-ਸ਼ੁਮਾਰ ਹੋਣ ਦੀਆਂ ਕਨਸੋਆਂ ਸੁਣਨ ਵਾਲੇ ਲੋਕਾਂ ਨੂੰ ਪਤਾ ਉਦੋਂ ਹੀ ਲਗਦਾ ਸੀ, ਜਦੋਂ ਉਹ ਨੌਂ-ਬਰ-ਨੌਂ ਕਿਸੇ ਸਟੇਜ 'ਤੇ ਬੁਲੰਦ ਆਵਾਜ਼ ਨਾਲ 'ਕਲਗੀਧਰ ਤੋਂ ਥਾਪੜਾ' ਲੈ ਕੇ ਗੁਰੂ ਮਾਰੀ ਸਰਹਿੰਦ ਦੀ ਇੱਟ ਨਾਲ ਇੱਟ ਖੜਕਾ ਰਿਹਾ ਹੁੰਦਾ। ਇਹ ਤਾਂ ਚਿੱਤ ਚੇਤੇ ਵੀ ਨਹੀਂ ਸੀ ਕਿ ਸਾਲ 2011 ਐਨਾ ਨਿਰਮੋਹਾ ਹੋ ਜਾਏਗਾ ਕਿ ਮਾਣਕ ਨੂੰ ਆਖਰੀ ਮਹੀਨੇ ਦਸੰਬਰ 'ਚ ਪੈਰ ਵੀ ਨਹੀਂ ਧਰਨ ਦਏਗਾ!

ਸ਼ਾਹ ਮੁਹੰਮਦ ਦੀਆਂ ਸਤਰਾਂ ਅਨੁਸਾਰ 'ਇਹ ਜੱਗ ਸਰਾਏ ਮੁਸਾਫਰਾਂ ਦੀ' ਵਿਚ ਕੋਈ ਯਾਤਰੂ ਪੱਕਾ ਟਿਕਾਣਾ ਬਣਾ ਕੇ ਤਾਂ ਨਹੀਂ ਰਹਿ ਸਕਦਾ ਅਤੇ ਗੱਡੀ ਵਿਚ ਸਫਰ ਕਰ ਰਹੇ ਮੁਸਾਫਰਾਂ ਨੇ ਆਪੋ ਆਪਣੇ ਸਟੇਸ਼ਨ 'ਤੇ ਉਤਰ ਹੀ ਜਾਣਾ ਹੁੰਦੈ। ਪ੍ਰੰਤੂ ਜਦ ਕੋਈ ਪਹਾੜ ਦੀ ਟੀਸੀ ਜਿੱਡੀ ਬੁਲੰਦੀ ਅਤੇ ਕੁੱਲ ਆਲਮ ਦੀ ਸ਼ੋਹਰਤ ਖੱਟਣ ਵਾਲਾ ਵਿਅਕਤੀ ਇਸ ਫਾਨੀ ਸੰਸਾਰ ਤੋਂ ਕੂਚ ਕਰ ਜਾਂਦਾ ਹੈ ਤਾਂ ਉਸ ਦੇ ਹਜ਼ਾਰਾਂ ਲੱਖਾਂ ਪ੍ਰਸ਼ੰਸਕਾਂ ਦੇ ਦਿਲ ਮੁਰਝਾ ਜਾਂਦੇ ਨੇ। ਇਵੇਂ ਹੀ ਕੁਲਦੀਪ ਮਾਣਕ ਦੇ ਅਕਾਲ ਚਲਾਣੇ ਦੀ ਮਨਹੂਸ ਖਬਰ ਸੁਣ ਕੇ ਮੈਨੂੰ ਮਹਿਸੂਸ ਹੋਇਆ!

ਮੈਂ ਵੀ ਉਨ੍ਹਾਂ ਮੁੰਡਿਆਂ ਵਿਚ ਸ਼ਾਮਿਲ ਹੁੰਦਾ ਸਾਂ ਜੋ ਅੱਡੀਆਂ ਚੁੱਕ ਚੁੱਕ ਮਾਣਕ ਦੇ ਆਉਣ ਵਾਲੇ ਨਵੇਂ ਰਿਕਾਰਡਾਂ ਦੀ ਉਡੀਕ ਕਰਦੇ ਹੁੰਦੇ ਸਨ। ਆਪਣੇ ਪਿੰਡ ਵਿਚ ਜਾਂ ਕਿਤੇ ਆਲੇ-ਦੁਆਲੇ ਵੱਜਦੇ ਲਾਊਡ ਸਪੀਕਰਾਂ ਵੱਲ ਅਸੀਂ ਕੰਨ ਲਾਈ ਰੱਖਦੇ ਸਾਂ ਕਿ ਕਦੋਂ 'ਛੇਤੀ ਕਰ ਸਰਵਣ ਬੱਚਾ' ਵਾਲਾ ਗੀਤ ਵੱਜੇਗਾ। ਲਾਗਲੇ ਪਿੰਡ ਸ਼ੇਖੂਪੁਰ ਦੇ ਸਪੀਕਰ ਵਜਾਉਣ ਵਾਲੇ ਤਰਸੇਮ ਨਾਲ, ਅਸੀਂ ਇਸੇ ਲਾਲਚ ਵਿਚ ਆੜੀ ਪਾਈ ਰੱਖਦੇ ਕਿਉਂਜੋ ਉਹ ਸਾਡੇ ਕਹੇ 'ਤੇ ਮਾਣਕ ਦੇ ਤਵੇ ਉਤੇ ਸੂਈ ਰੱਖ ਦਿੰਦਾ ਹੁੰਦਾ ਸੀ। ਕੋਠਿਆਂ ਦੇ ਬਨੇਰਿਆਂ 'ਤੇ ਪਏ ਲਾਊਡ ਸਪੀਕਰਾਂ 'ਚ ਵੱਜਦੇ ਮਾਣਕ ਦੇ ਗਾਣਿਆਂ ਨੂੰ ਅਸੀਂ ਸਾਹ ਰੋਕ ਕੇ ਸੁਣਦੇ। ਪਸ਼ੂ ਚਰਾਉਣ ਗਏ ਹੋਏ ਅਸੀਂ ਖੁੱਲ੍ਹੇ ਖੇਤਾਂ 'ਚ ਮਾਣਕ ਦੇ ਬੋਲ ਗੁਣ ਗੁਣਾਉਂਦੇ ਹੋਏ ਫਿਰਦੇ। 'ਮਾਂਵਾਂ ਹੁੰਦੀਆਂ ਮਤੇਈਆਂ ਬੁਰੀਆਂ ਤੂੰ ਮਹਿਲੀਂ ਨਹੀਂ ਸੀ ਜਾਣਾ ਪੂਰਨਾ' ਵਾਲਾ ਗੀਤ ਪੇਂਡੂ ਬੀਬੀਆਂ ਦੀਆਂ ਅੱਖਾਂ ਗਿੱਲੀਆਂ ਕਰ ਦਿੰਦਾ।

ਕੰਪਿਊਟਰ ਦੇ 'ਕੀ-ਬੋਰਡ' ਉਤੇ ਦੋ ਕੁ ਉਂਗ਼ਲਾਂ ਮਾਰ ਕੇ ਪਲਾਂ-ਛਿਣਾਂ ਵਿਚ ਮਨਪਸੰਦ ਗੀਤ ਲੱਭ ਲੈਣ ਵਾਲੀ ਅਜੋਕੀ ਪੀੜ੍ਹੀ ਨੂੰ ਇਹ ਸੁਣ ਕੇ ਸ਼ਾਇਦ ਯਕੀਨ ਹੀ ਨਾ ਆਵੇ ਕਿ ਸਾਨੂੰ ਆਪਣੇ ਪਸੰਦੀਦਾ ਗੀਤ ਸੁਣਨ ਲਈ ਕਿੰਨੇ ਤਰਲੇ ਕਰਨੇ ਪੈਂਦੇ ਸਨ। ਆਕਾਸ਼ਵਾਣੀ ਜਲੰਧਰ ਤੋਂ ਪ੍ਰਸਾਰਿਤ ਹੁੰਦੇ ਦਿਹਾਤੀ ਪ੍ਰੋਗਰਾਮ ਵਾਲੇ ਠੰਢੂ ਰਾਮ ਹੁਰਾਂ ਨੂੰ ਅਸੀਂ ਮਾਣਕ ਦੇ ਗੀਤ ਸੁਣਾਉਣ ਲਈ ਕਈ ਕਈ ਪੋਸਟ-ਕਾਰਡ ਲਿਖਦੇ ਰਹਿੰਦੇ। 'ਮਾਂ ਹੁੰਦੀ ਏ ਮਾਂ' ਅਤੇ 'ਤੇਰੇ ਟਿੱਲੇ ਤੋਂ ਔਹ ਸੂਰਤ ਦੀਹਦੀ ਆ ਹੀਰ ਦੀ' ਜਿਹੇ ਗੀਤਾਂ ਨੂੰ ਅਸੀਂ ਕੁੜੀਆਂ ਵਾਂਗ ਔਂਸੀਆਂ ਪਾ ਪਾ ਉਡੀਕਦੇ ਹੁੰਦੇ ਸਾਂ। ਹਰ ਐਤਵਾਰ ਸ਼ਾਮ ਨੂੰ ਅਸੀਂ ਆਪਣੀ ਫ਼ੁਰਮਾਇਸ਼ ਸੁਣਨ ਲਈ ਰੇਡੀਉ ਦੇ ਨੇੜੇ ਢੁਕ



ਢੁਕ ਬਹਿੰਦੇ। ਮਾਣਕ ਦੀ ਤੂੰਬੀ ਦੀ ਟੁਣਕਾਰ ਸੁਣਦਿਆਂ ਹੀ ਅਸੀਂ ਸਪੇਰੇ ਦੀ ਬੀਨ ਮੋਹਰੇ ਮੇਲ੍ਹਦੇ ਨਾਗ ਵਾਂਗ ਮੇਲ੍ਹਣ ਲੱਗ ਪੈਂਦੇ।

ਮੈਨੂੰ ਉਹ ਪਲ ਵੀ ਯਾਦ ਆ ਗਏ ਜਦੋਂ ਮੈਂ ਤੇ ਮੇਰੇ ਦੋਵੇਂ ਛੋਟੇ ਭਰਾਵਾਂ ਨੇ ਪਹਿਲੀ ਵਾਰ ਮਾਣਕ ਨੂੰ ਨੇੜਿਉਂ ਗਾਉਂਦਾ ਦੇਖਿਆ ਸੀ। ਸੰਨ 1976-77 ਤੋਂ ਬਾਅਦ ਦੇ ਕਿਸੇ ਸਾਲ ਦੇ ਸਤੰਬਰ ਮਹੀਨੇ ਦੀ ਗੱਲ ਹੈ ਕਿ ਅਸੀਂ ਤਿੰਨੇ ਭਰਾ ਇੱਕੋ ਸਾਈਕਲ 'ਤੇ ਆਪਣੇ ਨਾਨਕੇ ਪਿੰਡ ਧਮਾਈ ਨੂੰ ਜਾ ਰਹੇ ਸਾਂ। ਜਾਡਲਾ ਕਸਬਾ ਲੰਘ ਕੇ ਜਦੋਂ ਅਸੀਂ ਦੌਲਤਪੁਰ ਦੀ ਜੂਹ ਵਿਚ ਵੜੇ ਤਾਂ ਅਸੀਂ ਦੇਖਿਆ ਕਿ ਪਿੰਡ ਦੇ ਨਿਆਣੇ-ਸਿਆਣੇ ਤੇ ਮਾਈਆਂ-ਬੀਬੀਆਂ ਨਵੇਂ ਕੱਪੜੇ ਪਹਿਨੀਂ ਇੱਕ ਪਾਸੇ ਨੂੰ ਕਾਹਲੀ ਕਾਹਲੀ ਤੁਰੇ ਜਾ ਰਹੇ ਨੇ। ਕਿਸੇ ਤੋਂ ਪੁੱਛਿਆ ਤਾਂ ਪਤਾ ਲੱਗਿਆ ਕਿ ਇੱਥੇ ਅੱਜ ਕੁਲਦੀਪ ਮਾਣਕ ਆ ਰਿਹਾ ਹੈ। ਸਾਡੀਆਂ ਵਰਾਛਾਂ ਖਿੜ ਗਈਆਂ! ਮਾਣਕ ਦਰਸ਼ਨ ਦੀ ਤੀਬਰ-ਤਾਂਘ ਨੇ ਸਾਡਾ ਨਾਨਕੀਂ ਜਾਣ ਦਾ ਚਾਅ ਉਤਾਰ ਦਿੱਤਾ। ਅਸੀਂ ਵੀ ਤਿੰਨੇ ਭਰਾ 'ਸੰਗ' ਵਿਚ ਰਲ ਗਏ ਤੇ ਜਾ ਵੜੇ ਪਿੰਡ ਦੇ ਦਰਵਾਜੇ ਵਿਖੇ ਜੁੜੇ ਇਕੱਠ ਵਿਚ।

ਅਸਲ ਵਿਚ ਇੱਥੇ ਬੱਬਰ ਕਰਮ ਸਿੰਘ ਦੌਲਤਪੁਰ ਅਤੇ ਉਨ੍ਹਾਂ ਦੇ ਸ਼ਹੀਦ ਸਾਥੀ ਬੱਬਰਾਂ ਦੀ ਸਾਲਾਨਾ ਬਰਸੀ ਮਨਾਈ ਜਾ ਰਹੀ ਸੀ। ਸੰਤ ਲੌਂਗੋਵਾਲ ਅਤੇ ਜਥੇਦਾਰ ਟੌਹੜਾ ਦੇ ਬੋਲਣ ਤੋਂ ਬਾਅਦ ਇੱਕ ਢਾਡੀ ਜਥਾ ਲੱਗਿਆ। ਫਿਰ ਸਟੇਜ 'ਤੇ ਚੜ੍ਹਿਆ ਕੁਲਦੀਪ ਮਾਣਕ! ਇਹ ਵੀ ਅਜੀਬ ਇਤਫਾਕ ਦੇਖੋ ਕਿ ਮੈਂ ਆਪਣੀ ਜ਼ਿੰਦਗੀ ਵਿਚ ਸੰਤ ਲੌਂਗੋਵਾਲ, ਜਥੇਦਾਰ ਟੌਹੜਾ ਅਤੇ ਮਾਣਕ-ਤਿੰਨਾਂ ਜਣਿਆਂ ਨੂੰ ਪਹਿਲੀ ਵਾਰ ਉਦੋਂ ਹੀ ਦੇਖਿਆ ਸੀ। ਲੰਮੇ ਲੜ ਵਾਲੀ ਮਾਵਾ ਲੱਗੀ ਤੁਰਲ੍ਹੇਦਾਰ ਪਗੜੀ, ਚਿੱਟਾ ਚਾਦਰਾ, ਕਮੀਜ਼ ਅਤੇ ਚਮਕਦੇ ਬਟਨਾਂ ਵਾਲੀ ਜੈਕਟ ਪਹਿਨ ਕੇ ਜਦੋਂ ਮਾਣਕ ਨੇ ਆਲੇ-ਦੁਆਲੇ ਜੁੜੇ ਹਜੂਮ ਨੂੰ ਹੱਥ ਜੋੜ ਕੇ ਫਤਿਹ ਬੁਲਾਈ ਤਾਂ ਸਰੋਤਿਆਂ ਦੀਆਂ ਧੜਕਣਾਂ ਤੇਜ਼ ਹੋ ਗਈਆਂ। ਉਦੋਂ ਅੱਜ ਵਰਗੇ 'ਖੌਰੂ ਪੱਟ ਸੱਭਿਆਚਾਰ' ਦਾ ਰਿਵਾਜ਼ ਹਾਲੇ ਨਹੀਂ ਸੀ ਪਿਆ। ਮਾਣਕ ਨੇ ਆਉਂਦਿਆਂ ਸਾਰ। ਕਲੀਆਂ ਦੀ ਝੜੀ ਲਾ'ਤੀ ਤੇ ਸਰੋਤੇ ਕੀਲ ਕੇ ਬਹਾ ਲਏ।

ਜਥੇਦਾਰ ਟੌਹੜਾ ਅਤੇ ਸੰਤ ਲੌਂਗੋਵਾਲ ਦੇ ਸਟੇਜ ਤੋਂ ਚਲੇ ਜਾਣ ਬਾਅਦ ਸਟੇਜ ਸਕੱਤਰ ਹਰਜੀਤ ਸਿੰਘ ਥਾਂਦੀ ਨੂੰ ਸਰੋਤਿਆਂ ਦੀਆਂ ਚਿੱਟਾਂ ਪਹੁੰਚਣ ਲੱਗੀਆਂ ਕਿ ਮਾਣਕ ਹੀਰ ਦੀ ਕਲੀ ਸੁਣਾਵੇ। ਅੱਜ ਵੀ ਉਹ ਦ੍ਰਿਸ਼ ਮੇਰੀਆਂ ਅੱਖਾਂ ਅੱਗੇ ਆਉਂਦਾ ਹੈ, ਜਦ ਮਾਣਕ ਨੇ ਮੋਟੀਆਂ ਮੋਟੀਆਂ ਮੁੰਦੀਆਂ ਨਾਲ ਭਰੀਆਂ ਉਂਗਲਾਂ ਵਾਲਾ ਪੰਜਾ, ਇਨਕਾਰ ਦੀ ਮੁਦਰਾ 'ਚ ਘੁਮਾਉਂਦਿਆਂ ਸ਼ੁਧ ਮਲਵਈ 'ਚ ਕਿਹਾ, "ਬਾਈ ਥੋਡੀ ਫੁਰਮਾਇਸ਼ ਮੈਂ ਜ਼ਰੂਰ ਪੂਰੀ ਕਰੂੰਗਾ ਪਰ ਪਹਿਲਾਂ ਗੁਰੂ ਮਹਾਰਾਜ ਜੀ ਗੁਰਦੁਆਰਾ ਸਾਹਿਬ ਵਿਖੇ ਬਿਰਾਜਮਾਨ ਕਰ ਆਈਏ!" ਪ੍ਰਬੰਧਕਾਂ ਨੇ ਸਲਾਹ ਕਰਕੇ ਮਰਿਆਦਾ ਦਾ ਪਾਲਣ ਕਰਦਿਆਂ ਪ੍ਰਸ਼ਾਦ ਵਰਤਾਉਣ ਉਪਰੰਤ ਗੁਰੂ ਮਹਾਰਾਜ ਦਾ ਸੁਖ-ਆਸਣ ਕਰ ਦਿੱਤਾ। ਜਿੰਨਾ ਚਿਰ ਸਟੇਜ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸਵਾਰੀ ਪ੍ਰਸਥਾਨ ਨਹੀਂ ਕਰ ਗਈ, ਉਨਾ ਚਿਰ ਮਾਣਕ ਇੱਕ ਸ਼ਰਧਾਲੂ ਸਿੱਖ ਵਾਂਗ ਚੌਂਕੜਾ ਮਾਰ ਕੇ ਅਡੋਲ ਬੈਠਾ ਰਿਹਾ।

ਦੂਜੀ ਵਾਰ ਮੈਂ ਉਸ ਨੂੰ ਬੰਗੇ ਨੇੜੇ ਮਜਾਰਾ ਨੌਅਬਾਦ ਹੋਏ ਮੇਲੇ 'ਤੇ ਸੁਣਿਆ। ਉਥੇ ਮੈਂ ਜਨੂੰਨ 'ਚ ਆਏ ਨੇ ਉਹਦੇ ਨਾਲ ਹੱਥ ਮਿਲਾਉਣ ਦੀ ਰੀਝ ਵੀ ਪੂਰੀ ਕਰ ਲਈ। ਤੀਜੀ ਵਾਰ ਉਸ ਦਾ ਨਵਾਂਸ਼ਹਿਰ ਹੋਈ ਇੱਕ ਸਿਆਸੀ ਕਾਨਫਰੰਸ ਵਿਚ ਪ੍ਰੋਗਰਾਮ ਸੁਣਿਆ।

ਟੇਪ ਰਿਕਾਰਡਰ ਅਤੇ ਆਡੀਉ ਕੈਸਿਟਾਂ ਦੇ ਦੌਰ ਸਮੇਂ ਸ਼ਹਿਰਾਂ ਕਸਬਿਆਂ ਵਿਚ 'ਰਿਕਾਰਡਿੰਗ ਸਟੂਡੀਓ' ਖੁੱਲ੍ਹਣ ਲੱਗੇ। ਲੋਕ ਤਵਿਆਂ ਦੇ ਗੀਤ ਕੈਸਟਾਂ 'ਚ ਭਰਾ ਲਿਆਉਂਦੇ। ਮੈਂ ਢਾਡੀਆਂ ਅਤੇ ਢਾਡੀਆਂ ਵਾਂਗ ਗਾਉਣ ਵਾਲੇ ਮਾਣਕ ਦੇ ਨਵੇਂ ਤਵੇ ਕੈਸਟਾਂ 'ਚ ਭਰਵਾਉਣ ਗੜ੍ਹਸ਼ੰਕਰ ਜਾਂਦਾ। ਨਾਲੇ ਮੈਂ ਉਥੇ ਆਪਣੇ ਸਹੁਰਾ ਪਰਿਵਾਰ ਗੇੜਾ ਮਾਰ ਆਉਣਾ, ਨਾਲੇ ਗੜ੍ਹਸ਼ੰਕਰ ਕਮੇਟੀ ਦੇ ਲਾਗੇ ਰਾਜ ਤੇ ਛਿੰਦੇ ਦੇ 'ਦੁਆਬਾ ਸਟੀਰੀਉ' ਪਹੁੰਚ ਕੇ ਰੂਹ ਨਾਲ ਮਾਣਕ ਸੁਣਨਾ ਅਤੇ ਕੈਸਟਾਂ ਰਿਕਾਰਡ ਕਰਵਾ ਲੈਣੀਆਂ। ਇੱਕ ਅੱਖ ਵਿਚ ਰਤਾ ਕੁ ਭੈਂਗ ਵਾਲਾ ਰਾਜ, ਬੜੇ ਫਖਰ ਨਾਲ ਕਿਹਾ ਕਰਦਾ ਸੀ ਕਿ 'ਮਾਣਕ ਦਾ ਫਲਾਣਾ ਗੀਤ ਤੁਹਾਡੇ ਕੋਲ ਹੈਗਾ?' ਜਿਹਾ ਸਵਾਲ ਪੁੱਛ ਕੇ ਸਾਡੀ ਬੇਇਜ਼ਤੀ ਨਾ ਕਰੋ। ਮਾਣਕ ਤਾਂ ਜੇ ਸਟੇਜ 'ਤੇ ਕਿਤੇ ਖੰਘਿਆ ਵੀ ਹੋਊ, ਸਾਡੇ ਕੋਲ ਉਹਦੀ ਵੀ ਰਿਕਾਰਡਿੰਗ ਹੋਵੇਗੀ।

ਮੈਨੂੰ ਯਾਦ ਹੈ ਕਿ ਸੱਚ ਮੁੱਚ ਉਨ੍ਹਾਂ ਕੋਲ ਮਾਣਕ ਦਾ ਇੰਗਲੈਂਡ ਵਿਚ ਭਰਿਆ ਹੋਇਆ ਇੱਕ ਰਿਕਾਰਡ ਹੁੰਦਾ ਸੀ, "ਕਾਲਿਆਂ ਦੇ ਨਾਲ ਜੇ ਨਾ ਕੀਤੀ ਬੰਦਗੀ। ਧੌਲਿਆਂ ਦੇ ਨਾਲ ਲੈ ਸਵਾਰ ਜ਼ਿੰਦਗੀ।" ਇਹ ਰਿਕਾਰਡ ਮੈਂ ਹੋਰ ਕਿਧਰੇ ਨਹੀਂ ਸੁਣਿਆ ਦੇਖਿਆ। ਇਸੇ ਤਰ੍ਹਾਂ ਗਿਆਨੀ ਦਿਲਬਰ ਦੇ ਦੋ ਐਲ ਪੀ ਰਿਕਾਰਡ ਉਨ੍ਹਾਂ ਕੋਲ ਪਏ ਹੁੰਦੇ ਸਨ। ਉਨ੍ਹਾਂ ਦੀ ਦੁਕਾਨ ਵਿਚ ਬਹਿ ਕੇ ਮਾਣਕ ਸੁਣਨ ਦਾ ਮਜ਼ਾ ਹੀ ਕੁੱਝ ਵੱਖਰਾ ਹੁੰਦਾ ਸੀ। ਇਨ੍ਹਾਂ ਗੜ੍ਹਸ਼ੰਕਰੀਏ ਭਰਾਵਾਂ ਦੀ ਮਦਦ ਨਾਲ ਮੈਂ ਵੀ ਆਪਣੇ ਨਿੱਜੀ ਸੰਗ੍ਰਹਿ ਵਿਚ ਮਾਣਕ ਦੀ ਸਾਰੀ ਗਾਇਕੀ ਸਾਂਭਣ ਦੀ ਉਦੋਂ ਤੱਕ ਕੋਸ਼ਿਸ਼ ਕਾਰਦਾ ਰਿਹਾ ਜਦ ਤੱਕ ਮੇਰਾ ਸਿੱਧਾ ਵਾਹ 'ਲੂਣ, ਤੇਲ, ਲੱਕੜੀਆਂ' ਨਾਲ ਨਹੀਂ ਸੀ ਪੈ ਗਿਆ। ਮਾਣਕ ਦੇ ਗੀਤਾਂ ਦੀਆਂ ਕੈਸਟਾਂ ਭਰਾ ਕੇ ਖੁਸ਼ਖਤ ਲਿਖਾਈ ਨਾਲ ਉਨ੍ਹਾਂ ਗੀਤਾਂ ਦੀਆਂ ਲਿਸਟਾਂ ਬਣਾਉਣੀਆਂ ਮੇਰਾ ਸ਼ੌਂਕ ਹੁੰਦਾ ਸੀ।

ਪੰਜਾਬ 'ਚ ਬੱਸ ਦਾ ਸਫਰ ਕਰਦਿਆਂ ਮੈਂ ਅਕਸਰ ਡਰਾਈਵਰਾਂ-ਕੰਡਕਟਰਾਂ ਨੂੰ ਕਹਿ ਕੇ ਮਾਣਕ ਦੀਆਂ ਕੈਸਟਾਂ ਲਗਵਾਇਆ ਕਰਦਾ ਸਾਂ। ਹਿੱਕ ਦੇ ਜ਼ੋਰ ਨਾਲ ਗਾਈ ਹੋਈ ਉਸ ਦੀ ਬਾਬਾ ਬੰਦਾ ਬਹਾਦਰ ਦੀ ਵਾਰ ਸੁਣ-ਸੁਣ ਕੇ ਮਨ ਹੀ ਨਾ ਭਰਦਾ। ਖਾੜਕੂਵਾਦ ਦੇ ਦਿਨਾਂ ਵਿਚ ਆਈ ਉਸ ਦੀ ਕੈਸਟ 'ਸੁਣ ਸਰਕਾਰੇ ਨੀ ਪੰਜਾਬ ਵਿਚ ਖਾਲਸੇ ਦਾ ਰਾਜ ਹੋ ਗਿਆ' ਮਾਣਕ ਦੀ ਦਮਦਾਰ ਅਵਾਜ਼ ਅਤੇ ਸਿੱਖੀ ਪ੍ਰਤਿ ਉਸ ਦੀ ਸ਼ਰਧਾ ਦਾ ਸਰਵੋਤਮ ਨਮੂਨਾ ਸੀ। ਉਸ ਦਾ ਗਾਇਆ ਦੁੱਲਾ-ਭੱਟੀ ਸੁਣਨ ਵਾਲਿਆਂ ਦੇ ਹੁਣ ਵੀ ਅਣਖਾਂ ਦੇ ਟੀਕੇ ਲਾਉਣ ਦੇ ਸਮਰੱਥ ਹੈ। ਪਤੀ ਦੀ ਦੁਰਕਾਰੀ ਕੌਲਾਂ ਦਾ ਵਿਰਲਾਪ, ਜਿਸ ਤਰ੍ਹਾਂ ਮਾਣਕ ਨੇ ਕਰੁਣਾਮਈ ਆਵਾਜ਼ ਵਿਚ ਗਾਇਆ ਹੈ, ਉਸ ਨੂੰ ਸੁਣ ਕੇ ਵੈਰਾਗ ਦਾ ਹੜ੍ਹ ਆ ਜਾਂਦਾ ਹੈ। 'ਇਹ ਦੁਨੀਆਂ ਧੋਖੇਬਾਜਾਂ ਦੀ', 'ਵਖਤ ਪਏ ਤੇ ਪਰਖੀ ਜਾਂਦੀ ਯਾਰਾਂ ਦੀ' ਅਤੇ 'ਗੋਲੀ ਮਾਰੋ ਐਹੋ ਜਿਹੇ ਬਣਾਉਟੀ ਯਾਰ ਦੇ' ਵਰਗੇ ਸਦਾਬਹਾਰ ਗੀਤ ਕਦੇ ਮਾਣਕ ਨੂੰ ਮਰਨ ਨਹੀਂ ਦੇਣਗੇ।

ਪੰਜਾਬ ਦੀ ਫਿਜ਼ਾ ਵਿਚ ਮਾਣਕ ਦੀ ਆਵਾਜ਼ ਨੇ ਜਿਹੜਾ ਮਿੱਠਾ ਰਸ ਲਰਜ਼ਾਇਆ ਹੈ, ਉਸ ਦਾ ਅਸਰ ਕੇਵਲ ਉਨ੍ਹਾਂ ਸਮਿਆਂ ਦੇ ਲੋਕਾਂ ਨੂੰ ਹੀ ਖਿੱਚ ਨਹੀਂ ਪਾਉਂਦਾ ਸਗੋਂ ਅਜੋਕੀ ਪੀੜ੍ਹੀ ਵਿਚੋਂ ਵੀ ਪੰਜਾਬੀ ਗਾਇਕੀ ਦੇ ਸੁਨਹਿਰੇ ਅਤੇ ਲੰਘ ਚੁੱਕੇ ਦੌਰ ਨਾਲ ਸਨੇਹ ਰੱਖਣ ਵਾਲੇ ਬਹੁਤੇ ਨੌਜੁਆਨ ਐਸੇ ਹਨ ਜਿਹੜੇ ਮਾਣਕ ਦੇ ਗੀਤਾਂ ਵਿਚੋਂ ਆਪਣੀ ਜ਼ਿੰਦਗੀ ਦੇ ਸੁਆਦਾਂ ਨੂੰ ਸਾਕਾਰ ਹੁੰਦਾ ਮਹਿਸੂਸ ਕਰਦੇ ਹਨ। ਮਾਣਕ ਨੂੰ ਸਮੇਂ ਨੇ ਇੱਕ ਅਜਿਹਾ ਵਾਕਿਆ ਬਣਾ ਦਿੱਤਾ ਹੈ ਜਿਹੜਾ ਸਮੇਂ ਅਤੇ ਉਮਰ ਦੀ ਹੱਦ ਨੂੰ ਪਾਰ ਕਰ ਕੇ ਪੰਜਾਬੀ ਚੇਤਿਆਂ ਵਿਚ ਹਮੇਸ਼ਾ ਆਪਣੀ ਮਿੱਠੀ ਜਿਹੀ ਯਾਦ ਨੂੰ ਬਰਕਰਾਰ ਰੱਖੇਗਾ।

ਮਾਣਕ ਦੇ ਅਸਹਿ ਵਿਛੋੜੇ 'ਤੇ ਇਹ ਸਤਰਾਂ ਲਿਖਦਿਆਂ ਮੈਂ ਕੁਝ ਪਲ ਲਈ ਉਦਾਸੀ ਭਰੇ ਮੋਹ ਨਾਲ ਪਿੰਡੋਂ ਨਾਲ ਲਿਆਂਦੀਆਂ ਕੈਸਟਾਂ ਵਿਚੋਂ ਇੱਕ ਟੇਪ ਰਿਕਾਰਡਾਰ 'ਤੇ ਚਲਾ ਲਈ। ਗੜ੍ਹਕਵੀਂ ਤੇ ਟੁਣਕਦੀ ਆਵਾਜ਼ ਵਿਚ ਮਾਣਕ ਸੁੱਚਾ ਸਿੰਘ ਸੂਰਮੇ ਦਾ ਕਿੱਸਾ ਗਾ ਰਿਹਾ ਹੈ। ਬਲਬੀਰੋ ਭਾਬੀ ਤੇ ਮੱਲ ਦਾ ਕਤਲ ਕਰ ਕੇ ਉਸ ਨੂੰ ਫਾਂਸੀ ਦੀ ਸਜ਼ਾ ਹੋ ਜਾਂਦੀ ਹੈ। ਫਾਂਸੀ ਦੇ ਤਖਤੇ ਵੱਲ ਜਾਣ ਲੱਗਾ ਅਣਖੀ ਸੂਰਮਾ ਸੁੱਚਾ ਸਿੰਘ ਆਪਣੇ ਵੱਡੇ ਭਰਾ ਨਰੈਣੇ ਤੇ ਹੋਰ ਅੰਗਾਂ ਸਾਕਾਂ ਨਾਲ ਆਖਰੀ ਮੁਲਾਕਾਤ ਦੌਰਾਨ ਇਹ ਕੁੱਝ ਕਹਿੰਦਾ ਹੈ,

ਹੁਣ ਸੀਸ ਸਭ ਦੇ ਝੁਕਾਵਾਂ ਚਰਨੀਂ,
ਜਾਂਦੀ ਵਾਰੀ ਫਤਿਹ ਮਨਜ਼ੂਰ ਕਰਨੀਂ।
ਵਕਤ ਅਖੀਰ ਸੂਰਮੇ ਦਾ ਆਇਆ ਹੈ,
ਕਰਮਾਂ ਨੇ ਗਲ ਵਿਚ ਫਾਹਾ ਪਾਇਆ ਹੈ।
ਚੱਲਿਆ ਨਿਭਾ ਕੇ ਜਿਵੇਂ ਲਿਖਿਆ ਖੁਦਾ ਨੇ,
ਕਰਮਾਂ ਦੀ ਡੈਰੀ ਨੂੰ...!

ਮਗਰੋਂ ਸੁੱਚੇ ਭਰਾ ਦੀ ਲਾਸ਼ ਦੇ ਸਿਰਹਾਣੇ ਖੜ੍ਹ ਕੇ ਨਰੈਣਾ ਦੁਹੱਥੜਾਂ ਮਾਰ ਕੇ ਰੋਂਦਾ ਹੈ,

ਮਾਰਦਾ ਨਰੈਣਾਂ ਧਾਹਾਂ ਹਾਏ ਉਏ ਸੁੱਚਿਆ,
ਬੋਲਦਾ ਨੀਂ ਵੀਰਾ? ਕਿਹੜੀ ਗੱਲੋਂ ਰੁੱਸਿਆ!

ਪੰਜਾਬ ਦੇ ਮਹਾਨ ਕਿੱਸਾ-ਕਾਵਿ ਅਤੇ ਲੋਕ-ਧੁਨਾਂ ਨੂੰ ਸਦਾ ਲਈ ਅਮਰ ਕਰਨ ਵਾਲਾ ਮਾਣਕ ਵੀ ਸਭ ਨੂੰ ਆਖਰੀ ਫਤਿਹ ਬੁਲਾ ਕੇ, ਖੁਦਾ ਦੀ ਲਿਖੀ ਡੈਰੀ ਅਨੁਸਾਰ ਅਗਮ ਦੇਸ ਨੂੰ ਤੁਰ ਗਿਆ ਹੈ। ਅਸੀਂ ਭਾਵੇਂ ਨਰੈਣੇ ਵਾਂਗ ਉਸ ਨੂੰ 'ਇੱਕ ਵਾਰ' ਬੋਲਣ ਲਈ ਲੱਖ ਅਰਜ਼ਾਂ ਕਰੀਏ ਪਰ ਆਖਰੀ ਫਤਿਹ ਬੁਲਾ ਗਏ ਕਦੇ ਹੁੰਗਾਰਾ ਨਹੀਂ ਭਰਦੇ!

ਜਾਇਦਾਦ ਦੀ ਖਰੀਦ-ਵੇਚ

ਚੰਡੀਗੜ੍ਹ, ਮੋਹਾਲੀ, ਪੰਚਕੂਲਾ ਅਤੇ ਆਸ-ਪਾਸ ਦੇ ਇਲਾਕਿਆਂ ਵਿਚ ਜ਼ਮੀਨ-ਜਾਇਦਾਦ ਦੀ ਖਰੀਦ-ਵੇਚ ਲਈ ਸੰਪਰਕ ਕਰੋ

ਪੂਨੀਆ ਰੀਅਲ ਅਸਟੇਟ:94173-34049

ਅਸੀਂ ਜਾਇਦਾਦ ਦੀ ਮੈਨੇਜਮੈਂਟ ਦਾ ਕੰਮ ਵੀ ਕਰਦੇ ਹਾਂ

## ਗੁਰਬਾਣੀ ਗਿਆਨ

# ਤੇਰੀ ਕੁਦਰਤਿ ਕਉ ਬਲਿ ਜਾਈ ਜੀਉ॥

ੴ ਸਤਿਗੁਰ ਪ੍ਰਸਾਦਿ
ਮਾਝ ਮਹਲਾ 5
ਕਹਿਆ ਕਰਣਾ ਦਿਤਾ ਲੈਣਾ॥
ਗਰੀਬਾ ਅਨਾਥਾ ਤੇਰਾ ਮਾਣਾ॥
ਸਭ ਕਿਛੁ ਤੂੰਹੈ ਤੂੰਹੈ ਮੇਰੇ ਪਿਆਰੇ॥
ਤੇਰੀ ਕੁਦਰਤਿ ਕਉ ਬਲਿ ਜਾਈ ਜੀਉ॥1॥
ਭਾਣੈ ਉਝੜ ਭਾਣੈ ਰਾਹਾ॥
ਭਾਣੈ ਹਰਿ ਗੁਣ ਗੁਰਮੁਖਿ ਗਾਵਾਹਾ॥
ਭਾਣੈ ਭਰਮਿ ਭਵੈ ਬਹੁ ਜੂਨੀ
ਸਭ ਕਿਛੁ ਤਿਸੈ ਰਜਾਈ ਜੀਉ॥2॥
ਨਾ ਕੋ ਮੂਰਖ ਨਾ ਕੋ ਸਿਆਣਾ॥
ਵਰਤੈ ਸਭ ਕਿਛੁ ਤੇਰਾ ਭਾਣਾ॥
ਅਗਮ ਅਗੋਚਰ ਬੇਅੰਤ ਅਥਾਹਾ॥
ਤੇਰੀ ਕੀਮਤਿ ਕਹਣੁ ਨ ਜਾਈ ਜੀਉ॥3॥
ਖਾਕੁ ਸੰਤਨ ਕੀ ਦੇਹੁ ਪਿਆਰੇ॥
ਆਇ ਪਇਆ ਹਰਿ ਤੇਰੈ ਦੁਆਰੇ॥
ਦਰਸਨੁ ਪੇਖਤ ਮਨੁ ਆਘਾਵੈ
ਨਾਨਕ ਮਿਲਣੁ ਸੁਭਾਈ ਜੀਉ॥4॥

ਇਸ ਸ਼ਬਦ ਵਿਚ ਗੁਰਦੇਵ ਪ੍ਰਭੂ ਨੂੰ ਮੁਖਾਤਿਬ ਹੁੰਦੇ ਹਨ ਕਿ ਮੇਰੇ ਪ੍ਰਭੂ ਜੀਉ! ਜੋ ਤੁਸੀਂ ਕਹਿੰਦੇ ਹੋ, ਜੀਵ ਉਹ ਹੀ ਕਰਦੇ ਹਨ ਅਤੇ ਜੋ ਆਪ ਦਿੰਦੇ ਹੋ, ਜੀਵ ਉਹ ਹੀ ਲੈਂਦੇ ਹਨ। ਹੇ ਮੇਰੇ ਪ੍ਰਭੂ ਜੀਉ! ਇਸ ਸ੍ਰਿਸ਼ਟੀ ਦੇ ਗਰੀਬਾਂ ਅਤੇ ਅਨਾਥ ਜੀਵਾਂ ਨੂੰ ਤਾਂ ਆਪ ਜੀ 'ਤੇ ਹੀ ਮਾਣ ਹੈ। ਇਸ ਲਈ ਮੇਰੇ ਪ੍ਰਭੂ ਜੀਉ! ਇਸ ਸੰਸਾਰ ਵਿਚ ਸਭ ਕੁਝ ਤੇਰਾ ਕੀਤਾ ਹੀ ਹੋ ਰਿਹਾ ਹੈ, ਮੈਂ ਤੇਰੀ ਕੁਦਰਤ ਤੋਂ ਬਲਿਹਾਰ ਜਾਂਦਾ ਹਾਂ।

ਭਾਣੈ ਉਝੜ ਭਾਣੈ ਰਾਹਾ॥
ਭਾਣੈ ਹਰਿ ਗੁਣ ਗੁਰਮੁਖਿ ਗਾਵਾਹਾ॥
ਭਾਣੈ ਭਰਮਿ ਭਵੈ ਬਹੁ ਜੂਨੀ॥
ਸਭ ਕਿਛੁ ਤਿਸੈ ਰਜਾਈ ਜੀਉ॥2॥

ਹੇ ਪ੍ਰਭੂ ਜੀਉ! ਆਪ ਜੀ ਦੇ ਭਾਣੇ ਵਿਚ ਹੀ ਸੰਸਾਰੀ ਜੀਵ ਉਝੜ ਭਾਵ, ਗ਼ਲਤ ਰਸਤੇ 'ਤੇ ਤੁਰ ਪੈਂਦੇ ਹਨ ਅਤੇ ਤੇਰੇ ਭਾਣੇ ਵਿਚ ਹੀ ਜੀਵ ਚੰਗੇ ਰਸਤੇ 'ਤੇ ਚੱਲਦੇ ਹਨ ਅਤੇ ਤੇਰੇ ਭਾਣੇ ਸਦਕਾ ਹੀ ਕਈ ਜੀਵ ਪੂਰੇ ਗੁਰੂ ਦੀ ਸ਼ਰਨ ਵਿਚ ਜਾ ਕੇ ਹਰੀ ਪ੍ਰਭੂ ਦੇ ਗੁਣ ਭੀ ਗਾਉਂਦੇ ਹਨ ਅਤੇ ਪ੍ਰਭੂ ਜੀ, ਆਪ ਦੇ ਭਾਣੇ ਸਦਕਾ ਜੀਵ ਭਰਮਾਂ ਵਿਚ ਫਸ ਕੇ ਅਨੇਕਾਂ ਦੂਨੀਆਂ ਵਿਚ ਭਟਕਦਾ ਹੈ। ਪ੍ਰਭੂ ਜੀਉ! ਇਹ ਸਭ ਤੇਰੇ ਹੁਕਮ ਵਿਚ ਹੀ ਚੱਲ ਰਿਹਾ ਹੈ।

ਨਾ ਕੋ ਮੂਰਖ ਨਾ ਕੋ ਸਿਆਣਾ॥
ਵਰਤੈ ਸਭ ਕਿਛੁ ਤੇਰਾ ਭਾਣਾ॥
ਅਗਮ ਅਗੋਚਰ ਬੇਅੰਤ ਅਥਾਹਾ॥
ਤੇਰੀ ਕੀਮਤਿ ਕਹਣੁ ਨ ਜਾਈ ਜੀਉ॥3॥

ਹੇ ਪਹੁੰਚ ਤੋਂ ਪਰੇ ਅਪਹੁੰਚ ਪ੍ਰਭੂ, ਬੇਅੰਤ ਅਤੇ ਅਥਾਹ ਪ੍ਰਭੂ! ਇਸ ਸੰਸਾਰ ਦਾ ਜੀਵ ਨਾ ਹੀ ਆਪਣੇ ਆਪ ਕੋਈ ਮੂਰਖ਼ ਹੈ ਅਤੇ ਨਾ ਹੀ ਕੋਈ ਆਪਣੇ ਆਪ ਸਿਆਣਾ ਹੈ। ਇਸ ਸੰਸਾਰ ਵਿਚ ਜੋ ਕੁਝ ਦਿਸ ਰਿਹਾ ਹੈ ਅਤੇ ਜੋ ਕੁਝ ਹੋ ਰਿਹਾ ਹੈ, ਅਗਮ, ਅਗੋਚਰੁ, ਬੇਅੰਤ ਅਤੇ ਅਥਾਹ ਹੈ। ਪ੍ਰਭੂ, ਸਭ ਤੇਰੇ ਹੁਕਮ, ਤੇਰੇ ਭਾਣੇ ਵਿਚ ਹੀ ਹੋ ਰਿਹਾ ਹੈ ਅਤੇ ਹੇ ਪ੍ਰਭੂ! ਇਸ ਸੰਸਾਰ ਦਾ ਕੋਈ ਵੀ ਜੀਵ ਤੇਰੀ ਕੀਮਤ ਨਹੀਂ ਪਾ ਸਕਦਾ। ਤੇਰੇ ਜਿਹਾ ਪ੍ਰਭੂ ਜੀ, ਬੱਸ ਤੂੰ ਆਪ ਹੀ ਹੈਂ।

ਖਾਕੁ ਸੰਤਨ ਕੀ ਦੇਹੁ ਪਿਆਰੇ॥
ਆਇ ਪਇਆ ਹਰਿ ਤੇਰੈ ਦੁਆਰੇ॥
ਦਰਸਨੁ ਪੇਖਤ ਮਨੁ ਆਘਾਵੈ॥
ਨਾਨਕ ਮਿਲਣੁ ਸੁਭਾਈ ਜੀਉ॥4॥

ਸ਼ਬਦ ਦੀਆਂ ਅਖ਼ੀਰਲੀਆਂ ਪੰਕਤੀਆਂ ਵਿਚ ਗੁਰਦੇਵ ਬੇਨਤੀ ਕਰਦੇ ਹਨ ਕਿ ਹੇ ਮੇਰੇ ਮਿਹਰਵਾਨ ਪਿਆਰੇ ਪ੍ਰਭੂ ਜੀਉ! ਮੈਂ ਆਪ ਜੀ ਦੇ ਦਰ 'ਤੇ ਆ ਡਿੱਗਾ ਹਾਂ ਅਤੇ ਮੈਨੂੰ ਆਪਣੇ ਪਿਆਰੇ ਭਗਤ ਜਨਾਂ ਦੇ ਚਰਨਾਂ ਦੀ ਧੂੜ ਦੇਹ ਅਤੇ ਇਹ ਨਾਨਕ ਬੇਨਤੀ ਕਰਦਾ ਹੈ ਕਿ ਹੇ ਮੇਰੇ ਹਰੀ ਪ੍ਰੀਤਮ ਜੀਉ! ਆਪ ਜੀ ਦੇ ਦਰਸ਼ਨ ਕਰਨ ਕਰਕੇ ਇਹ ਮਨ ਆਘਾਵੈ ਭਾਵ, ਰੱਜ ਜਾਂਦਾ ਹੈ, ਤ੍ਰਿਪਤ ਹੋ ਜਾਂਦਾ ਹੈ ਅਤੇ ਹੇ ਪ੍ਰਭ ਜੀਉ! ਆਪ ਦੀ ਕ੍ਰਿਪਾ ਸਦਕਾ ਆਪਦਾ ਮਿਲਣ ਭਾਵ, ਮਿਲਾਪ ਭੀ ਹੋ ਜਾਂਦਾ ਹੈ। ਸੋ, ਹੇ ਪ੍ਰਭੂ! ਸਾਡੇ 'ਤੇ ਆਪ ਜੀ ਮਿਹਰ ਬਣਾਈ ਰੱਖੋ ਜੀ।

ਸਾਧ ਸੰਗਤ ਜੀ, ਆਉ ਸ਼ਬਦ ਗੁਰੂ ਨਾਲ ਜੁੜੀਏ।

-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ
ਫੋਨ:916-687-3536

# ਫਤਿਹ ਬੁਰਜ ਦੁਨੀਆਂ ਦਾ 7ਵਾਂ ਸਭ ਤੋਂ ਉਚਾ ਮੀਨਾਰ

**ਚੰਡੀਗੜ੍ਹ:** ਚੱਪੜਚਿੜੀ ਵਿਖੇ ਕੌਮ ਨੂੰ ਸਮਰਪਿਤ ਕੀਤਾ ਗਿਆ ਬਾਬਾ ਬੰਦਾ ਸਿੰਘ ਬਹਾਦਰ ਵੱਲੋਂ ਸਰਹਿੰਦ ਫ਼ਤਹਿ ਕਰਨ ਦੀ ਯਾਦਗਾਰ ਵਜੋਂ ਉਸਾਰਿਆ ਗਿਆ ਫ਼ਤਹਿ ਬੁਰਜ ਦੁਨੀਆਂ ਦਾ 7ਵਾਂ ਸਭ ਤੋਂ ਉੱਚਾ ਮੀਨਾਰ ਹੈ। ਫ਼ਤਹਿ ਬੁਰਜ ਦੀ ਉਚਾਈ 100 ਮੀਟਰ (328 ਫੁੱਟ) ਹੈ ਜਦਕਿ ਭਾਰਤ ਦਾ ਸਭ ਤੋਂ ਉੱਚਾ ਮੰਨਿਆ ਜਾਂਦਾ ਕੁੱਤਬ ਮੀਨਾਰ 73 ਮੀਟਰ ਉੱਚਾ ਹੈ। ਉੱਚੇ ਮੀਨਾਰਾਂ ਵਿਚ ਗੁਆਂਢੀ ਮੁਲਕ ਪਾਕਿਸਤਾਨ ਦਾ 'ਮੀਨਾਰ-ਏ-ਪਾਕਿਸਤਾਨਗ ਵੀ ਸ਼ੁਮਾਰ ਹੈ ਜਿਸ ਦੀ ਉਚਾਈ 62 ਮੀਟਰ ਹੈ।

ਸਮੁੱਚੇ ਵਿਸ਼ਵ ਵਿਚ ਹੁਣ ਤੱਕ 11 ਮੀਨਾਰ ਸਭ ਤੋਂ ਉੱਚੇ ਮੰਨੇ ਜਾਂਦੇ ਸਨ ਜਿਨ੍ਹਾਂ ਵਿਚ ਚੀਨ ਦੇ ਵਿਸ਼ਾਨ (ਚੰਗਸ਼ਾ) ਨਾਮੀ ਸਥਾਨ 'ਤੇ ਬਣਿਆ 'ਕਿਓਨਸ਼ਾਓ ਕਿਓਨਯਾਨ ਗੁਆਨੀਅਨ ਆਫ਼ ਵਿਸ਼ਾਨ' ਨਾਮ ਦਾ ਮੀਨਾਰੀ ਬੁੱਤ ਸ਼ਾਮਲ ਹੈ ਜਿਸ ਦੀ ਉਚਾਈ 99 ਮੀਟਰ (324.5 ਫੁੱਟ) ਹੈ। ਇਸ ਤੋਂ ਬਾਅਦ ਰੂਸ ਦੀ ਰਾਜਧਾਨੀ ਮਾਸਕੋ ਵਿਚ 'ਪੀਟਰ ਦਾ ਗਰੇਟ ਸਟੈਚੂ' ਨਾਮ ਦਾ ਮੀਨਾਰ ਹੈ ਜਿਸ ਦੀ ਉਚਾਈ 96 ਮੀਟਰ (315 ਫੁੱਟ) ਹੈ।



ਇਸ ਤੋਂ ਬਾਅਦ ਥਾਈਲੈਂਡ ਵਿਚਲਾ 'ਗਰੇਟ ਬੁੱਧਾ ਆਫ਼ ਥਾਈਲੈਂਡ' ਮੀਨਾਰ (92 ਮੀਟਰ, 300 ਫੁੱਟ), ਚੀਨ ਵਿਚਲਾ 'ਗਰੈਂਡ ਬੁੱਧਾ ਐਟ ਲਿੰਗ ਸ਼ਾਨ' ਮੀਨਾਰ (88 ਮੀਟਰ, 289 ਫੁੱਟ) ਤੇ ਜਾਪਾਨ ਵਿਚਲਾ 'ਡਾਈ ਕਾਨੋਨ ਆਫ਼ ਕਾਈਟਾ' ਮੀਨਾਰ (88 ਮੀਟਰ, 289 ਫੁੱਟ) ਹੈ। ਉਪਰੋਕਤ ਸਾਰੇ ਵਿਦੇਸ਼ੀ ਮੀਨਾਰ ਦੁਨੀਆਂ ਦੇ ਸਭ ਤੋਂ ਉੱਚੇ ਮੀਨਾਰਾਂ 'ਚ ਆਖਰੀ ਪੰਜਾਂ ਵਿਚ ਸ਼ੁਮਾਰ ਹਨ ਜੋ ਕਿ ਉਚਾਈ ਪੱਖੋਂ ਫ਼ਤਹਿ ਬੁਰਜ ਤੋਂ ਪਿੱਛੇ ਰਹਿ ਗਏ ਹਨ। ਦੁਨੀਆਂ ਦੇ 11 ਸਭ ਤੋਂ ਉੱਚੇ ਮੀਨਾਰਾਂ ਵਿਚ ਸ਼ਾਮਲ ਜਾਪਾਨ ਦੇ ਸੰਦੇਈ ਸਥਾਨ 'ਤੇ ਬਣਿਆ 'ਸੰਦੇਈ ਦੇਕਾਨੋਨ' ਮੀਨਾਰ ਉੱਚੇ ਮੀਨਾਰਾਂ 'ਚ ਹੁਣ ਤੱਕ 7ਵੇਂ ਨੰਬਰ 'ਤੇ ਸੀ ਜਿਸਦੀ ਉਚਾਈ 100 ਮੀਟਰ (328 ਫੁੱਟ) ਹੈ ਪਰ 'ਫ਼ਤਹਿ ਬੁਰਜ' ਦੀ ਉਚਾਈ ਵੀ ਐਨੀ ਹੀ ਹੋਣ ਕਾਰਨ ਸਿੱਖ ਕੌਮ ਦਾ ਇਹ ਮੀਨਾਰ ਦੁਨੀਆਂ ਦੇ 7ਵੇਂ ਉੱਚੇ ਉਪਰੋਕਤ ਮੀਨਾਰ ਦੇ ਬਰਾਬਰ ਪਹੁੰਚ ਗਿਆ ਹੈ। ਦੁਨੀਆਂ ਦੇ ਸਭ ਤੋਂ ਉੱਚੇ ਮੀਨਾਰ ਦੀ ਉਚਾਈ 128 ਮੀਟਰ (420 ਫੁੱਟ) ਹੈ। ਇਹ ਮੀਨਾਰ ਚੀਨ 'ਚ ਹੈ ਜੋ ਬੁੱਧ ਮੰਦਰ ਦੇ ਰੂਪ ਵਿਚ ਬਣਿਆ ਹੋਇਆ ਹੈ।




# ਪੁਲਿਸ ਹਿਰਾਸਤ 'ਚ ਮੌਤਾਂ ਦਾ ਰੁਝਾਨ ਵਧਿਆ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਭਾਰਤ 'ਚ ਪੁਲਿਸ ਹਿਰਾਸਤ ਦੌਰਾਨ ਮੌਤਾਂ ਦਾ ਰੁਝਾਨ ਖ਼ਤਰਨਾਕ ਹੱਦ ਤੱਕ ਪਹੁੰਚ ਗਿਆ ਹੈ ਤੇ ਇਹ ਬੇਰੋਕ-ਟੋਕ ਜਾਰੀ ਹੈ।

ਦੇਸ਼ ਭਰ ਵਿਚ ਪੁਲਿਸ ਹਿਰਾਸਤ ਦੌਰਾਨ ਇਕ ਸਾਲ ਦੌਰਾਨ 1574 ਮੌਤਾਂ ਹੋਈਆਂ ਹਨ ਤੇ ਇਸ ਮਾਮਲੇ ਵਿਚ ਉੱਤਰ ਪ੍ਰਦੇਸ਼ ਸਭ ਤੋਂ ਮੋਹਰੀ ਹੈ ਜਿਥੇ ਇਸ ਸਾਲ 331 ਵਿਅਕਤੀਆਂ ਦੀ ਹਿਰਾਸਤ ਵਿਚ ਮੌਤ ਹੋਈ। ਪੰਜਾਬ ਵੀ ਇਸ ਮਾਮਲੇ ਵਿਚ ਬਹੁਤਾ ਪਿੱਛੇ ਨਹੀਂ ਹੈ ਤੇ ਇਥੇ ਪੁਲੀਸ ਹਿਰਾਸਤ ਦੌਰਾਨ 96 ਮੌਤਾਂ ਹੋਈਆਂ ਹਨ ਜਦਕਿ ਸੂਬੇ ਦੀ ਰਾਜਧਾਨੀ ਚੰਡੀਗੜ੍ਹ ਵਿਚ ਅਜਿਹੇ ਪੰਜ ਕੇਸ ਸਾਹਮਣੇ ਆਏ ਹਨ। ਚਾਰ ਸੂਬੇ ਅਜਿਹੇ ਹਨ ਜਿੱਥੇ ਹਿਰਾਸਤ ਦੌਰਾਨ ਕੋਈ ਮੌਤ ਨਹੀਂ ਹੋਈ।

ਪਿਛਲੇ ਕੁਝ ਸਮੇਂ ਵਿਚ ਹਿਰਾਸਤੀ ਮੌਤਾਂ ਨਾਲ ਨਜਿੱਠਣ ਲਈ ਕੌਮੀ ਮਨੁੱਖੀ ਅਧਿਕਾਰ ਕਮਿਸ਼ਨ ਦੇ ਦਖਲ ਤੋਂ ਬਾਅਦ ਕਈ ਕਦਮ ਚੁੱਕੇ ਗਏ ਹਨ ਤੇ ਇਸ ਮਾਮਲੇ ਵਿਚ ਕਈ ਪੁਲਿਸ ਮੁਲਾਜ਼ਮਾਂ ਵਿਰੁੱਧ ਕੇਸ ਵੀ ਦਰਜ ਹੋਏ ਹਨ ਤੇ ਉਨ੍ਹਾਂ ਨੂੰ ਜੇਲ੍ਹ ਦੀ ਹਵਾ ਵੀ ਖਾਣੀ ਪਈ ਹੈ। ਇਸ ਦੇ ਬਾਵਜੂਦ ਹਿਰਾਸਤ ਵਿਚ ਮੌਤਾਂ ਦਾ ਸਿਲਸਿਲਾ ਜਾਰੀ ਹੈ।

ਹਿਰਾਸਤੀ ਮੌਤਾਂ ਦੇ ਮਾਮਲੇ ਵਿਚ ਉੱਤਰ ਪ੍ਰਦੇਸ਼ ਦੇ ਨਾਲ ਲਗਦਾ ਸੂਬਾ ਬਿਹਾਰ ਦੂਜੇ ਸਥਾਨ 'ਤੇ ਹੈ। ਇਹ ਅੰਕੜੇ ਕੌਮੀ ਮਨੁੱਖੀ ਅਧਿਕਾਰ ਕਮਿਸ਼ਨ ਨੇ ਪੇਸ਼ ਕੀਤੇ ਹਨ। ਕੇਂਦਰੀ ਗ੍ਰਹਿ ਰਾਜ ਮੰਤਰੀ ਜਤਿੰਦਰ ਸਿੰਘ ਨੇ ਦੱਸਿਆ ਕਿ ਕੌਮੀ ਮਨੁੱਖੀ ਅਧਿਕਾਰ ਕਮਿਸ਼ਨ ਦੀ ਸਿਫਾਰਸ਼ 'ਤੇ 28 ਹਿਰਾਸਤੀ ਮੌਤਾਂ ਦੇ ਮਾਮਲੇ ਵਿਚ 68 ਲੱਖ ਦਾ ਮੁਆਵਜ਼ਾ ਦੇਣ ਦੀ ਸਿਫਾਰਸ਼ ਕੀਤੀ ਗਈ ਹੈ।

ਗ੍ਰਹਿ ਰਾਜ ਮੰਤਰੀ ਨੇ ਹਿਰਾਸਤ ਵਿਚ ਹੋਈਆਂ ਮੌਤਾਂ ਬਾਰੇ ਰਾਜ ਸਭਾ ਵਿਚ ਜੋ ਜਾਣਕਾਰੀ ਦਿੱਤੀ ਹੈ, ਉਸ ਮੁਤਾਬਕ ਪਹਿਲੀ ਅਪਰੈਲ 2010 ਤੋਂ ਇਸ ਸਾਲ 31 ਮਾਰਚ ਤੱਕ ਦੇਸ਼ ਭਰ ਵਿਚ 1574 ਮੌਤਾਂ ਹੋਈਆਂ। ਉਨ੍ਹਾਂ ਕਿਹਾ ਕਿ ਹਿਰਾਸਤ ਵਿਚ ਮੌਤਾਂ ਹੋਣ ਦੇ ਮਾਮਲੇ ਵਿਚ ਕੇਂਦਰ ਸਰਕਾਰ ਨੇ ਸੂਬਾ ਸਰਕਾਰਾਂ ਨੂੰ ਪੀੜਤ ਪਰਿਵਾਰਾਂ ਨੂੰ ਤੁਰੰਤ ਮਾਲੀ ਸਹਾਇਤਾ ਦੇਣ ਬਾਰੇ ਨਹੀਂ ਕਿਹਾ ਕਿਉਂਕਿ ਇਹ ਮਾਮਲਾ ਸੂਬਾ ਸਰਕਾਰ ਦੇ ਅਧਿਕਾਰ ਖੇਤਰ ਦਾ ਮਾਮਲਾ ਹੈ।

ਅਰੁਣਾਚਲ ਪ੍ਰਦੇਸ਼, ਦਾਦਰ ਤੇ ਨਗਰ ਹਵੇਲੀ, ਦਮਨ ਤੇ ਦਿਓ, ਲਕਸ਼ਦੀਪ ਅਜਿਹੇ ਸੂਬੇ ਤੇ ਕੇਂਦਰ ਸ਼ਾਸਤ ਪ੍ਰਦੇਸ਼ ਹਨ ਜਿਨ੍ਹਾਂ ਵਿਚ ਪੁਲਿਸ ਹਿਰਾਸਤ ਵਿਚ ਕਿਸੇ ਵਿਆਕਤੀ ਦੀ ਮੌਤ ਨਹੀਂ ਹੋਈ। ਸਿੱਕਮ, ਮਨੀਪੁਰ ਤੇ ਅੰਡੇਮਾਨ ਤੇ ਨਿਕੋਬਾਰ ਵਿੱਚ ਇਕ-ਇਕ ਵਿਆਕਤੀ ਦੀ, ਪਾਂਡੂਚਿਰੀ, ਤ੍ਰਿਪੁਰਾ ਵਿਚ ਦੋ-ਦੋ, ਮੇਘਾਲਿਆ ਵਿਚ ਤਿੰਨ, ਮਿਜ਼ੋਰਮ ਵਿਚ ਚਾਰ, ਗੋਆ ਤੇ ਚੰਡੀਗੜ੍ਹ ਵਿਚ ਪੰਜ-ਪੰਜ ਤੇ ਜੰਮੂ ਕਸ਼ਮੀਰ ਵਿਚ ਅਜਿਹੇ ਛੇ ਕੇਸ ਸਾਹਮਣੇ ਆਏ ਹਨ। ਨਾਗਾਲੈਂਡ 'ਚ ਵੀ ਛੇ ਤੇ ਹਿਮਾਚਲ ਪ੍ਰਦੇਸ਼ ਵਿੱਚ ਸੱਤ ਵਿਅਕਤੀਆਂ ਦੀਆਂ ਪੁਲਿਸ ਹਿਰਾਸਤ ਵਿਚ ਮੌਤ ਹੋਈ ਹੈ।




# ਕੌਮਾਂਤਰੀ ਮੰਦੇ ਕਾਰਨ ਭਾਰਤੀ ਵਿਕਾਸ ਰੁਕਿਆ

**ਨਵੀਂ ਦਿੱਲੀ:** ਸਰਕਾਰ ਵੱਲੋਂ ਨਾਂਹ ਨੁੱਕਰ ਕਰਨ ਦੇ ਬਾਵਜੂਦ ਅਮਰੀਕਾ ਤੇ ਯੂਰਪ ਵਿਚ ਛਾਈ ਮੰਦੀ ਦਾ ਅਸਰ ਭਾਰਤ 'ਤੇ ਪਿਆ ਹੈ ਤੇ ਇਸੇ ਕਾਰਨ ਚਾਲੂ ਵਿੱਤੀ ਸਾਲ ਦੀ ਦੂਜੀ ਤਿਮਾਹੀ ਦੌਰਾਨ ਕੁੱਲ ਘਰੇਲੂ ਉਤਪਾਦ (ਜੀ.ਡੀ.ਪੀ.) ਦਰ 9 ਮਹੀਨਿਆਂ ਵਿਚ ਸਭ ਤੋਂ ਘੱਟ 6.9 ਫੀਸਦੀ ਰਹੀ। ਉਧਰ ਸਰਕਾਰ ਨੇ ਆਸ ਪ੍ਰਗਟਾਈ ਹੈ ਕਿ ਚਾਲੂ ਵਿੱਤੀ ਸਾਲ ਦੇ ਅਖੀਰ ਵਿਚ ਇਹ ਦਰ 7.3 ਰਹੇਗੀ।

ਸਾਲ 2011-12 ਦੀ ਦੂਜੀ ਤਿਮਾਹੀ ਜੁਲਾਈ-ਸਤੰਬਰ ਦੌਰਾਨ ਮੈਨੂਫੈਕਚਰਿੰਗ ਤੇ ਖਾਣ ਸਨਅਤ ਦੀ ਮਾੜੀ ਕਾਰਗੁਜ਼ਾਰੀ ਤੇ ਖੇਤੀ ਵਿਕਾਸ ਦਰ ਦੇ ਹੇਠਾਂ ਰਹਿਣ ਕਾਰਨ ਕੁੱਲ ਘਰੇਲੂ ਉਤਪਾਦ ਦਰ 6.9 ਫੀਸਦ ਰਹੀ। ਇਸ ਦੌਰਾਨ ਵਿੱਤ ਮੰਤਰੀ ਪ੍ਰਣਬ ਮੁਖਰਜੀ ਨੇ ਦਿਾ ਕਹਿਣਾ ਹੈ ਕਿ "ਪਿਛਲੀਆਂ ਦੋ ਤਿਮਾਹੀਆਂ ਦੇ ਰੁਝਾਨ ਨੂੰ ਦੇਖ ਕੇ ਲਗਦਾ ਹੈ ਕਿ ਸਾਲ 2011-12 ਦੇ ਅਖੀਰ ਵਿਚ ਵਿਕਾਸ ਦਰ 7.3 ਫੀਸਦ ਰਹੇਗੀ।" ਜ਼ਿਕਰਯੋਗ ਹੈ ਕਿ ਪਿਛਲੇ ਵਿੱਤੀ ਸਾਲ ਦੌਰਾਨ ਜੀ.ਡੀ.ਪੀ. 8.5 ਫੀਸਦੀ ਸੀ।




ਦੁਨੀਆਂ ਵਿਚ ਛਾਈ ਮੰਦੀ ਤੇ ਦੇਸ਼ ਵਿਚ ਵਧ ਰਹੀ ਮਹਿੰਗਾਈ ਨੂੰ ਰੋਕਣ ਲਈ ਭਾਰਤੀ ਰਿਜ਼ਰਵ ਬੈਂਕ ਵੱਲੋਂ ਮੁਦਰਾ ਨੀਤੀ ਲਈ ਅਖ਼ਤਿਆਰ ਕੀਤੇ ਸਖ਼ਤ ਰੁਖ਼ ਦਾ ਅਸਰ ਵਿਕਾਸ ਦਰ 'ਤੇ ਪਿਆ ਹੈ। ਇਸ ਤੋਂ ਪਹਿਲਾਂ ਸਰਕਾਰ ਇਹ ਮੰਨਣ ਲਈ ਤਿਆਰ ਨਹੀਂ ਸੀ ਕਿ ਕੌਮਾਂਤਰੀ ਮੰਦੀ ਤੇ ਰਿਜ਼ਰਵ ਬੈਂਕ ਦੀਆਂ ਨੀਤੀਆਂ ਦਾ ਅਸਰ ਦੇਸ਼ ਦੀ ਵਿਕਾਸ ਦਰ 'ਤੇ ਪਵੇਗਾ। ਇਸ ਕਾਰਨ ਮੈਨੂਫੈਕਚਰਿੰਗ ਸੈਕਟਰ ਵਿਚ ਪਿਛਲੇ ਸਾਲ ਦੇ ਇਸ ਸਮੇਂ ਦੇ ਮੁਕਾਬਲੇ 2.7 ਫੀਸਦ ਦੀ ਕਮੀ ਆਈ।

ਪਿਛਲੇ ਸਾਲ ਜੁਲਾਈ-ਸਤੰਬਰ ਦੌਰਾਨ ਇਸ ਸੈਕਟਰ ਦੀ ਵਿਕਾਸ ਦਰ 7.8 ਫੀਸਦੀ ਸੀ। ਸਾਲ 2010-11 ਦੌਰਾਨ ਇਸ ਸਮੇਂ ਦੌਰਾਨ ਖੁਦਾਈ ਸੈਕਟਰ ਦੀ ਵਿਕਾਸ ਦਰ 8 ਫੀਸਦੀ ਸੀ ਜਿਸ ਵਿਚ ਇਸ ਸਾਲ 2.9 ਫੀਸਦੀ ਦੀ ਕਮੀ ਆਈ। ਪਿਛਲੇ ਵਿੱਤੀ ਸਾਲ 'ਚ ਖੇਤੀ ਵਿਕਾਸ ਦਰ 5.4 ਫੀਸਦੀ ਸੀ ਜੋ ਇਸ ਸਾਲ ਘੱਟ ਕੇ 3.2 ਫੀਸਦੀ 'ਤੇ ਆ ਗਈ। ਸਾਲ 2010-11 ਦੇ ਦੂਜੇ ਅੱਧ ਵਿਚ ਕੁੱਲ ਘਰੇਲੂ ਉਤਪਾਦ ਦਰ 8.4 ਫੀਸਦੀ ਸੀ।

ਵਿੱਤ ਮੰਤਰੀ ਪ੍ਰਣਬ ਮੁਖਰਜੀ ਦਾ ਕਹਿਣਾ ਹੈ ਕਿ ਦੇਸ਼ ਦੀ ਵਿਕਾਸ ਦਰ ਦੇ ਰਾਹ ਵਿਚ ਇਕ ਨਹੀਂ, ਕਈ ਮੁਸ਼ਕਲਾਂ ਹਨ। ਅਮਰੀਕਾ ਤੇ ਯੂਰਪ ਵਿਚ ਮੰਦੀ ਤਾਂ ਹੈ ਹੀ, ਦੇਸ਼ ਦੇ ਅੰਦਰੂਨੀ ਤੇ ਬਾਹਰੀ ਹਾਲਾਤ ਵੀ ਭਾਰਤ ਦੇ ਹੱਕ ਵਿਚ ਨਹੀਂ। ਅਸੀਂ ਅਜਿਹੀਆਂ ਮੁਸ਼ਕਲਾਂ ਦਾ ਮੁਕਾਬਲਾ ਕਰਦੇ ਹੋਏ, ਆਪਣੇ ਵੱਲੋਂ ਬਿਹਤਰ ਪ੍ਰਦਰਸ਼ਨ ਕਰਨਾ ਹੈ।"

ਜਾਰੀ ਜੀ.ਡੀ.ਪੀ. ਅੰਕੜਿਆਂ ਮੁਤਾਬਕ ਚਾਲੂ ਵਿੱਤੀ ਸਾਲ ਦੇ ਪਹਿਲੇ ਅੱਧ ਅਪਰੈਲ-ਸਤੰਬਰ ਤਕ ਦੇਸ਼ ਦੀ ਵਿਕਾਸ ਦਰ 7.3 ਫੀਸਦੀ ਰਹੀ ਜਦਕਿ ਪਿਛਲੇ ਸਾਲ ਇਸ ਸਮੇਂ ਦੌਰਾਨ ਵਿਕਾਸ ਦਰ 8.6 ਫੀਸਦੀ ਸੀ। ਰਿਜ਼ਰਵ ਬੈਂਕ ਨੇ ਪਹਿਲਾਂ ਇਸ ਸਾਲ ਵਿਕਾਸ ਦਰ 8 ਫੀਸਦੀ ਰਹਿਣ ਦੀ ਸੰਭਾਵਨਾ ਪ੍ਰਗਟਾਈ ਸੀ ਪਰ ਬਾਅਦ ਵਿਚ ਕੌਮੀ ਤੇ ਕੌਮਾਂਤਰੀ ਹਾਲਾਤ ਦੀ ਸਮੀਖਿਆ ਕਰਨ ਤੋਂ ਬਾਅਦ ਉਸ ਨੇ ਇਹ ਦਰ 7.6 ਫੀਸਦੀ ਰਹਿਣ ਦੀ ਭਵਿੱਖਬਾਣੀ ਕੀਤੀ ਸੀ।

ਹੁਣ ਵਿੱਤ ਮੰਤਰੀ ਆਖ ਰਹੇ ਹਨ ਸਾਲ 2011-12 ਦੌਰਾਨ ਦੇਸ਼ ਦੀ ਵਿਕਾਸ ਦਰ 7.3 ਫੀਸਦੀ ਰਹੇਗੀ ਜਦਕਿ ਬਜਟ ਵਿਚ ਉਨ੍ਹਾਂ ਨੇ ਇਹ ਦਰ 9 ਫੀਸਦੀ ਰਹਿਣ ਦੀ ਸੰਭਾਵਨਾ ਪ੍ਰਗਟਾਈ ਸੀ। ਪ੍ਰਧਾਨ ਮੰਤਰੀ ਦੀ ਆਰਥਿਕ ਸਲਾਹਕਾਰ ਕੌਂਸਲ ਦੇ ਚੇਅਰਮੈਨ ਸੀ. ਰੰਗਾਰਾਜਨ ਮੁਤਾਬਕ "ਮੈਨੂਫੈਕਚਰਿੰਗ ਤੇ ਸਨਅਤੀ ਉਤਪਾਦ ਖੇਤਰਾਂ ਦਾ ਮਾੜਾ ਪ੍ਰਦਰਸ਼ਨ ਵਿਕਾਸ ਦਰ ਡਿੱਗਣ ਲਈ ਜ਼ਿੰਮੇਵਾਰ ਹਨ ਪਰ ਤੀਜੀ ਤੇ ਚੌਥੀ ਤਿਮਾਹੀ ਵਿਚ ਇਹ ਦਰ ਵਧਣੀ ਚਾਹੀਦੀ ਹੈ।" ਇੰਡੀਆ ਇੰਕ ਨੇ ਵਿਕਾਸ ਦਰ ਘਟਣ ਲਈ ਰਿਜ਼ਰਵ ਬੈਂਕ ਦੀ ਸਖ਼ਤ ਮੁਦਰਾ ਨੀਤੀ ਨੂੰ ਜ਼ਿੰਮੇਵਾਰ ਕਰਾਰ ਦਿੱਤਾ ਹੈ।

# ਆਨੰਦ ਮੈਰਿਜ ਐਕਟ

# ਸਿੱਖਾਂ ਵੱਲੋਂ ਵਿਲੱਖਣ ਹਸਤੀ ਲਈ ਜਦੋ-ਜਹਿਦ

**ਚੰਡੀਗੜ੍ਹ:** ਸਿੱਖਾਂ ਵੱਲੋਂ ਲੰਮੇ ਸਮੇਂ ਤੋਂ ਸੰਸਦ ਵਿਚ ਇਹ ਹੱਕੀ ਮੰਗ ਪ੍ਰਵਾਨ ਕਰਵਾਉਣ ਲਈ ਸੰਘਰਸ਼ ਕੀਤਾ ਜਾ ਰਿਹਾ ਹੈ। ਇੰਨੀ ਸਾਧਾਰਨ ਮੰਗ ਲਈ ਘੱਟਗਿਣਤੀ ਕੌਮ ਐਨੇ ਸਾਲਾਂ ਤੋਂ ਲਗਾਤਾਰ ਭਾਰਤ ਸਰਕਾਰ ਨੂੰ ਬੇਨਤੀਆਂ ਕਰ ਰਹੀ ਹੈ ਤੇ ਸਰਕਾਰ ਇਸ ਮੰਗ ਨੂੰ ਨਜ਼ਰਅੰਦਾਜ ਕਰ ਰਹੀ ਹੈ। ਇਹ ਮੰਗ ਹੈ 'ਆਨੰਦ

**ਵਿਸ਼ੇਸ਼ ਰਿਪੋਰਟ**

**ਪਰਤਾਪ ਸਿੰਘ ਵਿਰਕ**

ਮੈਰਿਜ ਐਕਟ ਵਿਚ ਸਿਰਫ ਰਜਿਸਟਰੇਸ਼ਨ ਦੀ ਮੱਦ' ਪਾਉਣੀ।

ਪਿੱਛੇ ਜਿਹੇ ਕੇਂਦਰੀ ਕਾਨੂੰਨ ਮੰਤਰੀ ਵੱਲੋਂ ਲੋਕ ਸਭਾ 'ਚ ਆਨੰਦ ਮੈਰਿਜ ਐਕਟ ਬਣਾਉਣ ਤੋਂ ਕੋਰੀ ਨਾਂਹ ਕਰਨ ਤੋਂ ਬਾਅਦ ਸਿੱਖ ਭਾਈਚਾਰੇ 'ਚ ਰੋਹ ਫੈਲ ਗਿਆ। ਪਹਿਲਾਂ ਨਵੇਂ ਬਣੇ ਕਾਨੂੰਨ ਮੰਤਰੀ ਸਲਮਾਨ ਖੁਰਸ਼ੀਦ ਨੇ 29 ਅਗਸਤ ਨੂੰ ਸੰਸਦ ਵਿਚ ਸ. ਸੁਖਦੇਵ ਸਿੰਘ ਢੀਂਡਸਾ ਦੇ ਸਵਾਲ ਦੇ ਜਵਾਬ ਵਿਚ ਕਹਿ ਦਿੱਤਾ ਕਿ ਭਾਰਤ ਸਰਕਾਰ ਨੇ ਸੋਚ-ਵਿਚਾਰ ਪਿੱਛੋਂ ਅਨੰਦ ਮੈਰਿਜ ਐਕਟ ਵਿਚ ਸੋਧ ਦੀ ਮੰਗ ਰੱਦ ਕਰ ਦਿੱਤੀ ਹੈ ਪਰ ਸਿੱਖਾਂ ਦਾ ਰੋਹ ਵੇਖਦਿਆਂ ਚੰਡੀਗੜ੍ਹ 'ਚ ਇਕ ਸਮਾਗਮ ਦੌਰਾਨ ਜਨਾਬ ਖੁਰਸ਼ੀਦ ਨੇ ਨਰਮੀ ਦੇ ਸੰਕੇਤ ਦਿੰਦਿਆਂ ਸਿੱਖਾਂ ਨੂੰ ਇਕ ਵਾਰ ਫਿਰ ਇਹ ਕਹਿ ਕੇ ਲਾਰਾ ਲਾ ਦਿੱਤਾ ਕਿ ਉਨ੍ਹਾਂ ਲਈ ਵੱਖਰੇ ਵਿਆਹ ਕਾਨੂੰਨ ਦਾ ਮਾਮਲਾ ਵਿਚਾਰ ਅਧੀਨ ਹੈ ਤੇ ਸਰਕਾਰ ਉਨ੍ਹਾਂ ਦੀ ਇਸ ਚਿਰੋਕਣੀ ਮੰਗ 'ਤੇ ਸੰਜੀਦਗੀ ਨਾਲ ਵਿਚਾਰ ਕਰ ਰਹੀ ਹੈ।

ਸਮੇਂ-ਸਮੇਂ 'ਤੇ ਭਾਵੇਂ ਸਿੱਖ ਭਾਈਚਾਰੇ ਵੱਲੋਂ ਇਹ ਮੰਗ ਉੱਠਦੀ ਰਹੀ ਹੈ ਪਰ ਸਿੱਖ ਸਿਆਸਤਦਾਨਾਂ ਦੀ ਸੰਜੀਦਾ ਪਹੁੰਚ ਦੀ ਘਾਟ ਅਤੇ ਕੇਂਦਰ ਸਰਕਾਰ ਦੇ ਟਾਲ-ਮਟੋਲ ਵਾਲੇ ਰਵੱਈਏ ਕਾਰਨ ਇਹ ਮਾਮਲਾ ਠੰਢੇ ਬਸਤੇ 'ਚ ਹੀ ਪਿਆ ਰਿਹਾ ਹੈ।

ਸਿੱਖ ਧਰਮ ਦੇ ਮੋਢੀ ਸ੍ਰੀ ਗੁਰੂ ਨਾਨਕ ਦੇਵ ਨੇ 1469 ਵਿਚ ਪ੍ਰਕਾਸ਼ ਧਾਰ ਕੇ ਮਾਨਵਤਾ ਨੂੰ ਸੱਚੇ ਮਾਰਗ 'ਤੇ ਚੱਲਣ ਦਾ ਉਪਦੇਸ਼ ਦਿੱਤਾ ਸੀ। ਉਨ੍ਹਾਂ ਤੋਂ ਪਿੱਛੋਂ ਨੌਵੇਂ ਗੁਰੂ ਤੇਗ ਬਹਾਦਰ ਜੀ ਤੱਕ ਗੁਰੂ ਸਹਿਬਾਨ ਨੇ ਇਸ ਇਸ ਇਲਾਹੀ ਸੰਦੇਸ਼ ਦਾ ਪ੍ਰਚਾਰ ਕੀਤਾ। ਲੱਖਾਂ ਲੋਕ ਉਸ ਸੰਦੇਸ਼ ਨੂੰ ਮੰਨ ਕੇ ਗੁਰੂ ਸਹਿਬਾਨ ਦੇ ਪੈਰੋਕਾਰ ਬਣੇ। ਇਸ ਲਹਿਰ 'ਚੋਂ ਹੀ ਵੱਖਰੇ ਗ੍ਰੰਥ, ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਹੋਇਆ ਜੋ ਨਵੀਨ ਤੇ ਨਿਵੇਕਲਾ ਸੀ, ਤੇ ਜਿਸ ਨੇ ਪੁਰਾਣੀਆਂ ਰੂੜੀਆਂ ਨੂੰ ਸੱਟ ਮਾਰਦਿਆਂ ਮਨੁੱਖ ਨੂੰ ਮਨੁੱਖ ਹੋਣ ਦਾ ਅਹਿਸਾਸ ਕਰਾਇਆ।

ਇਸ ਤੋਂ ਬਾਅਦ 1699 ਵਿਚ ਸ੍ਰੀ ਗੁਰੂ ਗੋਬਿੰਦ ਜੀ ਨੇ ਅਨੰਦਪੁਰ ਸਾਹਿਬ ਵਿਖੇ ਖਾਲਸਾ ਪੰਥ ਦੀ ਸਥਾਪਨਾ ਕਰਕੇ ਸਿੱਖ ਧਰਮ ਨੂੰ ਵਿਲੱਖਣ ਪਛਾਣ ਦਿੱਤੀ ਤੇ ਅਧਿਆਤਮਕਤਾ ਦੇ ਨਾਲ-ਨਾਲ ਹਰ ਤਰ੍ਹਾਂ ਦੇ ਜ਼ੁਲਮ ਖ਼ਿਲਾਫ਼ ਡਟਣ ਲਈ ਤਿਆਰ ਕੀਤਾ। ਇਹ ਇਤਿਹਾਸਕ ਤੱਥ ਸਾਰੇ ਵਿਸ਼ਵ ਨੇ ਸਵੀਕਾਰ ਕੀਤੇ ਹਨ

1950 ਵਿਚ ਬਣੇ ਭਾਰਤ ਦੇ ਸੰਵਿਧਾਨ ਧਾਰਾ 25 (2) ਵਿਚ ਸਿੱਖਾਂ ਨੂੰ ਹਿੰਦੂ ਧਰਮ ਦਾ ਅੰਗ ਮੰਨਿਆ ਗਿਆ ਜੋ ਅੱਜ ਤੱਕ ਕਾਇਮ ਹੈ। ਇਸ ਕਾਨੂੰਨ ਵਿਚ ਸੋਧ ਕਰਨ ਲਈ ਭਾਰਤ ਸਰਕਾਰ ਵੱਲੋਂ ਬਕਾਇਦਾ ਕਮੇਟੀ ਵੀ ਬਣਾਈ ਗਈ ਪਰ ਅੱਜ ਤੱਕ ਉਸ ਕਮੇਟੀ ਦੀ ਰਿਪੋਰਟ 'ਤੇ ਅਮਲ ਕਰਨ ਤੋਂ ਸਰਕਾਰ ਮੁਨਕਰ ਹੈ। ਸ਼੍ਰੋਮਣੀ ਅਕਾਲੀ ਦਲ ਨੇ 1983 ਵਿਚ ਵਿਧਾਨ ਦੀ ਧਾਰਾ 25 (2) ਵਿਰੁੱਧ ਆਵਾਜ਼ ਉਠਾਈ ਸੀ ਤੇ ਸੰਵਿਧਾਨ ਦੀ ਧਾਰਾ 25 ਨੂੰ ਦਿੱਲੀ ਵਿਚ ਸਾੜਿਆ ਵੀ ਗਿਆ ਸੀ ਬਸ ਇਸ ਤੋਂ ਬਾਅਦ ਚੁੱਪ ਧਾਰ ਲਈ ਗਈ।

ਸੰਤ ਹਰਚੰਦ ਸਿੰਘ ਲੌਂਗੋਵਾਲ ਨੇ ਜਦ 1985 ਵਿਚ ਰਾਜੀਵ ਗਾਂਧੀ ਨਾਲ ਸਮਝੌਤਾ ਕੀਤਾ ਤਾਂ ਉਹ ਉਸ ਸਮੇਂ ਇਸ ਹੱਕੀ ਮੰਗ ਨੂੰ ਭੁੱਲ ਗਏ। ਪੰਜਾਬ 'ਚ ਅਕਾਲੀਆਂ ਨੇ ਲੰਮਾਂ ਸਮਾਂ ਸੱਤਾ ਦਾ ਸੁੱਖ ਭੋਗਿਆ ਤੇ ਭਾਜਪਾ ਦੇ ਭਾਈਵਾਲ ਬਣ ਕੇ ਭਾਰਤ ਸਰਕਾਰ ਦੇ ਵਜ਼ੀਰ ਵੀ ਬਣੇ ਪਰ ਇਨ੍ਹਾਂ ਮਸਲਿਆਂ ਨੂੰ ਕਦੇ ਵੀ ਸੰਜੀਦਗੀ ਨਾਲ ਨਹੀਂ ਉਠਾਇਆ।

ਇਹ ਸਪਸ਼ਟ ਹੈ ਕਿ ਸੰਵਿਧਾਨ ਵਿਚ ਤਰਮੀਮ ਸਿਰਫ ਪਾਰਲੀਮੈਂਟ ਹੀ ਕਰ ਸਕਦੀ ਹੈ। ਧਾਰਾ 25 (2) ਵਿਚ ਤਰਮੀਮ ਦਾ ਬਿੱਲ ਪਹਿਲੀ ਵਾਰ ਕੌਮੀ ਘੱਟ ਗਿਣਤੀ ਕਮਿਸ਼ਨ ਦੇ ਸਾਬਕਾ ਚੇਅਰਮੈਨ ਤਰਲੋਚਨ ਸਿੰਘ ਨੇ ਪਾਰਲੀਮੈਂਟ ਵਿਚ ਪੇਸ਼ ਕੀਤਾ। ਇਸ ਤੋਂ ਬਾਅਦ ਕਈ ਅਕਾਲੀ ਆਗੂ ਕੇਂਦਰ 'ਚ ਵਜ਼ੀਰ ਬਣੇ ਪਰ ਇਸ ਮਾਮਲੇ 'ਤੇ ਕਾਰਵਾਈ ਨਾ ਕਰਵਾ ਸਕੇ।

ਆਨੰਦ ਮੈਰਿਜ ਐਕਟ ਦੀਆਂ ਫਾਈਲਾਂ ਤੋਂ ਪਹਿਲੀ ਵਾਰ ਉਦੋਂ ਧੂੜ ਝਾੜੀ ਗਈ ਜਦੋਂ ਸਾਬਕਾ ਕੌਮੀ ਘੱਟ ਗਿਣਤੀ ਕਮਿਸ਼ਨ ਦੇ ਮੁਖੀ ਤਰਲੋਚਨ ਸਿੰਘ ਨੇ ਸਾਲ 2003 'ਚ ਤਤਕਾਲੀ ਕਨੂੰਨ ਮੰਤਰੀ ਅਰੁਣ ਜੇਤਲੀ ਕੋਲ ਆਨੰਦ ਮੈਰਿਜ ਐਕਟ ਦੀ ਮੰਗ ਰੱਖੀ ਪਰ ਕੇਂਦਰੀ ਕਾਨੂੰਨ ਮੰਤਰੀ ਨੇ ਸਿੱਖਾਂ ਲਈ 1909 ਕਾਨੂੰਨ ਦੇ ਹੋਣ ਦਾ ਹਵਾਲਾ ਦਿੰਦਿਆਂ ਪੱਲਾ ਝਾੜਨ ਦੀ ਕੋਸ਼ਿਸ਼ ਕੀਤੀ, ਹਾਲਾਂਕਿ ਸਰਕਾਰ ਸਿੱਖਾਂ ਲਈ 1909 ਐਕਟ ਦੇ ਹੋਂਦ 'ਚ ਹੋਣ ਦਾ ਹਵਾਲਾ ਦਿੰਦੀ ਹੈ ਪਰ ਅਸਲੀਅਤ ਇਹ ਹੈ ਕਿ ਇਹ ਕਾਨੂੰਨ ਕਾਗਜ਼ੀ ਫਾਈਲਾਂ ਤੋਂ ਹਕੀਕੀ ਰੂਪ ਲੈ ਹੀ ਨਹੀਂ ਸਕਿਆ।

ਸਰਕਾਰ ਦੇ ਨਜ਼ਰੀਏ 'ਚ ਇਸ ਐਕਟ ਮੁਤਾਬਕ ਸਿੱਖ ਵਿਆਹ ਕਰਵਾ ਸਕਦੇ ਹਨ ਤੇ ਇਹ ਵਿਆਹ ਪ੍ਰਵਾਨਤ ਵੀ ਹਨ ਪਰ ਇਸ ਐਕਟ ਦੀ ਪੜਚੋਲ ਤੋਂ ਜੋ ਤੱਥ ਸਾਹਮਣੇ ਆਉਂਦੇ ਹਨ, ਉਹ ਸਰਕਾਰੀ ਬਿਆਨ ਨੂੰ ਹਾਸੋਹੀਣਾ ਸਾਬਤ ਕਰਦੇ ਹਨ। ਇਸ ਐਕਟ ਵਿਚ ਕਿਧਰੇ ਇਹ ਦਰਜ ਨਹੀਂ ਕਿ ਜੋ ਵਿਆਹ (ਆਨੰਦ ਕਾਰਜ) ਇਸ ਐਕਟ ਅਨੁਸਾਰ ਹੋਵੇਗਾ, ਉਹ ਸਰਕਾਰੀ ਦਫ਼ਤਰ ਵਿਚ ਦਰਜ ਹੋਵੇਗਾ ਤੇ ਉਸ ਜੋੜੀ ਨੂੰ ਸਟਰੀਫਿਕੇਟ ਮਿਲੇਗਾ। ਇਸ ਦੇ ਨਾਲ ਹੀ ਇਹ ਤਰਕ ਵੀ ਦਿੱਤਾ ਜਾਦਾ ਹੈ ਕਿ ਹਿੰਦੂ ਮੈਰਿਜ ਐਕਟ ਜੋ 1955 ਵਿਚ ਲਾਗੂ ਹੋਇਆ ਹੈ, ਉਸ ਤਹਿਤ ਸਿੱਖ ਵੀ ਆ ਜਾਂਦੇ ਹਨ, ਭਾਵ ਸਿੱਖਾਂ ਨੂੰ ਹਿੰਦੂ ਧਰਮ ਦਾ ਅੰਗ ਮੰਨਿਆ ਗਿਆ ਹੈ।

ਸੁਪਰੀਮ ਕੋਰਟ ਨੇ ਸਾਲ 2006 'ਚ ਜਦੋਂ ਵਿਆਹਾਂ ਦਾ ਰਜਿਸ਼ਟ੍ਰੇਸ਼ਨ ਕਰਵਾਉਣਾ ਜ਼ਰੂਰੀ ਬਣਾ ਦਿੱਤਾ ਤਾਂ ਵੱਖਰੇ ਵਿਆਹ ਕਨੂੰਨ ਦੀ ਮੰਗ ਹੋਰ ਜ਼ੋਰ ਨਾਲ ਉੱਠੀ। ਵੱਖਰਾ ਧਰਮ ਹੋਣ ਦੇ ਬਾਵਜੂਦ ਸਿੱਖਾਂ ਭਾਈਚਾਰੇ ਕੋਲ ਆਪਣੇ ਵਿਆਹ ਹਿੰਦ ਮੈਰਿਜ ਐਕਟ 1955 ਦੇ ਤਹਿਤ ਦਰਜ ਕਰਵਾਉਣ ਤੋਂ ਬਿਨਾਂ ਕੋਈ ਚਾਰਾ ਨਹੀਂ ਸੀ; ਹਾਲਾਂਕਿ ਸਾਲ 2010 'ਚ ਸਾਬਕਾ ਕਾਨੂੰਨ ਮੰਤਰੀ ਵੀਰੱਪਾ ਮੋਇਲੀ ਦੀ ਵਜ਼ਾਰਤ ਮੌਕੇ ਆਨੰਦ ਮੈਰਿਜ ਐਕਟ ਕਾਨੂੰਨ ਮੰਤਰਾਲੇ ਦੇ ਲੀਗਲ ਸੈੱਲ ਤੋਂ ਪਾਸ ਹੋ ਕੇ ਕੇਂਦਰੀ ਕੈਬਨਿਟ ਕੋਲ ਪਹੁੰਚ ਗਿਆ ਸੀ ਜਿਸ 'ਤੇ ਹਾਲੇ ਤੱਕ ਕੋਈ ਫੈਸਲਾ ਨਹੀਂ ਕੀਤਾ ਜਾ ਸਕਿਆ। ਕੇਂਦਰੀ ਕਨੂੰਨ ਮੰਤਰੀ ਦੇ ਹਾਲੀਆ ਬਿਆਨ ਨੇ ਉਮੀਦ ਦੀ ਕਿਰਨ ਜਗਾਈ ਹੈ। ਹਿੰਦੋਸਾਤਨ ਦੀ ਅਖੌਤੀ ਜਮਹੂਰੀਅਤ 'ਚ ਘੱਟਗਿਣਤੀਆਂ ਦੀਆਂ ਹੱਕੀ ਮੰਗਾਂ ਨੂੰ ਅਣਗੌਲਿਆ ਕਰਨ ਦਾ ਇਹ ਕੋਈ ਪਹਿਲਾਂ ਮਾਮਲਾ ਨਹੀਂ ਹੈ ਪਰ ਅਸਲ 'ਚ ਇਥੇ ਸਿੱਖ ਭਾਈਚਾਰੇ ਦੀ ਵੱਖਰੇ ਵਿਆਹ ਕਾਨੂੰਨ ਦੀ ਮੰਗ ਸਿੱਖ ਧਰਮ ਦੀ ਵੱਖਰੀ ਪਛਾਣ ਨਾਲ ਜੁੜੀ ਹੋਈ ਹੈ।



| | |
|---|---|
| 2003 | ਸਾਬਕਾ ਕੌਮੀ ਘੱਟ ਗਿਣਤੀ ਮੁਖੀ ਤਰਲੋਚਨ ਸਿੰਘ ਨੇ ਤਤਕਾਲੀ ਕਾਨੂੰਨ ਮੰਤਰੀ ਕੋਲ ਆਨੰਦ ਵਿਆਹ ਕਾਨੂੰਨ ਦੀ ਮੰਗ ਉਠਾਈ |
| 2006 | ਸੁਪਰੀਮ ਕੋਰਟ ਨੇ ਵਿਆਹਾਂ ਦੀ ਰਜਿਟ੍ਰੇਸ਼ਨ ਲਾਜ਼ਮੀ ਬਣਾਈ |
| 2010 | ਸਾਬਕਾ ਕਨੂੰਨ ਮੰਤਰੀ ਵੀਰੱਪਾ ਮੋਇਲੀ ਦੀ ਵਜ਼ਾਰਤ ਮੌਕੇ ਲੀਗਲ ਸੈੱਲ ਵੱਲੋਂ ਡਰਾਫਟ ਪਾਸ |
| 2011 | ਕਾਨੂੰਨ ਮੰਤਰੀ ਨੇ ਲੋਕ ਸਭਾ 'ਚ ਕਾਨੂੰਨ ਬਣਾਉਣ ਤੋਂ ਇਨਕਾਰ |
| 2011 | ਕੇਂਦਰ ਸਰਕਾਰ ਬਿਆਨ ਤੋਂ ਪਲਟੀ, ਕਾਨੂੰਨ ਬਣਾਉਣ ਦਾ ਭਰੋਸਾ |

## ਸਿੱਖਾਂ ਭਾਈਚਾਰੇ ਦਾ ਤਰਕ

**ਚੰਡੀਗੜ੍ਹ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਵੀ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੂੰ ਅਪੀਲ ਕਰਕੇ 'ਅਨੰਦ ਵਿਆਹ ਕਾਨੂੰਨ' ਲਾਗੂ ਕਰਵਾਉਣ ਦੀ ਮੰਗ ਕੀਤੀ ਹੈ ਤਾਂ ਜੋ ਸਿੱਖ ਕੌਮ 'ਚ ਬੇਗਾਨਗੀ ਦੀ ਭਾਵਨਾ ਨੂੰ ਰੋਕਿਆ ਜਾ ਸਕੇ।

ਸਿੱਖ ਵਿਦਵਾਨਾਂ ਦਾ ਕਹਿਣਾ ਹੈ ਕਿ ਕਿ ਭਾਰਤ 'ਚ ਮੁੱਖ ਤੌਰ 'ਤੇ ਰਹਿੰਦੀਆਂ ਚਾਰ ਕੌਮਾਂ ਹਿੰਦੂ, ਮੁਸਲਿਮ, ਸਿੱਖ ਤੇ ਈਸਾਈ ਚਾਰੇ ਆਪੋ-ਆਪਣੇ ਧਾਰਮਿਕ ਰੀਤੀ-ਰਿਵਾਜ਼ਾਂ ਅਨੁਸਾਰ ਸੰਸਕਾਰਾਂ ਦੀ ਪੂਰਤੀ ਕਰਦੇ ਹਨ। ਪਾਕਿਸਤਾਨ ਵਿਚ 'ਅਨੰਦ ਵਿਆਹ ਕਾਨੂੰਨ' ਚਾਰ ਸਾਲ ਪਹਿਲਾਂ ਲਾਗੂ ਹੋ ਚੁੱਕਾ ਹੈ। ਸਿੱਖਾਂ ਦਾ ਤਰਕ ਹੈ ਕਿ ਭਾਰਤ ਬਹੁਕੌਮੀ, ਬਹੁਭਾਸ਼ਾਈ ਤੇ ਬਹੁਸਭਿਆਚਾਰ ਵਾਲਾ ਦੇਸ਼ ਹੈ। ਇਥੇ ਲੋਕ ਆਪੋ-ਆਪਣੇ ਧਰਮਾਂ ਤੇ ਰੀਤੀ-ਰਿਵਾਜ਼ਾਂ ਅਨੁਸਾਰ ਜੀਵਨ ਬਸਰ ਕਰ ਰਹੇ ਹਨ। ਇਥੇ ਹਿੰਦੂ ਭਾਈਚਾਰੇ ਤੇ ਮੁਸਲਿਮ ਭਾਈਚਾਰੇ ਲਈ ਵਿਆਹ-ਸ਼ਾਦੀ ਦਰਜ ਕਰਾਉਣ ਵਾਸਤੇ ਵੱਖਰਾ-ਵੱਖਰਾ ਕਾਨੂੰਨ ਹੈ ਪਰ ਸਿੱਖ ਭਾਈਚਾਰੇ ਦੇ ਵਿਆਹ-ਸ਼ਾਦੀਆਂ ਦਰਜ ਕਰਨ ਲਈ 1909 ਤੋਂ ਬਣੇ ਹੋਏ ਕਾਨੂੰਨ ਨੂੰ ਲਾਗੂ ਕਰਨ ਤੋਂ ਨਾਂਹ-ਨੁੱਕਰ ਕੀਤੀ ਜਾ ਰਹੀ ਹੈ।

## ਭਾਰਤ ਸਰਕਾਰ ਦਾ ਤਰਕ

**ਨਵੀਂ ਦਿੱਲੀ:** ਕੇਂਦਰੀ ਸਰਕਾਰ ਵੱਲੋਂ ਸਿੱਖਾਂ ਲਈ ਅਨੰਦ ਵਿਆਹ ਕਾਨੂੰਨ 1909 ਵਿਚ ਤਰਮੀਮ ਕਰਨ 'ਚ ਲਾਈ ਜਾ ਰਹੀ ਦੇਰੀ ਬਾਰੇ ਸਿੱਖ ਵਿਦਵਾਨਾਂ ਦਾ ਕਹਿਣਾ ਹੈ ਕਿ ਜਦ ਸਿੱਖ ਵੱਖਰਾ ਧਰਮ ਹੈ ਤਾਂ ਫਿਰ ਇਸ ਦੇ ਸਮਾਜਕ ਤੇ ਧਾਰਮਕ ਰੀਤੀ ਰਿਵਾਜ਼ਾਂ ਨੂੰ ਕਾਨੂੰਨੀ ਮਾਨਤਾ ਦੇਣ ਤੋਂ ਸਰਕਾਰ ਕਿਉਂ ਭੱਜ ਰਹੀ ਹੈ।

ਸਿੱਖ ਲੰਮੇ ਸਮੇਂ ਤੋਂ ਅਨੰਦ ਵਿਆਹ ਕਾਨੂੰਨ ਲਾਗੂ ਕਰਨ ਦੀ ਮੰਗ ਕਰਦੇ ਆ ਰਹੇ ਹਨ ਪਰ ਕੇਂਦਰ ਸਰਕਾਰ ਇਸ ਨੂੰ ਲਗਾਤਾਰ ਟਾਲਦੀ ਆ ਰਹੀ ਹੈ। ਇਸ ਵਾਰ ਕੇਂਦਰੀ ਕਾਨੂੰਨ ਮੰਤਰਾਲੇ ਨੇ ਦਲੀਲ ਦਿੱਤੀ ਹੈ ਕਿ ਜੇਕਰ ਸਿੱਖਾਂ ਦੇ ਅਨੰਦ ਵਿਆਹ ਕਾਨੂੰਨ ਨੂੰ ਮਾਨਤਾ ਦੇ ਦਿੱਤੀ ਜਾਵੇ ਤਾਂ ਹੋਰ ਧਰਮਾਂ ਦੇ ਲੋਕ ਵੀ ਅਜਿਹੀ ਮੰਗ ਕਰਨੀ ਸ਼ੁਰੂ ਕਰ ਦੇਣਗੇ। ਇਸ ਵੇਲੇ ਮੁਸਲਿਮ, ਹਿੰਦੂ, ਯਹੂਦੀ, ਈਸਾਈ ਤੇ ਪਾਰਸੀ ਧਰਮ ਵਾਲਿਆਂ ਨੂੰ ਆਪੋ-ਆਪਣੇ ਧਾਰਮਿਕ ਵਿਸ਼ਵਾਸਾਂ ਤੇ ਰੀਤੀ ਰਿਵਾਜ਼ਾਂ ਨਾਲ ਵਿਆਹ ਕਰਵਾਉਣ ਤੇ ਭਾਰਤ ਸਰਕਾਰ ਕੋਲ ਦਰਜ ਕਰਵਾਉਣ ਦੀ ਖੁੱਲ੍ਹ ਹੈ ਪਰ ਸਿੱਖ ਵਿਆਹ ਤਾਂ ਭਾਵੇਂ ਗੁਰਦੁਆਰੇ ਜਾ ਕੇ ਲਾਵਾਂ ਨਾਲ ਕਰਵਾ ਲੈਂਦੇ ਹਨ ਪਰ ਕਾਨੂੰਨੀ ਤੌਰ 'ਤੇ ਇਸ ਨੂੰ ਹਿੰਦੂ ਵਿਆਹ ਕਾਨੂੰਨ 1955 ਤਹਿਤ ਹੀ ਦਰਜ ਕਰਵਾਇਆ ਜਾਂਦਾ ਹੈ। ਇਸ ਮਸਲੇ 'ਤੇ ਸਿੱਖ ਦਾ ਤਰਕ ਹੈ ਕਿ ਇਹੀ ਗੱਲ ਹੈ ਜੋ ਸਿੱਖਾਂ ਦੇ ਸਵੈ-ਮਾਣ ਨੂੰ ਸੱਟ ਮਾਰਦੀ ਹੈ ਤੇ ਉਨ੍ਹਾਂ ਅੰਦਰ ਖਿਝ ਪੈਦਾ ਕਰਦੀ ਹੈ। ਹਿੰਦੂ ਵਿਆਹ ਕਾਨੂੰਨ ਤਹਿਤ ਵਿਆਹ ਦਰਜ ਕਰਵਾਉਣ ਦਾ ਅਰਥ ਹੈ ਕਿ ਕਾਨੂੰਨ ਅੱਗੇ ਹਰ ਵਿਆਹਿਆ ਜੋੜਾ ਆਪਣੇ-ਆਪ ਨੂੰ ਹਿੰਦੂ ਧਰਮ ਦਾ ਅੰਗ ਸਮਝਦਾ ਹੈ।

## ਕੀ ਹੈ ਆਨੰਦ ਮੈਰਿਜ ਐਕਟ

ਆਨੰਦ ਕਾਰਜ ਜਿਸ ਨੂੰ 'ਖੋਟੇ ਦਾ ਪਹਿਲਾ ਆਨੰਦ ਕਾਰਜ' ਵੀ ਕਿਹਾ ਜਾਂਦਾ ਹੈ। ਸਮਾਜ ਸੁਧਾਰ ਲਈ ਸ਼ੁਰੂ ਕੀਤੇ ਕੂਕਾ ਅੰਦੋਲਨ ਦੌਰਾਨ ਮੋਗੇ ਨੇੜੇ ਖੋਟਾ ਪਿੰਡ ਵਿਚ 1863 ਵਿਚ ਹੋਇਆ ਸੀ। ਇਸ ਨਾਮਧਾਰੀ ਆਨੰਦ ਕਾਰਜ ਤਹਿਤ ਹਵਨ ਤੇ ਬੇਦੀ ਦਾ ਸਿਲਸਿਲਾ ਤਾਂ ਉਸੇ ਤਰ੍ਹਾਂ ਹੀ ਬਰਕਰਾਰ ਰਿਹਾ ਪਰ ਹਵਨ ਦੇ ਮੰਤਰਾਂ ਦੀ ਥਾਂ ਸ੍ਰੀ ਗੁਰੂ ਰਾਮਦਾਸ ਦੀ ਬਾਣੀ ਦਾ ਪਾਠ ਕਰਕੇ ਲਾਵਾਂ ਸੱਤ ਤੋਂ ਚਾਰ ਹੋ ਗਏ।

ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਕਾਨੂੰਨ ਵਿਭਾਗ ਦੇ ਸਾਬਕਾ ਮੁਖੀ ਕਸ਼ਮੀਰ ਸਿੰਘ ਨੇ ਅੰਮ੍ਰਿਤਸਰ ਲਾਅ ਜਨਰਲ 'ਚ ਪ੍ਰਕਾਸ਼ਿਤ ਆਪਣੇ ਪੇਪਰ ਰਾਹੀਂ ਇਸ ਕਾਨੂੰਨ ਦੇ ਪਿਛੋਕੜ ਨੂੰ ਬਿਆਨ ਕੀਤਾ ਹੈ। 19ਵੀਂ ਸਦੀ ਦੇ ਆਖਰੀ ਦਹਾਕਿਆਂ ਦੌਰਾਨ ਪੰਜਾਬ 'ਚ ਆਰੀਆਂ ਸਮਾਜੀਆਂ, ਇਸਾਈਆਂ ਤੇ ਮੁਸਲਿਮ ਜਥੇਬੰਦੀਆਂ ਦੀਆਂ ਸਰਗਰਮੀਆਂ ਕਾਫੀ ਤੇਜ਼ ਹੋ ਚੁੱਕੀਆਂ ਸਨ।

ਸਿੱਖ ਧਰਮ ਦੀ ਸਲਾਮਤੀ ਲਈ ਸਿੰਘ ਸਭਾ ਹੋਂਦ 'ਚ ਆਈ। ਇਸ ਸਮੇਂ ਵੱਡਾ ਸਵਾਲ ਸੀ ਕਿ ਸਿੱਖ ਧਰਮ ਦੀ ਵੱਖਰੀ ਹੋਂਦ ਕਾਇਮ ਕੀਤੀ ਜਾਵੇ ਜੋ ਕਿ ਰਸਮ-ਰਿਵਾਜ਼ ਪੱਖੋਂ ਹਿੰਦੂ ਧਰਮ ਨਾਲ ਕਾਫੀ ਮਿਲਦਾ ਜੁਲਦਾ ਸੀ। ਅਜਿਹੀ ਮੰਗ ਨੇ ਹੀ ਸਿੱਖਾਂ ਲਈ ਵੱਖਰੇ ਵਿਆਹ ਕਾਨੂੰਨ ਦਾ ਅਧਾਰ ਤਿਆਰ ਕੀਤਾ। ਸਿੱਖਾਂ ਲਈ ਵੱਖਰੇ ਵਿਆਹ ਕਾਨੂੰਨ ਨੂੰ ਅਮਲੀ ਜਾਮਾ 1909 ਨੂੰ ਪਹਿਨਾਇਆ ਜਾ ਸਕਿਆ। ਬ੍ਰਿਟਿਸ਼ ਹਕੂਮਤ ਦੌਰਾਨ ਨਾਭਾ ਦੇ ਰਿਪੁਦਮਨ ਸਿੰਘ ਜੋ ਉਸ ਵੇਲੇ ਵਾਇਸਰਾਏ ਦੀ ਕੌਂਸਲ ਦੇ ਮੈਂਬਰ ਸਨ ਤੇ ਸੁੰਦਰ ਸਿੰਘ ਮਜੀਠਿਆ ਜੋ ਚੀਫ ਖਾਲਸਾ ਦੀਵਾਨ ਦੇ ਸਕੱਤਰ ਸਨ, ਦੀ ਅਗਵਾਈ ਵਿਚ ਸ਼ਿਮਲਾ ਵਿਖੇ 30 ਅਕਤੂਬਰ, 1908 ਨੂੰ ਇਸ ਕਾਨੂੰਨ ਦਾ ਖਰੜਾ ਪੇਸ਼ ਕੀਤਾ ਗਿਆ ਜਿਸ ਨੂੰ 22 ਅਕਤੂਬਰ 1909 ਨੂੰ ਕਾਨੂੰਨੀ ਪ੍ਰਵਾਨਗੀ ਮਿਲ ਗਈ।

## ਸੁਪਰੀਮ ਕੋਰਟ ਦੇ ਫੈਸਲੇ ਤੋਂ ਬਾਅਦ ਲੋੜ ਵਧੀ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਸੁਪਰੀਮ ਕੋਰਟ ਵੱਲੋਂ 2006 ਵਿਚ ਸੁਣਾਏ ਫੈਸਲੇ ਤੋਂ ਬਾਅਦ ਅਨੰਦ ਵਿਆਹ ਕਾਨੂੰਨ ਦੀ ਮਹੱਤਤਾ ਹੋਰ ਵਧ ਗਈ ਹੈ। ਸੁਪਰੀਮ ਕੋਰਟ ਨੇ ਫੈਸਲਾ ਸੁਣਾਇਆ ਸੀ ਕਿ ਸਾਰੇ ਵਿਆਹ ਦਰਜ ਹੋਣੇ ਚਾਹੀਦੇ ਹਨ ਤੇ ਹਰ ਰਾਜ ਵੱਖ-ਵੱਖ ਧਰਮਾਂ ਦੇ ਵਿਆਹ ਅੱਡ-ਅੱਡ ਕਰਨ ਦਾ ਪ੍ਰਬੰਧ ਕਰੇ। ਪੰਜਾਬ ਵਿਧਾਨ ਸਭਾ ਨੇ ਵੀ 2008 ਵਿਚ ਮਤਾ ਪਾਸ ਕਰਕੇ ਭੇਜਿਆ ਕਿ ਸਿੱਖ ਵਿਆਹਾਂ ਨੂੰ ਦਰਜ ਕਰਨ ਲਈ ਅਨੰਦ ਵਿਆਹ ਕਾਨੂੰਨ 1909 ਵਿਚ ਸੋਧ ਕਰਕੇ ਸਿੱਖਾਂ ਦੇ ਵਿਆਹ ਵੱਖਰੇ ਤੌਰ 'ਤੇ ਅਨੰਦ ਵਿਆਹ ਕਾਨੂੰਨ ਤਹਿਤ ਦਰਜ ਕਰਨ ਦੀ ਪ੍ਰਵਾਨਗੀ ਦਿੱਤੀ ਜਾਵੇ ਪਰ ਕਾਨੂੰਨ ਮੰਤਰਾਲੇ ਨੇ ਪੰਜਾਬ ਵਿਧਾਨ ਸਭਾ ਦੇ ਮਤੇ ਨੂੰ ਰੱਦ ਕਰ ਦਿੱਤਾ ਹੈ।

ਅਨੰਦ ਵਿਆਹ ਕਾਨੂੰਨ ਨੂੰ 1909 ਵਿਚ ਪ੍ਰੀਵੀ ਕੌਂਸਲ ਵੱਲੋਂ ਪ੍ਰਵਾਨ ਕੀਤਾ ਗਿਆ ਸੀ। ਸ. ਰਿਪੁਦਮਨ ਸਿੰਘ ਮਹਾਰਾਜਾ ਨਾਭਾ ਅੰਗਰੇਜ਼ਾਂ ਦੀ ਪ੍ਰੀਵੀ ਕੌਂਸਲ ਦੇ ਮੈਂਬਰ ਸਨ ਤੇ ਭਾਰਤ ਲਈ ਕਾਨੂੰਨ ਬਣਾਉਣ ਵਾਲੀ ਇਹ ਸੁਪਰੀਮ ਕੌਂਸਲ ਸੀ। ਮਹਾਰਾਜਾ ਨਾਭਾ ਵੱਲੋਂ ਪੇਸ਼ ਕੀਤੇ ਖਰੜੇ ਨੂੰ ਅਨੰਦ ਵਿਆਹ ਕਾਨੂੰਨ ਵਜੋਂ ਮਾਨਤਾ ਦਿੱਤੀ ਗਈ ਸੀ। ਇਨ੍ਹਾਂ ਮਾਮਲਿਆਂ ਬਾਰੇ ਮਾਹਿਰ ਵਕੀਲ ਨਵਕਿਰਨ ਸਿੰਘ ਦਾ ਕਹਿਣਾ ਹੈ ਕਿ ਸਿੱਖਾਂ ਨੂੰ ਵਿਸ਼ੇਸ਼ ਧਰਮ ਨਾਲ ਕਿਉਂ ਜੋੜਿਆ ਜਾ ਰਿਹਾ ਹੈ। ਸ. ਨਵਕਿਰਨ ਸਿੰਘ ਤੇ ਕਿਹਾ ਵਿਆਹ ਕਾਨੂੰਨੀ ਤੌਰ 'ਤੇ ਦਰਜ ਕਰਨ ਨਾਲ ਕੋਈ ਇਤਰਾਜ਼ ਨਹੀਂ। ਜੇਕਰ ਸਾਰੇ ਵਿਆਹ ਹਿੰਦੁਸਤਾਨੀ ਕਾਨੂੰਨ ਹੇਠ ਦਰਜ ਕਰਨੇ ਸ਼ੁਰੂ ਕਰ ਦਿੱਤੇ ਜਾਣ ਤਾਂ ਵੀ ਕੋਈ ਇਤਰਾਜ਼ ਨਹੀਂ ਹੋਵੇਗਾ। ਇਤਰਾਜ਼ ਤਾਂ ਇਸ ਗੱਲ ਦਾ ਹੈ ਕਿ ਉਨ੍ਹਾਂ ਨੂੰ ਮਜਬੂਰਨ ਕਿਸੇ ਹੋਰ ਧਰਮ ਦਾ ਅੰਗ ਕਿਉਂ ਬਣਾਇਆ ਜਾ ਰਿਹਾ ਹੈ।

ਵਕੀਲ ਨਵਕਿਰਨ ਸਿੰਘ ਨੇ ਦੱਸਿਆ ਕਿ ਅਨੰਦ ਵਿਆਹ ਕਾਨੂੰਨ ਵਿਚ ਸਿਰਫ ਇੰਨੀ ਗੱਲ ਹੈ ਕਿ ਅਨੰਦ ਕਾਰਜ ਰਾਹੀਂ ਕਰਵਾਏ ਗਏ ਵਿਆਹ ਨੂੰ ਕਾਨੂੰਨਨ ਮਾਨਤਾ ਹੋਵੇਗੀ ਪਰ ਵਿਆਹ ਦਰਜ ਹੋਣ ਬਾਰੇ ਇਸ ਵਿਚ ਕੋਈ ਮਦ ਨਹੀਂ।

## ਪਾਕਿਸਤਾਨ ਦਾ ਆਨੰਦ ਵਿਆਹ ਕਾਨੂੰਨ

ਭਾਰਤ ਵਿਚ ਭਾਵੇਂ ਸਿੱਖ ਭਾਈਚਾਰੇ ਨੂੰ ਉਨ੍ਹਾਂ ਦਾ ਬਣਦਾ ਹੱਕ ਨਹੀਂ ਮਿਲ ਸਕਿਆ ਪਰ ਗੁਆਂਢੀ ਮੁਲਕ ਪਾਕਿਸਤਾਨ 'ਚ 2007 'ਚ ਹੀ ਸਿੱਖ ਭਾਈਚਾਰੇ ਲਈ ਆਨੰਦ ਮੈਰਿਜ ਐਕਟ ਨੂੰ ਮਨਜ਼ੂਰੀ ਮਿਲ ਗਈ ਸੀ; ਹਾਲਾਂਕਿ ਭਾਰਤ ਵਿਚ ਆਨੰਦ ਮੈਰਿਜ ਐਕਟ ਦੇ ਜਿਸ ਖਰੜੇ ਨੂੰ ਕਾਨੂੰਨ ਮੰਤਰਾਲੇ ਦੇ ਲੀਗਲ ਸੈੱਲ ਨੇ ਮਾਨਤਾ ਦਿੱਤੀ ਹੈ, ਉਸ ਬਾਰੇ ਸਿੱਖ ਵਿਦਵਾਨ ਸਪਸ਼ਟ ਨਹੀਂ।

ਸਾਬਕਾ ਆਈ.ਏ.ਐਸ. ਅਫਸਰ ਅਤੇ ਸਿੱਖ ਬੁੱਧੀਜੀਵੀ ਗੁਰਤੇਜ ਸਿੰਘ ਵੱਲੋਂ ਬਣਾਏ ਖਰੜੇ ਨੂੰ ਪਾਕਿਸਤਾਨ ਹਕੂਮਤ ਨੇ ਕਾਨੂੰਨੀ ਮਾਨਤਾ ਦੇ ਦਿੱਤੀ ਹੈ। ਪਾਕਿਸਤਾਨ ਆਨੰਦ ਮੈਰਿਜ ਐਕਟ ਮੁਤਾਬਕ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ 'ਚ ਹੋਏ ਵਿਆਹ ਨੂੰ ਮਾਨਤਾ ਹੈ। ਵਿਆਹ ਮੌਕੇ ਘੱਟੋ ਘੱਟ ਦੋ ਗਵਾਹਾਂ ਦੀ ਮੌਜੂਦਗੀ ਜ਼ਰੂਰੀ ਹੈ ਜੋ ਸਿੱਖ ਹੋਣ।

ਸਮਲਿੰਗੀ ਵਿਆਹ ਇਸ ਕਾਨੂੰਨ ਦੇ ਘੇਰੇ 'ਚ ਨਹੀਂ ਆਉਂਦੇ। ਇਹ ਕਾਨੂੰਨ ਇਸ ਪੱਖੋਂ ਅਗਾਂਹਵਧੂ ਹੈ ਕਿ ਇਸ 'ਚ ਤਲਾਕ ਦੀ ਤਜਵੀਜ਼ ਹੈ ਪਰ ਇਕ ਪੱਖੋਂ ਰੂੜੀਵਾਦੀ ਵੀ ਹੈ ਕਿਉਂਕਿ ਇਸ ਮੁਤਾਬਕ ਤਲਾਕ ਲਈ ਅਪੀਲ ਵਿਆਹ ਤੋਂ ਇਕ ਸਾਲ ਬਾਅਦ ਹੀ ਕੀਤੀ ਜਾ ਸਕਦੀ ਹੈ।

# ਅਲਵਿਦਾ ਸਦਾਬਹਾਰ ਦੇਵ ਆਨੰਦ

**ਲੰਡਨ:** ਬਾਲੀਵੁੱਡ ਦੇ ਸਦਾਬਹਾਰ ਨਾਇਕ ਫਿਲਮਸਾਜ਼ ਦੇਵ ਆਨੰਦ 3 ਦਸੰਬਰ ਨੂੰ ਸੁੱਤੇ-ਸੁੱਤੇ ਦਿਲ ਦਾ ਦੌਰਾ ਪੈਣ ਕਾਰਨ ਸਦਾ ਦੀ ਨੀਂਦ ਸੌਂ ਗਏ। ਪੰਜਾਬ ਦੇ ਗੁਰਦਾਸਪੁਰ ਸ਼ਹਿਰ ਦੇ ਜੰਮਪਲ ਦੇਵ ਆਨੰਦ ਪਿੱਛੇ 'ਗਾਈਡ', 'ਹਮ ਦੋਨੋਂ', 'ਕਾਲਾ ਪਾਨੀ', 'ਹਰੇ ਰਾਮਾ ਹਰੇ ਕ੍ਰਿਸ਼ਨਾ' ਜਿਹੀਆਂ ਫਿਲਮਾਂ ਦੀ ਸ਼ਾਨਦਾਰ ਵਿਰਾਸਤ ਛੱਡ ਗਏ ਹਨ। 88 ਸਾਲਾ ਦੇਵ ਆਨੰਦ ਹਾਲੇ ਕੁਝ ਦਿਨ ਪਹਿਲਾਂ ਇਥੇ ਡਾਕਟਰੀ ਜਾਂਚ ਲਈ ਆਏ ਤੇ ਹੋਟਲ ਦੇ ਕਮਰੇ 'ਚ 10 ਵਜੇ ਰਾਤੀਂ ਦਿਲ ਦਾ ਦੌਰਾ ਪੈਣ ਨਾਲ ਉਨ੍ਹਾਂ ਦਾ ਦੇਹਾਂਤ ਹੋ ਗਿਆ। ਇਸ ਮੌਕੇ ਉਨ੍ਹਾਂ ਦਾ ਪੁੱਤਰ ਸੁਨੀਲ ਉਨ੍ਹਾਂ ਦੇ ਕੋਲ ਸੀ। ਆਨੰਦ ਨੂੰ ਫੌਰੀ ਨੇੜਲੇ ਹਸਪਤਾਲ ਲਿਜਾਇਆ ਗਿਆ ਜਿਥੇ ਉਨ੍ਹਾਂ ਨੂੰ 'ਮ੍ਰਿਤਕ ਲਿਆਂਦਾ' ਕਰਾਰ ਦੇ ਦਿੱਤਾ ਗਿਆ। ਦੇਵ ਆਨੰਦ ਦੀ ਪਿਛਲੇ ਕੁਝ ਦਿਨਾਂ ਤੋਂ ਸਿਹਤ ਠੀਕ ਨਹੀਂ ਚੱਲ ਰਹੀ ਸੀ।

ਹਾਲੀਵੁੱਡ ਦੇ ਸਟਾਰ ਗਰੈਗਰੀ ਪੈਕ ਨੂੰ ਆਪਣਾ ਆਦਰਸ਼ ਮੰਨਣ ਵਾਲੇ ਦੇਵ ਆਨੰਦ ਨੇ 'ਗਾਈਡ', 'ਹਮ ਦੋਨੋਂ', 'ਪੇਇੰਗ ਗੈਸਟ', 'ਬਾਜ਼ੀ', 'ਜਿਊਲ ਥੀਫ', 'ਸੀ.ਆਈ.ਡੀ.', 'ਜੌਹਨੀ ਮੇਰਾ ਨਾਮ', 'ਅਮੀਰ ਗਰੀਬ', 'ਵਾਰੰਟ', 'ਹਰੇ ਰਾਮਾ ਹਰੇ ਕ੍ਰਿਸ਼ਨਾ', 'ਦੇਸ਼ ਪ੍ਰਦੇਸ਼', 'ਟੈਕਸੀ ਡਰਾਈਵਰ', 'ਮੁਨੀਮ ਜੀ' ਤੇ ਹੋਰ ਵਧੀਆ ਫਿਲਮਾਂ ਸਿਨੇ ਜਗਤ ਨੂੰ ਦਿੱਤੀਆਂ।

ਜਦੋਂ ਉਸ ਦੇ ਸਮਕਾਲੀ ਅਦਾਕਾਰ ਰਾਜ ਕਪੂਰ ਤੇ ਦਲੀਪ ਕੁਮਾਰ ਪ੍ਰਮੁੱਖ ਭੂਮਿਕਾਵਾਂ ਨਿਭਾਉਣੋਂ ਹਟ ਗਏ ਸਨ ਤਾਂ ਵੀ ਇਹ ਅਦਾਕਾਰ 'ਜੌਹਨੀ ਮੇਰਾ ਨਾਮ', 'ਦੇਸ਼ ਪ੍ਰਦੇਸ਼' ਤੇ 'ਹਰੇ ਰਾਮਾ ਹਰੇ ਕ੍ਰਿਸ਼ਨਾ' ਜਿਹੀਆਂ ਫਿਲਮਾਂ ਕਰ ਰਿਹਾ ਸੀ। ਦੇਵ ਆਨੰਦ 1946 'ਚ 'ਹਮ ਏਕ ਹੈਂ' ਫਿਲਮ ਨਾਲ ਆਪਣੇ ਤਲਿਸੱਮੀ ਸਫਰ ਦਾ ਆਗਾਜ਼ ਕੀਤਾ ਸੀ। 1947 'ਚ 'ਜ਼ਿੱਦੀ' ਫਿਲਮ ਨੇ ਉਸ ਨੂੰ ਸੁਪਰ ਸਟਾਰ ਬਣਾ ਦਿੱਤਾ ਤੇ ਫਿਰ ਤਾਂ





ਚੱਲ ਸੋ ਚੱਲ। ਨਿਰਦੇਸ਼ਨ ਪੱਖੋਂ ਆਨੰਦ ਦੀ ਪਹਿਲੀ ਫਿਲਮ 'ਪ੍ਰੇਮ ਪੁਜਾਰੀ' ਸੀ।

ਪੰਜਾਬ ਦੇ ਗੁਰਦਾਸਪੁਰ 'ਚ ਚੰਗੇ ਖਾਂਦੇ-ਪੀਂਦੇ ਐਡਵੋਕੇਟ ਪਿਸ਼ੌਰੀ ਮੱਲ ਆਨੰਦ ਦੇ ਘਰ 26 ਸਤੰਬਰ, 1923 ਨੂੰ ਧਰਮਦੇਵ ਪਿਸ਼ੌਰੀ ਮੱਲ ਆਨੰਦ ਵਜੋਂ ਜਨਮੇ ਦੇਵ ਨੇ ਲਾਹੌਰ ਦੇ ਗੌਰਮਿੰਟ ਲਾਅ ਕਾਲਜ ਤੋਂ ਅੰਗਰੇਜ਼ੀ ਸਾਹਿਤ ਨਾਲ ਗਰੈਜੂਏਸ਼ਨ ਕੀਤੀ ਸੀ। ਉਨ੍ਹਾਂ ਦੇ ਭਰਾ ਚੇਤਨ ਆਨੰਦ ਤੇ ਵਿਜੇ ਆਨੰਦ ਪ੍ਰਸਿੱਧ ਫਿਲਮੀ ਹਸਤੀਆਂ ਸਨ। ਉਨ੍ਹਾਂ ਦੀ ਭੈਣ ਸ਼ੀਲ ਕਾਂਤਾ ਕਪੂਰ ਪ੍ਰਸਿੱਧ ਨਿਰਦੇਸ਼ਕ ਸ਼ੇਖਰ ਕਪੂਰ ਦੀ ਮਾਂ ਹੈ।


ਚਰਚ ਗੇਟ ਬੰਬੇ ਵਿਖੇ ਮਿਲਟਰੀ ਸੈਂਸਰ ਆਫਿਸ ਤੋਂ ਉਨ੍ਹਾਂ ਆਪਣੇ ਕਰੀਅਰ ਦਾ ਆਗਾਜ਼ ਕੀਤਾ ਸੀ ਤੇ ਫਿਰ ਆਪਣੇ ਵੱਡੇ ਭਰਾ ਚੇਤਨ ਨਾਲ ਇਪਟਾ 'ਚ ਸ਼ਾਮਲ ਹੋ ਗਿਆ। ਹਰੇਕ ਪੰਜਾਬੀ ਵਾਂਗ ਚੰਗੇ ਭਾਰਤ-ਪਾਕਿ ਸਬੰਧਾਂ ਦੇ ਹਾਮੀ ਦੇਵ ਉਸ ਇਤਿਹਾਸਕ ਬੱਸ ਯਾਤਰਾ 'ਚ ਸ਼ਾਮਲ ਸਨ ਜਦੋਂ ਉਸ ਵੇਲੇ ਦੇ ਪ੍ਰਧਾਨ ਮੰਤਰੀ ਅਟਲ ਬਿਹਾਰੀ ਵਾਜਪਾਈ ਲਾਹੌਰ ਗਏ ਸਨ। 1949 'ਚ ਦੇਵ ਆਨੰਦ ਨੇ ਆਪਣੀ ਫਿਲਮ ਪ੍ਰੋਡਕਸ਼ਨ ਕੰਪਨੀ 'ਨਵ ਕੇਤਨ ਇੰਟਰਨੈਸ਼ਨਲ ਫਿਲਮਜ਼' ਬਣਾਈ ਜਿਸ ਨੇ 35 ਤੋਂ ਵੱਧ ਫਿਲਮਾਂ ਨਿਰਮਿਤ ਕੀਤੀਆਂ। ਨੋਬਲ ਪੁਰਸਕਾਰ ਜੇਤੂ ਪਰਲ ਐਸ. ਬਕ ਨਾਲ ਉਹ 'ਗਾਈਡ' ਦੇ ਅੰਗਰੇਜ਼ੀ ਰੂਪ ਦਾ ਸਹਿ ਨਿਰਮਾਤਾ ਸੀ। 'ਕਾਲਾ ਪਾਨੀ' 'ਚ ਆਪਣੀ ਬਿਹਤਰ ਕਾਰਗੁਜ਼ਾਰੀ ਲਈ ਉਸ ਨੂੰ 1958 'ਚ ਫਿਲਮ ਫੇਅਰ ਪੁਰਸਕਾਰ ਤੇ 1966 'ਚ ਗਾਈਡ ਲਈ ਇਹੋ ਪੁਰਸਕਾਰ ਮਿਲਿਆ। 'ਗਾਈਡ' ਫਿਲਮ ਨੇ ਪੰਜ ਹੋਰ ਵਰਗਾਂ 'ਚ ਵੀ ਫਿਲਮ ਫੇਅਰ ਪੁਰਸਕਾਰ ਜਿੱਤੇ। ਉਸ ਸਾਲ ਵਿਦੇਸ਼ੀ ਫਿਲਮਾਂ ਦੀ ਸ਼੍ਰੇਣੀ 'ਚ 'ਗਾਈਡ' ਆਸਕਰ ਲਈ ਵੀ ਗਈ ਸੀ। ਪਿੱਛੇ ਜਹੇ ਉਹ ਇਕ ਅਮਰੀਕੀ ਫਿਲਮ "ਸੌਂਗ ਆਫ ਲਾਈਫ" ਇਕ ਸੰਗੀਤਕ ਪ੍ਰੇਮ ਕਥਾ 'ਚ ਰੁਝ ਗਿਆ ਸੀ ਜਿਸ ਦੀ ਸ਼ੂਟਿੰਗ ਅਮਰੀਕਾ 'ਚ ਹੋਣੀ ਸੀ ਤੇ ਉਸ ਨੇ ਕੇਂਦਰੀ ਪਾਤਰ ਨਿਭਾਉਣਾ ਸੀ। 2001 'ਚ ਦੇਵ ਨੂੰ 'ਪਦਮ ਭੂਸ਼ਨ' ਤੇ 2002 'ਚ ਦਾਦਾ ਸਾਹਿਬ ਫਾਲਕੇ ਐਵਾਰਡ ਨਾਲ ਨਿਵਾਜਿਆ ਗਿਆ ਸੀ। ਉਨ੍ਹਾਂ ਦੀਆਂ ਹਾਲੀਆ ਫਿਲਮਾਂ, ਵਰਤਮਾਨ ਥੀਮਾਂ 'ਤੇ ਆਧਾਰਤ ਸਨ ਜਿਨ੍ਹਾਂ ਦੇ ਨਾਮ ਵੀ ਇਸੇ ਤਰ੍ਹਾਂ ਦੇ ਹਨ ਜਿਵੇਂ 'ਅੱਵਲ ਨੰਬਰ', 'ਸੌ ਕਰੋੜ', 'ਸੈਂਸਰ', 'ਮਿਸਟਰ ਪ੍ਰਾਈਮ ਮਨਿਸਟਰ' ਤੇ 'ਚਾਰਜਸ਼ੀਟ'।

'ਅੱਵਲ ਨੰਬਰ' ਮਗਰੋਂ ਆਪਣੀਆਂ ਹੋਰ ਫਿਲਮਾਂ ਨਾ ਚੱਲਣ ਦੇ ਬਾਵਜੂਦ ਉਨ੍ਹਾਂ ਨੇ ਫਿਲਮਾਂ ਬਣਾਉਣੀਆਂ ਨਹੀਂ ਛੱਡੀਆਂ ਸਨ। 40ਵਿਆਂ 'ਚ ਦੇਵ ਆਨੰਦ ਨੇ ਗਾਇਕਾ ਅਦਾਕਾਰਾ ਸੁਰੱਈਆ ਨਾਲ ਕਈ ਹਿੱਟ ਫਿਲਮਾਂ ਵਿਦਿਆ, ਪ੍ਰੀਤ, ਸ਼ਾਇਰ, ਅਤਸਰ, ਨੀਲੀ, ਦੋ ਸਿਤਾਰੇ ਤੇ ਸਨਮ ਕੀਤੀਆਂ ਤੇ ਮਗਰੋਂ ਉਨ੍ਹਾਂ 'ਚ ਮੁਹੱਬਤ ਹੋ ਗਈ। ਉਨ੍ਹਾਂ ਨੇ ਸੁਰੱਈਆ ਨੂੰ ਵਿਆਹ ਦੀ ਪੇਸ਼ਕਸ਼ ਕੀਤੀ ਪਰ ਅਦਾਕਾਰਾ ਦੀ ਨਾਨੀ ਨੇ ਇਹ ਰਿਸ਼ਤਾ ਸਿਰੇ ਨਾ ਚੜ੍ਹਨ ਦਿੱਤਾ।

ਸੁਰੱਈਆ ਸਾਰੀ ਉਮਰ ਕੁਆਰੀ ਰਹੀ। ਮਗਰੋਂ ਦੇਵ ਆਨੰਦ ਨੇ 'ਟੈਕਸੀ ਡਰਾਈਵਰ' ਦੀ ਨਾਇਕਾ ਕਲਪਨਾ ਕਾਰਤਿਕ ਨਾਲ ਵਿਆਹ ਕਰਵਾ ਲਿਆ ਤੇ ਉਸ ਦੇ ਦੋ ਬੱਚੇ ਪੁੱਤਰ ਸੁਨੀਲ ਤੇ ਧੀ ਦੇਵੀਨਾ ਹੋਏ। ਦੇਵ ਆਨੰਦ ਨੇ ਜ਼ੀਨਤ ਅਮਾਨ, ਟੀਨਾ ਮੁਨੀਮ, ਮੁਮਤਾਜ਼, ਜੈਕੀ ਸ਼ਰੌਫ ਤੇ ਤੱਬੂ ਜਿਹੇ ਸਿਤਾਰਿਆਂ ਨੂੰ ਫਿਲਮ ਜਗਤ ਅੱਗੇ ਪੇਸ਼ ਕੀਤਾ। ਉਹ ਹੁਣੇ 'ਹਰੇ ਰਾਮਾ ਹਰੇ ਕ੍ਰਿਸ਼ਨਾ' ਦਾ ਦੂਜਾ ਭਾਗ ਬਣਾਉਣ ਬਾਰੇ ਸੋਚ ਰਿਹਾ ਸੀ।

# ਐਨ ਆਰ ਆਈ ਕੌਂਸਲ ਵਲੋਂ ਚੋਣਾਂ 'ਚ ਯਕੀਨੀ ਜਿੱਤ ਲਈ ਪਾਰਟੀ ਨੂੰ ਕਈ ਸੁਝਾਅ

**ਸ਼ਿਕਾਗੋ (ਬਿਊਰੋ):** ਪੰਜਾਬ ਐਨ. ਆਰ. ਆਈ. ਕੌਂਸਲ (ਯੂ ਐਸ ਏ) ਦੇ ਮੈਂਬਰਾਂ ਦੇ ਇਕ ਵਫਦ ਨੇ ਆਪਣੇ ਹਾਲੀਆ ਪੰਜਾਬ ਦੌਰੇ ਉਪਰੰਤ ਪਾਰਟੀ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਨੂੰ ਭੇਜੀ ਇਕ ਰਿਪੋਰਟ ਵਿਚ ਕਿਹਾ ਹੈ ਕਿ ਇਸ ਵਿਚ ਸ਼ੱਕ ਨਹੀਂ ਕਿ ਪੰਜਾਬ ਦੇ ਲੋਕ ਮੌਜੂਦਾ ਅਕਾਲੀ-ਭਾਜਪਾ ਸਰਕਾਰ ਦੇ ਕੁਸਾਸ਼ਨ ਅਤੇ ਭ੍ਰਿਸ਼ਟ 'ਗੁੰਡਾ ਰਾਜ' ਤੋਂ ਅੱਕੇ ਪਏ ਹਨ ਅਤੇ ਆਉਂਦੀਆਂ ਵਿਧਾਨ ਸਭਾ ਚੋਣਾਂ ਵਿਚ ਲੋਕਾਂ ਦਾ ਫਤਵਾ ਕਾਂਗਰਸ ਦੇ ਹੱਕ ਵਿਚ ਹੀ ਭੁਗਤੇਗਾ, ਪਰ ਇਸ ਦੇ ਬਾਵਜੂਦ ਕਾਂਗਰਸ ਪਾਰਟੀ ਨੂੰ ਆਪਣੀ ਇਹ ਚੜ੍ਹਤ ਬਣਾਈ ਰੱਖਣ ਲਈ ਸਖਤ ਮਿਹਨਤ ਲਗਾਤਾਰ ਜਾਰੀ ਰੱਖਣੀ ਪਵੇਗੀ।



ਭੁਪਿੰਦਰ (ਬਾਬ) ਸਿੰਘ ਹੁੰਦਲ

ਇਹ ਜਾਣਕਾਰੀ ਦਿੰਦਿਆਂ ਐਨ ਆਰ ਆਈ ਕੌਂਸਲ ਦੇ ਚੀਫ ਕੋਆਰਡੀਨੇਟਰ ਸ੍ਰੀ ਭੁਪਿੰਦਰ (ਬਾਬ) ਸਿੰਘ ਹੁੰਦਲ ਨੇ ਪੰਜਾਬ ਟਾਈਮਜ਼ ਨੂੰ ਦੱਸਿਆ ਕਿ ਐਨ ਆਰ ਆਈ ਕੌਂਸਲ ਦੇ ਮੈਂਬਰਾਂ ਨੇ ਪੰਜਾਬ ਦੇ ਵੱਖ ਵੱਖ ਪਿੰਡਾਂ ਵਿਚ ਜਾ ਕੇ ਲੋਕਾਂ ਨਾਲ ਗੱਲਬਾਤ ਕਰਨ ਉਪਰੰਤ ਜੋ ਪ੍ਰਭਾਵ ਗ੍ਰਹਿਣ ਕੀਤੇ, ਉਨ੍ਹਾਂ ਅਨੁਸਾਰ ਕਰੀਬ 6 ਮਹੀਨੇ ਪਹਿਲਾਂ ਇਕ ਨਿਸ਼ਚਿਤ ਹਵਾ ਕਾਂਗਰਸ ਦੇ ਹੱਕ ਵਿਚ ਵਗ ਤੁਰੀ ਸੀ ਅਤੇ ਕਾਂਗਰਸ ਅਕਾਲੀ-ਭਾਜਪਾ ਗਠਜੋੜ ਤੋਂ ਕਿਤੇ ਅੱਗੇ ਸੀ ਪ੍ਰੰਤੂ ਵਿਚ-ਵਿਚਾਲੇ "ਪੰਜਾਬ ਬਚਾਓ" ਰੈਲੀਆਂ ਅਰੰਭ ਹੋਣ ਤੋਂ ਪਹਿਲਾਂ ਕਾਂਗਰਸੀ ਆਗੂਆਂ ਦੀ ਢਿੱਲ੍ਹ ਮੱਠ ਅਤੇ ਆਪਸੀ ਖਿੱਚੋਤਾਣ ਕਾਰਨ ਪਾਰਟੀ ਕੁਝ ਪਿਛੇ ਚਲੀ ਗਈ ਸੀ। ਇਸ ਦੀ ਇਕ ਵਜ੍ਹਾ ਹੁਕਮਰਾਨ ਧਿਰ ਵਲੋਂ ਪੰਜਾਬ ਦੇ ਵਿਕਾਸ ਬਾਰੇ ਕੀਤਾ ਗਿਆ ਜ਼ੋਰਦਾਰ ਪ੍ਰਚਾਰ ਵੀ ਸੀ। ਲੋਕਾਂ ਵਿਚ ਇਹ ਪ੍ਰਭਾਵ ਬਣ ਗਿਆ ਸੀ ਕਿ ਕਾਂਗਰਸੀ ਆਗੂ ਇਕ ਦੂਜੇ ਦੀਆਂ ਲੱਤਾਂ ਖਿੱਚਣ ਵਿਚ ਲੱਗੇ ਹੋਏ ਹਨ ਪ੍ਰੰਤੂ ਹੁਣ ਪੰਜਾਬ ਬਚਾਓ ਰੈਲੀਆਂ ਦੌਰਾਨ ਸਾਰੇ ਪਾਰਟੀ ਆਗੂਆਂ ਵਲੋਂ ਕੈਪਟਨ ਅਮਰਿੰਦਰ ਸਿੰਘ ਦੇ ਹੱਕ ਵਿਚ ਡਟ ਜਾਣ ਕਰਕੇ ਕਾਂਗਰਸ ਨੂੰ ਭਰਵਾਂ ਹੁੰਗਾਰਾ ਮਿਲਿਆ ਹੈ ਅਤੇ ਇਹ ਆਪਣੇ ਵਿਰੋਧੀਆਂ ਤੋਂ ਕਿਤੇ ਅੱਗੇ ਹੈ। ਲੋਕਾਂ ਨੂੰ ਕੈਪਟਨ ਅਮਰਿੰਦਰ ਸਿੰਘ ਦੀ ਨਿੱਗਰ ਲੀਡਰਸ਼ਿਪ ਉਪਰ ਪੂਰਾ ਭਰੋਸਾ ਹੈ। ਪੰਜਾਬ ਦੇ ਲੋਕਾਂ ਵਿਚ ਆਮ ਪ੍ਰਭਾਵ ਹੈ ਕਿ ਸੁਖਬੀਰ ਬਾਦਲ ਦੇ ਮੌਜੂਦਾ "ਗੁੰਡਾ ਰਾਜ" ਦਾ ਨਿਸ਼ਚਿਤ ਤੌਰ 'ਤੇ ਅੰਤ ਹੋਣਾ ਚਾਹੀਦਾ ਹੈ।

ਸ੍ਰੀ ਹੁੰਦਲ ਨੇ ਦੱਸਿਆ ਕਿ ਪਾਰਟੀ ਵਫਦ ਨੇ ਪਿੰਡਾਂ ਵਿਚ ਆਮ ਲੋਕਾਂ ਨਾਲ ਮੁਲਾਕਾਤਾਂ ਦੌਰਾਨ ਮਹਿਸੂਸ ਕੀਤਾ ਕਿ ਬਹੁਤ ਸਾਰੇ ਲੋਕ ਪਾਰਟੀ ਦੀਆਂ ਕਮੀਆਂ-ਬੇਸ਼ੀਆਂ ਬਾਰੇ ਬੜੀ ਖੁਲ੍ਹ ਕੇ ਗੱਲ ਕਰਦੇ ਸਨ। ਪੰਜਾਬ ਕਾਂਗਰਸ ਦੀ ਜ਼ਿਲਾ ਪੱਧਰੀ ਲੀਡਰਸ਼ਿਪ ਵਿਚ ਕੁਝ ਲੋਕ ਅਜਿਹੇ ਸਨ ਜਿਨ੍ਹਾਂ ਨੂੰ ਦਰਪੇਸ਼ ਚੁਣੌਤੀਆਂ ਦੀ ਪੂਰੀ ਸੂਝ ਸੀ ਜਦੋਂਕਿ ਕੁਝ ਹੋਰ ਬਹੁਤ ਹੀ ਗੈਰ-ਦੋਸਤਾਨਾ ਅਤੇ ਅਣੋਭੜ ਜਾਪਦੇ ਸਨ। ਕੁਝ ਆਗੂ ਪਰਵਾਸੀ ਭਾਰਤੀਆਂ ਨਾਲ ਪੰਜਾਬ ਦੇ ਹਿੱਤਾਂ ਲਈ ਬੜੀ ਖੁਲ੍ਹ ਕੇ ਗੱਲ ਕਰਨ ਨੂੰ ਤਿਆਰ ਸਨ ਜਦੋਂਕਿ ਕੁਝ ਹੋਰਾਂ ਨੂੰ ਇਸ ਨਾਲ ਕੋਈ ਸਰੋਕਾਰ ਨਹੀਂ ਸੀ। ਅੱਧਿਓਂ ਵੱਧ ਸਥਾਨਕ ਲੀਡਰਸ਼ਿਪ ਦਾ ਵਿਸ਼ਵਾਸ ਸੀ ਕਿ ਹਵਾ ਕਾਂਗਰਸ ਦੇ ਹੱਕ ਵਿਚ ਹੈ ਜਦੋਂਕਿ ਕੁਝ ਹੋਰਾਂ ਦਾ ਖਿਆਲ ਸੀ ਕਿ ਬਹੁਤਾ ਕੁਝ ਸਥਾਨਕ ਸਿਆਸਤ ਉਪਰ ਨਿਰਭਰ ਕਰੇਗਾ। ਉਨ੍ਹਾਂ ਕਿਹਾ ਕਿ ਜਿਹੜੀ ਗੱਲ ਉਨ੍ਹਾਂ ਬੜੀ ਤੀਬਰਤਾ ਨਾਲ ਮਹਿਸੂਸ ਕੀਤੀ, ਉਹ ਸੀ ਲੋਕਲ ਪਾਰਟੀ ਲੀਡਰਸ਼ਿਪ ਵਿਚ ਆ ਰਹੀਆਂ ਚੋਣਾਂ ਲਈ ਕਿਸੇ ਨਿਸ਼ਚਿਤ ਰਣਨੀਤੀ ਪ੍ਰਤੀ ਅਵੇਸਲਾਪਨ। ਇਹ ਦੱਸਣ ਦੀ ਲੋੜ ਨਹੀਂ ਕਿ ਚੋਣਾਂ ਕਿਸੇ ਨਿਸ਼ਚਿਤ ਰਣਨੀਤੀ ਬਿਨਾ ਜਿੱਤੀਆਂ ਨਹੀਂ ਜਾ ਸਕਦੀਆਂ। ਉਨ੍ਹਾਂ ਮਿਸਾਲ ਦਿੰਦਿਆਂ ਦੀਵਾਲੀ ਮੌਕੇ ਇਕ ਭਾਜਪਾ ਅਤੇ ਕਾਂਗਰਸੀ ਵਿਧਾਇਕ ਵਲੋਂ ਹਲਕੇ ਦੇ ਲੋਕਾਂ ਨੂੰ ਦਿੱਤੇ ਗਏ ਵਧਾਈ ਸੰਦੇਸ਼ ਵਿਚ ਰਾਤ-ਦਿਨ ਦਾ ਫਰਕ ਹੋਣ ਦੀ ਗੱਲ ਕੀਤੀ ਅਤੇ ਕਿਹਾ ਕਿ ਇਸ ਮਾਮਲੇ ਵਿਚ ਦਿਨ ਭਾਜਪਾ ਦਾ ਸੀ ਤੇ ਰਾਤ ਕਾਂਗਰਸ ਦੀ।

ਪਾਰਟੀ ਲੀਡਰਸ਼ਿਪ ਨੂੰ ਭੇਜੀ ਗਈ ਰਿਪੋਰਟ ਵਿਚ ਐਨ ਆਰ ਆਈ ਸੈਲ ਨੇ ਕਿਹਾ ਹੈ ਕਿ ਸੁਖਬੀਰ ਬਾਦਲ ਅਤੇ ਬਿਕਰਮਜੀਤ ਮਜੀਠਾ ਜੁੰਡਲੀ ਦੀਆਂ ਧਾਂਦਲੀਆਂ ਕਾਂਗਰਸ ਲੀਡਰਸ਼ਿਪ ਵਲੋਂ ਜੱਗ ਜਾਹਰ ਕੀਤੀਆਂ ਜਾਣੀਆਂ ਚਾਹੀਦੀਆਂ ਹਨ ਅਤੇ ਕਾਂਗਰਸ ਨੂੰ ਹਰ ਰੈਲੀ ਪਿਛੋਂ ਹੋਰ ਵੀ ਹਮਲਾਵਰ ਰੁਖ ਅਖਤਿਆਰ ਕਰਨਾ ਚਾਹੀਦਾ ਹੈ ਤਦ ਹੀ ਚੋਣਾਂ ਵਿਚ ਜਿੱਤ ਯਕੀਨੀ ਬਣਾਈ ਜਾ ਸਕੇਗੀ। ਰਿਪੋਰਟ ਵਿਚ ਇਹ ਵੀ ਸੁਝਾਅ ਦਿੱਤਾ ਗਿਆ ਹੈ ਕਿ ਆ ਰਹੀਆਂ ਚੋਣਾਂ ਲਈ ਇਕੋ ਸੀਟ ਲਈ ਕਈ ਕਈ ਦਾਅਵੇਦਾਰਾਂ ਦਾ ਮਾਮਲਾ ਹੁਣੇ ਤੋਂ ਹੱਲ ਕੀਤਾ ਜਾਣਾ ਚਾਹੀਦਾ ਹੈ ਅਤੇ ਪਾਰਟੀ ਵਰਕਰਾਂ ਤੇ ਸਥਾਨਕ ਆਗੂਆਂ ਨੂੰ ਇਹ ਚੇਤੇ ਕਰਾਇਆ ਜਾਣਾ ਚਾਹੀਦਾ ਹੈ ਕਿ ਪਿਛਲੀਆਂ 2007 ਦੀਆਂ ਵਿਧਾਨ ਸਭਾ ਚੋਣਾਂ ਵਿਚ ਘੱਟੋ ਘੱਟ 15 ਅਜਿਹੀਆਂ ਸੀਟਾਂ ਸਨ ਜਿਨ੍ਹਾਂ ਤੋਂ 950 ਵੋਟਾਂ ਤੋਂ ਵੀ ਘੱਟ ਦੇ ਫਰਕ ਨਾਲ ਜਿੱਤ-ਹਾਰ ਹੋਈ। ਉਂਜ ਵੀ ਪੰਜਾਬ ਵਿਚ ਜਿੱਤਣ ਅਤੇ ਹਾਰਨ ਵਾਲੀ ਪਾਰਟੀ ਵਿਚਾਲੇ ਸੀਟਾਂ ਦਾ ਫਰਕ 15 ਤੋਂ ਵੱਧ ਘੱਟ ਹੀ ਕਦੇ ਹੋਇਆ ਹੈ।

ਭੇਜੀ ਗਈ ਰਿਪੋਰਟ ਵਿਚ ਪਾਰਟੀ ਲੀਡਰਸ਼ਿਪ ਨੂੰ ਇਹ ਵੀ ਸੁਝਾਅ ਦਿੱਤਾ ਗਿਆ ਹੈ ਕਿ ਨੌਜਵਾਨ ਪੀੜ੍ਹੀ ਦੀਆਂ ਲੋੜਾਂ ਨੂੰ ਮੁੱਖ ਰੱਖਦਿਆਂ ਸੰਚਾਰ ਦੇ ਇਲੈਕਟ੍ਰਾਨਿਕ ਮੀਡੀਆ ਦੀ ਭਰਵੀਂ ਵਰਤੋਂ ਕੀਤੀ ਜਾਵੇ। ਇਹ ਵੀ ਚਿਤਾਵਨੀ ਦਿੱਤੀ ਗਈ ਹੈ ਕਿ ਸੁਖਬੀਰ ਬਾਦਲ ਵਲੋਂ ਚੋਣਾਂ ਦੌਰਾਨ ਸਰਕਾਰੀ ਮਸ਼ੀਨਰੀ ਦੀ ਪੂਰੀ ਦੁਰਵਰਤੋਂ ਹੋ ਸਕਦੀ ਹੈ ਅਤੇ ਕੁਝ ਕਾਂਗਰਸੀ ਆਗੂਆਂ ਨੂੰ ਖਰੀਦਣ ਦੀ ਕੋਸ਼ਿਸ਼ ਵੀ ਹੋ ਸਕਦੀ ਹੈ।

ਸ੍ਰੀ ਹੁੰਦਲ ਨੇ ਦੱਸਿਆ ਕਿ ਐਨ ਆਰ ਆਈ ਕੌਂਸਲ ਵਲੋਂ ਪਾਰਟੀ ਲੀਡਰਸ਼ਿਪ ਨੂੰ ਅਮਰੀਕਾ ਵਸਦੇ ਪੰਜਾਬੀਆਂ ਦੀ ਤਰਫੋਂ ਭਰਵੀਂ ਹਮਾਇਤ ਦਾ ਭਰੋਸਾ ਦਿੱਤਾ ਗਿਆ ਹੈ ਅਤੇ ਕਾਂਗਰਸ ਦੇ ਹੱਕ ਵਿਚ ਪ੍ਰਚਾਰ ਲਈ ਇਸ ਵਲੋਂ ਜਲਦ ਹੀ ਇਕ ਵਿਸ਼ੇਸ਼ ਮੁਹਿੰਮ ਵੀ ਅਰੰਭੀ ਜਾਵੇਗੀ। ਉਨ੍ਹਾਂ ਇਹ ਵੀ ਦੱਸਿਆ ਕਿ ਪਾਰਟੀ ਦੇ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਅਤੇ ਜਨਰਲ ਸਕੱਤਰ ਅਰਵਿੰਦ ਖੰਨਾ ਨੇ ਕੌਂਸਲ ਦੀ ਰਿਪੋਰਟ ਨੂੰ ਗੰਭੀਰਤਾ ਨਾਲ ਲਿਆ ਹੈ ਅਤੇ ਦਿੱਤੇ ਸੁਝਾਵਾਂ ਲਈ ਧੰਨਵਾਦ ਕੀਤਾ ਹੈ।

## ਸ਼ੇਰੇ ਪੰਜਾਬ ਸਪੋਰਟਸ ਸੁਸਾਇਟੀ ਵਲੋਂ ਵਿਸਾਖੀ ਮੇਲਾ 21 ਅਪਰੈਲ ਨੂੰ

**ਸਿਨਸਿਨੈਟੀ, ਓਹਾਇਓ (ਬਿਊਰੋ):** ਸ਼ੇਰੇ ਪੰਜਾਬ ਸਪੋਰਟਸ ਐਂਡ ਕਲਚਰਲ ਸੁਸਾਇਟੀ, ਸਿਨਸਿਨੈਟੀ (ਓਹਾਇਓ) ਵਲੋਂ ਆਪਣਾ ਪਹਿਲਾ ਵਿਸਾਖੀ ਮੇਲਾ 21 ਅਪਰੈਲ 2012, ਦਿਨ ਸਨਿਚਰਵਾਰ ਨੂੰ ਸ਼ਾਮ 4 ਵਜੇ ਤੋਂ 9 ਵਜੇ ਤੱਕ ਇਥੇ ਮੇਸਨ ਮਿਡਲ ਸਕੂਲ ਦੇ ਹਾਲ ਵਿਚ ਕਰਵਾਇਆ ਜਾਏਗਾ।

ਇਹ ਜਾਣਕਾਰੀ ਦਿੰਦਿਆਂ ਸੰਸਥਾ ਦੇ ਇਕ ਬੁਲਾਰੇ ਸ੍ਰੀ ਸੁਰਜੀਤ ਸਿੰਘ ਮਾਵੀ ਨੇ ਦੱਸਿਆ ਕਿ ਮੇਲੇ ਵਿਚ ਗਿੱਧੇ, ਭੰਗੜੇ ਅਤੇ ਹੋਰ ਲੋਕ ਨ੍ਰਿਤਾਂ ਤੋਂ ਇਲਾਵਾ ਸਥਾਨਕ ਬੱਚੇ ਗੀਤ-ਸੰਗੀਤ ਪੇਸ਼ ਕਰਨਗੇ। ਪੰਜ ਸਾਲ ਤੋਂ 16 ਸਾਲ ਤੱਕ ਦੇ ਬੱਚਿਆਂ ਦੀਆਂ ਖਾਸ ਆਈਟਮਾਂ ਹੋਣਗੀਆਂ। ਇਸ ਤੋਂ ਬਿਨਾ ਪ੍ਰਸਿਧ ਲੋਕ ਗਾਇਕ ਵੀ ਆਪਣਾ ਪ੍ਰੋਗਰਾਮ ਪੇਸ਼ ਕਰਨਗੇ। ਹੋਰ ਜਾਣਕਾਰੀ ਲਈ ਫੋਨ 917-862-5000, 513-616-4530, 937-369-3086 ਜਾਂ 513-324-9043 'ਤੇ ਸੰਪਰਕ ਕੀਤਾ ਜਾ ਸਕਦਾ ਹੈ।

New India Carry-out & Sweets
Address: 773 N. Quinton Rd., Palatine, IL 60067
ਕੈਟਰਿੰਗ:ਵਧੀਆ ਅਤੇ ਤਸੱਲੀਬਖ਼ਸ਼ ਪ੍ਰਬੰਧ
ਸ਼ਿਕਾਗੋ, ਮਿਲਵਾਕੀ ਅਤੇ ਇੰਡੀਆਨਾ, ਮਿਸ਼ੀਗਨ ਤੇ ਵਿਸਕਾਨਸਿਨ ਦੇ ਇਲਾਕਿਆਂ ਵਿਚ ਵਿਆਹ-ਸ਼ਾਦੀ ਜਾਂ ਕਿਸੇ ਵੀ ਪਾਰਟੀ ਲਈ ਕੈਟਰਿੰਗ ਵਾਸਤੇ ਯਾਦ ਰੱਖੋ
ਕੇ ਕੇ ਪੰਮਾ
ਫੋਨ:847-219-7432
847-359-9630

ਸਾਡੀ ਖਾਸੀਅਤ ਗਰਮਾ ਗਰਮ ਜਲੇਬੀਆਂ



# ਮੇਰੇ ਭਾ ਦਾ ਮਰ ਗਿਆ ਅੱਜ ਅੰਮਾ ਦਾ ਜਾਇਆ

**ਯਾਦਾਂ ਕੁਲਦੀਪ ਮਾਣਕ ਦੀਆਂ**

## ਅਸੀਂ 33 ਸਾਲ 'ਕੱਠਿਆਂ ਗੁਜ਼ਾਰੇ

**ਐਸ. ਅਸ਼ੋਕ ਭੌਰਾ**

ਰਾਜੇ ਹਰੀਸ਼ ਚੰਦਰ ਤੋਂ ਵੱਡੀ ਬਿਪਤਾ ਨਾਲ ਜੂਝ ਰਿਹਾ ਆਖ਼ਿਰ ਹਾਰ ਹੀ ਗਿਆ, ਜਦੋਂ ਹੋਣੀ ਕੰਧ ਟੱਪ ਕੇ ਅੰਦਰ ਆ ਵੜੀ। ਕੁਲਦੀਪ ਮੁਣਕ ਨੂੰ 'ਹੈ' ਤੋਂ 'ਸੀ' ਕਹਿਣ ਲੱਗਿਆਂ ਕਾਲਜਾ ਨਿਕਲਦੈ। ਪੰਜਾਬੀ ਸੰਗੀਤ ਜਗਤ ਲਈ 30 ਨਵੰਬਰ ਦਾ ਦਿਨ ਘੁੱਪ ਹਨ੍ਹੇਰੀ ਰਾਤ ਵਿਚ ਬਦਲ ਗਿਆ, ਜਦੋਂ ਲੁਧਿਆਣਾ ਦੇ ਦਇਆ ਨੰਦ ਹਸਪਤਾਲ ਵਿਚ ਦੁਪਹਿਰ ਨੂੰ ਇਕ ਵੱਜ ਕੇ ਤੇਰਾਂ ਮਿੰਟ 'ਤੇ ਲੁਕਣ ਮੀਚੀ ਖੇਡ ਰਹੀ ਮੌਤ ਧੱਕੇ ਨਾਲ ਸਾਹਾਂ ਦੀ ਤੰਦ ਤੋੜ-ਮਰੋੜ ਗਈ। ਤੇ ਕਰੀਬ 62 ਵਰ੍ਹਿਆਂ ਦੀ ਉਮਰ ਵਿਚ ਇਸ ਘੁੱਗ ਵਸਦੀ ਦੁਨੀਆਂ ਨੂੰ ਛੱਡ ਕੇ ਮਾਣਕ ਉਥੇ ਪਹੁੰਚ ਹੀ ਗਿਆ ਜਿਥੋਂ ਕੋਈ ਵੀ ਨਹੀਂ ਮੁੜਦਾ। ਪਹਿਲੀ ਧਾਹ ਉਹਦੀ ਪਤਨੀ ਸਰਬਜੀਤ ਨੇ ਮਾਰੀ, ਫਿਰ ਬੇਟੀ ਸ਼ਕਤੀ ਦੀਆਂ ਚੀਕਾਂ ਨਾਲ ਤਸਦੀਕ ਹੋ ਗਿਆ ਕਿ ਭਾਣਾ ਵਰਤ ਗਿਆ ਹੈ। ਫਿਰ ਇਸ ਕਾਰੇ ਹੱਥੀਂ ਮੌਤ ਦਾ ਪਾਇਆ ਚੀਕ-ਚਿਹਾੜਾ ਦੁਨੀਆਂ ਭਰ 'ਚ ਵਸਦੇ ਮਾਣਕ ਦੇ ਲੱਖਾਂ ਪ੍ਰੇਮੀਆਂ ਤੀਕ ਪਹੁੰਚ ਗਿਆ।

ਬਹੁਤ ਸਾਰੇ ਲੋਕ ਉਹਦੇ ਨਾਲ ਪੀਤੇ ਚਾਹ ਦੇ ਕੱਪ ਨੂੰ ਨਹੀਂ ਭੁੱਲਦੇ, ਉਹਦੇ ਨਾਲ ਖਿਚਵਾਈਆਂ ਫੋਟੋਆਂ ਨੂੰ ਹੁਣ ਹੋਰ ਵੱਡੀਆਂ ਕਰਕੇ ਲਾਉਣਗੇ ਪਰ ਮੈਂ ਉਨ੍ਹਾਂ ਖ਼ੁਸ਼ਕਿਸਮਤਾਂ 'ਚੋਂ ਹਾਂ ਜਿਸ ਨੇ ਪੂਰੇ ਤੇਤੀ ਵਰ੍ਹੇ ਮਾਣਕ ਨਾਲ ਗਹਿਗੱਚ ਹੋ ਕੇ ਗੁਜ਼ਾਰੇ। ਮੈਂ ਦੁਖੀ ਇਸ ਕਰਕੇ ਹਾਂ ਕਿ ਯਾਦਾਂ ਦਾ ਸੱਲ੍ਹ ਮੇਰੇ ਘਸੁੰਨ ਮਾਰ ਕੇ ਧਾਹੀਂ ਰੁਆ ਰਿਹਾ ਹੈ। ਲੀਡਰਾਂ ਦੇ ਬਿਆਨਾਂ ਤੇ ਫੋਕੀਆਂ ਸ਼ਰਧਾਂਜਲੀਆਂ ਨੂੰ ਉਹ ਪਰਿਵਾਰ ਲਾਬੂੰ ਕਿਉਂ ਨਹੀਂ ਲਾਵੇਗਾ, ਜਿਸ ਪਰਿਵਾਰ ਨਾਲ ਹਮਦਰਦੀ ਕਰਨ, ਹਾਅ ਦਾ ਨਾਅਰਾ ਮਾਰਨ ਲਈ ਕੋਈ ਨਾ ਬਹੁੜਿਆ? ਕਿਵੇਂ ਦਰਦ ਘਰੇ ਵੜਦਾ ਹੈ, ਕਿਵੇਂ ਘੇਰ-ਘੇਰ ਦੇ ਛਿੱਲ ਲਾਹੁੰਦਾ ਹੈ, ਉਸ ਦਾ ਅਹਿਸਾਸ ਸ਼ਾਇਦ ਸਰਬਜੀਤ ਤੇ ਉਹਦੀ ਧੀ ਤੋਂ ਵੱਧ ਕਿਸੇ ਨੂੰ ਨਾ ਹੋਵੇ! ਆਪਣੇ ਗਾਇਕੀ ਜੀਵਨ ਨੂੰ ਕੋਰਾ, ਸਪੱਸ਼ਟ ਤੇ ਸੱਚਾ ਰੱਖਣ ਵਾਲਾ ਮਾਣਕ ਨਹੀਂ ਜਾਣਦਾ ਸੀ, ਡਾਢੇ ਦੇ ਹੱਥ ਏਡੇ ਭਾਰੇ ਵੀ ਹੁੰਦੇ ਹਨ! ਇਕਲੌਤੇ ਪੁੱਤਰ ਯੁੱਧਵੀਰ ਦੀ ਤੰਦਰੁਸਤੀ ਲਈ ਹੱਥ ਜੋੜਦਾ ਮਾਣਕ ਇਸ ਫ਼ਾਨੀ ਦੁਨੀਆਂ ਅੱਗੇ ਹੀ ਹੱਥ ਜੋੜ ਗਿਆ। ਜਿਸ ਪਰਿਵਾਰ ਨੂੰ ਉਸ ਨੇ ਗਰੀਬੀ 'ਚੋਂ ਕੱਢ ਕੇ ਬਾਦਸ਼ਾਹੀ ਵਿਖਾਈ, ਮਾਣ ਸਤਿਕਾਰ ਨਾਲ ਵਿਹੜਾ ਭਰ ਕੇ ਦਿੱਤਾ, ਉਸ ਨੂੰ ਵਿਲਕਦਿਆਂ ਛੱਡ ਕੇ ਯਮਰਾਜ ਦੀ ਉਂਗਲ ਫੜ ਲਈ। ਕਿੱਸਾ ਕਾਵਿ, ਸੰਗੀਤ, ਛੰਦ-ਕਲੀ, ਪੰਜਾਬੀ ਜ਼ੁਬਾਨ ਨੂੰ ਤੇਹ ਕਰਨ ਵਾਲਾ ਕੋਈ ਪੰਜਾਬੀ ਨਹੀਂ ਹੋਵੇਗਾ ਜਿਹੜਾ ਪੱਟਾਂ 'ਤੇ ਨਹੀਂ, ਦਿਲ 'ਤੇ ਦੁਹੱਥੜੀ ਮਾਰ ਕੇ ਨਾ ਪਿੱਟਿਆ ਹੋਵੇ। ਬਠਿੰਡੇ ਜ਼ਿਲ੍ਹੇ ਦੇ ਜਲਾਲ ਪਿੰਡ 'ਚ ਜਦੋਂ ਮੈਂ ਉਹਦੇ ਨਾਲ ਪਹਿਲੀ ਵਾਰ ਗਿਆ ਤਾਂ ਵਸੀਮੇਂ ਤੋਂ ਰੇਤ ਚੁੱਕ ਕੇ ਮੱਥੇ ਨੂੰ ਲਾਈ, ਉਸ ਮਿੱਟੀ ਦਾ ਸੁਆਦ ਜੀਭ ਨੂੰ ਚਖਾਇਆ ਪਰ ਜਿਹੜੀ ਮਿੱਟੀ ਉਸ ਦੇ ਪੈਰਾਂ ਹੇਠ ਸੀ, ਅੱਜ ਉਹ ਉਸ ਮਿੱਟੀ ਦੇ ਹੇਠਾਂ ਚਲੇ ਗਿਆ ਹੈ।



1990 'ਚ ਮਾਹਿਲਪੁਰ ਦੇ ਸ਼ੌਂਕੀ ਮੇਲੇ 'ਚ ਸ਼ਮਸ਼ੇਰ ਸੰਧੂ, ਮਾਣਕ ਅਤੇ ਅਸ਼ੋਕ ਭੌਰਾ



ਗੁਰਮੇਜ ਮੇਹਲੀ, ਮਾਣਕ, ਭੌਰਾ ਅਤੇ ਸਰਬਜੀਤ ਮਾਣਕ ਆਪਣੀ ਨੂੰਹ ਤੇ ਪੋਤੀ ਨਾਲ

ਸ਼ਾਇਦ ਤੁਹਾਨੂੰ ਪਤਾ ਨਾ ਹੋਵੇ ਕਿ ਇਸੇ ਪਿੰਡ ਦੇ ਮੀਰ ਆਲਮ (ਬਾਬੇ ਮਰਦਾਨੇ ਦੀ ਕੁੱਲ) ਪਿਤਾ ਨਿੱਕਾ ਖ਼ਾਨ ਦੇ ਘਰ ਮਾਂ ਬਦਾਨੋ ਦੇ ਘਰੇ 15 ਨਵੰਬਰ 1949 ਨੂੰ ਜਨਮੇ ਕੁਲਦੀਪ ਮਾਣਕ ਦੇ ਚਾਰ ਨਾਂ ਸਨ। ਮਾਂ-ਬਾਪ ਨੇ ਉਹਦਾ ਨਾਂ ਲਤੀਫ ਮੁਹੰਮਦ ਰੱਖਿਆ ਪਰ ਜਲਾਲ ਦੇ ਲੋਕ ਤੇ ਵੱਡੀਆਂ ਭਰਜਾਈਆਂ ਉਹਨੂੰ ਲੱਧਾ ਆਖਦੇ। ਉਹ ਉਦੋਂ ਤਿੰਨ ਕੁ ਸਾਲ ਦਾ ਸੀ ਜਦੋਂ ਬਾਪ ਨੇ ਰੋਟੀ ਖਾਣ ਲੱਗਣਾ ਤਾਂ ਉਹਨੇ ਥਾਲੀ 'ਚ ਜਾ ਖੜ੍ਹਨਾ। ਸ਼ਰੀਕੇ ਵਾਲਿਆਂ ਨੇ ਨਿੱਕਾ ਖਾਨ ਨੂੰ ਕਹਿਣਾ, "ਮਾਰ ਇਹਦੇ ਦੋ ਲੱਫ਼ੜ।" ਪਿਉ ਨੇ ਕਹਿਣਾ, "ਨਾ ਨਾ ਇਹਦੇ ਥੱਪੜ ਨ੍ਹੀਂ ਮਾਰਨਾ। ਇਹ ਮੇਰਾ ਪੁੱਤ ਉਡਣ ਖਟੋਲਿਆਂ (ਜਹਾਜ਼ਾਂ) 'ਚ ਸੈਰ ਕਰਿਆ ਕਰੂ, ਬਣੂਗਾ ਪਤਾ ਨ੍ਹੀਂ ਕੀ ਪਰ ਤੀਹ ਤੀਹ ਹਜ਼ਾਰ ਲੋਕ ਇਹਨੂੰ ਵੇਖਣ ਆਇਆ ਕਰਨਗੇ।" ਤੇ ਮਾਣਕ ਉਦੋਂ ਚਾਰ ਕੁ ਸਾਲ ਦਾ ਹੋਊ ਜਦੋਂ ਬਾਪ ਤੁਰ ਗਿਆ। ਮਾਣਕ ਨੂੰ ਨੇੜੇ ਤੋਂ ਜਾਣਨ ਵਾਲੇ ਜਾਣਦੇ ਹਨ ਕਿ ਉਹ ਫ਼ਕੀਰ ਸੀ। ਨਿੱਕੇ ਹੁੰਦੇ ਨੇ ਫ਼ਕੀਰੀ ਦਾ ਚੋਲਾ ਵੀ ਪਾਇਆ। ਪਿੰਡ ਜਲਾਲ, ਭਗਤਾ ਭਾਈਕਾ ਤੇ ਕੋਠਾ ਗੁਰੂ ਦੀ ਹੱਦ 'ਤੇ ਬਹੁਤ ਵੱਡਾ ਡੇਰਾ ਹੈ ਸੰਤ ਕਰਨੈਲ ਦਾਸ ਦਾ। ਮਾਣਕ ਕਰਨੈਲ ਦਾਸ ਦਾ ਚੇਲਾ ਬਣ ਗਿਆ ਤੇ ਉਹਨੇ ਇਹਦਾ ਨਾਂ 'ਭਰਤ ਮੁਨੀ' ਰੱਖ ਦਿੱਤਾ। ਉਹਦੇ 20-25 ਚੇਲੇ ਹੋਰ ਵੀ ਸਨ। ਹੋਇਆ ਇਹ ਕਿ ਇਕ ਚੇਲੇ ਨੂੰ ਕੋਹੜ ਹੋ ਗਿਆ। ਮੁਸ਼ਕ ਤੇ ਭੀਂ ਭੀਂ ਕਰਦੀਆਂ ਮੱਖੀਆਂ ਤੋਂ ਤੰਗ ਆ ਕੇ ਉਹਦਾ ਮੰਜਾ ਤਿੰਨ ਕੁ ਸੌ ਗ਼ਜ਼ 'ਤੇ ਜੰਡ ਹੇਠ ਡਾਹ ਦਿੱਤਾ। ਮਾਣਕ ਨੇ ਮੂੰਹ-ਸਿਰ ਲਪੇਟਣਾ, ਨਿੰਮ ਦੇ ਪੱਤੇ ਉਬਾਲ ਕੇ ਜ਼ਖ਼ਮ ਧੋਣੇ ਤੇ ਮੱਲ੍ਹਮ ਲਾਉਣੀ। ਜਿੱਦਣ ਉਹ ਮਰਿਆ ਤਾਂ ਉਹਨੇ ਕਿਹਾ, "ਬੱਚਾ ਤੂੰ ਬਹੁਤ ਵੱਡਾ ਬਣੇਗਾ।"

ਇਕ ਦਿਨ ਮਾਣਕ ਦੇ ਮਨ 'ਚ ਡੇਰੇ ਦੇ ਭਿੰਨ-ਭੇਦ ਕਰਕੇ ਉਬਾਲ ਉਠਿਆ ਤੇ ਉਹਨੇ 'ਭਰਤ ਮੁਨੀ' ਦਾ ਚੋਲਾ ਲਾਹ ਕੇ ਸੁੱਟ ਦਿੱਤਾ। ਦਿਆਲਪੁਰੇ ਸਕੂਲ 'ਚ ਪੜ੍ਹਨ ਲੱਗ ਪਿਆ। ਹਾਕੀ ਬੜੀ ਪਿਆਰੀ ਖੇਡਦਾ ਸੀ। ਮਧਰੇ ਕੱਦ ਦਾ ਹੋਣ ਕਰਕੇ ਵਿਚੋਂ ਦੀ ਨਿਕਲ ਕੇ ਗੋਲ ਦਾਗ਼ ਦਿੰਦਾ। ਅੱਲ੍ਹ ਪੈ ਗਈ ਲੱਧਾ ਮਣਕੇ ਵਾਂਗ ਰੁੜ੍ਹਿਆ ਫਿਰਦੈ। ਇਸੇ ਸਕੂਲ 'ਚ ਤਤਕਾਲੀ ਮੁੱਖ ਮੰਤਰੀ ਪ੍ਰਤਾਪ ਸਿੰਘ ਕੈਰੋਂ ਨੇ ਉਹਨੂੰ ਸੁਣ ਕੇ ਮਣਕੇ ਤੋਂ ਮਾਣਕ ਬਣਾ ਦਿੱਤਾ ਸੀ। 1960 ਵਿਚ ਜਦੋਂ ਉਹ ਲੁਧਿਆਣੇ ਆਇਆ ਤਾਂ ਯੂਸਫ਼ ਤੋਂ ਦਲੀਪ ਕੁਮਾਰ ਬਣੇ ਅਦਾਕਾਰ ਦੀ ਫ਼ਿਲਮਾਂ 'ਚ ਬੜੀ ਚੜ੍ਹਾਈ ਸੀ ਤੇ ਉਸੇ ਤੋਂ ਪ੍ਰੇਰਿਤ ਹੋ ਕੇ ਨਾਂ ਨਾਲੋਂ ਲੱਧਾ ਲਾਹ ਦਿੱਤਾ ਤੇ ਕੁਲਦੀਪ ਰੱਖ ਲਿਆ। ਇੰਜ ਲਤੀਫ਼ ਮੁਹੰਮਦ, ਲੱਧਾ, ਭਰਤ ਮੁਨੀ, ਲੱਧਾ ਮਾਣਕ ਤੋਂ ਫਿਰ ਉਹ ਕੁਲਦੀਪ ਮਾਣਕ ਬਣ ਕੇ ਪੰਜਾਬੀਆਂ ਦੇ ਦਿਲਾਂ 'ਚ ਵਸ ਗਿਆ। ਪ੍ਰਸਿੱਧ ਕੱਵਾਲ ਖ਼ੁਸ਼ੀ ਮੁਹੰਮਦ ਭੁੱਟਵਾਲ ਉਹਦਾ ਉਸਤਾਦ ਸੀ। ਉਹਨੇ ਭਾਵੇਂ ਢੋਲਕ, ਹਾਰਮੋਨੀਅਮ ਤੇ ਤੂੰਬੀ ਦੇ ਵਾਦਨ 'ਚ ਕਮਾਲ ਕੀਤੀ ਪਰ ਮਾਣਕ ਵਰਗੀ ਬੈਂਜੋ ਕੋਈ ਨਹੀਂ ਵਜ੍ਹਾ ਸਕਦਾ। ਸ਼ੁਰੂਆਤੀ ਦਿਨਾਂ ਵਿਚ ਉਹ ਬੈਂਜੋ ਵਜਾ ਕੇ ਗਾਇਆ ਕਰਦਾ ਸੀ ਤੇ ਕੇਵਲ ਜਲਾਲ ਢੱਡ ਵਜਾਉਂਦਾ ਸੀ। ਉਹਦੇ ਨਾਲ ਉਹਦੇ ਵੱਡੇ ਭਰਾ ਰਫ਼ੀਕ ਤੇ ਸਦੀਕ ਮੁਹੰਮਦ ਚੰਗੇ ਗਵੱਈਏ ਰਹੇ। ਉਹ ਚਾਰ ਭੈਣਾਂ 'ਚ ਸਭ ਤੋਂ ਛੋਟਾ ਸੀ।

ਲੁਧਿਆਣੇ ਆ ਕੇ ਘੰਟਾ ਘਰ ਕੋਲ ਸੰਗੀਤਕਾਰ ਜਸਵੰਤ ਭੰਵਰੇ ਦੇ ਦਫ਼ਤਰ ਨਾਲ ਉਹਨੇ ਢਾਈ ਸੌ ਰੁਪਏ ਨੂੰ ਆਪਣਾ ਦਫ਼ਤਰ ਖੋਲ੍ਹ ਕੇ ਸੰਘਰਸ਼ ਦਾ ਪਿੜ ਬੰਨ੍ਹਿਆ। ਐਚ.ਐਮ.ਵੀ. ਕੰਪਨੀ ਦੀ ਉਦੋਂ ਰਿਕਾਰਡਿੰਗ ਦੇ ਖ਼ੇਤਰ ਵਿਚ ਸਰਦਾਰੀ ਸੀ ਤੇ ਗਾਇਕ ਅਖਾੜਿਆਂ 'ਤੇ ਦੱਸਿਆ ਕਰਦੇ ਸਨ ਕਿ ਮੇਰੀ ਫਲਾਣੀ ਤਰੀਕ ਨੂੰ ਰਿਕਾਰਡਿੰਗ ਹੈ। ਇਸ ਕੰਪਨੀ ਨੇ ਉਹਦੀਆਂ ਲੋਕ ਗਾਥਾਵਾਂ ਦੀ ਰਿਕਾਰਡਿੰਗ ਤਾਂ ਕਰ ਲਈ ਪਰ ਕੁਝ ਪਹਿਲਾਂ ਸਥਾਪਿਤ ਗਾਇਕਾਂ ਦੇ ਭਾਨੀ ਮਾਰਨ ਕਰਕੇ ਕੰਪਨੀ ਨੇ ਐਲ.ਪੀ. ਰਿਕਾਰਡ ਨਾ ਕੱਢੇ। ਇਸ ਲਈ ਪਹਿਲਾਂ ਦੋ-ਗਾਣੇ ਗਾਉਣ ਲਈ ਉਹਨੂੰ ਰਜ਼ਾਮੰਦ ਕਰ ਲਿਆ। 'ਜੀਜਾ ਅੱਖੀਆਂ ਨਾ ਮਾਰ ਵੇ ਮੈਂ ਕੱਲ੍ਹ ਦੀ ਕੁੜੀ' ਸਤਿੰਦਰ ਬੀਬਾ ਨਾਲ, 'ਨਾਲੇ ਬਾਬਾ ਲੱਸੀ ਪੀ ਗਿਆ' ਗੁਲਸ਼ਨ ਕੋਮਲ ਨਾਲ। 'ਜਦੋਂ ਸਹਿਤੀ ਹੱਸਦੀ ਹੱਸਦੀ ਮੂਹਰੇ ਬਹਿ ਗਈ ਜੋਗੀ ਦੇ' ਵਾਲਾ ਈ.ਪੀ. ਰਿਕਾਰਡ ਰਿਲੀਜ਼ ਹੋਇਆ ਤਾਂ ਕੰਪਨੀ ਨੂੰ ਆਸ ਨਾਲੋਂ ਜ਼ਿਆਦਾ ਬੂਰ ਪੈਂਦਾ ਦਿਸਿਆ। ਤੇ ਫਿਰ ਪੰਜ ਗੀਤਾਂ ਦਾ ਰਿਕਾਰਡ 'ਡੋਲੀ ਦੇ ਵਿਚ ਦੇਖ ਸਲੇਟੀ ਰਾਂਝੇ ਨੇ ਧਾਹ ਮਾਰੀ ਨੀ' ਮਾਰਕੀਟ ਵਿਚ ਆਇਆ ਤਾਂ ਤਰਥੱਲੀ ਮਚ ਗਈ। ਮਾਣਕ ਸਾਰਿਆਂ ਦੇ ਉਪਰ ਦੀ ਲੱਤ ਘੁਮਾ ਗਿਆ ਤੇ ਨਾਲ ਹੀ ਪਹਿਲਾਂ ਰਿਕਾਰਡ ਕੀਤਾ ਐਲ.ਪੀ. 'ਤੇਰੇ ਟਿੱਲੇ ਤੋਂ ਅਹੁ ਸੂਰਤ ਦੀਹਦੀ ਆ ਹੀਰ ਦੀ', 'ਸਰਬਣ ਪੁੱਤਰਾ' ਰਿਲੀਜ਼ ਕੀਤਾ ਤਾਂ ਹਨ੍ਹੇਰੀ ਆ ਗਈ। ਉਂਜ, ਇਹਦੇ ਵਿਚ-ਵਿਚਾਲੇ ਇਹ ਹੋਇਆ ਕਿ ਜਦੋਂ ਕੰਪਨੀ ਵੱਡਾ ਤਵਾ ਰਿਲੀਜ਼ ਨਹੀਂ ਕਰ ਰਹੀ ਸੀ ਤਾਂ ਦੇਵ ਥਰੀਕਿਆਂ ਵਾਲਾ, ਮਾਣਕ ਤੇ ਪ੍ਰੀਤਮ ਬਰਾੜ ਪੁਰਾਣੀ ਦਿੱਲੀ ਰੇਲਵੇ ਸਟੇਸ਼ਨ 'ਤੇ ਗੱਡੀ ਫੜਨ ਲਈ ਖੜ੍ਹੇ ਸਨ ਕਿ ਢੋਲਕ ਵਜਾਉਣ ਵਾਲਾ ਸੋਹਣ ਲਾਲ ਜੋ ਬਾਅਦ 'ਚ ਸੰਗੀਤਕਾਰ ਬਣ ਗਿਆ, ਟੱਕਰ ਪਿਆ। ਕਹਿਣ ਲੱਗਾ, "ਮਾਣਕਾ ਨਵੀਂ ਕੰਪਨੀ ਕੈਪਕੋ ਖੁੱਲ੍ਹੀ ਏ, ਉਹਨੂੰ ਚੰਗੇ ਕਲਾਕਾਰ ਚਾਹੀਦੇ ਨੇ। ਹਜ਼ਾਰ ਰੁਪਿਆ ਦੁਆ ਦਊਂ।" ਮਾਣਕ ਕਹਿਣ ਲੱਗਾ, "ਦੇਵ ਚੱਲ ਫੇ ਬਠਿੰਡੇ ਆਲਿਆਂ ਵਾਲਾ ਦਲੇਰੀ ਵਾਲਾ ਕੰਮ ਕਰੀਏ। ਸਾਲਾ ਕਿਰਾਇਆ ਈ ਨਿਕਲੂ।" ਹਜ਼ਾਰ 'ਤੇ ਗੱਲ ਤੈਅ ਹੋ ਗਈ ਤੇ ਇਸ ਕੰਪਨੀ ਨੇ ਜਦੋਂ ਐਲ.ਪੀ. ਰਿਲੀਜ਼ ਕੀਤਾ ਤਾਂ ਐਚ.ਐਮ.ਵੀ. ਦੀਆਂ ਜੜ੍ਹਾਂ ਹਿੱਲ ਗਈਆਂ। 'ਸਾਹਿਬਾਂ ਬਣੀ ਭਰਾਵਾਂ ਦੀ, ਭਾਈਆਂ ਤੋਂ ਯਾਰ ਮਰਾਤਾ' ਨਾਲ ਤਾਂ ਫਿਰ ਮਾਣਕ ਧਰੂ ਤਾਰੇ ਨੂੰ ਵੀ ਟਿੱਚਰਾਂ ਕਰੇ ਪਰ ਛੇਤੀ ਹੀ ਵਿਚੋਲਗਿਰੀ ਨਾਲ ਕੰਪਨੀ ਨਾਲ ਮੁੜ ਸਮਝੌਤਾ ਹੋ ਗਿਆ।

ਮਾਣਕ ਨਾਲ ਮੇਰਾ ਸੰਪਰਕ 1978 'ਚ ਉਦੋਂ ਹੋਇਆ ਜਦੋਂ ਮੈਂ ਦਸਵੀਂ 'ਚ ਸੀ। ਉਦੋਂ ਮੈਂ 'ਅਜੀਤ' ਤੇ 'ਜਗਬਾਣੀ' ਵਿਚ ਕਹਾਣੀਆਂ ਲਿਖਣ ਲੱਗ ਪਿਆ ਸੀ। ਮਾਣਕ ਤੋਂ ਮੈਂ ਗੀਤ ਰਿਕਾਰਡ ਕਰਾਉਣਾ ਚਾਹੁੰਦਾ ਸੀ। ਗੀਤਾਂ 'ਚ ਗੱਲ ਬਣੀ ਨਹੀਂ ਪਰ ਸਾਡੀ ਦੋਸਤੀ ਗੂੜ੍ਹੀ ਹੁੰਦੀ ਗਈ। ਸ਼ਮਸ਼ੇਰ ਸੰਧੂ ਨਾਲ 'ਲੋਕ ਸੁਰਾਂ' ਵੇਲੇ ਮਾਣਕ ਦੀ ਅਣ-ਬਣ ਹੋ ਗਈ। ਸੰਨ 1982 ਵਿਚ ਉਹਦੇ ਦਫਤਰ ਵਿਚ ਮੈਂ ਅਚਨਚੇਤ ਗਿਆ ਤਾਂ ਮਾਣਕ ਕਹਿਣ ਲੱਗਾ, "ਛੱਡ ਗੀਤਾਂ ਗੂਤਾਂ ਨੂੰ। ਬਥੇਰੇ ਰਿਕਾਰਡ ਕਰਵਾ ਦਿਆਂਗੇ, ਤੂੰ ਗਾਇਕਾਂ ਬਾਰੇ ਲਿਖ।" ਤੇ ਫਿਰ ਮੈਂ ਕੰਨਿਆ ਕੁਮਾਰੀ ਵੱਲ ਤੁਰਿਆ, ਕਸ਼ਮੀਰ ਵੱਲ ਮੁੜ ਪਿਆ। ਪੂਰੇ ਪੱਚੀ ਵਰ੍ਹੇ ਗਾਇਕਾਂ, ਢਾਡੀਆਂ ਕਵੀਸ਼ਰਾਂ, ਸਾਜ਼ਾਂ, ਸੰਗੀਤਕਾਰਾਂ ਬਾਰੇ ਨਿਰੰਤਰ ਲਿਖਿਆ ਤੇ ਮੇਰੀ ਜੀਵਨ ਸ਼ੈਲੀ ਵਿਚ ਮਾਣਕ ਦਾ ਘੁਮਾਇਆ ਸਟੇਅਰਿੰਗ ਮੈਨੂੰ ਇੱਥੋਂ ਤੀਕਰ ਖਿੱਚ ਲਿਆਇਆ।

ਕਿੱਸਾ ਕਾਵਿ ਨੂੰ ਕਲੀ ਛੰਦ 'ਚ ਗਾ ਕੇ ਜਿਹੜੀ ਪਿੱਚ ਮਾਣਕ ਨੇ ਹਾਸਿਲ ਕੀਤੀ, ਉਹ ਤੋੜਨੀ ਬੜੀ ਔਖੀ ਹੈ ਤੇ ਟੁੱਟੇਗੀ ਵੀ ਨਹੀਂ। ਜਦੋਂ



ਮਾਣਕ ਦੀ ਇਸ ਨਾਲ ਵੀ ਯਾਰੀ ਸੀ



ਆਪਣੇ ਸ਼ਾਗਿਰਦ ਪ੍ਰੀਤਮ ਬਰਾੜ ਦੇ ਵਿਆਹ ਸਮੇਂ ਮਾਣਕ ਤੇ ਸਰਬਜੀਤ, ਨਾਲ ਹਨ ਯੁਧਵੀਰ ਤੇ ਸ਼ਕਤੀ



ਸਦਾ ਲਈ ਖਾਮੋਸ਼ ਹੋਇਆ ਹੈ ਹਾਸਾ

'ਸ਼ੋਅਲੇ' ਫ਼ਿਲਮ ਬਹੁਤ ਚੱਲੀ ਤਾਂ ਗੱਬਰ ਸਿੰਘ ਦੇ ਡਾਇਲਾਗ ਆਮ ਜ਼ੁਬਾਨ 'ਤੇ ਚੜ੍ਹ ਗਏ। ਜ਼ਹੀਰ ਅਹਿਮਦ ਇਕ ਦਿਨ ਦੇਵ ਅਤੇ ਮਾਣਕ ਨੂੰ ਕਹਿਣ ਲੱਗਾ ਕਿ ਕੋਈ ਐਸੀ ਕਹਾਣੀ ਤਿਆਰ ਕਰੋ, ਕਿਸੇ ਸੂਰਮੇ ਜਾਂ ਡਾਕੂ ਦੀ ਜਿਸ ਵਿਚ ਗੀਤਾਂ ਦੇ ਨਾਲ ਡਾਇਲਾਗ ਹੋਣ। ਇਸ ਤਜਵੀਜ਼ 'ਚੋਂ ਫਿਰ 'ਜਿਉਣਾ ਮੌੜ' ਦਾ ਕਿਰਦਾਰ ਨਿਖ਼ਰਿਆ। ਲਿਖਿਆ ਤਾਂ ਪਹਿਲਾਂ ਇਹਨੂੰ ਮਾਣਕ ਦੇ ਇਕ ਆੜੀ ਅਧਿਆਪਕ ਚਰਨਜੀਤ ਸਿੱਧੂ ਸਨੇਰਾਂ ਵਾਲੇ ਨੇ ਸੀ ਪਰ ਦੇਵ ਨੇ ਇਸ ਖਾਕੇ ਦਾ ਨਵਾਂ ਰੂਪ ਨਿਖ਼ਾਰ ਦਿੱਤਾ। ਮਾਣਕ ਇੰਗਲੈਂਡ ਜਾਣ ਲੱਗਾ ਤਾਂ ਜ਼ਹੀਰ ਅਹਿਮਦ ਨੂੰ ਸਾਰਾ ਕਿੱਸਾ ਸੁਣਾ ਕੇ ਗਿਆ। ਸੁਰਿੰਦਰ ਕੌਰ ਡੋਗਰੀ ਬਣਨ ਲਈ ਰਜ਼ਾਮੰਦ ਹੋ ਗਈ। ਕਿੱਥੇ ਘੋੜਿਆਂ ਦੀ ਪੌੜ ਆਵੇਗੀ, ਕਿਥੇ ਰਫ਼ਲਾਂ, ਸਾਰਾ ਕੁਝ ਉਲੀਕ ਹੋ ਗਿਆ। ਜਦੋਂ ਦੋ-ਤਿੰਨ ਮਹੀਨੇ ਪਿੱਛੋਂ ਮਾਣਕ ਪਰਤਿਆ ਇੰਗਲੈਂਡ ਤੋਂ, ਤਾਂ ਜ਼ਹੀਰ ਕਹਿਣ ਲੱਗਾ, "ਮਾਣਕ ਜੀ, ਵੋਹ ਤੋ ਹਮਨੇ ਸ਼ਿੰਦਾ ਜੀ ਕੀ ਆਵਾਜ਼ ਮੇਂ ਰਿਕਾਰਡ ਕਰ ਲੀਆ ਹੈ।" ਮਾਣਕ ਤਪ ਗਿਆ, ਇਹ ਕੀ? ਸੁਰਿੰਦਰ ਸ਼ਿੰਦਾ ਉਦੋਂ 'ਦੋ ਊਠਾਂ ਵਾਲੇ ਨੀ, ਲੁੱਟ ਕੇ ਸੇਜ ਸੱਸੀ ਦੀ ਲੈ ਗਏ' ਅਤੇ 'ਤੀਆਂ ਲੌਂਗੋਵਾਲ ਦੀਆਂ' ਨਾਲ ਚਰਚਿਤ ਹੋ ਗਿਆ ਸੀ। ਇਹ ਜ਼ਿੰਦਗੀ ਦੀ ਪਹਿਲੀ ਅਤੇ ਇਕੋ-ਇਕ ਅਣ-ਬਣ ਸੀ ਜਿਹੜੀ ਦੇਵ ਤੇ ਮਾਣਕ ਦਰਮਿਆਨ ਪੈਦਾ ਹੋ ਗਈ।

ਨਤੀਜਾ ਇਹ ਨਿਕਲਿਆ ਕਿ 'ਜਿਉਣਾ ਮੌੜ' ਸੁਪਰ-ਡੁਪਰ ਹਿੱਟ ਹੋ ਗਿਆ ਤੇ ਇਉਂ ਮਾਣਕ ਤੇ ਸ਼ਿੰਦੇ ਦਰਮਿਆਨ ਸਿਹਤਮੰਦ ਮੁਕਾਬਲਾ ਚੱਲ ਪਿਆ। 'ਜਿਉਣੇ ਮੌੜ' ਵਾਲੀ ਸਕ੍ਰਿਪਟ 'ਤੇ ਆਧਾਰਤ ਦੇਵ ਦਾ ਲਿਖਿਆ ਇਕ ਹੋਰ ਐਲ.ਪੀ. 'ਜੰਡ ਵਾਲਾ ਪੀਰ' (ਮਿਰਜ਼ਾ ਸਾਹਿਬਾਂ) ਤਿਆਰ ਹੋ ਗਿਆ। ਫਿਰ ਮਾਣਕ ਭਾਪੇ ਜਸਵੀਰ ਦੀ ਐਮ.ਪੀ.ਆਈ. ਕੰਪਨੀ ਵੱਲ ਮੁੜ ਪਿਆ। ਇਸ ਐਲ.ਪੀ. ਦੇ ਮੁਕਾਬਲੇ ਮੁੰਬਈ ਰੀਲ੍ਹ ਤਿਆਰ ਕਰ ਲਈ "ਮਾਣਕ ਮੇਲੇ 'ਤੇ", ਇਹਦੇ ਵਿਚ ਗੀਤ ਸਨ 'ਵੇਖੀਂ ਕਿਤੇ ਜੱਟ ਦੇ ਨੀ ਪੁੱਤ ਨਾਲ ਯਾਰੀ ਲਾ ਕੇ, ਛੱਡ ਜਾਈਂ ਨਾ ਅੱਧ ਵਿਚਕਾਰ ਸਾਹਿਬਾਂ ਜੱਟੀਏ'। ਇਸ ਰੀਲ੍ਹ ਨੇ ਐਲ.ਪੀ. ਦੀਆਂ ਵੀ ਘਮੇਟਣੀਆਂ ਲਿਆ ਦਿੱਤੀਆਂ ਤੇ ਅਗਲਾ ਕ੍ਰਿਸ਼ਮਾ ਇਹ ਹੋਇਆ ਕਿ ਸ਼ਿੰਦੇ ਦਾ 'ਸ਼ਹੀਦ ਭਗਤ ਸਿੰਘ' ਇੰਨ-ਬਿੰਨ ਉਸੇ ਤਰਜ਼ 'ਤੇ ਤਿਆਰ ਹੋ ਗਿਆ ਤੇ ਮੁਕਾਬਲੇ ਵਾਲਾ ਸਿਰੜ ਇਕ ਵਾਰ ਫਿਰ ਸਿਰ ਚੜ੍ਹ ਕੇ ਬੋਲ ਪਿਆ। ਐਲ.ਪੀ. ਤੋਂ ਕੁਝ ਦਿਨ ਪਹਿਲਾਂ 'ਦੋ ਗੱਭਰੂ ਪੰਜਾਬ ਦੇ' ਮਾਣਕ ਨੇ ਰਿਲੀਜ਼ ਕਰ ਦਿੱਤਾ। ਇਸ ਵਿਚਲੇ ਗੀਤਾਂ 'ਪੰਜ ਵਜੇ ਬੰਦ ਹੋਗੀਆਂ ਕਚਹਿਰੀਆਂ', 'ਜਵਾਨੀ ਜੜ੍ਹਾਂ ਪੁੱਟਣ ਨੂੰ ਕਾਹਲੀ ਜ਼ਾਲਮ ਸਰਕਾਰ ਦੀਆਂ', 'ਮਾਰਨਾ ਸੀ ਜ਼ਾਲਮ ਸਕਾਟ ਐਸ.ਪੀ. ਸਾਂਡਰਸ ਰੋੜ੍ਹਤਾ', 'ਅੱਗ ਲਾ ਕੇ ਫੂਕ ਦਊਂ ਲੰਡਨ ਸ਼ਹਿਰ ਨੂੰ' ਨਾਲ ਮਾਣਕ ਨੇ ਅਜਿਹਾ ਇਤਿਹਾਸ ਸਿਰਜਿਆ ਕਿ ਉਨ੍ਹਾਂ ਦਿਨਾਂ ਵਿਚ ਜਦੋਂ ਪੰਜਾਬ ਦੇ ਹਾਲਾਤ ਠੀਕ ਨਹੀਂ ਸਨ, ਖਾੜਕੂਆਂ ਨੇ ਵੀ ਸਲਾਹਿਆ ਤੇ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਨੇ ਵੀ ਪ੍ਰਸ਼ੰਸਾ ਕੀਤੀ। 'ਹੁਣ ਗੱਡਣੇ ਝੰਡੇ ਆਪਾਂ ਖਾਲਸਾ ਰਾਜ ਦੇ' (ਝੰਡੇ ਖਾਲਸਾ ਰਾਜ ਦੇ), ਖਾਲਸੇ ਦਾ ਰਾਜ ਹੋ ਗਿਆ, ਸਿਰ ਦੇ ਕੇ ਮਿਲੀਆਂ ਸਰਦਾਰੀਆਂ, ਦੋ ਅਮਰ ਸ਼ਹੀਦ, ਅੱਜ ਸਾਜਣਾ ਮੈਂ ਪੰਥ ਪਿਆਰਾ, ਸਿੰਘ ਸੂਰਮੇ, ਅਡੋਲ ਖਾਲਸਾ ਆਦਿ ਕੈਸਿਟਾਂ ਨਾਲ ਕਹਿ ਸਕਦੇ ਹਾਂ ਕਿ ਸਿੱਖ ਧਰਮ ਤੇ ਸਿੱਖ ਇਤਿਹਾਸ ਨੂੰ ਜਿਸ ਜੋਸ਼ੀਲੇ ਲਹਿਜ਼ੇ ਵਿਚ ਮਾਣਕ ਨੇ ਗਾਇਆ, ਸ਼ਾਇਦ ਢਾਡੀ ਵੀ ਇਹ ਕੰਮ ਨਹੀਂ ਕਰ ਸਕੇ। ਹਰਿਮੰਦਰ ਸਾਹਿਬ 'ਤੇ ਹਮਲੇ ਦੀ ਦਾਸਤਾਨ 'ਮੱਸਾ ਰੰਗੜ' ਵਿਚ 'ਘੋੜਿਆਂ ਤੇ ਬਹਿ ਗਏ ਜਦੋਂ ਸਿੰਘ ਦੋ ਗੁਰੂ ਦੇ' ਨਾਲ ਇਕ ਸਮਾਂ ਅਜਿਹਾ ਆਇਆ ਜਦੋਂ ਹਰ ਮੋੜ ਗਲੀ 'ਤੇ ਇਹ ਗੀਤ ਕੰਨੀਂ ਪਏ।

ਯਕੀਨ ਕਰੋ, ਮਾਣਕ ਨੇ ਆਪਣੀ ਗਾਇਕੀ ਵਿਚ ਨਿਸ਼ਾਨੇ ਲਾਉਣ ਲਈ ਰੁਕ-ਰੁਕ ਕੇ ਫਾਇਰਿੰਗ ਬਹੁਤ ਕੀਤੀ ਹੈ। ਜ਼ਰਾ ਧਿਆਨ ਦੇ ਕੇ ਦੇਖੋ-ਕਦੇ 'ਸਰਬਣ ਪੁੱਤਰ' ਨਾਲ, ਕਦੇ 'ਤੇਰੇ ਟਿੱਲੇ ਤੋਂ ਅਹੁ ਸੂਰਤ ਦੀਹਦੀ ਐ ਹੀਰ ਦੀ', ਕਦੇ 'ਕਹਿੰਦੇ ਗੋਰਿਆਂ ਮੁਕੱਦਮਾ ਕਰਿਆ।' 'ਜੁਗਨੀ', 'ਦੁਨੀਆਂ ਧੋਖੇਬਾਜ਼ਾਂ ਦੀ', 'ਗੋਲੀ ਮਾਰੋ ਇਹੋ ਜਿਹੇ ਬਨਾਉਟੀ ਯਾਰ ਦੇ', 'ਨੀ ਮੈਂ ਚਾਦਰ ਕੱਢਦੀ ਨੀ ਉਤੇ ਪਾਵਾਂ ਵੇਲਾਂ' ਤੇ 'ਤੇਰਿਆਂ ਦੁੱਖਾਂ ਦਾ ਮਾਰਾ ਨੀ ਜੱਟ ਜੋਗੀ ਹੋਇਆ' ਤੱਕ ਮਾਣਕ ਆਪਣੇ ਹਰ ਨਵੇਂ ਰੰਗ ਵਿਚ ਪੰਜਾਬੀਆਂ ਨੇ ਪਲਕਾਂ 'ਤੇ ਬਿਠਾਇਆ ਹੈ, ਹੱਥੀਂ ਛਾਂਵਾਂ ਕੀਤੀਆਂ ਹਨ। ਪਹਿਲੀ ਵਾਰ ਜਲੰਧਰ ਦੂਰਦਰਸ਼ਨ 'ਤੇ ਮੈਂ ਲਖਵਿੰਦਰ ਜੌਹਲ ਦੇ 'ਮਹਿਕ ਵਤਨ ਦੀ' ਪ੍ਰੋਗਰਾਮ ਵਿਚ 'ਦੋ ਗੱਭਰੂ ਪੰਜਾਬ ਦੇ' ਕੈਸਿਟ ਵਿਚਲੇ ਗੀਤਾਂ ਨਾਲ 1986 'ਚ ਗੁਆਇਆ ਸੀ।

ਫ਼ਿਲਮਾਂ ਵਾਲੇ ਪਾਸੇ ਤੋਂ 'ਸੈਦਾ ਜੋਗਣ' ਫਿਲਮ ਵਿਚ 'ਆਹ ਲੈ ਸਾਂਭ ਲੈ ਨੀ ਸੈਦੇ ਦੀਏ ਨਾਰੇ, ਸਾਥੋਂ ਨ੍ਹੀਂ ਮੱਝੀਂ ਚਾਰ ਹੁੰਦੀਆਂ' ਨਾਲ ਉਹਨੇ ਪ੍ਰਵੇਸ਼ ਕੀਤਾ। ਫਿਰ ਚੰਨ ਗੁਰਾਇਆ ਵਾਲੇ ਤੇ ਦੇਵ ਨਾਲ ਰਲ ਕੇ 'ਬਲਵੀਰੋ ਭਾਬੀ' ਬਣਾਈ। 'ਸੁੱਚਿਆ ਵੇ ਭਾਬੀ ਤੇਰੀ ਘੁੱਕਰ ਨੇ ਕੱਲੀ ਘੇਰੀ' ਲੋਕ ਗੀਤਾਂ ਵਾਂਗ ਚੱਲੇ। 'ਲੰਬੜਦਾਰਨੀ' ਦੇ ਸਿਲਵਰ ਜੁਬਲੀ ਹਫਤੇ ਵੇਲੇ ਵਰਿੰਦਰ ਨੇ ਕਿਹਾ ਸੀ, "ਫਿਲਮ ਦੀ ਸਫ਼ਲਤਾ ਵਿਚ ਮਾਣਕ ਦੇ ਗੀਤ 'ਜੀ.ਟੀ. ਰੋਡ 'ਤੇ ਦੁਆਈਆਂ ਪਾਵੇ, ਨੀ ਯਾਰਾਂ ਦਾ ਟਰੱਕ ਬੱਲੀਏ' ਦਾ 50 ਫੀਸਦੀ ਯੋਗਦਾਨ ਹੈ।" 'ਰੂਪ ਸ਼ੌਕੀਨਣ ਦਾ' ਵਿਚ 'ਤਾਬ ਝੱਲੀ ਨਾ ਜਾਵੇ, ਰੂਪ ਸ਼ੌਕੀਨਣ ਦਾ', 'ਲਾਜੋ' ਵਿਚ 'ਇਨਸਾਫ ਦੀ ਕੁਰਸੀ ਤੇ ਬਹਿ ਕੇ ਇਨਸਾਫ਼ ਨਹੀਂ ਕਰਦੀ ਇਹ ਦੁਨੀਆ', 'ਸੱਸੀ ਪੁਨੂੰ' ਵਿਚ 'ਅੱਜ ਧੀ ਇਕ ਬਾਬਲ ਦੀ ਵੇਖੋ ਰੁੜ੍ਹੀ ਨਦੀ ਵਿਚ ਜਾਵੇ' ਗੀਤ ਕੀਹਦੇ ਚੇਤੇ ਵਿਚ ਨਹੀਂ ਵਸੇ ਹੋਏ। 'ਗੀਤਾਂ ਦਾ ਵਣਜਾਰਾ' ਦੀਆਂ ਅੱਠ ਰੀਲਾਂ ਤਿਆਰ ਹੋ ਗਈਆਂ ਸਨ, ਪਰ ਪੰਜਾਬ ਦੇ ਹਾਲਾਤ ਤੇ ਵਰਿੰਦਰ ਦੀ ਮੌਤ ਨੇ ਇਹ ਮਾਣਕ ਦੇ ਸੁਪਨਿਆਂ ਵਾਲੀ ਫਿਲਮ ਨਿਗਲ ਲਈ। ਬਲਦੇਵ ਗਰੇਵਾਲ ਦੀ ਕਹਾਣੀ 'ਤੇ ਆਧਾਰਤ 'ਦੇਸੀ ਮੇਮ' ਫਿਰ ਖਾਲੀ ਐਲਾਨ ਹੀ ਰਹਿ ਗਿਆ।

ਕੁਲਦੀਪ ਮਾਣਕ ਦੇ ਮਾੜਕੂ ਜਿਹੇ ਸਰੀਰ ਵਿਚ ਵਾਹਿਗੁਰੂ ਨੇ ਪਤਾ ਨ੍ਹੀਂ ਉਹ ਕਿਹੜਾ ਪੁਰਜ਼ਾ ਫਿੱਟ ਕੀਤਾ ਹੋਇਆ ਸੀ ਕਿ ਹਾਰਮੋਨੀਅਮ ਦੀਆਂ ਸੁਰਾਂ ਹੱਥ ਖੜ੍ਹੇ ਕਰ ਜਾਂਦੀਆਂ। ਛੇ ਫੁੱਟ ਤੋਂ ਮਾਈਕ ਵੱਲ ਗਰਜਦਾ ਆਉਂਦਾ ਮਾਣਕ ਪੁੱਜ ਕੇ ਪਿਆਰਾ ਲੱਗਦਾ। 'ਲੈ ਕੇ ਕਲੀਗਧਰ ਤੋਂ ਥਾਪੜਾ' ਉਹਦੀ ਹਰ ਸਟੇਜ ਦੀ ਸ਼ੁਰੂਆਤੀ ਵਾਰ ਕੀਹਨੂੰ ਭੁੱਲ ਸਕਦੀ ਹੈ? 'ਮਾਂ ਹੁੰਦੀ ਏ ਮਾਂ' ਨਾਲ ਮਾਂਵਾਂ ਅਤੇ 'ਇਕ ਵੀਰ ਦੇਈਂ ਵੇ ਰੱਬਾ, ਸਹੁੰ ਖਾਣ ਨੂੰ ਬੜਾ ਈ ਚਿੱਤ ਕਰਦਾ' ਨਾਲ ਭੈਣਾਂ ਦੀਆਂ ਅੱਖਾਂ 'ਚੋਂ ਟਪਕਦੇ ਅੱਥਰੂ ਮੈਂ ਆਪਣੀ ਅੱਖੀਂ ਵੇਖੇ ਹਨ। ਮੁੰਬਈ 'ਚ ਇਕ ਵਾਰ ਸੁਰਿੰਦਰ ਕੋਹਲੀ ਦੇ ਸੰਗੀਤ ਹੇਠ ਮਾਣਕ ਤੇ ਕੁਲਦੀਪ ਕੌਰ ਦਾ ਦੋ-ਗਾਣਾ ਰਿਕਾਰਡ ਹੋ ਰਿਹਾ ਸੀ। ਪੈਂਦੀ ਸੱਟੇ ਰੌਲਾ ਪੈ ਗਿਆ। ਇੰਜੀਨੀਅਰ ਕਹੇ-ਵੋਕਲ ਕਾਬੂ ਨ੍ਹੀਂ ਆ ਰਹੀ, ਸੂਈ ਲਾਲ ਨਿਸ਼ਾਨ ਟੱਪ ਜਾਂਦੀ ਹੈ। ਦੋ ਫੁੱਟ ਪਿਛਾਂਹ ਕਰਕੇ ਵੇਖਿਆ, ਫਿਰ ਚਾਰ ਫੁੱਟ; ਤੇ ਕੋਹਲੀ ਮਜ਼ਾਕ 'ਚ ਕਹਿਣ ਲੱਗਾ, "ਮਾਣਕ ਦੀ ਆਵਾਜ਼ ਦਾ ਨਮੂਨਾ ਜਪਾਨ ਨੂੰ ਭੇਜੋ, ਇੰਨੀ ਉਚੀ ਤੇ ਸੁਰੀਲੀ ਆਵਾਜ਼ ਕਾਬੂ ਕਰਨ ਲਈ ਨਵੀਂਆਂ ਮਸ਼ੀਨਾਂ ਬਣਾਉਣੀਆਂ ਪੈਣਗੀਆਂ।"

'ਭੁੱਖੇ ਨੰਗੇ ਸਾਧ ਬੂਬਨੇ ਗੁਣ ਜੱਟੀਏ ਜਿਨ੍ਹਾਂ ਦੇ ਨਿੱਤ ਗਾਉਂਦੀ' ਗਾਉਣ ਵਾਲਾ ਮਾਣਕ ਪਾਖੰਡੀ ਸਾਧਾਂ ਨੂੰ ਪੈਂਦਾ ਸੀ। ਉਹ ਅੱਖੜ ਨ੍ਹੀਂ, ਕੋਰਾ ਕਰਾਰਾ ਸੀ। ਜਲੰਧਰ ਲਾਗੇ ਕਿਸੇ ਪਿੰਡ 'ਚ ਪ੍ਰੋਗਰਾਮ ਸੀ, ਅਸੀਂ ਜਾਣ ਵੇਲੇ 'ਅਜੀਤ' ਦੇ ਦਫ਼ਤਰੋਂ ਸਤਨਾਮ ਸਿੰਘ ਮਾਣਕ ਨੂੰ ਵੀ ਨਾਲ ਲੈ ਗਏ। ਪ੍ਰੋਗਰਾਮ ਡੇਰੇ ਜਿਹੇ 'ਤੇ ਸੀ। ਰਾਤ ਨੂੰ ਡੇਰੇ ਦਾ ਸੰਚਾਲਕ ਸਾਧ ਛੰਨ 'ਚ ਧੂਣੀ ਲਾ ਕੇ ਬੈਠਾ ਸੀ। ਸਮਾਪਤੀ ਵੇਲੇ ਪਤਾ ਈ ਨ੍ਹੀਂ ਲੱਗਾ ਜਦੋਂ ਉਹ ਸਾਧ ਨਾਲ ਉਲਝ ਪਿਆ, "ਪੱਲੇ ਵੀ ਹੈ ਕੁਝ ਕਿ ਪਾਖੰਡ ਈ ਚੱਲੀ ਜਾਦੈਂ।" ਗੋਡੀਂ ਹੱਥ ਲੁਆਉਣ ਵਾਲਾ ਸਾਧ ਆਪ ਹੀ ਹੱਥ ਜੋੜ ਗਿਆ। ਅਸਲ ਵਿਚ ਮਨ ਦਾ ਸਾਫ਼ ਮਾਣਕ ਫੁਕਰਿਆਂ ਦੀ ਲਾਹੁੰਦਾ ਬੜੀ ਬੁਰੀ ਤਰ੍ਹਾਂ ਸੀ।

ਮਾਣਕ ਮਨ ਵਿਚ ਵੀ ਕੋਈ ਗੱਲ ਨਹੀਂ ਰੱਖਦਾ ਸੀ। ਇਕ ਵਾਰ ਅਸੀਂ ਇਕੱਠੇ 'ਅਜੀਤ' ਵਿਚ ਭਾਜੀ ਬਰਜਿੰਦਰ ਸਿੰਘ ਹੋਰਾਂ ਨੂੰ ਮਿਲਣ ਗਏ। ਭਾਅ ਜੀ ਨੇ ਪੁੱਛਿਆ, "ਮਾਣਕਾ ਚਾਹ ਪੀਣੀ ਕਿ ਕਾਫ਼ੀ?" ਤੇ ਉਦੋਂ ਸਾਰੇ ਖਿੜ-ਖਿੜ ਹੱਸ ਪਏ ਜਦੋਂ ਉਹ ਕਹਿਣ ਲੱਗਾ, "ਸਾਡੇ ਆਲਾ ਸਾਮਾਨ ਹੈ ਨ੍ਹੀਂ?" ਦਾਰੂ ਨਾਲ ਮਾਣਕ ਦੀ ਆੜੀ ਪੱਕੀ ਰਹੀ ਹੈ। ਅਮਲੋਹ ਲਾਗੇ ਕਿਸੇ ਪ੍ਰੋਗਰਾਮ 'ਤੇ ਮੈਂ ਵੀ ਨਾਲ ਸੀ। ਟੂਰਨਾਮੈਂਟ 'ਤੇ ਅਖਾੜਾ ਸੀ। ਕੋਈ ਬਜ਼ੁਰਗ ਪੰਜਾਂ ਦਾ ਨੋਟ ਫੜਾ ਕੇ ਆਖ ਦਿਆ ਕਰੇ, "ਜੁਆਨਾ ਪੀਆ ਨਾ ਕਰ।" ਮੀਰ ਨੂੰ ਟਿੱਚਰ ਕਰਨੀ ਕਿਤੇ ਸੌਖੀ ਐ, ਉਹ ਮਾਈਕ ਥਾਣੀਂ ਕਹਿਣ ਲੱਗਾ, "ਮੇਰੇ ਨਾਲ ਪੰਡਿਤਾਂ ਦਾ ਮੁੰਡਾ ਪੜ੍ਹਦਾ ਹੁੰਦਾ ਸੀ। ਘੁੱਟ ਤਾਂ ਕੀ, ਲਸਣ-ਪਿਆਜ ਵੀ ਨ੍ਹੀਂ ਖਾਧਾ ਹੋਣਾ ਕਦੇ। ਉਹਨੂੰ ਮਰ ਗਏ ਨੂੰ ਵੀਹ ਸਾਲ ਹੋ ਗਏ ਨੇ, ਤੇ ਮੈਂ ਪੀ ਕੇ ਜਿਉਂਦਾ ਤੈਨੂੰ ਚੰਗਾ ਨ੍ਹੀਂ ਲੱਗਦਾ।" ਪਰ ਉਹ ਬਿਮਾਰ ਹੋ ਕੇ ਵੀ ਇਸ ਕੁਲਹਿਣੀ ਨੂੰ ਗਲੋਂ ਨਾ ਲਾਹ ਸਕਿਆ। ਬੜੀਆਂ ਅਫ਼ਵਾਹਾਂ ਲੋਕ ਫੈਲਾਉਂਦੇ ਰਹੇ ਕਿ ਉਹ ਫੀਮ ਦਾ ਗੋਲਾ ਖਾ ਕੇ ਗਾਉਂਦੈ। ਖ਼ੈਰ! ਬਠਿੰਡੇ ਆਲਿਆਂ ਨੂੰ ਮਾੜੀ-ਮੋਟੀ ਲਤ ਤਾਂ ਹੈਗੀ ਆ ਪਰ ਉਹਨੇ ਐਵੇਂ ਕਦੇ ਸੁਆਦ ਹੀ ਵੇਖਿਆ ਹੋਊ। ਅਸੀਂ ਕਈ-ਕਈ ਰਾਤਾਂ 'ਕੱਠੇ ਰਹੇ ਹਾਂ ਪਰ ਮੈਂ ਨਾਗਣੀ ਅੰਦਰ ਲੰਘਾਉਂਦਿਆਂ ਉਹਨੂੰ ਕਦੇ ਵੀ ਤੇਤੀ ਸਾਲਾਂ 'ਚ ਨ੍ਹੀਂ ਵੇਖਿਆ। ਜਗਮੀਤ ਬਰਾੜ ਨਾਲ ਰਲ ਕੇ ਉਹਨੇ ਐਮ.ਪੀ. ਦੀ ਚੋਣ ਲੜੀ ਪਰ ਉਹਦਾ ਭਰਮ ਕਾਮਯਾਬ ਨਹੀਂ ਹੋ ਸਕਿਆ।

ਉਹ ਹਰਚਰਨ ਗਰੇਵਾਲ ਨਾਲ ਰਿਹਾ, ਸੀਮਾ ਨਾਲ ਗਾਇਆ ਪਰ ਉਹਦੇ ਜਾਲ 'ਚੋਂ ਨਿਕਲ ਗਿਆ, ਜੀਹਦੇ 'ਚ ਬਾਅਦ ਵਿਚ ਸੀਤਲ ਸਿੰਘ ਸੀਤਲ ਫਸਿਆ। ਮੁਹੰਮਦ ਸਦੀਕ, ਸਰਦੂਲ ਸਿਕੰਦਰ, ਦਿਲਸ਼ਾਦ ਅਖ਼ਤਰ-ਸਾਰੇ ਮੀਰ ਆਲਮ ਘਰਾਣੇ ਦੇ ਗਵੱਈਏ ਹਨ। ਸੱਚ ਹੈ ਕਿ ਮਾਣਕ ਨੂੰ ਉਹਦੇ ਚਹੇਤਿਆਂ ਤੇ ਸਰੋਤਿਆਂ ਨੇ ਹਰ ਅੰਦਾਜ਼ 'ਚ ਪ੍ਰਵਾਨ ਕੀਤਾ ਹੈ। ਇੱਦਾਂ ਹੋਣਾ ਅਕਸਰ ਅਸੰਭਵ ਹੁੰਦਾ ਹੈ। 'ਗੱਡੀ ਵਿਚ ਜਾਣ ਵਾਲੀਏ ਸਾਡੀ ਗੱਲ ਸੁਣ ਜਾ ਮੁਟਿਆਰੇ', 'ਪਾਣੀ ਮੰਗੇ ਦੁੱਧ ਦਿੰਦੀਆਂ ਜੱਗ ਜਿਉਣ ਵੱਡੀਆਂ ਭਰਜਾਈਆਂ' ਤੇ 'ਜੱਟਾ ਕਾਂਵਾਂ ਖਾਧੀ ਟਾਇਰ ਤੇ ਐਵੇਂ ਚੜ੍ਹਿਆ ਕਾਠੀ ਪਾ'। ਮਿਰਜ਼ਾ ਮਾਣਕ ਤੋਂ ਵਧੀਆ ਕਿਸ ਨੇ ਗਾਇਐ ਭਲਾ? 'ਜੱਟੀਏ ਜੇ ਹੋ ਗਈ ਸਾਧਣੀ', 'ਘਰੇ ਚੱਲ ਕੱਢੂੰ ਰੜਕਾਂ' (ਗੁਲਸ਼ਨ ਕੋਮਲ), 'ਇਕ ਤੂੰ ਹੋਵੇਂ, ਇਕ ਮੈਂ ਹੋਵਾਂ' (ਅਮਰਜੋਤ), 'ਜੁੱਤੀ ਨਾਲ ਘੁੱਗੀ ਕੁੱਟ ਗਿਆ' (ਸੀਮਾ) ਨਾਲ ਦੋ-ਗਾਣੇ ਹਾਲੇ ਵੀ ਲੋਕ ਨੀਝਾਂ ਲਾ-ਲਾ ਸੁਣਦੇ ਹਨ।

ਚਮਕੀਲੇ ਦਾ ਅਮਰ ਸਿੰਘ ਨਾਂ ਅਸੀਂ ਰੱਖਿਆ ਸੀ। ਉਂਜ, ਉਹਦਾ ਅਸਲੀ ਨਾਂ ਧਨੀ ਰਾਮ ਸੀ। ਜਦੋਂ ਉਹ ਹਿੱਟ ਹੋ ਗਿਆ ਤਾਂ ਮਾਣਕ ਮੈਨੂੰ ਕਿਹਾ ਕਰੇ, "ਤੈਂ ਪਾਏ ਆ ਬੇੜੀਆਂ 'ਚ ਵੱਟੇ। ਧਨੀ ਰਾਮ ਗਾਉਂਦਾ ਹੁੰਦਾ ਤਾਂ ਕੀਹਨੇ ਪੁੱਛਣਾ ਸੀ?"

ਮਹੀਨਾ ਅੱਸੂ ਦਾ ਸੀ ਤੇ ਸਾਲ 1975 ਜਦੋਂ ਦੋਰਾਹੇ ਲਾਗੇ ਰਾਜਗੜ੍ਹ ਪਿੰਡ ਵਿਚ ਸਰਬਜੀਤ ਨਾਲ ਉਹਦਾ ਵਿਆਹ ਹੋਇਆ। ਜਿਸ ਯੁੱਧਵੀਰ ਦੇ ਜੰਮਣ ਮੌਕੇ ਲੋਹੜੀ ਵੰਡਣ ਅਤੇ ਵਿਆਹ 'ਤੇ ਅਸੀਂ ਰੱਜ ਕੇ ਭੰਗੜਾ ਪਾਇਆ, ਉਹਦੀ ਇਹ ਹਾਲਤ ਵੇਖ ਕੇ ਧਾਹਾਂ ਵੀ ਸਭ ਤੋਂ ਵੱਧ ਅਸੀਂ ਮਾਰੀਆਂ ਹਨ। ਮੌਤ ਤਾਂ ਚਲੋ ਆਵੇਗੀ, ਪਰ ਪੁੱਤਰ ਦੀ ਹਾਲਤ ਦੇ ਗ਼ਮ ਨੇ ਹੋਣੀ ਬੈਟਰੀਆਂ ਮਾਰ-ਮਾਰ ਉਹਦੇ ਨੇੜੇ ਲੈਆਂਦੀ।

ਵੈਣ ਪੈ ਕੇ ਹਟ ਗਏ ਨੇ, ਸੱਥਰ ਹਾਲੇ ਵਿਛਿਆ ਹੋਇਆ। ਇਹ ਉਨ੍ਹਾਂ ਲੋਕਾਂ ਦੀ ਫੋਕੀ ਹਮਦਰਦੀ ਅਤੇ ਸ਼ਰਧਾਂਜਲੀ ਨਾਲ ਚੁੱਕਿਆ ਜਾਵੇਗਾ ਜਿਨ੍ਹਾਂ ਬਾਰੇ ਉਹ ਆਖਦਾ ਹੁੰਦਾ ਸੀ, "ਆਹ ਮੰਗਤੇ ਵੋਟਾਂ ਵਾਲੇ ਆ ਗਏ ਜਿਹੜੇ ਜਿਉਂਦੇ ਜੀਅ ਉਹਦੀ ਖ਼ਬਰ ਨ੍ਹੀਂ ਲੈਣ ਗਏ।" ਹੁਣ ਐਲਾਨ ਹੋਣਗੇ, ਦਾਅਵੇ ਹੋਣਗੇ, ਹਵਾ 'ਚ ਯਾਦਗਾਰਾਂ ਬਣਨਗੀਆਂ ਪਰ ਰੱਜ ਕੇ ਦੁਖੀ ਹੋ ਕੇ ਤੁਰੇ ਮਾਣਕ ਦੀ ਆਤਮਾ ਫਿੱਟੇ-ਮੂੰਹ ਜ਼ਰੂਰ ਕਹੇਗੀ। ਵਿਲਕਦੇ ਰਹਿਣਗੇ ਤਾਂ ਉਹਦੇ ਸ਼ਾਗਿਰਦ ਪ੍ਰੀਤਮ ਬਰਾੜ, ਬਲਵਿੰਦਰ ਭਗਤਾ, ਸੁਖਵਿੰਦਰ ਪੰਛੀ ਤੇ ਗੋਰਾ ਚੱਕ ਵਾਲਾ।

ਮੇਰੀ ਨਿਭ ਗਈ। ਅਸੀਂ ਕਦੇ ਵੀ ਗੁੱਸੇ-ਰਾਜ਼ੀ ਨਹੀਂ ਹੋਏ। ਕੁਲਦੀਪ ਮਾਣਕ ਨਹੀਂ ਰਿਹਾ, ਦਰਦ ਅੱਖਾਂ ਥਾਣੀਂ ਉਬਲ ਕੇ ਬਾਹਰ ਆ ਰਿਹੈ। ਸੁਕਰਾਤ ਦੁਨੀਆਂ ਦੇ ਦਿਲਾਂ 'ਚ ਵਸਦੈ ਤੇ ਮਾਣਕ ਹਰ ਪੰਜਾਬੀ ਦੇ ਅੰਦਰ। ਸਰੀਰਕ ਤੌਰ 'ਤੇ ਨਹੀਂ ਰਿਹਾ ਪਰ ਜੋ ਕੁਝ ਉਹਨੇ ਗਾਇਐ, ਨਹੀਂ ਕਹਿ ਸਕਦੇ ਕਿ ਮਾਣਕ ਕਦੇ ਮਰੇਗਾ।

ਕੁਲਦੀਪ ਮਾਣਕ ਸਾਡੀ ਗਾਇਕੀ ਦੀ ਰਾਜਧਾਨੀ ਦਾ ਨਾਂ ਹੈ।

## ਜ਼ਿੰਦਗੀ ਦੀਆਂ ਆਖਰੀ ਘੜੀਆਂ ਵੇਲੇ

ਕੁਲਦੀਪ ਮਾਣਕ ਦੇ ਆਖਰੀ ਸਾਹ ਲੈਣ ਤੋਂ ਪਹਿਲੇ 48 ਘੰਟਿਆਂ ਵਿਚ ਮੈਂ ਸਰਬਜੀਤ ਮਾਣਕ ਤੇ ਬੇਟੀ ਸ਼ਕਤੀ (ਸਿੰਟੂ) ਨਾਲ ਫੋਨ 'ਤੇ ਲਗਾਤਾਰ ਕਰੀਬ ਚਾਲੀ ਘੰਟੇ ਜੁੜਿਆ ਰਿਹਾ। ਆਖਰੀ ਸਮੇਂ ਦਾ ਵਾਰਤਾਲਾਪ ਵੇਖੋ,

"ਪੁੱਤਰ ਕੀ ਹਾਲ ਹੈ ਹੁਣ?"

"ਡੈਡ ਠੀਕ ਨਹੀਂ ਅੰਕਲ।"

"ਕੀ ਕਹਿੰਦੇ ਨੇ ਡਾਕਟਰ?"

"ਲਓ ਕਰ ਲਵੋ ਗੱਲ।"

(ਸਮਾਂ ਰਾਤ 11.30 ਵਜੇ)

"ਡਾਕਟਰ ਸਾਹਿਬ ਕੀ ਹਾਲਤ ਹੈ ਮਾਣਕ ਦੀ ਸਿਹਤ ਦੀ?"

"ਬਹੁਤ ਖ਼ਰਾਬ ਹੈ।"

"ਹਰਟ ਨਹੀਂ ਕੰਮ ਕਰ ਰਿਹਾ?"

"ਬ੍ਰੇਨ ਠੀਕ ਹੈ, ਹਾਰਟ ਦੀ ਸਮੱਸਿਆ ਕਰਕੇ ਵੈਂਟੀਲੇਟਰ 'ਤੇ ਲੈ ਕੇ ਗਏ ਹਾਂ। ਕਿਡਨੀਆਂ ਠੀਕ ਨੇ ਪਰ ਲਿਵਰ ਖ਼ਤਮ ਹੈ।"

"ਆਸ ਦੀ ਕੋਈ ਕਿਰਨ?"

"ਕਿਰਨਾਂ ਸਭ ਡਿੰਮ ਹੋ ਗਈਆਂ ਨੇ। ਬੱਸ ਆਪਣੇ-ਆਪ ਨੂੰ ਤਿਆਰ ਰੱਖੋ। ਲਓ ਬੇਟੀ ਨਾਲ ਗੱਲ ਕਰੋ।"

"ਪੁੱਤਰ ਕੌਣ ਹੈ ਐਸ ਵੇਲੇ ਤੁਹਾਡੇ ਕੋਲ?"

"ਮੈਂ ਤੇ ਮੇਰੀ ਮੰਮੀ।"

"ਕੋਈ ਸਰਕਾਰੀ ਅਧਿਕਾਰੀ, ਸੁਖਬੀਰ ਬਾਦਲ ਜਾਂ ਕੋਈ ਹੋਰ ਲੀਡਰ ਆਇਐ?"

"ਕੋਈ ਨਹੀਂ?"

(ਸਮਾਂ 11.43 ਰਾਤ, ਭਾਰਤ ਵਿਚ 1.13 ਦਿਨ)

ਲੰਬੀ ਲੇਰ ਸੁਣਦੀ ਹੈ, "ਹਾਏ ਡੈਡ...।" ਫੋਨ ਹੇਠਾਂ ਡਿੱਗਦਾ ਹੈ। ਤੇ ਅਗਲੇ ਪਲ ਗਾਇਕ ਜਸਵੰਤ ਸੰਦੀਲਾ ਫੋਨ ਚੁੱਕ ਕੇ ਦੱਸਦਾ ਹੈ, "ਲੰਕਾ ਲੁੱਟੀ ਗਈ ਹੈ। ਮਾਣਕ ਸਾਹਿਬ ਸੁਆਸ ਵੀ ਛੱਡ ਗਏ ਨੇ ਤੇ ਸਾਨੂੰ ਵੀ।"




*ਇਹ ਡਾਵੇ ਦੀ ਕਿੰਨੀ ਕਰੋਪੀ ਹੈ, ਪਿਓ-ਪੁੱਤਰ ਦੀ ਹਾਲਤ ਦੱਸ ਰਹੀ ਹੈ। ਪਰ ਢੋਲਕ 'ਤੇ ਪ੍ਰਸਿਧ ਗਾਇਕ ਮੀਕਾ ਸਿੰਘ ਯੁਧਵੀਰ ਦਾ ਗੀਤ ਗਾ ਕੇ ਇਹ ਕੋਸ਼ਿਸ਼ ਕਰ ਰਿਹਾ ਹੈ ਕਿ ਸ਼ਾਇਦ ਉਸ ਦੀ ਯਾਦ ਸ਼ਕਤੀ ਵਾਪਿਸ ਆ ਜਾਵੇ*



*ਕੁਲਦੀਪ ਮਾਣਕ, ਅਸ਼ੋਕ ਭੌਰਾ ਅਤੇ ਏ ਐਸ ਕੰਗ*

## ਰੇਡੀਓ ਚੜ੍ਹਦੀ ਕਲਾ ਨੇ ਨਿਭਾਈ ਅਹਿਮ ਭੂਮਿਕਾ

ਆਸਟਰੇਲੀਆ, ਨਿਊਜ਼ੀਲੈਂਡ, ਇੰਗਲੈਂਡ, ਕੈਨੇਡਾ ਤੇ ਯੂਰਪ ਵਿਚ ਚਲਦੇ ਸਮੁੱਚੇ ਇਲੈਕਟ੍ਰਾਨਿਕ ਤੇ ਪ੍ਰਿੰਟ ਮੀਡੀਆ ਨੇ ਭਾਵੇਂ ਕੁਲਦੀਪ ਮਾਣਕ ਦੇ ਵਿਛੋੜੇ 'ਤੇ ਪ੍ਰਸਾਰਿਤ ਵਿਸ਼ੇਸ਼ ਪ੍ਰੋਗਰਾਮਾਂ ਵਿਚ ਸ਼ਰਧਾਂਜਲੀ ਭੇਟ ਕੀਤੀ ਹੈ ਪਰ ਫਰੀਮਾਂਟ ਤੋਂ ਚੱਲਦੇ ਗੁਰਚਰਨ ਸਿੰਘ ਮਾਨ ਅਤੇ ਲਖਵੀਰ ਸਿੰਘ ਦੀ ਅਗਵਾਈ ਵਾਲੇ ਰੇਡੀਓ ਚੜ੍ਹਦੀ ਕਲਾ ਨੇ ਮਾਣਕ ਦੇ ਲੋੜਵੰਦ ਪਰਿਵਾਰ ਲਈ ਮਾਇਕ ਸਹਾਇਤਾ ਇਕੱਤਰ ਕਰਕੇ ਅਹਿਮ ਭੂਮਿਕਾ ਨਿਭਾਈ ਹੈ। ਹਮਦਰਦੀ ਪ੍ਰਗਟ ਕਰਨ ਦੇ ਨਾਲ-ਨਾਲ ਹੱਕ ਦੀ ਕਮਾਈ 'ਚੋਂ ਵੀ ਸਹਿਯੋਗ ਦਾ ਆਸਰਾ ਦੇ ਕੇ ਸਿੱਧ ਕੀਤਾ ਹੈ ਕਿ ਪੰਜਾਬੀ ਦੁੱਖ ਦੀ ਘੜੀ ਵਿਚ ਆਸਰਾ ਕਿਵੇਂ ਬਣਦੇ ਹਨ?

## ਅਮੋਲਕ ਸਿੰਘ ਗਾਖਲ ਦੀ ਪੇਸ਼ਕਾਰੀ

ਕਬੱਡੀ ਖੇਡ ਪ੍ਰੋਮੋਟਰ ਤੇ ਸਮਾਜਸੇਵੀ ਅਮੋਲਕ ਸਿੰਘ ਗਾਖਲ ਨੇ 'ਰੇਡੀਓ ਚੜ੍ਹਦੀ ਕਲਾ' ਉਤੇ 2 ਦਸੰਬਰ ਦੀ ਸ਼ਾਮ ਨੂੰ ਆਖਿਆ ਕਿ ਮਾਣਕ ਨੂੰ ਸਪੁਰਦ-ਏ-ਖਾਕ ਕਰਨ ਦੀਆਂ ਅੰਤਮ ਰਸਮਾਂ ਨੂੰ ਸਿੱਧਾ ਜਲਾਲ ਤੋਂ ਬ੍ਰਾਡਕਾਸਟ ਕਰੋ, ਉਹ ਪਰਿਵਾਰ ਨੂੰ ਮਾਇਕ ਸਹਾਇਤਾ ਦੇਣ ਦੇ ਨਾਲ-ਨਾਲ ਪ੍ਰੋਗਰਾਮ ਦੀ ਸਪਾਂਸਰਸ਼ਿਪ ਵੀ ਦੇਣਗੇ। ਬਲਵੰਤ ਸਿੰਘ ਰਾਮੂਵਾਲੀਆ, ਸੁਰਿੰਦਰ ਸ਼ਿੰਦਾ, ਹਰਭਜਨ ਮਾਨ, ਗੁਲਜ਼ਾਰ ਲਹੌਰੀਆ, ਗੋਗੀ ਮਾਨਾਂ ਵਾਲਾ, ਮਨਮੋਹਨ ਵਾਰਿਸ, ਜਗਦੇਵ ਸਿੰਘ ਜੱਸੋਵਾਲ, ਦੇਵ ਥਰੀਕੇਵਾਲਾ ਨੇ ਸਿਧਿਆਂ ਰੇਡੀਓ 'ਤੇ ਆ ਕੇ ਦੁੱਖ ਵਿਚ ਰੋਂਦੇ ਵਕਤ ਦੀ ਵਿਆਖਿਆ ਕੀਤੀ।

## ਯੁਧਵੀਰ ਦੀ ਹਾਲਤ

ਜਦੋਂ ਕੁਲਦੀਪ ਮਾਣਕ ਦੇ ਤਮਾਮ ਹਿਤੈਸ਼ੀ, ਪ੍ਰੇਮੀਆਂ, ਸ਼ੁਭਚਿੰਤਕਾਂ ਵੱਲੋਂ ਅੰਤਮ ਦਰਸ਼ਨਾਂ ਪਿੱਛੋਂ ਮਾਣਕ ਮਿੱਟੀ 'ਚ ਮਿੱਟੀ ਹੋਣ ਜਾ ਰਿਹਾ ਸੀ ਤਾਂ ਉਹਦੇ ਪੁੱਤਰ ਯੁੱਧਵੀਰ ਦੀ ਹਾਲਤ ਇਹ ਸੀ ਕਿ ਰੋਣ-ਵਿਲਕਣ ਦੀ ਥਾਂ ਆਖ ਰਿਹਾ ਸੀ, "ਇਹ ਕੌਣ ਹੈ? ਮੇਰਾ ਡੈਡ ਤਾਂ ਪ੍ਰੋਗਰਾਮ ਕਰਨ ਗਿਆ ਹੋਇਐ।" ਤੇ ਨਾਲ ਹੀ ਝੱਲਿਆਂ-ਪਾਗਲਾਂ ਵਾਂਗ ਹੱਸ ਪੈਂਦਾ।

## ਸਰਬਜੀਤ ਮਾਹਿਲ ਨੇ ਸੰਭਾਲਿਐ ਮਾਣਕ ਦੀ ਸ਼ੈਲੀ ਨੂੰ

ਕੁਲਦੀਪ ਮਾਣਕ ਦੇ ਸਭ ਤੋਂ ਵੱਡੇ ਉਪਾਸ਼ਕ ਖਿਡਾਰੀ ਸਰਬਜੀਤ ਸਿੰਘ ਮਾਹਿਲ ਜੋ ਲੈਥਰਪ (ਕੈਲੀਫੋਰਨੀਆ) ਵੱਸਦੈ, ਨੇ ਉਸ ਦੇ ਸਾਰੇ ਤਵਿਆਂ, ਰੀਲਾਂ ਤੇ ਹਰ ਗੀਤ ਨੂੰ ਸੰਭਾਲ ਕੇ ਲਾਇਬ੍ਰੇਰੀ ਵਾਂਗ ਰੱਖਿਆ ਹੋਇਐ। ਮੌਤ ਦੀ ਖ਼ਬਰ ਸੁਣ ਕੇ ਆਪਣੇ ਵੱਡੇ ਭਰਾ ਜਸਵੀਰ ਮਾਹਿਲ ਨਾਲ ਧਾਹਾਂ ਮਾਰਦੇ ਸਰਬਜੀਤ ਨੇ ਦੱਸਿਆ ਕਿ ਉਸ ਨੇ ਮਾਣਕ ਦੇ ਇਸ ਰਿਕਾਰਡ ਨੂੰ ਪੁੱਤਾਂ ਵਾਂਗ ਸੰਭਾਲਣ ਦਾ ਯਤਨ ਤਾਂ ਸ਼ੌਕ ਨਾਲ ਕੀਤਾ ਸੀ ਪਰ ਇਹ ਦਸਤਾਵੇਜ਼ ਇਤਿਹਾਸ ਬਣੇਗਾ, ਉਸ ਨੂੰ ਆਸ ਨਹੀਂ ਸੀ।

## ਜੈਜ਼ੀ ਬੀ ਨੇ ਨਿਭਾਈ ਵਫ਼ਾਦਾਰ ਸ਼ਾਗਿਰਦਾਂ ਵਾਲੀ ਸਹੁੰ

ਕੁਲਦੀਪ ਮਾਣਕ ਦੇ ਹਰਮਨ ਪਿਆਰੇ ਸ਼ਾਗਿਰਦ ਜੈਜ਼ੀ ਨੇ ਜਿੱਥੇ ਕੁਲਦੀਪ ਮਾਣਕ ਦੇ ਪਰਿਵਾਰ ਨਾਲ ਦੁੱਖ ਦੀ ਘੜੀ ਵਿਚ ਹਰ ਪਲ ਸਾਥ ਦਿੱਤਾ, ਉਥੇ ਮੌਤ ਦੇ ਵਕਤ ਤੋਂ ਲੈ ਕੇ ਆਖਰੀ ਰਸਮਾਂ ਤੱਕ ਹਰ ਕਾਰਜ ਹੱਥੀਂ ਨਿਭਾਇਆ। ਜ਼ਿਕਰਯੋਗ ਹੈ ਕਿ ਜੋ ਕੁਝ ਯੁੱਧਵੀਰ ਨੇ ਕਰਨਾ ਸੀ, ਉਹ ਜੈਜ਼ੀ ਨੇ ਕੀਤਾ। ਗੁਰੂ-ਚੇਲੇ ਦੇ ਰਿਸ਼ਤੇ ਨੂੰ ਜਿਸ ਕਦਰ ਉਸ ਨੇ ਨਿਭਾਇਆ, ਪੰਜਾਬੀ ਗਾਇਕੀ ਦੇ ਇਤਿਹਾਸ ਵਿਚ ਇਸ ਦਾ ਚਿਰਾਂ ਤੀਕਰ ਜ਼ਿਕਰ ਹੋਵੇਗਾ।

ਸ਼ਰਧਾਂਜਲੀ

# ਚੇਤਿਆਂ 'ਚ ਵਸਿਆ ਮਾਣਕ

ਕੁਲਦੀਪ ਮਾਣਕ ਭਾਵੇਂ ਪਿਛਲੇ ਕਾਫੀ ਅਰਸੇ ਤੋਂ ਸਰੀਰਕ ਤੌਰ 'ਤੇ ਜਰਜਰਾ ਚੱਲ ਰਿਹਾ ਸੀ ਅਤੇ ਮਾਨਸਿਕ ਤੌਰ 'ਤੇ ਵਲੂੰਧਰਿਆ ਵੀ ਗਿਆ ਸੀ ਪਰ ਅਕਸਰ ਸੁਣਨ ਜਾਂ ਦੇਖਣ ਨੂੰ ਮਿਲਦਾ ਸੀ ਕਿ ਮੁੜ ਕਾਇਮ ਹੋ ਗਿਆ ਤੇ ਹਸਪਤਾਲੋਂ ਛੁੱਟੀ ਮਿਲ ਗਈ। ਫੇਰ ਖਬਰ ਖਿੰਡ ਜਾਣੀ ਕਿ ਢਿੱਲਾ ਹੋ ਗਿਆ ਤੇ ਨੀਮ-ਬੇਹੋਸ਼ੀ ਵਿਚ ਮੁੜ ਹਸਪਤਾਲ ਦਾਖਲ ਕਰਾਉਣਾ ਪਿਆ। ਇਸ ਵਾਰ ਲੱਖਾਂ ਲੋਕਾਂ ਦੀਆਂ ਦੁਆਵਾਂ ਵੀ ਅਫਵਾਹਾਂ ਨੂੰ ਦਬਾਅ ਨਾ ਸਕੀਆਂ। ਜ਼ਿੰਦਗੀ ਨੂੰ ਮਾਤ ਪਾਉਂਦੀ ਹੋਈ ਮੌਤ ਜਿੱਤ ਗਈ। ਪੰਜਾਬੀ ਗਾਇਕੀ ਦੇ ਇਤਿਹਾਸ ਵਿਚ 30 ਨਵੰਬਰ ਦਾ ਦਿਨ ਵੱਡੇ ਦੁਖਾਂਤ

ਸ਼ਮਸ਼ੇਰ ਸਿੰਘ ਸੰਧੂ
ਫੋਨ:91-98763-12860

ਵਜੋਂ ਜਾਣਿਆ ਜਾਂਦਾ ਰਹੇਗਾ।

ਕੁਲਦੀਪ ਮਾਣਕ ਦੀ ਨੇੜਤਾ ਦੇ ਲੱਖਾਂ ਹੀ ਦਾਅਵੇਦਾਰ ਹਨ ਤੇ ਉਨ੍ਹਾਂ ਵਿਚ ਇਕ ਮੈਂ ਵੀ ਹਾਂ। ਕਿਸੇ ਫਿਲਮ ਦੇ ਦ੍ਰਿਸ਼ਾਂ ਵਾਂਗ ਇਕ-ਇਕ ਕਰਕੇ ਮਣਾਂ ਮੂੰਹੀਂ ਦ੍ਰਿਸ਼ ਹੁਣ ਅੱਖਾਂ ਅੱਗੇ ਅਤੇ ਜ਼ਿਹਨ ਵਿਚ ਘੁੰਮ ਰਹੇ ਹਨ ਜੋ ਸਮੇਂ-ਸਮੇਂ ਮਾਣਕ ਨਾਲ ਬਿਤਾਏ। ਸੰਨ 1982 ਵਿਚ ਜਦੋਂ ਮੈਂ ਪੰਜਾਬ ਦੇ 20-25 ਗਾਇਕਾਂ ਬਾਰੇ 'ਲੋਕ ਸੁਰਾਂ' ਕਿਤਾਬ ਲਿਖੀ ਸੀ ਤਾਂ ਉਸ ਵਿਚਲੇ ਕੁਝ ਫਿਕਰੇ ਚੇਤੇ ਆ ਰਹੇ ਹਨ: 'ਕੁਲਦੀਪ ਮਾਣਕ ਇਸ ਵੇਲੇ ਪੰਜਾਬੀ ਗਾਇਕੀ ਦੀ ਟੀਸੀ 'ਤੇ ਬੈਠਾ ਹੈ...।' 'ਸਾਡੀ ਬਦਕਿਸਮਤੀ ਹੈ ਕਿ ਅਸੀਂ ਆਲਮ ਲੁਹਾਰ ਨੂੰ ਜੀਅ ਭਰ ਕੇ ਨੇੜਿਓਂ ਨਹੀਂ ਤੱਕ ਸਕੇ ਤੇ ਰੱਜ ਕੇ ਨਹੀਂ ਸੁਣ ਸਕੇ ਪਰ ਸਾਡੀ ਖੁਸ਼ਕਿਸਮਤੀ ਹੈ ਕਿ ਅਸੀਂ ਕੁਲਦੀਪ ਮਾਣਕ ਨੂੰ ਜੀਅ ਭਰ ਕੇ ਨੇੜਿਓਂ ਤੱਕਿਆ ਅਤੇ ਰੱਜ-ਰੱਜ ਕੇ ਸੁਣਿਆ।'

ਜਿੱਥੋਂ ਤਕ ਮੈਨੂੰ ਯਾਦ ਹੈ, ਦੇਵ ਥਰੀਕਿਆਂ ਵਾਲੇ ਦੀਆਂ ਲਿਖੀਆਂ ਤੇ ਕੁਲਦੀਪ ਮਾਣਕ ਦੀਆਂ ਗਾਈਆਂ ਲੋਕ ਗਾਥਾਵਾਂ ਦਾ ਐਲ.ਪੀ. 1971 ਵਿਚ ਐਚ.ਐਮ.ਵੀ. ਨੇ ਰਿਕਾਰਡ ਕਰ ਲਿਆ ਸੀ ਪਰ ਰਿਲੀਜ਼ ਕਰਨ ਦਾ ਪ੍ਰੋਗਰਾਮ ਹੀ ਨਾ ਬਣਾਵੇ। ਇਕ ਵਜ੍ਹਾ ਇਹ ਸੀ ਕਿ ਮਾਣਕ ਦਾ ਇਕ ਈ.ਪੀ. ਅਤੇ ਇਕ ਸੁਪਰਸੈਵਨ ਇਸ ਤੋਂ ਪਹਿਲਾਂ ਰਿਲੀਜ਼ ਹੋ ਚੁੱਕੇ ਸਨ ਜਿਨ੍ਹਾਂ ਵਿਚ 'ਦੁੱਲਿਆ ਵੇ ਟੋਕਰਾ ਚੁਕਾਈਂ ਆਣ ਕੇ' ਅਤੇ 'ਪੂਰਨਾ, ਅੱਖੀਆਂ 'ਚ ਰੱਬ ਵੱਸਦਾ ਜਾਈਂ ਦੂਰ ਨਾ' ਜਾਂ 'ਮੈਂ ਸ਼ੀਸ਼ੀ ਭਰੀ ਆਂ...।' ਆਦਿ ਆਈਟਮਾਂ ਸਨ ਪਰ ਵੱਡਾ ਹੁੰਗਾਰਾ ਨਹੀਂ ਸੀ ਮਿਲ ਸਕਿਆ। ਇਉਂ ਕੰਪਨੀ 8-10 ਲੋਕ ਗਾਥਾਵਾਂ ਵਾਲਾ ਐਲ.ਪੀ. ਕੱਢਣ ਤੋਂ ਝਿਜਕਦੀ ਸੀ। ਦੇਵ ਨੇ ਕਈ ਸਿਫਾਰਸ਼ਾਂ ਲੜਾਈਆਂ, ਅੰਮ੍ਰਿਤਸਰ ਦੇ ਇਕ ਪੁਸਤਕ ਪ੍ਰਕਾਸ਼ਕ ਨੇ ਵੀ ਕੰਪਨੀ 'ਚ ਪਹੁੰਚ ਕੀਤੀ ਤੇ ਫੇਰ 1973 ਵਿਚ ਐਲ.ਪੀ. ਰਿਲੀਜ਼ ਹੋ ਗਿਆ। ਉਦੋਂ ਲਾਟਰੀਆਂ ਵਾਲਿਆਂ ਦੇ ਸਪੀਕਰ ਕਿਸੇ ਹਿੱਟ ਰਿਕਾਰਡ ਦਾ 'ਬੈਰੋ ਮੀਟਰ' ਹੁੰਦੇ ਸਨ। ਜਿੱਥੇ ਕਿਤੇ ਵੀ ਦੇਖੋ, ਲਾਟਰੀਆਂ ਵਾਲੇ ਸਪੀਕਰਾਂ 'ਤੇ 'ਤੇਰੇ ਟਿੱਲੇ ਤੋਂ', 'ਸਰਵਣ ਪੁੱਤਰਾ ਪਾਣੀ ਪਿਲਾ ਦੇ', 'ਚਿੱਠੀਆਂ ਸਾਹਿਬਾਂ ਜੱਟੀ ਨੇ' ਵਾਰ-ਵਾਰ ਵੱਜਦੇ ਸੁਣਾਈ ਦਿੰਦੇ। ਦਿਨਾਂ-ਹਫਤਿਆਂ ਵਿਚ ਹੀ ਚਾਰੇ ਪਾਸੇ 'ਮਾਣਕ' 'ਮਾਣਕ' ਹੋਣ ਲੱਗੀ।

ਇਕ ਦਿਲਚਸਪ ਘਟਨਾ ਯਾਦ ਹੈ। ਐਲ.ਪੀ. ਰਿਕਾਰਡ ਦੀ ਕਾਮਯਾਬੀ ਦਾ ਜਸ਼ਨ ਮਨਾਉਣ ਲਈ ਅਸੀਂ ਚਾਰ ਦੋਸਤ ਇਕੱਠੇ ਹੋ ਗਏ। ਮੈਂ ਉਨ੍ਹੀਂ ਦਿਨੀਂ ਮਾਡਲ ਟਾਊਨ ਲੁਧਿਆਣੇ ਰਹਿੰਦਾ ਸੀ। ਸਭ ਤੋਂ ਪਹਿਲਾਂ ਥਰੀਕਿਆਂ ਵਾਲਾ ਦੇਵ ਮੇਰੇ ਘਰ ਪੁੱਜ ਗਿਆ। ਫੇਰ ਗੁਰਚਰਨ ਪੋਹਲੀ ਆਵਦੀ ਅੰਬੈਸਡਰ ਕਾਰ ਲੈ ਕੇ ਆ ਗਿਆ। ਥਰੀਕਿਆਂ ਤੋਂ ਦੇਵ ਤਾਂ ਲੋਕਲ ਬੱਸ ਚੜ੍ਹ ਕੇ ਆ ਗਿਆ ਪਰ ਮਾਣਕ ਨੇ ਥਰੀਕਿਆਂ ਤੋਂ ਲੁਧਿਆਣੇ ਨੂੰ ਰੇਲਵੇ ਲਾਈਨ ਦੇ ਨਾਲ-ਨਾਲ ਸਾਈਕਲ 'ਤੇ ਆਉਣਾ ਮਿਥ ਲਿਆ। ਉਹ ਕਾਫੀ ਲੇਟ ਪੁੱਜਾ। ਪੁੱਛਣ 'ਤੇ ਮਾਣਕ ਨੇ ਦੱਸਿਆ ਕਿ ਰਸਤੇ ਵਿਚ ਇਕ ਫਾਟਕ 'ਤੇ ਉਹਨੂੰ ਆਵਾਰਾ ਗਊਆਂ ਪੈ ਨਿਕਲੀਆਂ। ਉਹ ਸਾਈਕਲ ਸੁੱਟ ਕੇ ਪੈਦਲ ਵਾਹੋਦਾਹੀ ਭੱਜਿਆ। ਜਦੋਂ ਗਾਵਾਂ ਦਾ ਵੱਗ ਉਥੋਂ ਦੂਰ ਚਲਾ ਗਿਆ ਤਾਂ ਉਸ ਨੇ ਆਪਣਾ ਸਾਈਕਲ ਚੁੱਕਿਆ। ਲਓ ਜੀ, ਅਸੀਂ ਚਾਰੇ ਜਣੇ ਬੱਸ ਅੱਡੇ ਨੇੜੇ ਗੌਣ ਵਾਲਿਆਂ ਦੇ ਚੁਬਾਰਿਆਂ ਕੋਲ ਪੁੱਜੇ। ਜੂਸ ਦੀ ਰੇਹੜੀ ਨੇੜੇ ਹਰਚਰਨ ਗਰੇਵਾਲ ਤੇ ਮੋਗੇ ਵਾਲੇ ਡਾਕਟਰ ਖੜ੍ਹੇ ਜੂਸ ਪੀ ਰਹੇ ਸੀ। ਗਰੇਵਾਲ ਨਾਲ ਮਾਣਕ ਨੇ ਪੰਜ-ਛੇ ਸਾਲ ਸਾਜ਼ਿੰਦੇ ਵਜੋਂ ਬਿਤਾਏ ਸਨ। ਉਹਨੇ ਦੂਰੋਂ ਹੀ ਆਵਾਜ਼ ਮਾਰੀ, "ਉਏ ਮਾਣਕਾ, ਐਧਰ ਆ ਤੈਨੂੰ ਵਧਾਈਆਂ ਦੇਵਾਂ।" ਕੁਲਦੀਪ ਮਾਣਕ ਵੀ ਪੂਰੇ ਮੂਡ ਵਿਚ ਸੀ ਤੇ ਆਵਦੇ ਖੁੱਲ੍ਹੇ-ਡੁੱਲ੍ਹੇ ਸੁਭਾਅ ਮੁਤਾਬਕ ਦੂਰੋਂ ਹੀ ਬੋਲਿਆ, "ਜੇ ਗੋਡਿਆਂ ਨੂੰ ਹੱਥ ਲੁਆਉਣੇ ਆ ਤਾਂ ਦਫਤਰ ਦੇ ਅੰਦਰ ਵੜ ਕੇ ਲੁਆ ਲਾ। ਐਥੇ ਨਹੀਂ ਮੈਂ ਮੱਥਾ ਟੇਕਣਾ। ਹੁਣ ਜਿਹੋ ਜਿਹਾ ਕਲਾਕਾਰ ਤੂੰ ਆਂ, ਉਹੋ ਜਿਹਾ ਈ ਕਲਾਕਾਰ ਮੈਂ ਆਂ।"

ਫਿਲਮਕਾਰ ਵਰਿੰਦਰ ਜਦੋਂ 'ਲੰਬੜਦਾਰਨੀ' ਫਿਲਮ ਬਣਾ ਰਿਹਾ ਸੀ ਤਾਂ ਉਸ ਵਿਚ ਕੁਲਦੀਪ ਮਾਣਕ ਦੇ ਦੋ ਗੀਤ ਪਾਏ। ਇਕ ਤਾਂ ਬੋਲੀਆਂ ਸੀ ਗੁਰਮੀਤ ਬਾਵਾ ਨਾਲ ਤੇ ਦੂਜਾ ਗੀਤ ਸੀ 'ਯਾਰਾਂ ਦਾ ਟਰੱਕ ਬੱਲੀਏ'। ਇਸ ਗੀਤ ਨੇ ਵੀ ਹਿੱਟ ਹੋਣ ਦੀ ਹੱਦ ਮੁਕਾ ਦਿੱਤੀ। ਇੰਗਲੈਂਡ 'ਚ ਵੀ ਧੁੰਮਾਂ ਪੈ ਗਈਆਂ ਸੀ। ਯਾਦ ਰਹੇ ਕਿ ਇਹ ਗੀਤ ਕਿਸੇ ਸਟੂਡੀਓ ਵਿਚ ਰਿਕਾਰਡ ਨਹੀਂ ਸੀ ਹੋਇਆ, ਬਲਕਿ ਫਗਵਾੜੇ ਦੇ ਪੂਨਮ ਹੋਟਲ ਦੇ ਕਮਰੇ ਵਿਚ ਕੰਧਾਂ ਨਾਲ ਰਜਾਈਆਂ ਗਦੈਲੇ ਟੰਗ ਕੇ 'ਨਾਗਰੇ' ਉਤੇ ਹੀ ਵਰਿੰਦਰ ਨੇ ਰਿਕਾਰਡ ਕਰ ਲਿਆ ਸੀ। ਅਲਗੋਜ਼ੇ ਤਾਰਾ ਚੰਦ ਨੇ ਵਜਾਏ ਸੀ। ਉਦੋਂ ਮਾਣਕ ਦੀ ਚੜ੍ਹਤ ਏਨੀ ਸੀ ਕਿ ਬੜੇ ਦਰਸ਼ਕਾਂ ਨੇ ਸਿਰਫ ਮਾਣਕ ਦਾ ਗੀਤ ਸੁਣਨ ਲਈ ਹੀ ਇਸ ਫਿਲਮ ਦੇ ਟਿਕਟ ਖਰੀਦੇ।

'ਬਲਬੀਰੋ ਭਾਬੀ' ਫਿਲਮ ਬਣਾਉਣ ਦੀ ਜਦੋਂ ਯੋਜਨਾ ਬਣੀ ਤਾਂ ਕੁਲਦੀਪ ਮਾਣਕ, ਥਰੀਕਿਆਂ ਵਾਲਾ ਦੇਵ ਤੇ ਗੁਰਚਰਨ ਪੋਹਲੀ ਨੇ 25-25 ਹਜ਼ਾਰ ਰੁਪਏ ਪਾ ਕੇ ਪਿੰਡ ਥਰੀਕੇ ਦੇ ਬੈਂਕ 'ਚ ਨਵਾਂ ਖਾਤਾ ਖੁਲ੍ਹਵਾਇਆ। ਮੈਂ ਉਨ੍ਹਾਂ ਦਾ ਸਾਂਝਾ ਦੋਸਤ ਸੀ ਤੇ ਸਲਾਹਕਾਰ ਵੀ। ਫਿਲਮ ਦੀ ਕਹਾਣੀ, ਸਕਰੀਨ ਪਲੇਅ ਲਿਖਾਉਣ ਲਈ ਅਸੀਂ ਚੰਡੀਗੜ੍ਹ ਦੇ ਭਾਗ ਸਿੰਘ ਨੂੰ ਚੁਣਿਆ। ਮੁੱਢਲੇ ਰੂਪ 'ਚ ਸੁੱਚੇ ਸੂਰਮੇ ਦੇ ਰੋਲ ਲਈ ਰਜ਼ਾ ਮੁਰਾਦ ਦੇ ਨਾਂ ਦੀ ਗੱਲ ਚੱਲੀ। ਇਕ ਦਿਨ ਅਸੀਂ ਚਾਰੇ ਜਣੇ ਲੁਧਿਆਣੇ ਤੋਂ ਚੰਡੀਗੜ੍ਹ ਨੂੰ ਚੱਲ ਪਏ। ਸਾਝਰੇ ਹੀ ਤੁਰੇ। ਮਾਣਕ ਨੇ ਘਰੋਂ ਪਰੌਂਠੇ ਬੰਨ੍ਹਵਾ ਲਏ ਸੀ। ਅਸੀਂ ਖਮਾਣੋਂ ਨੇੜੇ ਢਾਬੇ 'ਤੇ ਪਰੌਂਠੇ ਖਾ ਕੇ ਨਾਸ਼ਤਾ ਕੀਤਾ। ਚਾਹ ਪੀਤੀ। ਪੋਹਲੀ ਨੇ ਮੈਨੂੰ ਬਹਾਨੇ ਜਿਹੇ ਨਾਲ ਪਰ੍ਹਾਂ ਲਿਜਾ ਕੇ ਆਖ ਦਿੱਤਾ, "ਤੂੰ ਮੌਕਾ ਪਾ ਕੇ ਗੱਲ ਚਲਾ ਦੇਈਂ ਤੇ ਕਹਿ ਦੇਈਂ ਕਿ ਘੁੱਕਰ ਦਾ ਰੋਲ ਤਾਂ ਪੋਹਲੀ ਕਰ ਲਊਗਾ...। ਸਫਰ ਵਿਚ ਹੀ ਮੈਂ ਆਖ ਦਿੱਤਾ। ਬਾਅਦ 'ਚ ਦੂਜੇ ਦਿਨ ਮਾਣਕ ਮੈਨੂੰ ਕਹਿਣ ਲੱਗਾ, "ਤੂੰ ਘੁੱਕਰ ਦੇ ਰੋਲ ਲਈ ਪੋਹਲੀ ਦਾ ਨਾਉਂ ਕਿਉਂ ਲਿਆ, ਉਹ ਰੋਲ ਤਾਂ ਮੈਂ ਕਰਨਾ ਸੀ...।" ਬਾਅਦ ਵਿਚ ਘੁੱਕਰ ਦਾ ਰੋਲ ਪੋਹਲੀ ਨੇ ਪੱਕਾ ਕਰ ਲਿਆ ਤੇ ਮਾਣਕ ਲਈ ਵੱਖਰੀ ਤਰ੍ਹਾਂ ਦਾ ਰੋਲ ਕਰੀਏਟ ਕੀਤਾ ਗਿਆ। ਅਗਾਂਹ ਜਾ ਕੇ ਇਸ ਫਿਲਮ ਦੇ ਪ੍ਰੋਡਿਊਸਰਾਂ ਵਿਚ ਚੰਨ ਗੁਰਾਇਆਂ ਵਾਲਾ ਵੀ ਆ ਰਲਿਆ। ਹਾਂ ਸੱਚ, ਜਦੋਂ ਭਾਗ ਸਿੰਘ ਨੂੰ ਕਹਾਣੀ ਲਿਖਣ ਨੂੰ ਕਿਹਾ ਗਿਆ ਤਾਂ ਉਹਨੂੰ ਸੁੱਚੇ ਸੂਰਮੇ ਦੀ ਲੋਕ ਗਾਥਾ ਬਾਰੇ ਬਹੁਤਾ ਗਿਆਨ ਹੀ ਨਹੀਂ ਸੀ। ਉਹਨੂੰ ਕਿੱਸੇ ਭੇਜੇ ਗਏ ਤੇ ਕਹਾਣੀ ਲਿਖਵਾਈ। ਫੇਰ ਸਕਰੀਨ ਪਲੇਅ ਤੇ ਸਕਰਿਪਟ ਲਈ ਜਗਜੀਤ ਚੂਹੜਚੱਕ ਦੀਆਂ ਸੇਵਾਵਾਂ ਲਈਆਂ ਗਈਆਂ। ਰਜ਼ਾ ਮੁਰਾਦ ਤੱਕ ਪਹੁੰਚ ਨਾ ਹੋ ਸਕੀ ਤੇ ਫੇਰ ਸੁਭਾਸ਼ ਉਰਫ ਭਾਸ਼ੀ ਉਰਫ ਵਰਿੰਦਰ ਨੂੰ 'ਸੁੱਚਾ ਸੂਰਮਾ' ਬਣਾਇਆ ਗਿਆ। ਭਾਵਨਾ ਭੱਟ ਤੇ ਅਰਪਨਾ ਚੌਧਰੀ ਵੀ ਛੇਤੀ ਲੱਭ ਨਾ ਸਕੀਆਂ ਤੇ ਫੇਰ ਹੀਰੋਇਨ ਵਜੋਂ ਸੋਮਾ ਆਨੰਦ ਨੂੰ ਚੁਣ ਲਿਆ ਸੀ।

ਦਿਲ ਦਾ ਬਹੁਤ ਸਾਫ ਸੀ ਮਾਣਕ। ਵਿੱਡੋਂ ਬੜਾ ਚੰਗਾ ਸੀ। ਜੋ ਚਿੱਤ 'ਚ ਆਉਂਦਾ ਸੀ, ਮੂੰਹ 'ਤੇ ਈ ਆਖ ਦਿੰਦਾ ਸੀ। ਉਹਦੇ ਇੰਜ ਮੂੰਹ-ਫਟ ਕਹਿ ਲਓ ਜਾਂ ਖੁੱਲ੍ਹੇ-ਡੁੱਲ੍ਹੇ ਆਖ ਲਓ ਜਾਂ ਮਲਵਈ ਸੁਭਾਅ ਕਾਰਨ ਕਈ ਵਾਰ ਸੱਜਣ-ਮਿੱਤਰ ਬੁਰਾ ਮੰਨ ਜਾਂਦੇ ਸੀ ਪਰ ਸਭ ਨੂੰ ਇਹ ਜ਼ਰੂਰ ਅਹਿਸਾਸ ਸੀ ਕਿ ਉਹ ਮੂੰਹ ਦਾ ਭਾਵੇਂ ਥੋੜ੍ਹਾ ਕੌੜਾ ਸੀ ਪਰ ਦਿਲੋਂ ਚੰਗਾ ਬੰਦਾ ਸੀ। ਮਾਣਕ ਥੋੜ੍ਹਾ ਜਿਹਾ ਅੜਬ ਵੀ ਸੀ। ਉਹਨੂੰ ਲੱਲੋ-ਪੱਪੋ ਕਰਨੀ ਨਹੀਂ ਸੀ ਆਉਂਦੀ। ਹਿੰਦੀ ਫਿਲਮਾਂ ਦੇ ਪੁਰਾਣੇ ਐਕਟਰ ਰਾਜ ਕੁਮਾਰ ਵਾਂਗ ਕੁਲਦੀਪ ਮਾਣਕ ਆਪਣੇ ਆਪ ਨੂੰ ਮਹਾਨ ਸਮਝਦਾ ਸੀ ਤੇ ਸੱਚੀ ਗੱਲ ਇਹ ਕਿ ਉਹ ਸੱਚਮੁੱਚ ਮਹਾਨ ਸੀ ਵੀ। ਮਾਣਕ ਇਕੋ-ਇਕ ਪੰਜਾਬੀ ਗਾਇਕ ਸੀ ਜੋ ਮੇਲਿਆਂ ਦੇ ਭਰਵੇਂ ਇਕੱਠ 'ਚ ਮਿੰਨਤ ਤਰਲੇ ਨਾਲ ਲੋਕਾਂ ਨੂੰ ਤਾੜੀ ਮਾਰਨ ਨੂੰ ਨਹੀਂ ਸੀ ਕਹਿੰਦਾ। ਰੋਅਬ ਨਾਲ ਹੀ ਤਾੜੀ ਮਰਵਾ ਲੈਂਦਾ ਸੀ। ਉਹਨੇ ਕਹਿਣਾ, "ਅਗਲਾ ਗੀਤ ਤਾਂ ਗਾਊਂਗਾ ਜੇ ਤਾੜੀ ਮਾਰੋਗੇ। ਮਾਰੋ ਓਏ ਤਾੜੀ, ਨਹੀਂ ਤਾਂ ਮੈਂ ਨੀ ਗੌਣਾ।" ਤੇ ਲੋਕ ਜ਼ੋਰ-ਜ਼ੋਰ ਦੀ ਤਾੜੀਆਂ ਮਾਰ ਦਿੰਦੇ ਸੀ। ਗੀਤ ਗੌਣ ਦੇ ਨਾਲ-ਨਾਲ ਉਹ ਸਟੇਜ 'ਤੇ ਟੋਟਕੇ ਵੀ ਬਥੇਰੇ ਛੱਡਦਾ ਸੀ। ਜੇ ਕਿਸੇ ਸਰੋਤੇ ਨੇ 'ਕੂਕ' ਮਾਰ ਦੇਣੀ ਤਾਂ ਅੱਗਿਓਂ ਮਾਣਕ ਨੇ ਆਖ ਦੇਣਾ, "ਆਹ ਦੇਖਿਓ ਲੋਕੋ ਉਠ ਕੇ, ਇਹਦੀ ਪੂਛ 'ਤੇ ਕੀਹਨੇ ਪੈਰ ਧਰਿਆ।" ਵਿਦੇਸ਼ ਦੌਰੇ ਦੌਰਾਨ ਵੈਨਕੂਵਰ ਦੇ ਇਕ ਹੋਟਲ 'ਚ ਅਸੀਂ ਕਈ ਜਣੇ



ਮਨਿੰਦਰ ਗਿੱਲ, ਬਿੰਦਰੱਖੀਆ, ਫਕੀਰ ਚੰਦ ਪਤੰਗਾ ਤੇ ਯੁੱਧਵੀਰ ਇਕੋ ਕਮਰੇ ਵਿਚ ਮਾਣਕ ਦੀ ਰਜ਼ਾਈ 'ਚ ਇਕੱਠੇ ਬਹਿ ਕੇ ਗੱਲਾਂ ਮਾਰ ਰਹੇ ਸੀ। ਅਚਾਨਕ ਬੂਹਾ ਖੁੱਲ੍ਹਿਆ। ਤਿੰਨ-ਚਾਰ ਨੌਜਵਾਨ ਬਣੇ ਫੱਬੇ ਅੰਦਰ ਆਏ। ਅਜੇ ਅੰਦਰ ਦਾਖਲ ਹੋਏ ਹੀ ਸੀ, "ਹਾਂ ਬਈ, ਕਿਵੇਂ ਆਏ ਓਂ?" ਉਹ ਇਕੋ ਸਾਹੇ ਬੋਲੇ, "ਜੀ ਮਾਣਕ ਸਾਹਿਬ ਦੇ ਦਰਸ਼ਨ ਕਰਨ ਆਏ ਆਂ।" ਮਾਣਕ ਨੇ ਰਜ਼ਾਈ 'ਚੋਂ ਜ਼ਰਾ ਕੁ ਸਿਰ ਬਾਹਰ ਕੱਢਿਆ, "ਮੈਂ ਈ ਆਂ ਮਾਣਕ, ਕਰ ਲੈ ਦਰਸ਼ਨ?" ਉਹ ਬੋਲੇ, "ਹਾਂ ਜੀ, ਸਾਡੇ ਧੰਨਭਾਗ।" ਮਾਣਕ ਫਿਰ ਬੋਲਿਆ, "ਦਰਸ਼ਨ ਕਰ ਲਏ ਤਾਂ ਜਾਓ ਫਿਰ। ਏਥੇ ਖੜ੍ਹੇ ਕੀ ਕਰਦੇ ਓਂ।" ਚਾਰੇ ਨੌਜਵਾਨ ਸਿਰ ਝੁਕਾ ਕੇ ਚਲੇ ਗਏ।

ਜਲੰਧਰ ਦੂਰਦਰਸ਼ਨ ਦੀ ਇਕ ਇੰਟਰਵਿਊ 'ਚ ਐਂਕਰ ਨੇ ਕਿਹਾ, "ਮਾਣਕ ਜੀ, ਉਹ ਗੀਤ ਬੜਾ ਗਲਤ ਜਿਹਾ ਲੱਗਦਾ ਜਦੋਂ ਤੁਹਾਡੀ ਆਵਾਜ਼ 'ਚ ਆਸ਼ਕ ਆਖ ਰਿਹੈ, 'ਕੀਤੇ ਪੈਣਗੇ ਮਰੇਂਗੀ ਸੱਪ ਲੜ ਕੇ, ਮਿੱਤਰਾਂ ਨੂੰ ਦਗਾ ਦੇਣੀਏ'।" ਅੱਗਿਓਂ ਮਾਣਕ ਨੇ ਕਿਆ ਜਵਾਬ ਦਿੱਤਾ, "ਤੁਸੀਂ ਜੀ ਜ਼ਿੰਦਗੀ 'ਚ ਇਸ਼ਕ ਕੀਤਾ ਨਹੀਂ ਹੋਣਾ। ਆਸ਼ਕ ਦੀਆਂ ਗਾਲ੍ਹਾਂ ਤਾਂ ਘਿਓ ਦੀਆਂ ਨਾਲਾਂ ਈ ਹੁੰਦੀਆਂ। ਆਸ਼ਕ ਤਾਂ ਗਾਲ੍ਹਾਂ ਵਿਚ ਵੀ ਅਸੀਸਾਂ ਈ ਦਿੰਦੇ ਹੁੰਦੇ ਆ।" ਜਦੋਂ ਰਣਜੀਤ ਮਣੀ ਹਿੱਟ ਹੋਇਆ ਤਾਂ ਉਹਦੇ ਦਫਤਰ ਅਜੇ ਟੈਲੀਫੋਨ ਨਹੀਂ ਸੀ। ਬਿਲਡਿੰਗ ਇਕੋ ਸੀ। ਮਾਣਕ ਦੇ ਦਫਤਰ ਵਿਚ ਵੀ ਕਈ ਵਾਰ ਮਣੀ ਦੇ ਪ੍ਰੋਗਰਾਮ ਬੁੱਕ ਕਰਨ ਲਈ ਫੋਨ ਆ ਜਾਣਾ। ਇਕ ਵਾਰ ਮਾਣਕ ਖੁਦ ਦਫਤਰ ਵਿਚ ਮੁੱਖ ਸੀਟ 'ਤੇ ਬੈਠਾ ਸੀ। ਫੋਨ ਦੀ ਟਰਨ-ਟਰਨ ਹੋਈ। ਮਾਣਕ ਨੇ ਫੋਨ ਚੁੱਕਿਆ। ਅੱਗੋਂ ਆਵਾਜ਼ ਆਈ, "ਪ੍ਰੋਗਰਾਮ ਬੁੱਕ ਕਰਨਾ ਜੀ, ਮਣੀ ਨਾਲ ਗੱਲ ਕਰਨੀ ਆ।"

"ਕਿਹੜੀ ਮਣੀ। ਇਥੇ ਕੋਈ ਮਣੀ-ਮੁਣੀ ਨਹੀਂ।"

"ਮਣੀ, ਜੀ ਰਣਜੀਤ ਮਣੀ। ਤੁਹਾਡੀ ਉਤਲੀ ਮੰਜ਼ਿਲ 'ਤੇ ਰਹਿੰਦਾ।"

"ਕਿੱਥੇ ਰਹਿੰਦਾ...?" ਮਾਣਕ ਫੇਰ ਬੋਲਿਆ।

"ਤੁਹਾਡੇ ਉਤੇ...ਤੁਹਾਡੇ ਉਤਲੇ ਫਲੋਰ 'ਤੇ...।"

"ਗੱਲ ਸੁਣ ਓਏ, ਮੈਥੋਂ ਉਤੇ ਕੋਈ ਨਹੀਂ। ਮੈਂ ਸਭ ਤੋਂ ਉਤੇ ਆਂ।" ਤੇ ਫੋਨ ਘੜੱਪ ਦੇਣੇ ਰੱਖ ਦਿੱਤਾ। ਕੁਲਦੀਪ ਮਾਣਕ ਦਾ ਹਾਸੇ ਖੇਡੇ ਦਾ ਸੁਭਾਅ ਸੀ। ਕਈ ਵਾਰ ਜੇ ਕੋਈ ਪ੍ਰੋਗਰਾਮ ਬੁੱਕ ਕਰਨ ਲਈ ਆਉਣਾ ਤਾਂ ਅੱਗਿਓਂ ਉਸ ਆਖ ਦੇਣਾ, "ਮੈਂ ਤਾਂ ਪੈਸੇ ਲੈ ਕੇ ਦੋ ਘੰਟੇ ਸੰਘ ਪਾੜ ਆਊਂਗਾ। ਇਸ ਨਾਲੋਂ ਤਾਂ ਤੁਸੀਂ ਸੱਜਰ ਸੂਈ ਮੱਝ ਲੈ ਲੈਂਦੇ। ਸਾਲ ਭਰ ਦੁੱਧ ਪੀਂਦੇ।" ਕਿਸੇ ਗਾਹਕ ਨੂੰ ਇੰਜ ਵੀ ਆਖ ਦਿੱਤਾ, "ਅੱਛਾ ਚੌਵੀ ਤਰੀਕ ਆ। ਚੱਲ ਫੇਰ ਚੌਵੀ ਹਜ਼ਾਰ ਲੱਗੂਗਾ। ਜੇ ਪੁੱਗਦਾ ਤਾਂ ਐਡਵਾਂਸ ਦੇ ਜਾ ਦਫਤਰ 'ਚ ਬਿੱਲੇ ਨੂੰ।"

ਇਕ ਫਿਲਮ ਬਣੀ ਸੀ 'ਜੱਟ ਯੋਧੇ'। ਮੇਰੀ ਤਮੰਨਾ ਸੀ ਕਿ ਕੁਲਦੀਪ ਮਾਣਕ ਅਤੇ ਸੁਰਜੀਤ ਬਿੰਦਰੱਖੀਏ ਦਾ ਸਾਂਝਾ ਗੀਤ ਰਿਕਾਰਡ ਕੀਤਾ ਜਾਵੇ। ਮੇਰੀ ਇੱਛਾ ਨੂੰ ਮਾਣਕ ਨੇ ਹੱਸ ਕੇ ਪ੍ਰਵਾਨ ਕਰ ਲਿਆ। ਚੰਡੀਗੜ੍ਹ ਦੇ ਚੀਮਾ ਸਟੂਡੀਓ 'ਚ ਰਿਕਾਰਡਿੰਗ ਹੋਈ। ਜਦੋਂ ਫਿਲਮ ਦੇ ਪ੍ਰੋਡਿਊਸਰਾਂ ਨੇ ਪੇਮੈਂਟ ਪੁੱਛੀ ਤਾਂ ਮਾਣਕ ਨੇ ਕਿਹਾ, "ਥੋਡੇ ਕਹੇ ਤਾਂ ਮੈਂ ਗਾਉਣਾ ਈ ਨਈਂ ਸੀ। ਮੈਂ ਤਾਂ ਪੁਰਾਣੇ ਯਾਰ ਸੰਧੂ ਦੇ ਕਹਿਣ 'ਤੇ ਗਾਇਆ। ਯਾਰਾਂ ਕੋਲੋਂ ਕਾਹਦੇ ਪੈਸੇ।" ਜ਼ਿੰਦਗੀ ਵਿਚ ਮੈਂ ਚਾਰ ਵਾਰੀ ਕੁਲਦੀਪ ਮਾਣਕ ਨੂੰ ਹਾਕ ਮਾਰੀ ਤੇ ਉਹ ਚਾਰੇ ਵਾਰ ਹੱਸ ਕੇ ਹਾਜ਼ਰ ਹੋਇਆ। ਪਹਿਲੀ ਵਾਰ ਜਦੋਂ ਮੇਰੇ ਘਰ ਮੁੰਡਾ ਹੋਇਆ ਤਾਂ ਮਦਾਰਪੁਰੇ ਉਹਦਾ ਖਾੜਾ ਲਾਇਆ। ਫੇਰ ਜਦੋਂ ਚੰਡੀਗੜ੍ਹ ਮੈਂ ਘਰ ਉਸਾਰਿਆ ਤਾਂ ਉਹ ਗ੍ਰਹਿ ਪ੍ਰਵੇਸ਼ 'ਤੇ ਪੁੱਜਾ। ਫੇਰ ਮੇਰੀ ਧੀ ਸੁਖਮਨੀ ਦੀ ਸ਼ਾਦੀ ਸਮੇਂ ਹਾਜ਼ਰੀ ਭਰੀ ਤੇ ਫੇਰ ਜਦੋਂ ਮੇਰੇ ਬੇਟੇ ਗਗਨਗੀਤ ਦਾ ਵਿਆਹ ਹੋਇਆ ਤਾਂ ਉਹ ਯੁੱਧਵੀਰ ਸਮੇਤ ਪੁੱਜਿਆ।

ਟੋਰਾਂਟੋ ਵਿਚ ਜੋਗਿੰਦਰ ਬਾਸੀ ਦੇ ਟੀ.ਵੀ. ਸਟੂਡੀਓ ਵਿਚ ਮਾਣਕ ਅਤੇ ਬਿੰਦਰੱਖੀਏ ਦੀ ਇਕੱਠੀ ਇੰਟਰਵਿਊ ਫਿਲਮਾਈ ਜਾ ਰਹੀ ਸੀ। ਕੈਮਰਾ ਰੋਕਣਾ ਪਿਆ। ਮਾਣਕ ਦੇ ਕਮੀਜ਼ ਦਾ ਬਟਨ ਖੁੱਲ੍ਹ ਗਿਆ ਤੇ ਕੰਬਦੇ ਹੱਥਾਂ ਕਾਰਨ ਉਸ ਤੋਂ ਬੰਦ ਨਹੀਂ ਸੀ ਹੋ ਰਿਹਾ। ਮੇਰੇ ਕਹਿਣ 'ਤੇ ਬਿੰਦਰੱਖੀਏ ਨੇ ਮਾਣਕ ਦਾ ਬਟਨ ਵੀ ਲਗਾ ਦਿੱਤਾ ਤੇ ਇਕ ਬੂਟ ਦੇ ਖੁੱਲ੍ਹੇ ਤਸਮੇ ਨੂੰ ਵੀ ਕੱਸ ਕੇ ਬੰਨ੍ਹ ਦਿੱਤਾ। ਓਦਣ ਰਾਤ ਨੂੰ ਮਾਣਕ ਖੁਸ਼ੀ ਵਿਚ ਅੱਖਾਂ ਭਰ ਆਇਆ ਤੇ ਮੈਨੂੰ ਜੱਫੀ 'ਚ ਲੈ ਕੇ ਕਹਿਣ ਲੱਗਾ, "ਯਾਰ, ਲੋਕ ਬਿੰਦਰੱਖੀਏ ਬਾਰੇ ਕਈ ਵਾਰ ਕਹਿੰਦੇ ਨੇ, ਉਹਦੇ 'ਚ ਬਹੁਤ ਆਕੜ ਆ ਪਰ ਅੱਜ ਮੇਰੇ ਤਸਮੇ ਬੰਨ੍ਹ ਕੇ ਉਹਨੇ ਮੈਨੂੰ ਪਿਘਲਾ ਈ ਦਿੱਤਾ...।"

ਚੰਡੀਗੜ੍ਹ ਟ੍ਰਿਬਿਊਨ ਕਲੋਨੀ ਵਿਚ ਟ੍ਰਿਬਿਊਨ ਦਾ ਸਥਾਪਨਾ ਦਿਵਸ ਮਨਾਇਆ ਜਾ ਰਿਹਾ ਸੀ। ਕਾਫੀ ਕਲਾਕਾਰ ਆਏ ਹੋਏ ਸਨ। ਮਾਣਕ ਦੀ ਵਾਰੀ ਅਜੇ ਠਹਿਰ ਕੇ ਆਉਣੀ ਸੀ। ਇਕ ਪੁਲਿਸ ਅਫਸਰ ਆਖਣ ਲੱਗਾ, "ਮਾਣਕ ਸਾਹਿਬ ਮੈਂ ਤੁਹਾਡਾ ਬੜਾ ਫੈਨ ਆਂ। ਤੁਸੀਂ ਜਲਦੀ ਗਾ ਦਿਓ।" ਮਾਣਕ ਆਪਣੇ ਅੰਦਾਜ਼ 'ਚ ਬੋਲਿਆ, "ਐਦਾਂ ਨਹੀਂ ਮੈਂ ਗਾਉਂਦਾ ਹੁੰਦਾ। ਜਦੋਂ ਮੂਡ ਬਣੂੰ ਉਦੋਂ ਗਾਊਂ।" ਪੁਲਿਸ ਅਫਸਰ ਕਹਿਣ ਲੱਗਾ, "ਮਾਣਕ ਸਾਹਿਬ ਮੈਂ ਪੰਜਾਬ ਦੇ ਗਵਰਨਰ ਸਾਹਿਬ ਦੀ ਸਕਿਉਰਿਟੀ 'ਚ ਸੀਨੀਅਰ ਅਫਸਰ ਹਾਂ। ਗਵਰਨਰ ਸਾਹਿਬ ਏਥੋਂ ਆਵਦੀ ਹਾਜ਼ਰੀ ਲੁਆ ਕੇ ਚਲੇ ਗਏ ਨੇ। ਮੈਂ ਨਾਲ ਨਹੀਂ ਗਿਆ ਤੇ ਸਸਪੈਂਡ ਹੋ ਸਕਦਾ ਹਾਂ ਇਸ ਗੱਲ 'ਤੇ। ਪਰ ਤੁਹਾਨੂੰ ਸੁਣਨ ਲਈ ਏਥੇ ਖੜ੍ਹਾਂ।" ਮਾਣਕ ਪਿਘਲ ਗਿਆ, "ਚੱਲ ਜੇ ਇਹ ਗੱਲ ਐ ਤਾਂ ਲੈ ਫਿਰ ਹੁਣੇ ਈ ਚੜ੍ਹ ਜਾਨਾਂ ਸਟੇਜ 'ਤੇ।" ਅਗਲੇ ਪਲ ਕਾਹਲੀ 'ਚ ਖਾਲੀ ਪਿਆਲਾ ਮੈਨੂੰ ਫੜਾ ਕੇ ਛਾਲ ਮਾਰ ਕੇ ਸਟੇਜ 'ਤੇ ਜਾ ਚੜ੍ਹਿਆ। ਕਚੀਚੀਆਂ ਵੱਟ-ਵੱਟ ਕੇ ਤੇ ਮਾਈਕ ਤੋਂ ਚਾਰ-ਚਾਰ ਫੁੱਟ ਪਿੱਛੇ ਹਟ-ਹਟ ਕੇ ਉਹਨੇ ਕਲੀਆਂ, ਲੋਕ ਗਾਥਾਵਾਂ ਗਾ ਕੇ ਸਮਾਂ ਬੰਨ੍ਹ ਦਿੱਤਾ।

ਕੁਲਦੀਪ ਮਾਣਕ ਕਦੇ ਪੈਸੇ ਦਾ ਪੁੱਤ ਨਹੀਂ ਬਣਿਆ। ਉਹਨੇ ਕਦੇ ਵੀ ਅੜ-ਅੜ ਕੇ ਫੀਸ ਨਹੀਂ ਲਈ। ਜਿੰਨੇ ਕੁ ਜੋਗਾ ਕੋਈ ਹੁੰਦਾ ਸੀ, ਓਨੇ 'ਚ ਉਹਦਾ ਘਰ ਪੂਰਾ ਕਰ ਦਿੰਦਾ ਸੀ। ਕੱਲ੍ਹ ਪਰਸੋਂ ਕੁਲਦੀਪ ਮਾਣਕ ਦੀਆਂ ਦਿਲਚਸਪ ਤੇ ਖੱਟ-ਮਿੱਠੀਆਂ ਗੱਲਾਂ ਮੈਂ ਮਹਿਫਲਾਂ 'ਚ ਯਾਰਾਂ ਦੋਸਤਾਂ ਨੂੰ ਹੱਸ-ਹੱਸ ਕੇ ਸੁਣਾਉਂਦਾ ਹੁੰਦਾ ਸੀ ਪਰ ਹੁਣ ਓਹੀ ਗੱਲਾਂ ਸੁਣਾਉਂਦਾ ਹਾਂ ਤਾਂ ਗਚ ਭਰ ਆਉਂਦਾ ਹੈ। ਹਾਸੇ ਦੀ ਬਜਾਏ ਹਉਕਾ ਲੈ ਕੇ ਸੁਣਾਉਂਦਾ ਹਾਂ। ਭੈਣ ਸਰਬਜੀਤ, ਬੇਟੇ ਯੁੱਧਵੀਰ ਤੇ ਬੇਟੀ ਸ਼ਕਤੀ ਦੇ ਦੁੱਖਾਂ ਵਿਚ ਲੱਖਾਂ, ਕਰੋੜਾਂ ਲੋਕਾਂ ਨੇ ਦੁੱਖ ਵੰਡਾਇਆ। ਸ਼ਬਾਸ਼ੇ ਸੁਹਿਰਦ ਸ਼ਾਗਿਰਦ ਜੈਜ਼ੀ ਬੈਂਸ ਦੇ ਜਿਸ ਨੇ ਕੁਲਦੀਪ ਮਾਣਕ ਦੇ ਜਿਉਂਦੇ-ਜੀਅ ਵੀ ਅਤੇ ਉਸ ਦੇ ਤੁਰ ਜਾਣ ਤੋਂ ਬਾਅਦ ਵੀ ਦੁੱਖਾਂ ਨੂੰ ਆਪਣੀ ਝੋਲੀ ਵਿਚ ਪਾ ਲਿਆ।

ਐਨਾ ਕੁਝ ਲਿਖ ਕੇ ਵੀ ਲੱਗਦਾ ਹੈ, ਮੈਂ ਮਾਣਕ ਬਾਰੇ ਕੁਝ ਨਹੀਂ ਲਿਖ ਸਕਿਆ। ਉਸ ਮਹਾਨ ਗਾਇਕ ਬਾਰੇ ਲਿਖਣ ਲਈ ਤਾਂ ਸਮੁੰਦਰ ਦੀ ਸਿਆਹੀ ਚਾਹੀਦੀ ਹੈ ਤੇ ਧਰਤੀ ਦਾ ਕਾਗਜ਼ ਸ਼ਾਇਦ!

# ਹਾਅ ਦਾ ਨਾਅਰਾ...

**ਪੰਜਾਬੀ ਗੀਤਕਾਰ ਮੰਚ:** ਕਲੀਆਂ ਨੂੰ ਪੁਨਰਜੀਵਤ ਕਰਕੇ, ਸਦੀਵੀ ਮਕਬੂਲੀਅਤ ਤੱਕ ਲਿਜਾਣ ਵਾਲੇ ਮਾਂ ਬੋਲੀ ਪੰਜਾਬੀ, ਸਭਿਆਚਾਰ ਤੇ ਪੰਜਾਬੀਆਂ ਦੇ ਕੋਹਿਨੂਰ ਹੀਰੇ ਤੋਂ ਵੀ ਕੀਮਤੀ ਮਾਣਕ, ਕੁਲਦੀਪ ਮਾਣਕ ਅਧਵਾਟਿਓਂ ਹੀ ਆਪਣੇ ਪਰਿਵਾਰ, ਦੋਸਤਾਂ, ਲੱਖਾਂ ਚਹੇਤਿਆਂ ਨੂੰ ਸੋਗ ਸਾਗਰ 'ਚ ਗੋਤਾ ਦੇ ਕੇ ਕਦੇ ਵੀ ਵਾਪਸ ਨਾ ਆਉਣ ਲਈ ਇਸ ਦੁਨੀਆਂ ਤੋਂ ਰੁਖਸਤ ਹੋ ਗਏ ਹਨ। ਪੰਜਾਬੀ ਗੀਤਕਾਰ ਮੰਚ ਇਸ ਗ਼ਮ 'ਚ ਸ਼ਰੀਕ ਹੁੰਦਾ ਹੋਇਆ ਆਪਣਾ ਝੰਡਾ ਝੁਕਾਉਂਦਾ ਹੈ। ਆਪਣੇ ਸੋਗ ਸੁਨੇਹੇ ਵਿਚ ਮੰਚ ਦੇ ਪ੍ਰਧਾਨ ਮੱਖਣ ਲੁਹਾਰ ਅਤੇ ਜਨਰਲ ਸਕੱਤਰ ਬਿੱਕਰ ਕੰਮੇਆਣਾ ਨੇ ਕਿਹਾ ਕਿ ਪੰਜਾਬੀ ਸੰਗੀਤ ਜਗਤ ਲਈ ਇਹ ਅਸਹਿ ਸਦਮਾ ਹੈ। ਵਿਤ ਸਕੱਤਰ ਕੁਲਜੀਤ ਮਾਨ, ਸਕੱਤਰ ਰਾਜ ਕੁਮਰ ਸੂਦ, ਜੈਸੀ ਬੰਗਾ, ਪਲਵਿੰਦਰ ਮਾਹੀ, ਤਾਰਾ ਸਾਗਰ, ਸਲਾਹਕਾਰ ਬੋਰਡ 'ਚੋਂ ਕੁਲਦੀਪ ਧਾਲੀਵਾਲ, ਗੁਲਿੰਦਰ ਸਿੰਘ, ਅਜੀਤ ਸਿੰਘ ਗਿੱਲ, ਗੁਰਬਚਨ ਚੋਪੜਾ, ਅਨੂਪ ਸਿੰਘ, ਚੀਮਾ, ਪ੍ਰੀਤਮ ਚੰਦ, ਸੁਰਜੀਤ ਸੰਧੂ, ਹਰਦੀਪ ਦੋਆਬੀਆ, ਜਤਿੰਦਰ ਦੱਤ, ਪੀਟਰ ਦੋਸਾਂਝ, ਬਲਵਿੰਦਰ ਪੁਰੇਵਾਲ, ਜੀਵਨ ਰੱਤੂ, ਸੇਵਕ ਦਾਸ, ਰਮੇਸ਼ ਬੰਗੜ, ਭੁਪਿੰਦਰ ਮੱਲੀ, ਗੁਰਮੁਖ ਸਿੰਘ ਤੇ ਰੇਸ਼ਮ ਦਾਸ ਆਦਿ ਨੇ ਮੰਚ ਦੀ ਤਰਫੋਂ ਦੁੱਖ ਪ੍ਰਗਟਾਇਆ।

**ਪੰਜਾਬ ਲੋਕ ਰੰਗ:** ਦਸਮੇਸ਼ ਪਿਤਾ ਕਲਗੀਧਰ ਤੋਂ ਥਾਪੜਾ ਲੈ ਕੇ ਮਾਂ ਹੁੰਦੀ ਏ ਮਾਂ, ਸਰਬਣ ਪੁੱਤਰਾ ਗਾਉਣ ਵਾਲਾ ਪੰਜਾਬੀ ਸੰਗੀਤ ਸੰਸਾਰ ਦਾ ਸਰਬਣ ਪੁੱਤਰ ਕੁਲਦੀਪ ਮਾਣਕ ਦਾ ਚਲਾਣਾ ਸਚਮੁੱਚ ਕਦੇ ਨਾ ਪੂਰਾ ਹੋਣ ਵਾਲਾ ਘਾਟਾ ਹੈ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਕਰਦਿਆਂ ਪੰਜਾਬ ਲੋਕ ਰੰਗ ਦੇ ਨਿਰਦੇਸ਼ਕ ਸੁਰਿੰਦਰ ਧਨੋਆ ਨੇ ਆਪਣੀ ਸਾਰੀ ਟੀਮ ਵਲੋਂ ਮਾਣਕ ਪਰਿਵਾਰ ਨਾਲ ਹਮਦਰਦੀ ਦਾ ਹਉਕਾ ਭਰਿਆ ਹੈ। ਦਿਲਾਵਰ ਚਹਿਲ, ਹਰਕੇਸ਼ ਕਹਿਲ, ਪ੍ਰੋ. ਜਸਪਾਲ ਸੈਣੀ, ਜਸਵਿੰਦਰ ਧਨੋਆ ਅਤੇ ਬਲਜੀਵਨ ਧਾਲੀਵਾਲ ਨੇ ਵੀ ਦੁੱਖ ਜ਼ਾਹਰ ਕੀਤਾ।

**ਪੰਜਾਬੀ ਸਾਹਿਤ ਸਭਾ, ਬੇ ਏਰੀਆ:** ਪੰਜਾਬੀ ਸਾਹਿਤ ਸਭਾ, ਬੇ-ਏਰੀਆ ਵੱਲੋਂ ਇਸ ਦੇ ਪ੍ਰਧਾਨ ਕੁਲਦੀਪ ਸਿੰਘ ਢੀਂਡਸਾ ਨੇ ਆਪਣੇ ਗ੍ਰਹਿ 'ਤੇ ਸੋਗ ਸਭਾ ਵਿਚ ਯੁੱਗ ਗਾਇਕ ਕੁਲਦੀਪ ਮਾਣਕ ਨੂੰ ਸ਼ਰਧਾਂਜਲੀ ਭੇਟ ਕਰਦਿਆਂ ਕਿਹਾ ਕਿ ਸਾਹਿਤ, ਸੰਗੀਤ ਤੇ ਸਭਿਆਚਾਰ ਨੂੰ ਮਾਣਕ ਦੀ ਦੇਣ ਤੋਂ ਕਦੇ ਵੀ ਸਿਰ ਨਹੀਂ ਫੇਰਿਆ ਜਾ ਸਕਦਾ। ਇਸ ਮੌਕੇ 'ਤੇ ਹੋਰਨਾਂ ਤੋਂ ਸਿਵਾ ਜਨਰਲ ਸਕੱਤਰ ਨੀਲਮ ਸੈਣੀ, ਸਾਬਕਾ ਪ੍ਰਧਾਨ ਤਾਰਾ ਸਿੰਘ ਸਾਗਰ, ਮਾਸਟਰ ਰੈਂਕੋ, ਪਰਮਿੰਦਰ ਪ੍ਰਵਾਨਾ ਹਾਜ਼ਰ ਸਨ।

**ਗਾਖ਼ਲ ਭਰਾ:** ਏ. ਐਂਡ ਆਈ. ਟਰੱਕਿੰਗ, ਗੋਲਡ ਜਿਮ ਇੰਡੀਆ ਤੇ ਗਿਲਰਾਇ ਦੇ ਗਾਖਲ ਭਰਾਵਾਂ ਵਲੋਂ ਕੁਲਦੀਪ ਮਾਣਕ ਦੇ ਪਰਿਵਾਰ ਨੂੰ ਮਾਲੀ ਮਦਦ ਦੇਣ ਦੇ ਨਾਲ-ਨਾਲ ਦੁੱਖ ਦੇ ਇਸ ਵਕਤ 'ਤੇ ਭਵਿੱਖ ਵਿਚ ਵੀ ਮਾਣਕ ਦੇ ਬੱਚਿਆਂ ਨਾਲ ਖੜ੍ਹਨ ਦੀ ਗੱਲ ਕਹੀ ਹੈ। ਅਮੋਲਕ ਸਿੰਘ ਗਾਖਲ, ਉਨ੍ਹਾਂ ਦੇ ਭਰਾਵਾਂ ਪਲਵਿੰਦਰ ਸਿੰਘ ਗਾਖਲ, ਇਕਬਾਲ ਸਿੰਘ ਗਾਖਲ ਅਤੇ ਪੁੱਤਰ ਗੁਰਵਿੰਦਰ ਸਿੰਘ ਗਾਖਲ ਨੇ ਕਿਹਾ ਕਿ ਹਰ ਪੰਜਾਬੀ ਨੂੰ ਇਸ ਵੇਲੇ ਮਾਣਕ ਦੇ ਦੁਖੀ ਪਰਿਵਾਰ ਨਾਲ ਦੁੱਖ 'ਚ ਹੁੰਗਾਰਾ ਭਰਨਾ ਚਾਹੀਦਾ ਹੈ।

**ਰੇਡੀਓ ਚੜ੍ਹਦੀ ਕਲਾ:** ਫਰੀਮਾਂਟ ਤੋਂ ਚੱਲਦੇ ਪਰ ਦੁਨੀਆਂ ਭਰ ਵਿਚ ਸੁਣੇ ਤੇ ਸਲਾਹੇ ਜਾਂਦੇ ਰੇਡੀਓ ਚੜ੍ਹਦੀ ਕਲਾ ਦੇ ਸੰਚਾਲਕ ਗੁਰਚਰਨ ਸਿੰਘ ਮਾਨ ਅਤੇ ਲਖਵੀਰ ਸਿੰਘ ਨੇ ਕਿਹਾ ਕਿ ਕੁਲਦੀਪ ਮਾਣਕ ਨੇ ਜੋ ਕੁਝ ਸੰਗੀਤ ਜਗਤ ਤੇ ਪੰਜਾਬ ਨੂੰ ਦਿੱਤਾ ਹੈ, ਉਹਦਾ ਕੋਈ ਮੁੱਲ ਹੀ ਨਹੀਂ ਹੈ। ਰੇਡੀਓ ਚੜ੍ਹਦੀ ਕਲਾ ਹਮੇਸ਼ਾਂ ਭਵਿੱਖ 'ਚ ਵੀ ਬਣਦਾ ਯੋਗਦਾਨ ਪਾਉਂਦਾ ਰਹੇਗਾ।

**ਹੋਕਾ ਐਂਟਰਟੇਨਮੈਂਟ:** ਉਘੇ ਫਿਲਮ ਕਲਾਕਾਰ, ਪੰਜਾਬੀ ਥੀਏਟਰ ਨਾਲ ਲੰਬੇ ਸਮੇਂ ਤੋਂ ਜੁੜੇ ਰਹੇ ਨਿਰਦੇਸ਼ਕ ਅਸ਼ੋਕ ਟਾਂਗਰੀ ਨੇ ਕਿਹਾ ਕਿ ਮਾਣਕ ਵਰਗੀ ਆਵਾਜ਼ ਸ਼ਾਇਦ ਹੀ ਕਦੇ ਪੰਜਾਬੀਆਂ ਦੇ ਨਸੀਬ ਹੋਵੇ, ਪਰ ਉਹ ਆਪਣੇ ਗੀਤਾਂ, ਲੋਕ ਗਾਥਾਵਾਂ, ਕਲੀਆਂ ਕਰਕੇ ਪੰਜਾਬੀਆਂ ਦੇ ਦਿਲਾਂ 'ਚ ਵਸਦਾ ਰਹੇਗਾ। ਸੰਗੀਤਕਾਰ ਪਰਮਿੰਦਰ ਗੁਰੀ, ਜਸਵੀਰ ਗਿੱਲ ਤੇ ਲਾਲੀ ਧਨੋਆ ਨੇ ਵੀ ਅਫਸੋਸ ਜ਼ਾਹਿਰ ਕੀਤਾ ਹੈ।

-ਐਸ. ਅਸ਼ੋਕ ਭੌਰਾ

# ਅਪੰਗਤਾ ਨੂੰ ਮਖੌਲ ਕਰਨ ਵਾਲਾ ਵਿਗਿਆਨੀ ਸਟੀਫਨ ਹਾਕਿੰਗ

*ਇੰਗਲੈਂਡ ਦੇ ਭੌਤਿਕ ਵਿਗਿਆਨੀ ਡਾ. ਸਟੀਫਨ ਹਾਕਿੰਗ ਨੂੰ 21 ਸਾਲ ਦੀ ਉਮਰ ਵਿਚ ਹੀ ਅਜਿਹੀ ਬਿਮਾਰੀ ਹੋ ਗਈ ਸੀ ਜਿਸ ਨੂੰ ਅਮਾਇਓਟਰੌਫਿਕ ਲੇਟਰਲ ਸਕਲਰੋਸਿਸ (ਏ ਐਲ ਐਸ) ਜਾਂ ਮੋਟਰ ਨਿਓਰੋਨ ਡਿਜ਼ੀਜ਼ ਕਿਹਾ ਜਾਂਦਾ ਹੈ। ਇਸ ਰੋਗ ਨੂੰ ਲੂ ਗੈਰਿਗ ਡਿਜ਼ੀਜ਼ ਕਰਕੇ ਵੀ ਜਾਣਿਆ ਜਾਂਦਾ ਹੈ। ਲੂ ਗੈਰਿਗ ਨਿਊ ਯਾਰਕ ਦੀ ਬੇਸਬਾਲ ਟੀਮ ਨਿਊ ਯਾਰਕ ਯੈਂਕੀਜ਼ ਦਾ ਖਿਡਾਰੀ ਸੀ ਜਿਸ ਨੂੰ ਇਹ ਰੋਗ 1935 ਵਿਚ ਹੋਇਆ ਅਤੇ 5 ਕੁ ਸਾਲ ਵਿਚ ਇਸ ਸੰਸਾਰ ਤੋਂ ਉਹ ਤੁਰਦਾ ਹੋਇਆ। ਇਸ ਸਮੇਂ ਦੁਨੀਆਂ ਵਿਚ ਇਸ ਰੋਗ ਦੇ ਕੋਈ ਸਾਢੇ ਤਿੰਨ ਲੱਖ ਮਰੀਜ ਹਨ।*

*ਇਸ ਰੋਗ ਦਾ ਅਜੇ ਤੱਕ ਦੁਨੀਆਂ ਵਿਚ ਕੋਈ ਇਲਾਜ ਨਹੀਂ ਲੱਭਿਆ ਜਾ ਸਕਿਆ। ਆਮ ਤੌਰ 'ਤੇ ਇਸ ਦਾ ਰੋਗੀ ਇਕ ਤੋਂ ਪੰਜ ਸਾਲ ਵਿਚ ਹੀ ਖਤਮ ਹੋ ਜਾਂਦਾ ਹੈ ਪਰ ਡਾ. ਹਾਕਿੰਗ ਨੇ ਇਸ ਰੋਗ ਦੀਆਂ ਪਹਿਲੀਆਂ ਅਲਾਮਤਾਂ ਸੰਨ 1964 ਵਿਚ ਸਾਹਮਣੇ ਆਉਣ ਤੋਂ ਲੈ ਕੇ ਚੰਗੀ ਜ਼ਿੰਦਗੀ ਹੀ ਬਤੀਤ ਨਹੀਂ ਕੀਤੀ ਸਗੋਂ ਅਪੰਗਤਾ ਨੂੰ ਮਖੌਲ ਕੀਤਾ ਹੈ। ਅੱਜ ਉਸ ਦਾ ਨਾਂ ਦੁਨੀਆਂ ਦੇ ਨਾਮੀ ਵਿਗਿਆਨੀਆਂ ਵਿਚ ਬੋਲਦਾ ਹੈ। 1960 ਵਿਚ ਉਸ ਨੇ ਸਰ ਰੋਜਰ ਪੈਨਰੋਜ਼ ਨਾਲ ਮਿਲ ਕੇ ਬਲੈਕ ਹੋਲ (ਕਾਲੇ ਮਘੋਰਿਆਂ) ਦੇ ਰਹੱਸ ਨੂੰ ਗਣਿਤਕ ਫਾਰਮੂਲਿਆਂ ਰਾਹੀਂ ਹੱਲ ਕਰਨ ਦਾ ਯਤਨ ਕੀਤਾ। 1973 ਵਿਚ ਉਸ ਨੇ ਆਈਨਸਟਾਈਨ ਦੇ ਸਾਪੇਖਿਅਕਤਾ (ਰਿਲੇਟਿਵਿਟੀ) ਦੇ ਸਿਧਾਂਤ ਨੂੰ ਕੁਆਂਟਮ ਮਕੈਨਿਜ਼ਮ ਵਿਚ ਲਾਗੂ ਕਰਨ ਦੀ ਕੋਸ਼ਿਸ਼ ਕੀਤੀ। ਉਸ ਨੇ ਸਿੱਧ ਕੀਤਾ ਕਿ ਬਲੈਕ ਹੋਲ ਪੂਰੀ ਤਰ੍ਹਾਂ ਕਾਲੇ ਨਹੀਂ ਹਨ ਸਗੋਂ ਇਨ੍ਹਾਂ ਵਿਚੋਂ ਵੀ ਤਾਪ ਕਿਰਨਾਂ ਲੀਕ ਹੋ ਸਕਦੀਆਂ ਹਨ, ਆਖਰਕਾਰ ਇਹ ਵੀ ਖ਼ਤਮ ਹੋ ਜਾਂਦੇ ਹਨ। 1988 ਵਿਚ ਸਾਧਾਰਨ ਜਨਤਾ ਨੂੰ ਬ੍ਰਹਿਮੰਡ ਬਾਰੇ ਸਮਝਾਉਣ ਲਈ ਉਸ ਨੇ ਕਿਤਾਬ ਲਿਖੀ ਜਿਸ ਦਾ ਨਾਂ 'ਸਮੇਂ ਦਾ ਸੰਖੇਪ ਇਤਿਹਾਸ' ਸੀ। ਇਸ ਕਿਤਾਬ ਦੀਆਂ ਇਕ ਕਰੋੜ ਤੋਂ ਵੱਧ ਕਾਪੀਆਂ ਵਿਕ ਚੁੱਕੀਆਂ ਹਨ। ਦੋ ਸਾਲ ਇਹ ਦੁਨੀਆਂ ਦੀ ਸਭ ਤੋਂ ਵੱਧ ਵਿਕਣ ਵਾਲੀ ਕਿਤਾਬ ਰਹੀ।*

*69 ਸਾਲਾਂ ਦੀ ਉਮਰ ਵਿਚ ਅੱਜ ਉਹ ਆਪਣੇ ਵਾਲੀ ਬਿਮਾਰੀ ਨਾਲ ਜਿਉਂਦੇ ਰਹਿਣ ਵਾਲੇ ਵਿਅਕਤੀਆਂ ਵਿਚੋਂ ਸਭ ਤੋਂ ਲੰਬੀ ਉਮਰ ਦਾ ਅਤੇ ਸਭ ਤੋਂ ਵੱਧ ਪ੍ਰੇਰਣਾਦਾਇਕ ਹੈ। ਸਰੀਰ ਦੇ ਸਭ ਪੱਠੇ ਯਾਨਿ ਮਸਲ ਖਤਮ ਹੋ ਜਾਣ ਕਰ ਕੇ ਸਰੀਰਕ ਤੌਰ 'ਤੇ ਉਹ ਪੂਰੀ ਤਰ੍ਹਾਂ ਨਕਾਰਾ ਹੈ। ਆਪਣੀ ਵ੍ਹੀਲ ਚੇਅਰ 'ਤੇ ਲੱਗੇ ਆਪਣੇ ਕੰਪਿਊਟਰ ਦੀ ਸਹਾਇਤਾ ਨਾਲ ਹੀ ਹੁਣ ਉਹ ਬੋਲ ਸਕਦਾ ਹੈ। ਕੰਪਿਊਟਰ ਸਕਰੀਨ 'ਤੇ ਆਪਣੀਆਂ ਅੱਖਾਂ ਦੇ ਡੇਲਿਆਂ ਨਾਲ ਉਹ ਇਸ਼ਾਰਾ ਕਰਦਾ ਹੈ ਅਤੇ ਕੰਪਿਊਟਰ ਇਸ ਨੂੰ ਗਿਣੇ-ਮਿਥੇ ਸ਼ਬਦਾਂ ਵਿਚ ਤਬਦੀਲ ਕਰਦਾ ਹੈ। ਇਹ ਇਕ ਥਕਾ ਦੇਣ ਵਾਲਾ ਅਮਲ ਹੈ ਪਰ ਇਹੋ ਇਕ ਰਾਹ ਹੈ ਜਿਸ ਰਾਹੀਂ ਉਹ ਦੁਨੀਆਂ ਨਾਲ ਜੁੜਿਆ ਹੋਇਆ ਹੈ ਅਤੇ ਕੈਂਬ੍ਰਿਜ ਯੂਨੀਵਰਸਿਟੀ ਦੇ ਥਿਓਰੈਟੀਕਲ ਕਾਸਮੋਲੋਜੀ ਸੈਂਟਰ ਵਿਚ ਖੋਜ ਵਿਦਿਆਰਥੀਆਂ ਦੀ ਅਗਵਾਈ ਕਰਦਾ ਹੈ। ਇਸ ਸਾਲ ਦੇ ਸ਼ੁਰੂ ਵਿਚ ਡਾ. ਹਾਕਿੰਗ ਆਪਣੇ ਇਕ ਦੋਸਤ ਦੇ ਸੱਦੇ ਉਤੇ ਐਰੀਜ਼ੋਨਾ ਸਟੇਟ ਯੂਨੀਵਰਸਿਟੀ ਵਿਚ ਬ੍ਰਹਿਮੰਡ ਵਿਗਿਆਨ ਬਾਰੇ ਲੈਕਚਰ ਦੇਣ ਲਈ ਆਇਆ। ਉਸ ਦਾ ਇਹ ਲੈਕਚਰ ਕਾਫੀ ਦਿਲਚਸਪ ਰਿਹਾ ਅਤੇ ਸਰੋਤਿਆਂ ਨੂੰ ਉਸ ਹਸਾਇਆ ਵੀ। ਇਸ ਲੈਕਚਰ ਦੀ ਅਗਲੀ ਸ਼ਾਮ ਡਾ. ਹਾਕਿੰਗ ਨੇ ਨਿਊ ਯਾਰਕ ਟਾਈਮਜ਼ ਅਖਬਾਰ ਦੀ ਰਿਪੋਰਟਰ ਕਲਾਡੀਆ ਡਰਾਈਫਸ ਨੂੰ ਇਹ ਇੰਟਰਵਿਊ ਦਿੱਤੀ।*

*ਲੂਸੀ ਹਾਕਿੰਗ ਉਸ ਦੀ 40 ਸਾਲਾ ਧੀ ਹੈ। ਪੱਤਰਕਾਰ ਨੇ ਉਸ ਨੂੰ ਦਸ ਸੁਆਲ ਭੇਜੇ। ਉਸ ਦਾ ਖਿਆਲ ਸੀ ਕਿ ਹਾਕਿੰਗ ਦੀ ਸਿਹਤ ਕਰਕੇ ਸਿੱਧੇ ਸੁਆਲ ਕਰਨਾ ਤੇ ਉਨ੍ਹਾਂ ਦਾ ਜੁਆਬ ਦੇਣਾ ਮੁਸ਼ਕਿਲ ਹੋਵੇਗਾ, ਇਸੇ ਲਈ ਉਸ ਨੇ ਇਹ ਸੁਆਲ ਇੰਟਰਵਿਊ ਤੋਂ ਇਕ ਹਫਤਾ ਪਹਿਲਾਂ ਲੂਸੀ ਨੂੰ ਭੇਜੇ। ਲੂਸੀ ਨੇ ਇਹ ਸੁਆਲ ਆਪਣੇ ਪਿਤਾ ਨੂੰ ਪੜ੍ਹ ਕੇ ਸੁਣਾਏ ਅਤੇ ਆਪਣੀਆਂ ਸਾਰੀਆਂ ਸਰੀਰਕ ਮੁਸ਼ਕਿਲਾਂ ਦੇ ਬਾਵਜੂਦ ਹਾਕਿੰਗ ਨੇ ਉਨ੍ਹਾਂ ਦਾ ਜੁਆਬ ਈ-ਮੇਲ ਰਾਹੀਂ ਦੇਣ ਦੀ ਥਾਂ ਆਪ ਦੇਣਾ ਸਹੀ ਜਾਤਾ।*

*ਮੈਂ ਖੁਦ ਇਸ ਰੋਗ ਦਾ ਮਰੀਜ਼ ਹਾਂ। ਮੇਰੇ ਰੋਗ ਦੇ ਪਹਿਲੇ ਲੱਛਣ ਅਜ ਤੋਂ ਕੋਈ 37 ਸਾਲ ਪਹਿਲਾਂ ਪ੍ਰਗਟ ਹੋਏ ਜੋ ਲਗਾਤਾਰ ਗੰਭੀਰ ਹੁੰਦੇ ਗਏ। ਡਾ. ਸਟੀਫਨ ਮੇਰਾ ਰੋਲ ਮਾਡਲ ਅਤੇ ਪ੍ਰੇਰਣਾ ਸ੍ਰੋਤ ਹੈ। ਮੇਰੀ ਸਮਝ ਵਿਚ ਇਸ ਜਾਂ ਕਿਸੇ ਵੀ ਰੋਗ ਦਾ ਟਾਕਰਾ ਕਰਨ ਲਈ ਗੁਰੂ ਆਸਰਾ ਤੱਕ ਕੇ ਚੜ੍ਹਦੀ ਕਲਾ ਵਿਚ ਰਹਿਣਾ ਸਭ ਤੋਂ ਵੱਡੀ ਗੱਲ ਹੈ। ਇਥੇ ਅਸੀਂ ਇਸ ਇੰਟਰਵਿਊ ਦੇ ਮੁਖ ਅੰਸ਼ ਅਖਬਾਰ ਨਿਊ ਯਾਰਕ ਟਾਈਮਜ਼ ਦੇ ਧੰਨਵਾਦ ਸਹਿਤ ਛਾਪ ਰਹੇ ਹਾਂ।-ਸੰਪਾਦਕ*

## ਸਫਰ ਜ਼ਿੰਦਗੀ ਦਾ

**ਸਵਾਲ: ਡਾ. ਹਾਕਿੰਗ, ਤੁਹਾਡਾ ਧੰਨਵਾਦ, ਤੁਸੀਂ ਸਾਡੇ ਲਈ ਸਮਾਂ ਕੱਢਿਆ। ਤੁਸੀਂ ਆਪਣਾ ਸਮਾਂ ਕਿਵੇਂ ਬਤੀਤ ਕਰਦੇ ਹੋ?**

**ਜੁਆਬ:** ਮੈਂ ਸਵੇਰੇ ਸਦੇਹਾਂ ਉਠਦਾ ਹਾਂ ਅਤੇ ਆਪਣੇ ਦਫਤਰ ਜਾਂਦਾ ਹਾਂ। ਉਥੇ ਮੈਂ ਆਪਣੇ ਸਾਥੀਆਂ ਅਤੇ ਕੈਂਬਰਿਜ ਯੂਨੀਵਰਸਿਟੀ ਦੇ ਵਿਦਿਆਰਥੀਆਂ ਨਾਲ ਕੰਮ ਕਰਦਾ ਹਾਂ। ਈਮੇਲ ਰਾਹੀਂ ਮੈਂ ਪੂਰੀ ਦੁਨੀਆਂ ਦੇ ਵਿਗਿਆਨੀਆਂ ਨਾਲ ਸੰਪਰਕ ਕਰਦਾ ਹਾਂ। ਬੇਸ਼ੱਕ, ਮੇਰੀ ਸਰੀਰਕ ਮੁਸ਼ਕਿਲ ਕਰਕੇ ਮੈਨੂੰ ਸਹਿਯੋਗੀ ਦੀ ਲੋੜ ਹੁੰਦੀ ਹੈ ਪਰ ਮੈਂ ਆਪਣੀਆਂ ਸੀਮਾਵਾਂ ਦੇ ਬਾਵਜੂਦ ਭਰਪੂਰ ਜ਼ਿੰਦਗੀ ਜਿਉਣ ਦਾ ਯਤਨ ਕੀਤਾ ਹੈ। ਮੈਂ ਐਂਟਾਰਕਟਿਕਾ ਤੋਂ ਲੈ ਕੇ ਜ਼ੀਰੋ ਗੁਰੂਤਾ ਤੱਕ ਸਾਰੀ ਦੁਨੀਆਂ ਘੁੰਮੀ ਹੈ। ਸ਼ਾਇਦ ਕਿਸੇ ਦਿਨ ਮੈਂ ਪੁਲਾੜ ਵਿਚ ਵੀ ਜਾਵਾਂ।

**ਸਵਾਲ: ਪੁਲਾੜ ਦੀ ਗੱਲ ਚੱਲੀ ਹੈ। ਤੁਹਾਡੀ ਧੀ ਲੂਸੀ ਅਤੇ ਐਰੀਜ਼ੋਨਾ ਯੂਨੀਵਰਸਿਟੀ ਦੇ ਭੌਤਿਕ ਵਿਗਿਆਨੀ ਪਾਲ ਡੇਵਿਸ ਨੇ ਕਿਹਾ ਹੈ ਕਿ ਬਾਹਰਲੀਆਂ ਸਭਿਅਤਾਵਾਂ ਨਾਲ ਸੰਪਰਕ ਕਰਨਾ ਮਨੁਖ ਜਾਤੀ ਲਈ ਚੰਗਾ ਨਹੀਂ। ਕੀ ਤੁਸੀਂ ਲੂਸੀ ਨੂੰ ਇਹ ਨਹੀਂ ਸੀ ਕਿਹਾ?**

**ਜੁਆਬ:** ਪਹਿਲਾਂ ਮੈਂ ਇਹ ਕਿਹਾ ਸੀ ਕਿ ਏਲੀਅਨਜ਼ ਨਾਲ ਸੰਪਰਕ ਕਰਨਾ ਨੁਕਸਾਨਦਾਇਕ ਹੋ ਸਕਦਾ ਹੈ ਕਿਉਂਕਿ ਉਹ ਪਤਾ ਨਹੀਂ ਸਾਥੋਂ ਕਿੰਨਾ ਕੁ ਜ਼ਿਆਦਾ ਐਡਵਾਂਸ ਹੋਣਗੇ। ਸਾਡੀ ਸਭਿਅਤਾ ਉਨ੍ਹਾਂ ਦੇ ਮੁਕਾਬਲੇ ਟਿਕ ਨਹੀਂ ਸਕੇਗੀ। ਕਲਪਨਾ ਕਰੋ ਕਿ ਏਲੀਅਨਜ਼ ਪਹਿਲਾਂ ਹੀ ਸਾਡੇ ਨਾਲ ਸੰਪਰਕ ਕਰ ਚੁੱਕੇ ਹਨ ਅਤੇ ਅਸੀਂ ਜੁਆਬ ਦੇਣਾ ਹੈ। ਮੈਂ ਸਮਝਦਾ ਹਾਂ ਕਿ ਅਜਿਹੇ ਸੁਆਲ ਵਿਦਿਆਰਥੀਆਂ ਨੂੰ ਕਰਨੇ ਚਾਹੀਦੇ ਹਨ। ਇਸ ਦਾ ਮਤਲਬ ਹੈ ਕਿ ਵਿਦਿਆਰਥੀ ਇਹ ਜਾਣਨ ਕਿ ਅਸੀਂ ਕੌਣ ਹਾਂ ਅਤੇ ਅਸੀਂ ਕੀ ਕੀਤਾ ਹੈ?

**ਸਵਾਲ: ਇਹ ਸੁਆਲ ਪੁੱਛਣ ਦਾ ਮੇਰਾ ਮਤਲਬ ਤੁਹਾਡਾ ਨਿਰਾਦਰ ਕਰਨਾ ਨਹੀਂ ਪਰ ਏ.ਐਲ.ਐਸ. ਬਿਮਾਰੀ ਦੇ ਕੁਝ ਮਾਹਿਰਾਂ ਦਾ ਖਿਆਲ ਹੈ ਕਿ ਤੁਹਾਨੂੰ ਇਹ ਬਿਮਾਰੀ ਨਹੀਂ। ਨਹੀਂ ਤਾਂ ਤੁਸੀਂ ਹੁਣ ਤੱਕ ਐਨਾ ਚੰਗਾ ਜੀਵਨ ਬਤੀਤ ਨਹੀਂ ਸੀ ਕਰ ਸਕਦੇ। ਤੁਸੀਂ ਇਸ ਕਿਸਮ ਦੇ ਸਵਾਲਾਂ ਨਾਲ ਕਿਵੇਂ ਨਜਿੱਠਦੇ ਹੋ?**

**ਜੁਆਬ:** ਹੋ ਸਕਦਾ ਹੈ ਮੈਨੂੰ ਉਹ ਖਾਸ ਮੋਟਰ ਨਿਊਰੋਨ ਡਿਜ਼ੀਜ਼ ਨਾ ਹੋਵੇ ਜੋ ਦੋ-ਤਿੰਨ ਸਾਲਾਂ ਵਿਚ ਬੰਦੇ ਨੂੰ ਖਤਮ ਕਰ ਦਿੰਦੀ ਹੈ। ਇਕ ਗੱਲ ਜ਼ਰੂਰ ਹੈ ਕਿ ਮੈਂ ਚੰਗੀ ਨੌਕਰੀ ਕਰਦਾ ਹਾਂ ਤੇ ਮੇਰੀ ਦੇਖਭਾਲ ਵੀ ਬਹੁਤ ਵਧੀਆ ਢੰਗ ਨਾਲ ਹੋ ਰਹੀ ਹੈ। ਬਿਮਾਰੀ ਬਾਰੇ ਮੇਰਾ ਕੋਈ ਚੰਗਾ ਰਵੱਈਆ ਨਹੀਂ ਪਰ ਮੈਨੂੰ ਇਸ ਨੇ ਆਪਣੇ ਆਪ ਨੂੰ ਤਰਸਯੋਗ ਬਣਾਉਣਾ ਨਹੀਂ ਸਿਖਾਇਆ। ਮੈਂ ਇਹ ਬਿਮਾਰੀ ਹੋਣ ਤੋਂ ਪਹਿਲਾ ਵਾਲੇ ਹਾਲਾਤ ਨਾਲੋਂ ਜ਼ਿਆਦਾ ਖੁਸ਼ ਹਾਂ ਕਿਉਂਕਿ ਮੈਂ ਸਿਧਾਂਤਕ ਭੌਤਿਕ ਵਿਗਿਆਨ 'ਤੇ ਕੰਮ ਕਰ ਰਿਹਾ ਹਾਂ ਜਿਸ ਲਈ ਇਹ ਬਿਮਾਰੀ ਵੱਡੀ ਰੁਕਾਵਟ ਨਹੀਂ।

**ਸਵਾਲ: ਜਿਨ੍ਹਾਂ ਨੂੰ ਇਹ ਬਿਮਾਰੀ ਹੋ ਚੁੱਕੀ ਹੈ, ਉਨ੍ਹਾਂ ਨੂੰ ਤੁਸੀਂ ਕੀ ਸੁਨੇਹਾ ਦੇਣਾ ਚਾਹੋਗੇ?**

**ਜੁਆਬ:** ਇਸ ਰੋਗ ਦੇ ਮਾਰੇ ਉਨ੍ਹਾਂ ਅਪਾਹਜ ਲੋਕਾਂ ਨੂੰ ਮੈਂ ਕਹਾਂਗਾ ਕਿ ਉਹ ਉਨ੍ਹਾਂ ਕੰਮਾਂ ਉਤੇ ਆਪਣਾ ਧਿਆਨ ਕੇਂਦ੍ਰਿਤ ਕਰਨ ਜਿਨ੍ਹਾਂ ਵਿਚ ਉਨ੍ਹਾਂ ਦੀ ਅਪਾਹਜਤਾ ਕੋਈ ਅੜਿੱਕਾ ਨਾ ਬਣਦੀ ਹੋਵੇ। ਉਨ੍ਹਾਂ ਚੀਜ਼ਾਂ 'ਤੇ ਦਿਲ ਨਾ ਢਾਹੁਣ ਜਿਨ੍ਹਾਂ ਵਿਚ ਇਹ ਰੁਕਾਵਟ ਬਣਦੀ ਹੈ। ਸਰੀਰ ਤੋਂ ਅਪਾਹਜ ਹੋ ਤਾਂ ਸੋਚ ਤੋਂ ਅਪਾਹਜ ਨਾ ਬਣੋ।

**ਸਵਾਲ: ਸਵਿੱਟਜ਼ਰਲੈਂਡ ਵਿਚ ਚੱਲ ਰਹੇ ਮਹਾਂ ਤਜਰਬਿਆਂ ਦੇ ਨਤੀਜਿਆਂ ਤੋਂ ਤੁਸੀਂ ਨਿਰਾਸ਼ ਹੋ?**

**ਜੁਆਬ:** ਇਸ ਮਹਾਂ ਤਜਰਬੇ ਦੇ ਨਤੀਜਿਆਂ ਬਾਰੇ ਸਮੇਂ ਤੋਂ ਪਹਿਲਾਂ ਕੁਝ ਕਹਿਣਾ ਠੀਕ ਨਹੀਂ। ਅਜੇ ਪੂਰੀ ਸ਼ਕਤੀ ਨਾਲ ਚੱਲਣ ਲਈ ਇਸ ਨੂੰ ਦੋ ਸਾਲ ਹੋਰ ਲੱਗਣੇ ਹਨ। ਜਦੋਂ ਇਹ ਚੱਲ ਪਵੇਗੀ, ਇਸ ਵਿਚ ਕਣ ਹੁਣ ਨਾਲੋਂ ਪੰਜ ਗੁਣਾਂ ਤੇਜ਼ ਗਤੀ ਨਾਲ ਦੌੜਨਗੇ। ਅੱਜ ਅਸੀਂ ਇਸ ਗੱਲ ਦਾ ਅੰਦਾਜ਼ਾ ਲਾ ਸਕਦੇ ਹਾਂ ਕਿ ਇਸ ਦੇ ਨਤੀਜੇ ਕੀ ਹੋਣਗੇ। ਅਸੀਂ ਨਵੇਂ ਤਜ਼ਰਬਿਆਂ ਰਾਹੀਂ ਨਵੇਂ ਅੰਕੜੇ ਪ੍ਰਾਪਤ ਕਰਾਂਗੇ। ਅਕਸਰ ਕਈ ਵਾਰ ਸਾਨੂੰ ਅਜਿਹੀਆਂ ਚੀਜ਼ਾਂ ਮਿਲ ਜਾਂਦੀਆਂ ਹਨ ਜਿਨ੍ਹਾਂ ਦੀ ਸਾਨੂੰ ਕੋਈ ਆਸ ਨਹੀਂ ਹੁੰਦੀ। ਇਸ ਲਈ ਹੀ ਭੌਤਿਕ ਵਿਗਿਆਨ ਸੱਚੀ-ਮੁੱਚੀ ਦਿਲਚਸਪ ਹੋ ਜਾਂਦਾ ਹੈ ਕਿਉਂਕਿ ਅਸੀਂ ਬ੍ਰਹਿਮੰਡ ਬਾਰੇ ਨਵਾਂ ਕੁਝ ਜਾਣ ਰਹੇ ਹਾਂ।

**ਸਵਾਲ: ਤੁਹਾਡੀ ਕਿਤਾਬ 'ਸਮੇਂ ਦਾ ਸੰਖੇਪ ਇਤਿਹਾਸ' ਦੀ ਸਫਲਤਾ ਬਾਰੇ ਤੁਸੀਂ ਦੱਸਿਆ ਹੀ ਹੈ। ਕੀ ਤੁਸੀਂ ਇਸ ਦੀ ਸਫਲਤਾ 'ਤੇ ਹੈਰਾਨ ਹੋ? ਕੀ ਇਹ ਤੁਹਾਡੇ ਬਹੁਤੇ ਪਾਠਕਾਂ ਦੀ ਸਮਝ ਵਿਚ ਆ ਗਈ ਹੈ? ਇਸ ਕਿਤਾਬ ਦੀ ਵਿਗਿਆਨ ਦੀ ਪੜ੍ਹਾਈ ਨੂੰ ਕੀ ਦੇਣ ਹੈ?**

**ਜੁਆਬ:** ਮੈਨੂੰ ਇਸ ਗੱਲ ਦੀ ਉਮੀਦ ਨਹੀਂ ਸੀ ਕਿ 'ਸਮੇਂ ਦਾ ਸੰਖੇਪ ਇਤਿਹਾਸ' ਐਨੀ ਵਿਕੇਗੀ। ਇਹ ਮੇਰੀ ਪਹਿਲੀ ਲੋਕਪ੍ਰਿਅ ਕਿਤਾਬ ਸੀ। ਇਸ ਵਿਚ ਮੇਰੀ ਦਿਲਚਸਪੀ ਵੀ ਵਧੀ। ਪਹਿਲਾਂ ਇਹ ਬਹੁਤ ਸਾਰੇ ਲੋਕਾਂ ਦੀ ਸਮਝ ਤੋਂ ਬਾਹਰ ਸੀ। ਫਿਰ ਮੈਂ ਇਕ ਹੋਰ ਸੁਖਾਲੀ ਕਿਤਾਬ ਲਿਖਣ ਦਾ ਮਨ ਬਣਾਇਆ। ਮੈਂ ਇਸ ਕਿਤਾਬ ਵਿਚ ਨਵੀਆਂ ਖੋਜਾਂ ਪਾਉਣ ਦਾ ਯਤਨ ਕੀਤਾ ਅਤੇ ਔਖੀਆਂ ਗੱਲਾਂ ਕੱਢੀਆਂ ਵੀ। ਇਉਂ ਨਵੀਂ ਕਿਤਾਬ 'ਸਮੇਂ ਦਾ ਹੋਰ ਸੰਖੇਪ ਇਤਿਹਾਸ' ਤਿਆਰ ਹੋ ਗਈ।

**ਸਵਾਲ: ਤੁਸੀਂ ਭਾਵੇਂ ਆਪਣੇ ਸਿਆਸੀ ਵਿਚਾਰਾਂ ਨੂੰ ਪ੍ਰਗਟ ਕਰਨ ਤੋਂ ਬਚਦੇ ਹੋ ਪਰ ਤੁਸੀਂ ਪਿਛਲੇ ਸਾਲ ਅਮਰੀਕਾ ਵਿਚ 'ਸਿਹਤ ਦੀ ਦੇਖਭਾਲ' ਬਾਰੇ ਬਹਿਸ ਵਿਚ ਭਾਗ ਲਿਆ। ਅਜਿਹਾ ਕਰਨ ਦਾ ਕਾਰਨ?**

**ਜੁਆਬ:** ਅਮਰੀਕਾ ਦੀ ਪ੍ਰੈਸ ਵਿਚ ਇਹ ਪ੍ਰਚਾਰ ਹੋਇਆ ਸੀ ਕਿ ਬ੍ਰਿਟਿਸ਼ ਨੈਸ਼ਨਲ ਹੈਲਥ ਸਰਵਿਸ ਨੇ ਮੈਨੂੰ ਮਾਰ ਦੇਣਾ ਸੀ। ਮੈਂ ਇੰਗਲੈਂਡ ਦਾ ਨਾਗਰਿਕ ਹਾਂ, ਇਸ ਲਈ ਮੇਰੇ ਵਾਸਤੇ ਇਸ ਬਾਰੇ ਬਿਆਨ ਜਾਰੀ ਕਰਨਾ ਜ਼ਰੂਰੀ ਹੋ ਗਿਆ ਸੀ। ਪਿਛਲੇ 40 ਸਾਲ ਤੋਂ ਨੈਸ਼ਨਲ ਹੈਲਥ ਸਰਵਿਸ, ਇੰਗਲੈਂਡ ਨੇ ਮੇਰੀ ਬਹੁਤ ਦੇਖਭਾਲ ਕੀਤੀ ਹੈ। ਮੈਂ ਯੂਨੀਵਰਸਲ ਹੈਲਥਕੇਅਰ (ਸਭਨਾਂ ਲਈ ਸਰਕਾਰੀ ਸਿਹਤ ਸਹੂਲਤਾਂ) ਵਿਚ ਵੀ ਯਕੀਨ ਰੱਖਦਾ ਹਾਂ। ਇਹ ਕਹਿਣ ਵਿਚ ਮੈਨੂੰ ਕੋਈ ਡਰ ਨਹੀਂ।

**ਸਵਾਲ: ਪਿਛਲੇ ਕੁਝ ਮਹੀਨਿਆਂ ਵਿਚ ਧਰਤੀ 'ਤੇ ਵੱਡੀਆਂ ਤਬਾਹੀਆਂ ਹੋਈਆਂ ਹਨ। ਜਦੋਂ ਤੁਸੀਂ ਭੂਚਾਲਾਂ, ਇਨਕਲਾਬਾਂ, ਉਲਟ-ਇਨਕਲਾਬਾਂ ਅਤੇ ਪ੍ਰਮਾਣੂ ਵਿਕਾਸ ਬਾਰੇ ਪੜ੍ਹਦੇ ਹੋ ਤਾਂ ਤੁਹਾਡੇ 'ਤੇ ਕੀ ਅਸਰ ਹੁੰਦਾ ਹੈ? ਕੀ ਤੁਸੀਂ ਵੀ ਸਾਡੀ ਤਰ੍ਹਾਂ ਹਿੱਲ ਜਾਂਦੇ ਹੋ?**

**ਜੁਆਬ:** ਮੈਂ ਕਈ ਵਾਰ ਜਾਪਾਨ ਗਿਆ ਹਾਂ ਅਤੇ ਉਥੇ ਮੇਰਾ ਭਰਪੂਰ ਸੁਆਗਤ ਹੋਇਆ ਹੈ। ਮੈਨੂੰ ਆਪਣੇ ਜਾਪਾਨੀ ਸਾਥੀਆਂ ਨਾਲ ਡੂੰਘੀ ਹਮਦਰਦੀ ਹੈ ਜੋ ਇਸ ਕੁਦਰਤੀ ਬਿਪਤਾ ਦਾ ਸ਼ਿਕਾਰ ਹੋਏ ਹਨ। ਮੈਨੂੰ ਉਮੀਦ ਹੈ ਸੰਸਾਰ ਭਾਈਚਾਰਾ ਉਨ੍ਹਾਂ ਨੂੰ ਇਸ ਸੰਕਟ ਵਿਚੋਂ ਬਾਹਰ ਕੱਢਣ ਲਈ ਭਰਪੂਰ ਸਹਿਯੋਗ ਦੇਵੇਗਾ। ਮਾਨਵ ਜਾਤੀ ਅਜਿਹੀਆਂ ਕੁਦਰਤੀ ਆਫਤਾਂ ਅਤੇ ਔਖੇ ਹਾਲਾਤ ਵਿਚੋਂ ਸੁਰੱਖਿਅਤ ਨਿਕਲੀ ਹੈ ਅਤੇ ਮੈਂ ਮਹਿਸੂਸ ਕਰਦਾ ਹਾਂ ਕਿ ਮਾਨਵ ਜਾਤੀ ਭਿਆਨਕ ਔਖਿਆਈਆਂ ਨੂੰ ਸਰ ਕਰਨ ਦੇ ਸਮਰੱਥ ਹੈ।

**ਸਵਾਲ: ਜੇ ਸਮੇਂ ਵਿਚ ਵਾਪਸ ਜਾਣਾ ਸੰਭਵ ਹੋਵੇ ਜਿਵੇਂ ਕਿ ਕਈ ਭੌਤਿਕ ਵਿਗਿਆਨੀ ਸੋਚਦੇ ਹਨ, ਤੁਸੀਂ ਅਜਿਹੇ ਕਿਸ ਪਲ 'ਚ ਵਾਪਸ ਜਾਣਾ ਚਾਹੋਗੇ? ਇਸ ਦਾ ਮਤਲਬ ਹੈ ਕਿ ਤੁਹਾਡੀ ਜ਼ਿੰਦਗੀ ਦਾ ਸਭ ਤੋਂ ਅਨੰਦਦਾਇਕ ਪਲ ਕਿਹੜਾ ਸੀ?**



**ਜੁਆਬ:** ਮੈਂ 1967 ਵਿਚ ਵਾਪਸ ਜਾਣਾ ਚਾਹਾਂਗਾ ਕਿਉਂਕਿ ਉਸ ਸਮੇਂ ਮੇਰੀ ਪਹਿਲੀ ਸੰਤਾਨ ਮੇਰਾ ਲੜਕਾ ਰਾਬਰਟ ਪੈਦਾ ਹੋਇਆ ਸੀ। ਮੇਰੇ ਤਿੰਨ ਬੱਚਿਆਂ ਨੇ ਮੈਨੂੰ ਅਥਾਹ ਖੁਸ਼ੀ ਦਿੱਤੀ ਹੈ।

**ਸਵਾਲ: ਫਰਮੀ ਲੈਬ ਦੇ ਵਿਗਿਆਨੀਆਂ ਨੇ ਇਹ ਐਲਾਨ ਕੀਤਾ ਹੈ ਕਿ ਉਨ੍ਹਾਂ ਨੇ ਕੁਦਰਤ ਦੀ ਨਵੀਂ ਸ਼ਕਤੀ ਹਿੱਗ ਨੂੰ ਲੱਭ ਲਿਆ ਹੈ। ਇਸ ਬਾਰੇ ਤੁਹਾਡੀ ਟਿੱਪਣੀ?**

**ਜੁਆਬ**: ਸਮੇਂ ਤੋਂ ਪਹਿਲਾਂ ਇਸ ਗੱਲ 'ਤੇ ਯਕੀਨ ਨਹੀਂ ਕੀਤਾ ਜਾ ਸਕਦਾ। ਜੇ ਹਿੱਗ ਬ੍ਰਹਿਮੰਡ ਨੂੰ ਸਮਝਣ ਵਿਚ ਮਦਦ ਕਰਦਾ ਹੈ ਤਾਂ ਇਹ ਚੰਗੀ ਗੱਲ ਹੈ ਪਰ ਨਤੀਜਿਆਂ ਨੂੰ ਦੂਸਰੇ ਕਣਾਂ ਦੀ ਗਤੀ ਵਾਲੀਆਂ ਮਸ਼ੀਨਾਂ 'ਤੇ ਪਰਖਣਾ ਜ਼ਰੂਰੀ ਹੈ।

**ਸਵਾਲ: ਮੈਂ ਤੁਹਾਨੂੰ ਥਕਾਉਣਾ ਤਾਂ ਨਹੀਂ ਚਾਹੁੰਦਾ ਪਰ ਪਿਛਲੀ ਰਾਤ ਜੋ ਭਾਸ਼ਣ ਤੁਸੀਂ ਦਿੱਤਾ ਸੀ, ਉਹ ਨਿੱਜੀ ਸੀ। ਕੀ ਤੁਸੀਂ ਲੋਕਾਂ ਨੂੰ ਇਹ ਦੱਸਣਾ ਚਾਹੁੰਦੇ ਸੀ ਕਿ ਤੁਸੀਂ ਕੌਣ ਹੋ?**

**ਜੁਆਬ:** ਮੈਨੂੰ ਉਮੀਦ ਹੈ ਕਿ ਮੇਰੇ ਤਜਰਬੇ ਮੇਰੇ ਲੋਕਾਂ ਲਈ ਮਦਦਗਾਰ ਹੋਣਗੇ।

*ਸਟੀਫਨ ਹਾਕਿੰਗ*



*ਸਟੀਫਨ ਹਾਕਿੰਗ ਆਪਣੇ ਆਫਿਸ ਵਿਚ*

# 'ਕਉਣ ਧਰਮ ਕੋ ਕਰਮ ਹੈ ਕਾਹੁ ਸਕਲ ਬਿਸਥਾਰ'

ਪਿਛਲੇ ਲੇਖ ਵਿਚ ਅਸੀਂ ਗੁਰਮਤਿ ਚਿੰਤਨ ਅਨੁਸਾਰ ਸ੍ਰਿਸ਼ਟੀ ਰਚਨਾ ਤੇ ਵਿਚਾਰ ਕਰਨ ਦੀ ਕੋਸ਼ਿਸ਼ ਕੀਤੀ ਸੀ ਕਿਉਂਕਿ ਇਹ ਸਾਰੇ ਦਸ ਦੋਹਰੇ ਵੱਖ-ਵੱਖ ਪ੍ਰਸ਼ਨਾਂ ਦੇ ਰੂਪ ਵਿਚ ਪੇਸ਼ ਕੀਤੇ ਗਏ ਹਨ। ਇਸ ਲੇਖ ਵਿਚ ਜਿਵੇਂ ਉਪਰ ਦਿੱਤੇ ਸਿਰਲੇਖ ਤੋਂ ਪ੍ਰਗਟ ਹੁੰਦਾ ਹੈ, ਧਰਮ ਕੀ ਹੈ ਜਾਂ ਧਾਰਮਿਕ ਕਰਮ ਕਿਸ ਨੂੰ ਕਿਹਾ ਜਾਂਦਾ ਹੈ? ਪ੍ਰਸ਼ਨ ਦਾ ਗੁਰਮਤਿ ਅਨੁਸਾਰ ਵਿਸ਼ਲੇਸ਼ਣ ਕਰਨ ਦੀ ਕੋਸ਼ਿਸ਼ ਕੀਤੀ ਜਾਵੇਗੀ।

ਹਿੰਦੂ ਜਾਂ ਵੈਦਿਕ ਧਰਮ ਚਿੰਤਨ ਵਿਚ ਧਰਮ ਦਾ ਅਰਥ ਹੈ ਫਰਜ਼ ਅਰਥਾਤ, ਉਹ ਕਰਮ ਜੋ ਕਿਸੇ ਇਨਸਾਨ ਨੂੰ ਸਮਾਜ ਦਾ ਮੈਂਬਰ ਹੋਣ ਦੇ ਨਾਤੇ ਕਰਨੇ ਚਾਹੀਦੇ ਹਨ। ਧਰਮ ਅਤੇ ਨੈਤਿਕਤਾ ਨਾਲ ਸਬੰਧਤ ਕਰਮ ਕਰਨਾ ਮਨੁੱਖ ਦਾ



ਡਾ. ਗੁਰਨਾਮ ਕੌਰ

ਫਰਜ਼ ਹੈ। ਪਹਿਲਾਂ ਵੀ ਕਈ ਲੇਖਾਂ ਵਿਚ ਜ਼ਿਕਰ ਹੋ ਚੁੱਕਿਆ ਹੈ ਕਿ ਵੈਦਿਕ ਸਮਾਜ ਨੂੰ ਚਾਰ ਵਰਣਾਂ ਵਿਚ ਵੰਡਿਆ ਗਿਆ ਸੀ। ਪਹਿਲਾ ਵਰਣ ਬ੍ਰਾਹਮਣ ਸੀ ਜਿਸ ਦਾ ਫਰਜ਼ ਧਾਰਮਿਕ ਗ੍ਰੰਥਾਂ ਅਤੇ ਸ਼ਾਸਤਰਾਂ ਦਾ ਪਠਨ-ਪਾਠਨ ਕਰਨਾ, ਧਰਮ ਨਾਲ ਸਬੰਧਤ ਪੂਜਾ ਪਾਠ, ਹੋਮ ਯੱਗ ਆਦਿ ਕਰਨਾ ਅਤੇ ਕਰਾਉਣਾ, ਸਮਾਜ ਨੂੰ ਧਾਰਮਿਕ ਸਿੱਖਿਆ ਦੇਣਾ ਸੀ। ਇਸ ਤੋਂ ਅਗਲਾ ਵਰਣ ਖੱਤਰੀ ਸੀ ਜਿਸ ਦਾ ਕਰਮ ਖੇਤਰ ਸੀ ਆਪਣੇ ਵਰਣ ਅਨੁਸਾਰ ਸਿੱਖਿਆ ਪ੍ਰਾਪਤ ਕਰਕੇ ਸਮਾਜ ਦੀ ਅੰਦਰੂਨੀ ਵਿਵਸਥਾ ਤੇ ਸੁਰੱਖਿਆ ਸੰਭਾਲ ਕਰਨਾ ਅਤੇ ਸਮਾਜ ਦੀ ਬਾਹਰੀ ਖ਼ਤਰਿਆਂ ਤੋਂ ਰੱਖਿਆ ਕਰਨੀ। ਇਨ੍ਹਾਂ ਦਾ ਮੁੱਖ ਕਰਮ ਸ਼ਸਤਰ ਵਿੱਦਿਆ ਪ੍ਰਾਪਤ ਕਰਨਾ ਸੀ। ਤੀਜਾ ਵਰਣ ਵੈਸ਼ ਸੀ ਅਤੇ ਇਸ ਦਾ ਮੁੱਖ ਕਾਰਜ ਸਮਾਜ ਲਈ ਅੰਨ ਪੈਦਾ ਕਰਨਾ, ਪਸ਼ੂ ਪਾਲਣਾ ਅਤੇ ਵਪਾਰ ਸੀ। ਸਮਾਜ ਦੀ ਪਾਲਣਾ ਦਾ ਭਾਰ ਵੈਸ਼ ਦੇ ਮੋਢਿਆਂ 'ਤੇ ਸੀ ਅਤੇ ਇਹੀ ਇਨ੍ਹਾਂ ਦਾ ਧਰਮ ਸੀ। ਚੌਥਾ ਵਰਣ ਸ਼ੂਦਰ ਸੀ ਜਿਸ ਦਾ ਫਰਜ਼ ਉਪਰਲੇ ਤਿੰਨਾਂ ਵਰਣਾਂ ਦੀ ਸੇਵਾ ਕਰਨਾ ਸੀ।

ਇਸ ਤਰ੍ਹਾਂ ਮਨੁੱਖ ਦੇ ਜੀਵਨ ਨੂੰ ਵੀ ਚਾਰ ਆਸ਼ਰਮਾਂ ਵਿਚ ਵੰਡਿਆ ਗਿਆ ਸੀ। ਔਸਤਨ ਆਯੂ ਸੌ ਸਾਲ ਦੀ ਮੰਨ ਕੇ ਹਰ ਆਸ਼ਰਮ ਪੰਝੀ ਸਾਲਾਂ ਦਾ ਮੰਨਿਆ ਗਿਆ ਸੀ। ਬ੍ਰਹਮਚਰਯ ਆਸ਼ਰਮ, ਗ੍ਰਿਹਿਸਥ ਆਸ਼ਰਮ, ਵਾਣ-ਪ੍ਰਸਤ ਆਸ਼ਰਮ ਅਤੇ ਸੰਨਿਆਸ ਆਸ਼ਰਮ। ਬ੍ਰਹਮਚਰਯ ਆਸ਼ਰਮ ਵਿਚ ਭਾਵ, ਉਮਰ ਦੇ ਪਹਿਲੇ ਪੱਚੀ ਸਾਲ ਕੁੱਲ ਵਿਚ ਜਾ ਕੇ ਆਪਣੇ ਆਪਣੇ ਵਰਣ ਅਨੁਸਾਰ ਸਿੱਖਿਆ ਪ੍ਰਾਪਤ ਕਰਨਾ ਵਿਅਕਤੀ ਦਾ ਧਰਮ ਜਾਂ ਫਰਜ਼ ਸੀ। ਫਿਰ ਗ੍ਰਿਹਿਸਥ ਆਸ਼ਰਮ ਵਿਚ ਪ੍ਰਵੇਸ਼ ਕਰਕੇ ਸਮਾਜ ਅਤੇ ਮਿੱਤਰਾਂ ਪ੍ਰਤੀ ਫ਼ਰਜ਼ ਨਿਭਾਉਣਾ ਹੀ ਧਰਮ ਸੀ ਜਿਸ ਦਾ ਵਿਸਥਾਰ ਵਿਚ ਜ਼ਿਕਰ ਮਿਲਦਾ ਹੈ। ਵਾਣ-ਪ੍ਰਸਤ ਆਸ਼ਰਮ ਵਿਚ ਜੰਗਲਾਂ ਵਿਚ ਜਾ ਕੇ ਸਮਾਧੀ-ਸਥਿਤ ਹੋ ਕੇ ਤਪੱਸਿਆ ਕਰਨਾ ਅਤੇ ਯੱਗ ਕਰਮ ਆਦਿ ਕਰਨਾ ਸੀ। ਚੌਥਾ ਸੰਨਿਆਸ ਆਸ਼ਰਮ ਸੀ ਜਿਸ ਵਿਚ ਸਮਾਜ ਨਾਲੋਂ ਪੂਰੀ ਤਰ੍ਹਾਂ ਵਿਰਕਤ ਹੋ ਜਾਣਾ ਅਤੇ ਸੇਵਾ ਆਦਿ ਦੇ ਕਾਰਜ ਕਰਨਾ ਸੀ। ਇਸ ਤਰ੍ਹਾਂ ਹਿੰਦੂ ਧਰਮ ਚਿੰਤਨ ਅਨੁਸਾਰ ਧਾਰਮਿਕ ਕਰਮਾਂ ਦਾ ਅਰਥ ਹੈ ਆਪਣੇ ਆਪਣੇ ਵਰਣ ਅਤੇ ਆਸ਼ਰਮ ਅਨੁਸਾਰ ਕਰਮ ਕਰਨਾ। ਇਸੇ ਲਈ ਧਰਮ ਸ਼ਾਸਤਰ ਦਾ ਅਰਥ ਵੀ ਉਸ ਪੁਸਤਕ ਜਾਂ ਗ੍ਰੰਥ ਤੋਂ ਲਿਆ ਜਾਂਦਾ ਹੈ ਜਿਸ ਵਿਚ ਕਾਨੂੰਨਾਂ ਅਤੇ ਨਿਯਮਾਂ ਦਾ ਵਰਣਨ ਕੀਤਾ ਗਿਆ ਹੈ। ਇਸ ਵਿਚ ਹਿੰਦੂ ਧਰਮ ਦੀ ਰਹਿਤ ਦੇ ਸਾਰੇ ਨਿਯਮ ਮਿਲਦੇ ਹਨ ਪਰ ਇਸ ਦਾ ਖਾਸ ਤੌਰ 'ਤੇ ਅਰਥ ਮਨੂ, ਯਜਨਵਾਕਿਆ ਅਤੇ ਦੂਜੇ ਰਿਸ਼ੀਆਂ ਰਾਹੀਂ ਸਿਮਰਤੀ ਗ੍ਰੰਥਾਂ ਵਿਚ ਉਲੇਖ ਕੀਤੇ ਨਿਯਮਾਂ ਨਾਲ ਹੈ। ਰੋਜ਼ਮੇਰੀ ਗੋਰਿੰਗ ਦੀ ਸੰਪਾਦਿਤ ਕੀਤੀ "ਡਿਕਸ਼ਨਰੀ ਆਫ਼ ਬਿਲੀਫਸ ਐਂਡ ਰਿਲੀਜੀਅਨਜ਼" ਵਿਚ ਧਰਮ ਨੂੰ ਪਾਲੀ ਭਾਸ਼ਾ ਦੇ ਸ਼ਬਦ 'ਧਮ' ਦੇ ਬਰਾਬਰ ਮੰਨਿਆ ਗਿਆ ਹੈ ਅਤੇ ਇਸ ਦਾ ਅਰਥ ਬੁੱਧ ਦੀਆਂ ਸਿੱਖਿਆਵਾਂ ਲਿਆ ਹੈ ਪਰ ਇਸ ਦੇ ਹੋਰ ਗਹਿਰੇ ਅਰਥਾਂ ਵਿਚ ਕਿਹਾ ਗਿਆ ਹੈ ਕਿ ਧਰਮ ਹਮੇਸ਼ਾ ਸੱਚਾ ਰਿਹਾ ਹੈ ਅਤੇ ਬੁੱਧ ਤੋਂ ਪਹਿਲਾਂ ਵੀ ਇਸ ਦੀ ਹੋਂਦ ਸੀ, ਉਂਜ ਬੁੱਧ ਨੇ ਇਸ ਨੂੰ ਖੋਜਿਆ।

ਸਿੱਖ ਧਰਮ ਚਿੰਤਨ ਵਿਚ ਧਰਮ ਨੂੰ ਉਹ ਦੈਵੀ ਨਿਯਮ ਮੰਨਿਆ ਗਿਆ ਹੈ ਜਿਸ ਕਾਰਨ ਇਹ ਬ੍ਰਹਿਮੰਡ ਚੱਲ ਰਿਹਾ ਹੈ, ਜਾਂ ਜੋ ਇਸ ਬ੍ਰਹਿਮੰਡ ਦਾ ਆਸਰਾ ਹੈ, ਜਿਸ ਦੇ ਲਾਜ਼ਮ ਗੁਣ ਦਇਆ ਅਤੇ ਸੰਤੋਖ ਹਨ। ਹਿੰਦੂ ਮਿਥਿਹਾਸ ਦੀ ਮਿੱਥ ਅਨੁਸਾਰ ਇਹ ਧਰਤੀ ਬਲਦ ਦੇ ਸਿੰਗਾਂ ਉਤੇ ਖੜ੍ਹੀ ਹੈ। ਜਪੁਜੀ ਸਾਹਿਬ ਵਿਚ ਇਸੇ ਮਿੱਥ ਨੂੰ ਹਵਾਲਾ ਬਣਾ ਕੇ ਪੇਸ਼ ਕਰਦਿਆਂ ਕਿਹਾ ਗਿਆ ਹੈ ਕਿ ਪਰਮਾਤਮਾ ਜਾਂ ਕਰਤਾ ਪੁਰਖ ਦੀ ਰਚਨਾ ਬੇਅੰਤ ਹੈ ਅਤੇ ਉਸ ਦੇ ਕੀਤੇ ਕੰਮਾਂ ਦਾ ਕੋਈ ਸ਼ੁਮਾਰ ਜਾਂ ਗਿਣਤੀ ਨਹੀਂ ਹੋ ਸਕਦੀ। ਉਦਾਹਰਣ ਲਈ, ਲੋਕਾਂ ਦਾ ਮੰਨਿਆ ਹੋਇਆ ਬਲਦ ਅਸਲ ਵਿਚ ਰੱਬ ਦੀ ਕਿਰਪਾ ਦਾ ਬਣਾਇਆ ਹੋਇਆ ਉਹ ਨਿਯਮ ਹੈ ਜਿਸ ਨੇ ਸੰਸਾਰ ਦੇ ਪ੍ਰਬੰਧ ਵਿਚ ਸੰਤੋਖ ਵਰਤਾਇਆ ਹੋਇਆ ਹੈ ਅਤੇ ਇਹ ਦਇਆ ਦਾ ਪੁੱਤਰ ਹੈ, ਅਰਥਾਤ, ਧਰਮ ਦਇਆ ਨਾਲ ਸਬੰਧਤ ਹੈ, ਦਇਆ ਦੀ ਪੈਦਾਇਸ਼ ਹੈ ਜਿਹੜਾ ਮਨੁੱਖ ਇਸ ਔਕੜ ਨੂੰ ਹੱਲ ਕਰ ਲਵੇ ਕਿ ਧਰਤੀ ਤਾਂ ਹੋਰ ਪਰੇ ਤੋਂ ਪਰੇ ਹੈ; ਅਰਥਾਤ ਉਸ ਦੀ ਬ੍ਰਹਿਮੰਡਕ ਰਚਨਾ ਤਾਂ ਬੇਅੰਤ ਹੈ, ਫਿਰ ਉਸ ਦੇ ਥੱਲੇ ਕੌਣ ਹੈ ਜਿਸ ਨੇ ਇਸ ਸਾਰੇ ਭਾਰ ਨੂੰ ਚੁੱਕਿਆ ਹੋਇਆ ਹੈ? ਅਜਿਹਾ ਮਨੁੱਖ ਸਚਿਆਰ ਹੋ ਸਕਦਾ ਹੈ, ਅਰਥਾਤ ਆਪਣੇ ਪੱਖ ਨੂੰ ਸਿੱਧ ਕਰਨ ਵਿਚ ਸਫ਼ਲ ਹੋ ਸਕਦਾ ਹੈ:

ਧੌਲੁ ਧਰਮੁ ਦਇਆ ਕਾ ਪੂਤੁ॥
ਸੰਤੋਖੁ ਥਾਪਿ ਰਖਿਆ ਜਿਨਿ ਸੂਤਿ॥
ਜੇ ਕੋ ਬੁਝੈ ਹੋਵੈ ਸਚਿਆਰੁ॥
ਧਵਲੈ ਉਪਰਿ ਕੇਤਾ ਭਾਰੁ॥
ਧਰਤੀ ਹੋਰੁ ਪਰੈ ਹੋਰੁ ਹੋਰੁ॥
ਤਿਸ ਤੇ ਭਾਰੁ ਤਲੈ ਕਵਣੁ ਜੋਰੁ॥ (ਪੰਨਾ 3)

'ਜਪੁਜੀ' ਵਿਚ 'ਧਰਮ' ਸ਼ਬਦ ਦਾ ਦੂਜੀ ਵਾਰ ਜ਼ਿਕਰ 'ਧਰਤੀ' ਦੇ ਸਬੰਧ ਵਿਚ ਅਤੇ ਖੰਡਾਂ ਦੀਆਂ ਪਉੜੀਆਂ ਵਿਚ ਹੋਇਆ ਹੈ। ਗੁਰੂ ਨਾਨਕ ਅਨੁਸਾਰ ਕਰਤਾ ਪੁਰਖ ਨੇ ਦੇਸ਼ ਅਤੇ ਕਾਲ ਦੀ ਰਚਨਾ ਕਰਕੇ, ਦਿਨ-ਰਾਤ, ਰੁੱਤਾਂ, ਥਿੱਤਾਂ ਅਤੇ ਵਾਰਾਂ ਬਣਾ ਕੇ ਪਾਤਾਲ ਆਦਿ ਦੀ ਰਚਨਾ ਕਰਕੇ, ਉਸ ਵਿਚ 'ਧਰਤੀ' ਨੂੰ ਧਰਮਸਾਲ ਕਰਕੇ ਸਥਾਪਤ ਕੀਤਾ ਹੈ, ਅਰਥਾਤ ਮਨੁੱਖ ਦੇ ਫਰਜ਼ ਕਮਾਉਣ ਦੀ ਥਾਂ ਬਣਾ ਕੇ ਰੱਖਿਆ ਹੈ। ਇਸ ਧਰਤੀ 'ਤੇ ਅਣਗਿਣਤ ਕਿਸਮ ਦੇ ਜੀਵ ਅਤੇ ਉਨ੍ਹਾਂ ਦੇ ਜਿਉਣ ਦੀ ਜੁਗਤਿ ਦੀ ਵੰਨ-ਸਵੰਨਤਾ ਵਿਚ ਰਚਨਾ ਕੀਤੀ ਹੈ। ਇਹ ਜੀਵ ਰਚਨਾ ਅਨੰਤ ਹੈ ਜਿਸ ਦੀ ਗਿਣਤੀ ਕਰ ਸਕਣਾ ਕਠਿਨ ਹੈ। ਖੰਡਾਂ ਦੀਆਂ ਪਉੜੀਆਂ ਵਿਚ ਉਨ੍ਹਾਂ ਪਉੜੀਆਂ ਦਾ ਵਿਸਥਾਰ ਦਿੱਤਾ ਹੈ ਜਿਨ੍ਹਾਂ 'ਤੇ ਚੜ੍ਹ ਕੇ ਮਨੁੱਖ ਆਪਣੇ ਜੀਵਨ ਦੀ ਉਚਤਮ ਅਵਸਥਾ 'ਤੇ ਪਹੁੰਚ ਜਾਂਦਾ ਹੈ। ਧਰਮ ਖੰਡ ਉਹ ਸਟੇਜ ਜਾਂ ਪਉੜੀ ਹੈ ਜਿਸ ਵਿਚ ਮਨੁੱਖ ਅੰਦਰ ਜਦੋਂ ਧਾਰਮਿਕ ਬਿਰਤੀ ਜਾਗਦੀ ਹੈ ਤਾਂ ਉਸ ਦੀ ਨਜ਼ਰ ਕੁਦਰਤ ਦੀ ਬਾਹਰਲੀ ਬਣਤਰ ਅਤੇ ਉਸ ਦੇ ਕੰਮਾਂ ਉਤੇ ਪੈਂਦੀ ਹੈ ਜਿਸ ਵਿਚ ਬੱਝਵੇਂ ਨੇਮ ਕੰਮ ਕਰ ਰਹੇ ਹਨ। ਮਨੁੱਖ ਨੂੰ ਸਮਝ ਪੈਂਦੀ ਹੈ ਕਿ ਜਿਸ ਕਿਸਮ ਦੇ ਕਾਰਨ ਹੋਣਗੇ, ਉਹੋ ਜਿਹੇ ਹੀ ਕਾਰਜ ਹੋਣਗੇ, ਅਰਥਾਤ ਕਾਰਨ ਅਤੇ ਕਾਰਜ ਦੇ ਸਬੰਧ ਦੀ ਸੋਝੀ ਪੈਂਦੀ ਹੈ। ਮਨੁੱਖ

## ਦਸਮ ਗ੍ਰੰਥ ਅਧਿਐਨ

ਨੂੰ ਇਸ ਗੱਲ ਦੀ ਸਮਝ ਆ ਜਾਂਦੀ ਹੈ ਕਿ ਚੰਗੇ ਕੰਮਾਂ ਦਾ ਫਲ ਚੰਗਾ ਅਤੇ ਮੰਦੇ ਕੰਮਾਂ ਦਾ ਫਲ ਮੰਦਾ ਹੁੰਦਾ ਹੈ। ਇਹ ਦਰਜਾ ਫ਼ਰਜ਼ ਜਾਂ ਨਿਯਮ ਦਾ ਹੈ,

ਰਾਤੀ ਰੁਤੀ ਥਿਤੀ ਵਾਰ॥
ਪਵਣ ਪਾਣੀ ਅਗਨੀ ਪਾਤਾਲ॥
ਤਿਸੁ ਵਿਚਿ ਧਰਤੀ ਥਾਪਿ ਰਖੀ ਧਰਮਸਾਲ॥
(ਪੰਨਾ 7)

ਇਸ ਤੋਂ ਇਹ ਗੱਲ ਸਪੱਸ਼ਟ ਹੋ ਜਾਂਦੀ ਹੈ ਕਿ ਸਿੱਖ ਧਰਮ ਚਿੰਤਨ ਅਨੁਸਾਰ 'ਧਰਮ' ਦਾ ਅਰਥ ਫਰਜ਼ ਅਤੇ ਨਿਯਮ, ਖਾਸ ਕਰਕੇ ਨੈਤਿਕ ਨਿਯਮ ਤੋਂ ਹੈ। 'ਅਕਾਲ ਉਸਤਤਿ' ਵਿਚ ਪ੍ਰਸ਼ਨ ਕੀਤਾ ਹੈ ਕਿ ਧਰਮ ਦਾ ਕਰਮ ਕਿਹੜਾ ਹੈ, ਅਰਥਾਤ ਕਿਸ ਨਿਯਮ ਦੇ ਕਰਮ ਨੂੰ ਧਾਰਮਿਕ ਕਰਮ ਕਿਹਾ ਜਾ ਸਕਦਾ ਹੈ:

ਕਉਨ ਧਰਮ ਕੋ ਕਰਮ ਹੈ
ਕਾਹੁ ਸਕਲ ਬਿਸਥਾਰ॥2॥ 202

ਇਸੇ ਪ੍ਰਸ਼ਨ ਦਾ ਉਤਰ ਅਸੀਂ ਗੁਰਬਾਣੀ ਵਿਚੋਂ ਲੱਭਣ ਦੀ ਕੋਸ਼ਿਸ਼ ਕਰਾਂਗੇ ਅਤੇ ਇਸ ਦਾ ਅਰੰਭ ਵੀ 'ਜਪੁਜੀ' ਤੋਂ ਹੀ ਹੁੰਦਾ ਹੈ। 'ਜਪੁਜੀ' ਵਿਚ ਸੁਣਨ ਅਤੇ ਮੰਨਣ ਦੀਆਂ ਪਉੜੀਆਂ ਵਿਚ ਜ਼ਿਕਰ ਕੀਤਾ ਹੈ ਕਿ ਸ਼ਬਦ ਦਾ ਮੰਨਣ ਕਰਨ ਨਾਲ, ਗੁਰੂ ਦੀ ਸਿੱਖਿਆ 'ਤੇ ਚਲਣ ਵਾਲਾ ਮਨੁੱਖ ਲੋਕਾਂ ਦੇ ਚਲਾਏ ਖ਼ਾਸ ਖ਼ਾਸ ਬੱਝਵੇਂ ਤਰੀਕਿਆਂ ਦਾ ਪਾਬੰਦ ਨਹੀਂ ਹੁੰਦਾ, ਉਹ ਮਜ਼ਬੀ ਵਲਗਣਾਂ ਜਾਂ ਫਿਰਕੇਬੰਦੀ ਵਿਚ ਨਹੀਂ ਪੈਂਦਾ; ਉਹ ਨਾ ਕਿਸੇ ਦਾ ਮੋਗ ਅਰਥਾਤ ਰਸਤਾ ਫੜਦਾ ਹੈ ਨਾ ਪੰਥ; ਉਸ ਦਾ ਸਬੰਧ ਧਰਮ ਨਾਲ ਬਣ ਜਾਂਦਾ ਹੈ। ਇਸ ਕਥਨ ਤੋਂ ਸਪੱਸ਼ਟ ਹੁੰਦਾ ਹੈ ਕਿ ਧਰਮ ਅਜਿਹਾ ਦੈਵੀ ਅਤੇ ਨੈਤਿਕ ਪ੍ਰਬੰਧ ਹੈ ਜੋ ਮਜ਼ਬੀ ਵਲਗਣਾਂ ਜਾਂ ਫਿਰਕੇਬੰਦੀਆਂ ਤੋਂ ਬਹੁਤ ਉਪਰ ਦੀ ਚੀਜ਼ ਹੈ।

ਗੁਰਮਤਿ ਚਿੰਤਨ ਵਿਚ ਪਰਮਾਤਮਾ ਦੇ ਨਾਮ ਦਾ ਸਿਮਰਨ ਕਰਨ ਅਤੇ ਉਸ ਅਨੁਸਾਰ ਜੀਵਨ ਜਿਉਣ ਨੂੰ ਧਾਰਮਿਕ ਕਰਮ ਕਿਹਾ ਗਿਆ ਹੈ। ਗੁਰੂ ਅਰਜਨ ਦੇਵ ਕਹਿੰਦੇ ਹਨ ਕਿ ਨਾਮ ਅਰਾਧਨਾ ਸਾਰੇ ਕਰਮਾਂ ਧਰਮਾਂ ਦਾ ਸਾਰ ਤੱਤ ਹੈ। ਨਾਮ ਜਪਣ ਵਿਚ ਸਾਰੇ ਕਰਮ ਧਰਮ ਆ ਜਾਂਦੇ ਹਨ। ਪਰਮਾਤਮਾ ਦਾ ਨਾਮ ਸਿਮਰਨ ਅਤੇ ਸੱਚੇ ਸੁੱਚੇ ਕਰਮ ਕਰਨਾ ਹੀ ਸਭ ਤੋਂ ਉਤਮ ਧਰਮ ਹੈ। ਇਹ ਦੋਵੇਂ ਕਰਮ-ਨਾਮ ਸਿਮਰਨ ਅਤੇ ਨਿਰਮਲ ਕਰਮ ਕਰਨਾ ਮਜ਼ਬੀ ਹੱਦਬੰਦੀਆਂ ਤੋਂ ਉਤੇ ਹਨ ਕਿਉਂਕਿ ਗੁਰਮਤਿ ਚਿੰਤਨ ਅਨੁਸਾਰ ਨਾਮ ਸਿਮਰਨ ਲਈ ਅਤੇ ਉਤਮ ਕਰਮ ਕਰਨ ਲਈ ਕਿਸੇ ਮਜ਼ਬੀ ਹੱਦਬੰਦੀ ਜਾਂ ਵਰਣ ਆਸ਼ਰਮ ਵੰਡ ਦੀ ਜ਼ਰੂਰਤ ਨਹੀਂ ਹੈ। ਨਾਮ ਸਿਮਰਨ ਲਈ ਸਭ ਤੋਂ ਉਤਮ ਸਥਾਨ ਸਾਧ ਸੰਗਤ ਹੈ ਜਿੱਥੇ ਸਭ ਝਗੜੇ-ਝੇੜੇ ਮਿਟ ਜਾਂਦੇ ਹਨ,

ਤਾੜਾ ਤਾੜਿ ਮਿਟੈ ਸੰਗਿ ਸਾਧੂ॥
ਕਰਮ ਧਰਮ ਤਤੁ ਨਾਮ ਅਰਾਧੂ॥
(ਪੰਨਾ 260)

ਸਰਬ ਧਰਮ ਮਹਿ ਸ੍ਰੇਸਟ ਧਰਮੁ॥
ਹਰਿ ਕੋ ਨਾਮੁ ਜਪਿ ਨਿਰਮਲ ਕਰਮੁ॥
(ਪੰਨਾ 266)

ਗੁਰਮਤਿ ਅਨੁਸਾਰ ਯੱਗ-ਹੋਮ ਆਦਿਕ ਅਤੇ ਵਰਣ ਅਨੁਸਾਰ ਧਾਰਮਿਕ ਕਹੇ ਜਾਣ ਵਾਲੇ ਧਾਰਮਿਕ ਕਰਮ ਸਭ ਕੁਝ ਹੀ ਕੇਵਲ ਤੇ ਕੇਵਲ ਪਰਮਾਤਮਾ ਦੇ ਨਾਮ ਦਾ ਸਿਮਰਨ ਕਰਨ ਵਿਚ ਆ ਜਾਂਦੇ ਹਨ। ਉਸ ਦਾ ਨਾਮ ਸਿਮਰਨ ਹੀ ਹਰ ਤਰ੍ਹਾਂ ਦਾ ਧਾਰਮਿਕ ਕਰਮ ਹੈ। ਜਿਹੜੇ ਮਨੁੱਖ ਪਰਮਾਤਮਾ ਦੇ ਸਿਮਰਨ ਸਦਕਾ ਉਸ ਪਰਮਾਤਮਾ ਦੇ ਪ੍ਰੇਮ ਦੇ ਰੰਗ ਵਿਚ ਰੰਗੇ ਜਾਂਦੇ ਹਨ, ਉਹ ਮਨੁੱਖ ਪਰਮਾਤਮਾ ਦੇ ਦਰ 'ਤੇ ਪ੍ਰਵਾਨ ਹੁੰਦੇ ਹਨ ਅਤੇ ਅਜਿਹੇ ਮਨੁੱਖਾਂ ਦੀ ਸੰਗਤਿ ਕਰਨਾ ਹਰ ਤਰ੍ਹਾਂ ਦੇ ਖ਼ਜ਼ਾਨੇ ਦੀ ਪ੍ਰਾਪਤੀ ਹੈ। ਅਜਿਹੇ ਜਨਾਂ ਦੀ ਸੰਗਤਿ ਕਰਨਾ ਪਰਮਾ-ਨਿਧਾਨ ਨੂੰ ਪਾ ਲੈਣਾ ਹੈ,

ਕਰਮ ਧਰਮ ਸਚੁ ਸਾਚਾ ਨਾਉ॥
ਤਾ ਕੈ ਸਦ ਬਲਿਹਾਰੈ ਜਾਉ॥
ਜੋ ਹਰਿ ਰਾਤੇ ਸੇ ਜਨ ਪਰਵਾਣੁ॥
ਤਿਨ ਕੀ ਸੰਗਤਿ ਪਰਮ ਨਿਧਾਨੁ॥
(ਪੰਨਾ 353)

ਦਿਖਾਵੇ ਖਾਤਰ ਮਨੁੱਖ ਜਿੰਨੇ ਮਰਜ਼ੀ ਧਾਰਮਿਕ ਕਹੇ ਜਾਣ ਵਾਲੇ ਵਿਧੀਵਤ ਕਰਮ ਕਰਦਾ ਰਹੇ, ਪਰ ਜੇ ਉਹ ਉਸ ਪਰਮਾਤਮਾ ਨੂੰ ਉਸ ਦੇ ਨਾਮ ਸਿਮਰਨ ਰਾਹੀਂ ਨਹੀਂ ਜਾਣਦਾ, ਉਸ ਦੇ ਨਾਮ ਦਾ ਅਨੁਸਾਰੀ ਨਹੀਂ ਹੁੰਦਾ ਤਾਂ ਅਜਿਹੇ ਧਾਰਮਿਕ ਕਰਮ ਫੋਕਟ ਹਨ। ਅਜਿਹਾ ਮਨੁੱਖ ਦੂਜਿਆਂ ਨੂੰ ਤਾਂ ਉਪਦੇਸ਼ ਕਰਦਾ ਹੈ ਪਰ ਆਪ ਸ਼ਬਦ ਦੇ ਤੱਤ ਨੂੰ ਨਹੀਂ ਸਮਝਦਾ। ਅਜਿਹਾ ਮਨੁੱਖ ਜਿਹੋ ਜਿਹਾ ਸੰਸਾਰ 'ਤੇ ਆਉਂਦਾ ਹੈ, ਉਹੋ ਜਿਹਾ ਹੀ ਇਥੋਂ ਵਾਪਸ ਚਲਾ ਜਾਂਦਾ ਹੈ। ਗੁਰੂ ਅਰਜਨ ਦੇਵ ਫੁਰਮਾਉਂਦੇ ਹਨ ਕਿ ਆਪਣੇ ਕੀਤੇ ਜਪ, ਤਪ, ਸੰਜਮ ਆਦਿ ਸਭ ਪਰਮਾਤਮਾ ਦੇ ਭੇਟ ਕਰ ਦੇਣਾ, ਅਰਥਾਤ ਸਮੁੱਚੇ ਕਰਮਾਂ ਨੂੰ ਪਰਮਾਤਮਾ ਦੇ ਸਮਰਪਣ ਕਰ ਦੇਣਾ, ਹਰ ਤਰ੍ਹਾਂ ਦੇ ਮਾਨ ਅਭਿਮਾਨ ਦਾ ਤਿਆਗ ਕਰਕੇ ਉਸ ਪਰਮਾਤਮਾ ਦੇ ਚਰਨਾਂ ਦੀ ਧੂੜ ਬਣ ਜਾਣਾ ਅਤੇ ਸਤਿਸੰਗੀਆਂ ਨਾਲ ਰਲ ਕੇ ਪਰਮਾਤਮਾ ਨੂੰ ਦੇਖ ਲੈਣਾ, ਉਸ ਦੇ ਦਰਸ਼ਨ ਪਾ ਲੈਣਾ; ਇਹੀ ਧਾਰਮਿਕ ਕਰਮ ਹੈ। ਪਰਮਾਤਮਾ ਦਾ ਨਾਮ ਜਪਣਾ ਹਰ ਤਰ੍ਹਾਂ ਦਾ ਸੁੱਖ ਹੈ। ਉਸ ਦੇ ਗੁਣਾਂ ਦਾ ਗਾਇਨ ਕਰਨਾ ਹਰ ਤਰ੍ਹਾਂ ਦਾ ਧਰਮ ਹੈ। ਸਾਧ ਜਨਾਂ (ਗੁਰਮੁਖਾਂ) ਦੀ ਸੰਗਤਿ ਕਰਨਾ ਮਹਾਂ ਪਵਿੱਤਰ ਕਰਮ ਹੈ ਕਿਉਂਕਿ ਸਾਧ ਸੰਗਤਿ ਵਿਚ ਜਾ ਕੇ ਮਨੁੱਖ ਪਰਮਾਤਮਾ ਦੇ ਰੰਗ ਵਿਚ ਰੰਗਿਆ ਜਾਂਦਾ ਹੈ,

ਸਗਲ ਸੂਖ ਜਪਿ ਏਕੈ ਨਾਮ॥
ਸਗਲ ਧਰਮ ਹਰਿ ਕੇ ਗੁਣ ਗਾਮ॥
ਮਹਾ ਪਵਿਤ੍ਰ ਸਾਧ ਕਾ ਸੰਗੁ॥
ਜਿਸੁ ਭੇਟਤ ਲਾਗੈ ਪ੍ਰਭ ਰੰਗੁ॥2॥
(ਪੰਨਾ 392)

ਗੁਰੂ ਨਾਨਕ ਦੇਵ ਫੁਰਮਾਉਂਦੇ ਹਨ ਕਿ ਸ੍ਰਿਸ਼ਟੀ ਦੇ ਜੀਵ ਅਨੇਕ ਅਤੇ ਅਣਗਿਣਤ ਹਨ ਪਰ ਉਨ੍ਹਾਂ ਵਿਚ ਅਕਾਲ ਪੁਰਖ, ਹਰੀ ਇਕੋ ਹੈ। ਸ਼ਾਸਤਰਾਂ ਦੇ ਦੱਸੇ ਹੋਏ ਕਰਮ ਕਾਂਡ ਤਾਂ ਬਹੁਤ ਹਨ ਪਰ ਪਰਮਾਤਮਾ ਦੇ ਭੈਅ ਅਤੇ ਪਿਆਰ ਤੋਂ ਬਿਨਾ ਇਹ ਜਨਮ ਬਿਰਥਾ ਹੈ, ਬੇਕਾਰ ਹੈ। ਇਸ ਲਈ ਆਤਮ ਮਾਰਗ ਦੇ ਖੋਜੀ, ਪਰਮਾਰਥੀ ਮਿਲ ਕੇ ਪਰਮਾਤਮਾ ਦੇ ਗੁਣਾਂ ਦਾ ਗਾਇਨ ਕਰਦੇ ਹਨ,

ਭੀਤਰਿ ਏਕੁ ਅਨੇਕ ਅਸੰਖ॥
ਕਰਮ ਧਰਮ ਬਹੁ ਸੰਖ ਅਸੰਖ॥
ਬਿਨੁ ਭੈ ਭਗਤੀ ਜਨਮੁ ਬਿਰੰਥ॥
ਹਰਿ ਗੁਣ ਗਾਵਹਿ ਮਿਲਿ ਪਰਮਾਰੰਥ॥
(ਪੰਨਾ 413)

ਗੁਰੂ ਨਾਨਕ ਪਾਤਸ਼ਾਹ ਕਹਿੰਦੇ ਹਨ ਕਿ ਹੰਕਾਰ ਨਾਲ ਕੀਤੇ ਹੋਏ ਕਰਮ ਧਰਮ ਬੰਧਨ ਦਾ ਕਾਰਨ ਬਣਦੇ ਹਨ। ਗੁਰੂ ਸਾਹਿਬ ਅੱਗੇ ਫੁਰਮਾਉਂਦੇ ਹਨ ਕਿ ਮੇਰੇ ਮਨ ਨੇ ਐਸਾ ਸੱਚਾ ਆਦਿ ਅਤੇ ਬੇਅੰਤ ਹਰੀ ਆਪਣੇ ਹਿਰਦੇ ਵਿਚ ਧਾਰਨ ਕੀਤਾ ਹੈ ਜੋ ਪਹੁੰਚ ਤੋਂ ਪਰੇ ਹੈ ਅਤੇ ਇੰਦ੍ਰੀਆਂ ਦਾ ਵਿਸ਼ਾ ਨਹੀਂ ਹੈ। ਉਹ ਪਾਰਬ੍ਰਹਮ ਸਭ ਦਾ ਸ਼੍ਰੋਮਣੀ ਹੈ ਜਿਸ ਦਾ ਸਭ ਉਤੇ ਜ਼ੋਰ ਹੈ। ਉਹ ਇਸ ਬ੍ਰਹਿਮੰਡ ਦੀ ਰਚਨਾ ਤੋਂ ਪਹਿਲਾਂ ਵੀ ਸੀ, ਜੁਗਾਂ ਆਦਿ ਦਾ ਅਰੰਭ ਹੋਣ ਵੇਲੇ ਵੀ ਸੀ ਅਤੇ ਸਦੀਵੀ ਰਹੇਗਾ ਵੀ। ਮੇਰਾ ਮਨ ਸ਼ਾਸਤਰਾਂ ਦੇ ਦੱਸੇ ਕਰਮ ਕਾਂਡ ਦੀ ਸਾਰ ਨਹੀਂ ਜਾਣਦਾ ਅਤੇ ਨਾ ਹੀ ਇਹ ਜਾਣਦਾ ਹੈ ਕਿ ਆਤਮਿਕ ਜਾਗ ਅਤੇ ਮੁਕਤੀ ਕਿਵੇਂ ਪਾਈਦੀ ਹੈ। ਇਹ ਤਾਂ ਗੁਰੂ ਦੁਆਰਾ, ਉਸ ਦੀ ਬਾਣੀ ਰਾਹੀਂ ਕੇਵਲ ਇਹ ਗੱਲ ਜਾਣਦਾ ਹੈ ਕਿ ਦਿਨ ਰਾਤ ਉਸ ਪ੍ਰਭੂ ਦਾ ਨਾਮ ਧਿਆਉਣਾ ਹੈ,

ਮੇਰਾ ਮਨੋ ਮੇਰਾ ਮਨੁ ਰਾਤਾ
ਰਾਮ ਪਿਆਰੇ ਰਾਮ॥
ਸਚੁ ਸਾਹਿਬੋ ਆਦਿ ਪੁਰਖੁ
ਅਪਰੰਪਰੋ ਧਾਰੇ ਰਾਮ॥
ਅਗਮ ਅਗੋਚਰ ਅਪਰ ਅਪਾਰਾ
ਪਾਰਬ੍ਰਹਮ ਪਰਧਾਨੋ॥
ਆਦਿ ਜੁਗਾਦੀ ਹੈ ਭੀ ਹੋਸੀ
ਅਵਰੁ ਝੂਠਾ ਸਭੁ ਮਾਨੋ॥
ਕਰਮ ਧਰਮ ਕੀ ਸਾਰ ਨਾ ਜਾਣੈ
ਸੁਰਤਿ ਮੁਕਤਿ ਕਿਉ ਪਾਈਐ॥
ਨਾਨਕ ਗੁਰਮੁਖਿ ਸਬਦਿ ਪਛਾਣੈ
ਅਹਿਨਿਸਿ ਨਾਮੁ ਧਿਆਈਐ॥ (ਪੰਨਾ 437)

(ਚਲਦਾ)

## ਮਿੰਨੀ ਕਹਾਣੀਆਂ

### ਸੱਚ ਤੇ ਇਮਾਨਦਾਰੀ

"ਧੀਏ ਤੂੰ ਕੌਣ ਆਂ?" ਇਕ ਬੇਸਹਾਰਾ ਕੁੜੀ ਤੋਂ ਹਨ੍ਹੇਰੇ ਵਿਚ ਬੈਠੇ ਬਜ਼ੁਰਗ ਨੇ ਪੁੱਛਿਆ।

ਕੁੜੀ ਨੇ ਉਤਰ ਦਿੱਤਾ, "ਜੀ ਮੈਂ, ਮੈਂ ਇਮਾਨਦਾਰੀ ਹਾਂ।"

"ਧੀਏ ਫੇਰ ਆ ਜਾ ਮੇਰੇ ਕੋਲ ਅੰਦਰ ਹੀ, ਬਾਹਰ ਜੇ ਕਿਸੇ ਨੇ ਦੇਖ ਲਿਆ ਤਾਂ ਤੈਨੂੰ ਖ਼ਤਮ ਕਰ ਦਿਊਗਾ।"

ਕੁੜੀ ਫਟਾਫਟ ਹਨ੍ਹੇਰੇ ਕਮਰੇ ਵਿਚ ਵੜ ਗਈ। ਕਮਰੇ ਵਿਚ ਜਾ ਕੇ ਉਸ ਨੇ ਬਜ਼ੁਰਗ ਤੋਂ ਪੁੱਛਿਆ, "ਬਾਬਾ ਜੀ, ਤੁਸੀਂ ਕੌਣ ਆਂ? ਤੁਸੀਂ ਇਥੇ ਲੁਕੇ ਕਿਉਂ ਬੈਠੇ ਆਂ।"

"ਧੀਏ ਮੈਂ ਸੱਚ ਆਂ, ਮੇਰੀ ਸਾਰੀ ਉਮਰ ਲੋਕਾਂ ਦੀ ਸੇਵਾ ਕੀਤੀ ਪਰ ਲੋਕਾਂ ਨੇ ਮੈਨੂੰ ਖੂੰਜੇ ਲਾ ਦਿੱਤਾ। ਜਦੋਂ ਮੈਂ ਬਾਹਰ ਨਿਕਲਿਆ ਮੈਨੂੰ ਲੋਕ ਮਾਰ ਦੇਣਗੇ, ਆਪਣਾ ਦੋਹਾਂ ਦਾ ਇਸੇ ਵਿਚ ਹੀ ਫਾਇਦਾ ਹੈ ਕਿ ਆਪਾਂ ਲੁਕੇ ਹੀ ਰਹੀਏ।"

### ਝੂਠਾ ਸਮਾਜ

ਸ਼ਹਿਰ ਦਾ ਸੱਭਿਆਚਾਰ ਦਾ ਰਾਖਾ ਅਖਵਾਉਣ ਵਾਲਾ ਮੰਤਰੀ ਆਪਣੇ ਨਾਲ ਕੁਝ ਹੋਰ ਪਤਵੰਤੇ ਸੱਜਣਾਂ ਨੂੰ ਲੈ ਕੇ ਪੇਂਟਰ ਦੀ ਦੁਕਾਨ 'ਤੇ ਪਹੁੰਚਾ ਤੇ ਪੇਂਟਰ 'ਤੇ ਗਰਜ ਪਿਆ, ਇਸ ਪੇਂਟਰ ਨੇ ਭਿੱਜੇ ਲੀੜਿਆਂ ਵਾਲੀ ਇਸਤਰੀ ਦੀ ਤਸਵੀਰ ਬਣਾ ਕੇ ਸਾਡੀ ਸੱਭਿਅਤਾ ਨੂੰ ਨਸ਼ਟ ਕੀਤਾ ਹੈ। ਆਖਿਰ ਤਕੜੇ ਦਾ ਸੱਤੀਂ ਵੀਹੀਂ ਸੌ ਹੁੰਦਾ ਹੈ, ਉਨ੍ਹਾਂ ਨੇ ਪੇਂਟਰ ਦੀ ਦੁਕਾਨ ਨੂੰ ਤਾਲਾ ਲਗਵਾ ਦਿੱਤਾ।

ਇਸ ਖ਼ੁਸ਼ੀ ਵਿਚ ਸੱਭਿਆਚਾਰ ਦੇ ਰਾਖਿਆਂ ਨੇ ਜਸ਼ਨ ਮਨਾਏ। ਕੁਝ ਸਮੇਂ ਬਾਅਦ ਜ਼ੋਰ ਦਾ ਮੀਂਹ ਆ ਗਿਆ। ਸੱਭਿਆਚਾਰ ਦਾ ਰਾਖਾ ਮੰਤਰੀ ਕਹਿਣ ਲੱਗਾ, "ਚਲੋ ਬਾਹਰ ਚੱਲ ਕੇ ਖੜ੍ਹਦੇ ਆਂ, ਕਾਲਜ ਵਿਚ ਛੁੱਟੀ ਹੋਣ ਵਾਲੀ ਹੈ, ਜੰਨਤ ਦੀਆਂ ਹੂਰਾਂ ਭਿੱਜੀਆਂ ਹੋਈਆਂ ਲੰਘਣਗੀਆਂ। ਚਲੋ ਜ਼ਿੰਦਗੀ ਦਾ ਲੁਤਫ ਉਠਾਈਏ।

-ਭਵਨਦੀਪ ਸਿੰਘ ਪੁਰਬਾ

## ਸਿਆਣਿਆਂ ਦਾ ਕਿਹਾ

(1) ਜਦੋਂ ਦੀ ਔਰਤ ਘੁੰਡ ਵਿਚੋਂ ਬਾਹਰ ਆਈ ਹੈ, ਦੁਨੀਆਂ ਨੇ ਉਸ ਨੂੰ ਨੁਮਾਇਸ਼ ਦੀ ਸ਼ੈਅ ਬਣਾ ਦਿੱਤਾ ਹੈ।

(2) ਤੁਹਾਡੇ ਵੱਲੋਂ ਕਿਸੇ ਨਾਲ ਦਿਲੋਂ ਸਾਂਝੇ ਕੀਤੇ ਦੋ ਬੋਲ, ਉਸ ਨਾਲ ਕੀਤੀਆਂ ਵਧੀਕੀਆਂ ਨੂੰ ਧੋ ਸੁੱਟਣਗੇ।

(3) ਕੀ ਇਹੋ ਭਾਰਤੀ ਸਭਿਅਤਾ ਹੈ ਕਿ ਔਰਤ ਦੇ ਨੰਗੇਜ ਨੂੰ ਤਮਾਸ਼ਾ ਬਣਾ ਕੇ ਪੇਸ਼ ਕੀਤਾ ਜਾਂਦਾ ਰਹੇ?

(4) ਚੌਕੀਦਾਰ ਹੀ ਜਦ ਲੁਟੇਰੇ ਬਣ ਜਾਣ ਤਾਂ ਕੋਈ ਕੀ ਕਰੇਗਾ? ਮੁਨਸਿਫ ਕਾਲੇ ਵੇਸ ਧਾਰ ਲੈਣ ਤਾਂ ਇਨਸਾਫ ਕੌਣ ਕਰੇਗਾ?

(5) ਫਲੀਆਂ ਦੀ ਰਾਖੀ ਲੇਲੇ ਨੂੰ ਕਦੋਂ ਬਹਾਈ ਦਾ ਏ।

(6) ਜਿਹੜਾ ਨੰਗ ਨਾ ਕੱਜ ਸਕੇ ਉਹ ਕਾਹਦਾ ਲਿਬਾਸ ਹੋਇਆ।

(7) ਇੱਜ਼ਤਾਂ ਮਹਿਫੂਜ਼ ਰੱਖਣ ਲਈ ਘਰ ਤੋਂ ਹੀ ਮੱਤਾਂ ਦਿੱਤੀਆਂ ਜਾਂਦੀਆਂ ਨੇ।

(8) ਮਾਪਿਆਂ ਦਾ ਅਸਲ ਸਰਮਾਇਆ ਤਾਂ ਔਲਾਦ ਹੈ। ਸਭ ਤੋਂ ਵੱਧ ਖ਼ੁਸ਼ੀ ਮਾਪਿਆਂ ਨੂੰ ਉਦੋਂ ਮਿਲਦੀ ਹੈ ਜਦੋਂ ਕੋਈ ਸੱਤ ਬੇਗਾਨਾ ਔਲਾਦ ਦੀ ਤਾਰੀਫ ਕਰੇ।

(9) ਗਰੀਬ ਲੋਕ ਨੇ ਜਿਨ੍ਹਾਂ ਕੋਲ ਤਨ ਢੱਕਣ ਲਈ ਕੱਪੜਾ ਨਹੀਂ, ਅਮੀਰ ਨੇ ਜਿਹੜੇ ਅੱਧ ਨੰਗੇ ਤੁਰੇ ਫਿਰਦੇ ਨੇ।

(10) ਪੰਜਾਬ ਅੰਦਰ ਨਸ਼ਿਆਂ ਦੇ ਦਰਿਆ 'ਚ ਜਵਾਨੀ ਖੁਰਦੀ ਏ, ਪ੍ਰਦੇਸੀ ਪੁੱਤਰਾਂ ਨੂੰ ਮਿਲਣ ਲਈ ਨਿੱਤ ਮਾਂ ਝੁਰਦੀ ਏ।

(11) ਗੁਲਾਬ ਰੂੜੀਆਂ 'ਚ ਵੀ ਖਿੜਿਆ ਹੋਵੇ ਤਾਂ ਉਸ ਨੂੰ ਵੀ ਸਲਾਮ ਹੈ।

(12) ਸੰਗੀਤ ਜ਼ਿੰਦਗੀ ਦਾ ਗੁਲਾਬ ਹੈ। ਮਾਨਸਿਕ ਥਕੇਵਾਂ ਲਾਉਣ ਲਈ ਸੰਗੀਤ ਦੇਸੀ ਘਿਉ ਤੋਂ ਵੀ ਵੱਧ ਹੈ।

(13) ਪਿਛਲੇ ਕੁਝ ਅਰਸੇ ਤੋਂ ਪੰਜਾਬੀ ਗਾਇਕਾਂ ਦਾ ਖਿਲਾਰਾ ਏਨਾ ਪੈ ਗਿਆ ਹੈ ਤੇ ਲਗਦਾ ਹੈ ਜਿਵੇਂ ਸਾਰਾ ਪੰਜਾਬ ਹੀ ਗਾਉਣ ਲੱਗ ਪਿਆ ਹੋਵੇ। ਕਿਤੇ ਲੁੱਟ ਪੁੱਟ ਕੇ ਜ਼ਮੀਨਾਂ ਗਹਿਣੇ ਰੱਖ ਕੇ ਬਣੇ ਗਾਇਕ ਕਾਲੇ ਕੱਛੇ ਨਾ ਪਾ ਲੈਣ।

(14) ਅੱਜ ਦੇ ਜ਼ਮਾਨੇ ਵਿਚ ਜ਼ਮੀਨਾਂ ਮਹਿੰਗੀਆਂ ਤੇ ਜ਼ਮੀਰਾਂ ਸਸਤੀਆਂ ਨੇ।

(15) ਆਪਣੇ ਵਿਹੜੇ 'ਚ ਆਪ ਪੋਚਾ ਲਾ ਲੈਣ 'ਚ ਕੀ ਹਰਜ਼ ਹੈ।

(16) ਸੰਗੀਤ ਆਵਾਜ਼ ਦਾ ਸਰਵੋਤਮ ਹੁਸਨ ਹੈ।

(17) ਪੰਜਾਬ ਸਦੀਆਂ ਤੋਂ ਉਥਲ-ਪੁਥਲ ਦਾ ਅਖਾੜਾ ਰਿਹਾ ਹੈ।

(18) ਗਿੱਧੇ ਵਿਚ ਸਭ ਤੋਂ ਵੱਧ ਯੋਗਦਾਨ ਹੱਥਾਂ ਦੀ ਤਾੜੀ ਦਾ ਹੈ।

(19) ਸੰਗੀਤ ਦਾ ਮਾਨਵਤਾ ਨਾਲ ਭਾਸ਼ਾ ਤੋਂ ਵੀ ਪੁਰਾਣਾ ਸਬੰਧ ਹੈ।

(20) ਕਾਵਿ ਦਾ ਸੰਗੀਤ ਨਾਲ ਸਰੀਰ ਤੇ ਰੂਹ ਵਾਲਾ ਰਿਸ਼ਤਾ ਹੈ।

(21) ਭਾਰਤੀ ਇਤਿਹਾਸਕਾਰਾਂ ਨੇ ਜਾਣਬੁਝ ਕੇ ਤਹਿਰੀਕ ਨੂੰ ਤੋੜਨ ਮਰੋੜਨ ਦੀ ਕੋਸ਼ਿਸ਼ ਕੀਤੀ ਹੈ, ਇਨ੍ਹਾਂ ਦਾ ਵੱਸ ਚਲੇ ਤਾਂ ਇਹ ਗਾਂਧੀ ਦੀ ਹੱਤਿਆ ਨੂੰ ਵੀ ਇੱਕ ਦੁਰਘਟਨਾ ਦਿਖਾ ਦੇਣ।

(22) ਗਲਤ ਵਿਆਖਿਆਵਾਂ ਨਾਲ ਹਕੀਕਤ ਨਹੀਂ ਬਦਲੀ ਜਾ ਸਕਦੀ।

(23) ਉਸ ਸਮਾਜ ਵਿਚ ਹਿੰਸਾ ਤਾਂ ਹੋਵੇਗੀ ਹੀ ਜਿੱਥੇ ਘ੍ਰਿਣਾ ਅਤੇ ਛੂਤਛਾਤ ਨੂੰ ਸਮਾਜਿਕ ਮਾਨਤਾ ਪ੍ਰਾਪਤ ਹੋਵੇ।

(24) ਆਜ਼ਾਦੀ ਤੋਂ ਬਾਦ ਏਕਤਾ ਦੀ ਭਾਵਨਾ ਭਾਰਤੀ ਸਮਾਜ ਵਿਚੋਂ ਅਲੋਪ ਹੁੰਦੀ ਜਾ ਰਹੀ ਹੈ।

(25) ਸਾਰੇ ਤਾਕਤਵਰ ਕਿਰਦਾਰ ਨੁਕਤਾਚੀਨੀ ਦਾ ਸ਼ਿਕਾਰ ਹੁੰਦੇ ਹਨ।

(26) ਖ਼ਤਰਨਾਕ ਹਾਲਾਤ ਨਾਲ ਸਿਆਣਪ ਨਾਲ ਨਜਿੱਠੀਏ ਤਾਂ ਨਤੀਜੇ ਜ਼ਰੂਰ ਹਾਂਪੱਖੀ ਨਿਕਲਦੇ ਹਨ। ਸਿਆਣਪ ਦੀ ਕੋਈ ਉਮਰ ਨਹੀਂ ਹੁੰਦੀ। ਅਕਲ ਦਾ ਖਾਨਾ ਜਿਨ੍ਹਾਂ ਦਾ ਖਾਲੀ ਹੁੰਦਾ ਹੈ, ਉਹ ਬੁੱਢੇ ਹੋ ਕੇ ਜੁੱਤੀਆਂ ਖਾਣ ਨੂੰ ਥਾਂ ਕਰ ਲੈਂਦੇ ਹਨ।

(27) ਸਿਆਣਪ ਤੇ ਅਕਲ ਕੁਦਰਤੀ ਵਰਦਾਨ ਹਨ। ਸਿਆਣਪ ਕਈ ਵਾਰ ਪੜ੍ਹਿਆਂ ਲਿਖਿਆਂ ਦੀਆਂ ਵੀ ਗੋਡਣੀਆਂ ਲਵਾ ਦਿੰਦੀ ਹੈ।

(28) ਉਠ ਜਿੱਡਾ ਮਰਜ਼ੀ ਵੱਡਾ ਹੋਵੇ ਪੈਰ ਹਾਥੀ ਤੋਂ ਨਿੱਕੇ ਹੁੰਦੇ ਹਨ।

(29) ਵਿਚ ਸਕੂਲੇ ਬੈਠ ਟਾਟ 'ਤੇ ਦਿਨ ਸੀ ਜੋ ਬਿਤਾਏ, ਵਾਂਗ ਸੁਫਨਿਆਂ ਅੱਜ ਉਹ ਸਾਰੇ ਅੱਖਾਂ ਅੱਗੇ ਆਏ।

ਪੇਸ਼ਕਾਰ-ਪਰਮਜੀਤ ਸਿੰਘ ਦਾਖਾ

ISBN#978-0-9781624-9-8

# ਬੰਦ ਬੰਦ ਕਟਵਾਉਣ ਵਾਲਾ ਬਾਬਾ ਬੰਦਾ ਸਿੰਘ ਬਹਾਦਰ

**ਇਤਿਹਾਸ ਦੀ ਪੈੜ**

ਬਾਬਾ ਬੰਦਾ ਸਿੰਘ ਬਹਾਦਰ 18ਵੀਂ ਸਦੀ ਦਾ ਉਹ ਮਹਾਨ ਸਿੱਖ ਜਰਨੈਲ ਅਤੇ ਗੁਰੀਲਾ ਯੋਧਾ ਸੀ ਜਿਸ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਵਲੋਂ ਜ਼ਿੰਦਗੀ ਦੇ ਤਲਖ਼ ਤਜਰਬਿਆਂ ਦੇ ਕੱਢੇ ਨਿਚੋੜ ਤੇ ਫੁਰਮਾਨ, "ਰਾਜ ਬਿਨਾ ਨਹੀਂ ਧਰਮ ਚਲੇ ਹੈ" ਤਹਿਤ ਸਿੱਖ ਰਾਜ ਦੀ ਨੀਂਹ ਰੱਖੀ, ਗੁਰੂ ਜੀ ਦੇ ਸਿੱਖ ਫਲਸਫ਼ੇ ਅਨੁਸਾਰ ਗ੍ਰਿਹਸਥੀ ਜੀਵਨ ਨੂੰ

ਕਿਰਪਾਲ ਸਿੰਘ ਸੰਧੂ, ਫਰਿਜ਼ਨੋ
ਫੋਨ:559-259-4844

ਮਾਨਤਾ ਦਿੱਤੀ, ਹੱਕ, ਸੱਚ, ਇਨਸਾਫ਼ 'ਤੇ ਪਹਿਰਾ ਦਿੰਦਿਆਂ ਮਜ਼੍ਹਬੀ ਵਿਤਕਰਿਆਂ ਤੋਂ ਉਪਰ ਉਠ ਕੇ ਗਰੀਬਾਂ ਕਿਰਤੀਆਂ ਨੂੰ ਜਿੱਥੇ ਗਲ ਨਾਲ ਲਾਇਆ, ਉਥੇ ਆਖਰੀ ਸਮੇਂ ਉਸ ਅਕਾਲ ਪੁਰਖ ਦੇ ਭਾਣੇ ਅੰਦਰ ਰਹਿੰਦਿਆਂ ਅੰਤਾਂ ਦਾ ਜਿਸਮਾਨੀ ਤਸ਼ੱਦਦ ਝੱਲਦਿਆਂ ਸ਼ਹਾਦਤ ਦਾ ਜਾਮ ਪੀਤਾ। ਸੋ, ਬੰਦਾ ਸਿੰਘ ਬਹਾਦਰ ਨੂੰ ਸਿੱਖ ਰਾਜ ਦਾ ਬਾਨੀ ਕਿਹਾ ਜਾਣਾ ਉਸ ਦਾ ਹੱਕ ਬਣਦਾ ਹੈ ਜਿਸ ਨੇ ਸਿੱਖ ਮਿਸਲਾਂ ਅਤੇ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਲਈ ਰਸਤਾ ਹਮਵਾਰ ਕੀਤਾ।

ਬਾਬੇ ਨਾਨਕ ਨੇ ਪੁਸ਼ਤ-ਦਰ-ਪੁਸ਼ਤ ਚਲੇ ਆਉਂਦੇ ਧਰਮ ਦੇ ਠੇਕੇਦਾਰ ਅਖਵਾਉਣ ਵਾਲੇ ਪੰਡਿਤਾਂ, ਪਰੋਹਿਤਾਂ, ਮੁੱਲਾਂ, ਮੁਲਾਣਿਆਂ ਵਲੋਂ ਚਲਾਈ ਜਾ ਰਹੀ ਗਲੀ-ਸੜੀ ਸਮਾਜੀ ਵਿਚਾਰਧਾਰਾ ਨੂੰ ਰੱਦ ਕੀਤਾ ਤੇ ਪੁਰਾਣੇ ਵਕਤਾਂ ਤੋਂ ਰਿਆਸਤਾਂ ਦੇ ਮਾਲਕ ਰਾਜਿਆਂ ਵਲੋਂ ਆਪਣੇ ਜਗੀਰਦਾਰਾਂ ਅਤੇ ਅਹਿਲਕਾਰਾਂ ਦੀ ਮਦਦ ਨਾਲ ਚਲਾਏ ਜਾ ਰਹੇ ਲੁੱਟ-ਖਸੁੱਟ ਵਾਲੇ ਰਾਜ ਪ੍ਰਬੰਧ ਵਿਰੁੱਧ ਆਵਾਜ਼ ਬੁਲੰਦ ਕੀਤੀ। ਫਿਰ ਇਸ ਦਾ ਪੱਕਾ ਹੱਲ ਲੱਭਣ ਲਈ ਸਿੱਖ ਧਰਮ ਦੀ ਨੀਂਹ ਰੱਖੀ ਗਈ। ਚੌਥੇ ਪਾਤਸ਼ਾਹ ਸ੍ਰੀ ਗੁਰੂ ਰਾਮ ਦਾਸ ਤੱਕ ਗੁਰੂ ਸਾਹਿਬਾਨ ਭਗਤੀ ਲਹਿਰ ਦੁਆਰਾ ਸਮੁੱਚੀ ਮਾਨਵਤਾ ਦੇ ਜ਼ਖ਼ਮਾਂ 'ਤੇ ਜਿੱਥੇ ਮਲ੍ਹਮ ਲਾਉਂਦੇ ਰਹੇ, ਉਥੇ ਨਾਲ ਨਾਲ ਮੌਕੇ ਦੇ ਹਾਕਮਾਂ, ਰਾਜਿਆਂ ਨੂੰ ਲੋਕਾਂ ਦੇ ਭਲੇ ਲਈ ਵੀ ਉਪਦੇਸ਼ ਦਿੰਦੇ ਰਹੇ। ਜ਼ੁਲਮ, ਜਬਰ, ਬੇਇਨਸਾਫ਼ੀ ਨੂੰ ਠੱਲ੍ਹ ਪੈਂਦੀ ਨਾ ਵੇਖ ਕੇ ਸਿੱਖ ਧਰਮ ਦੀ ਨੀਂਹ ਨੂੰ ਮਜ਼ਬੂਤ ਲੀਹਾਂ 'ਤੇ ਪਾਉਣ ਲਈ ਪੰਚਮ ਪਾਤਸ਼ਾਹ ਨੇ ਸ਼ਹਾਦਤ ਦਿੱਤੀ।

ਮੀਰੀ-ਪੀਰੀ ਦੇ ਮਾਲਕ ਅਤੇ ਫਿਰ ਕਲਗੀਆਂ ਵਾਲੇ ਪਾਤਸ਼ਾਹ ਵਲੋਂ ਇਸੇ ਕਾਜ ਲਈ ਮੈਦਾਨੇ-ਜੰਗ ਅੰਦਰ ਦਿੱਤੀਆਂ ਸ਼ਹਾਦਤਾਂ ਤਵਾਰੀਖ ਦਾ ਸੁਨਹਿਰੀ ਵਰਕਾ ਹਨ। ਇਸਲਾਮ ਧਰਮ ਦੀ ਆੜ ਥੱਲੇ ਪੰਜਾਬ ਵਿਚ ਮੁਗ਼ਲ ਹਾਕਮਾਂ ਵਲੋਂ ਮਾਸੂਮ ਸਾਹਿਬਜ਼ਾਦਿਆਂ ਨਾਲ ਕੀਤੀ ਗਈ ਜ਼ਿਆਦਤੀ ਅਤੇ ਵਹਾਏ ਜਾ ਰਹੇ ਖ਼ੂਨ ਨੂੰ ਠੱਲ੍ਹ ਪਾਉਣ ਲਈ ਗੁਰੂ ਜੀ ਸੋਚ-ਵਿਚਾਰ ਕਰ ਰਹੇ ਸਨ। ਦਸਮੇਸ਼ ਪਿਤਾ 1708 ਅਗਸਤ ਮਹੀਨੇ ਨੰਦੇੜ ਸਾਹਿਬ ਪਹੁੰਚ ਗਏ। ਅਗਲੇ ਮਹੀਨੇ ਸਤੰਬਰ ਦੀ ਤਿੰਨ ਵਾਲੀ ਸ਼ਾਮ ਗੁਰੂ ਜੀ ਸਿੰਘਾਂ ਨੂੰ ਨਾਲ ਲੈ ਕੇ ਮਾਧੋ ਦਾਸ ਵੈਰਾਗੀ ਦੇ ਡੇਰੇ 'ਤੇ ਗਏ। ਸਿੰਘਾਂ ਨੇ ਬੇਨਤੀ ਕੀਤੀ, ਮਹਾਰਾਜ, ਲੰਗਰ ਵਾਸਤੇ ਕੀ ਹੁਕਮ ਹੈ? ਗੁਰੂ ਜੀ ਨੇ ਫਰਮਾਇਆ, ਜੋ ਕੁਝ ਵੀ ਮਿਲਦਾ ਹੈ, ਬਣਾ ਲਓ। ਬੱਕਰਾ ਫਿਰਦਾ ਦੇਖ ਸਿੰਘਾਂ ਨੇ ਝਟਕਾ ਲਿਆ ਤੇ ਲੰਗਰ ਤਿਆਰ ਹੋਣ ਲੱਗ ਪਿਆ। ਮਾਧੋ ਦਾਸ ਨੂੰ ਖ਼ਬਰ ਮਿਲ ਗਈ ਤਾਂ ਉਹ ਕਰੋਧ ਨਾਲ ਭਰਿਆ ਡੇਰੇ ਆਣ ਪਹੁੰਚਾ। ਗੁਰੂ ਸਾਹਿਬ ਨਾਲ ਵਾਰਤਾਲਾਪ ਹੋਣ 'ਤੇ ਉਨ੍ਹਾਂ ਕਿਹਾ,

ਚੰਦ ਹੱਡੀਆਂ ਖਿੰਡੀਆਂ ਦੇਖ ਕੇ ਤੇ,
ਕਰਨ ਆ ਗਿਆਂ ਮੇਰੇ ਤੇ ਵਾਰ ਸਾਧਾ।
ਜੇ ਤੂੰ ਗੜ੍ਹੀ ਚਮਕੌਰ ਦੀ ਦੇਖ ਆਵੇਂ,
ਪਿੰਜਰ ਪਏ ਨੇ ਜਿੱਥੇ ਹਜ਼ਾਰ ਸਾਧਾ।
ਭੈਣਾਂ ਤੇਰੀਆਂ ਕੀਰਨੇ ਪਾਉਣ ਪਈਆਂ,
ਸਾਧਾ ਦੱਸ ਤੂੰ ਕਿਹਨੂੰ ਧਿਆ ਰਿਹਾ ਏਂ।
ਵੀਰਾਂ ਤੇਰਿਆਂ ਨਾਲ ਕੀ ਬੀਤ ਰਹੀ ਏ,
ਤੂੰ ਏਥੇ ਲੁਕ ਕੇ ਝੱਟ ਲੰਘਾ ਰਿਹਾ ਏਂ।

ਮਾਧੋ ਦਾਸ ਨੇ ਪੁੱਛਿਆ, ਆਪ ਕੌਣ ਹੋ। ਗੁਰੂ ਸਾਹਿਬ ਨੇ ਜਵਾਬ ਦਿੱਤਾ, ਜਿਸ ਨੂੰ ਤੂੰ ਪਹਿਲਾਂ ਜਾਣਦਾ ਏਂ। ਮਾਧੋ ਦਾਸ ਗੁਰੂ ਜੀ ਦੇ ਚਰਨਾਂ 'ਤੇ ਢਹਿ ਪਿਆ ਤੇ ਆਖਿਆ, ਮੈਂ ਆਪ ਜੀ ਦਾ ਬੰਦਾ ਹਾਂ। ਮੈਨੂੰ ਹੁਣ ਕੀ ਹੁਕਮ ਹੈ? ਗੁਰੂ ਜੀ ਨੇ ਵੈਸ਼ਨੋ ਸਾਧ ਨੂੰ ਧਰਮ ਯੋਧਾ ਅਤੇ ਪੂਰਨ ਸੰਤ ਸਿਪਾਹੀ ਬਣਾਉਣ ਤੋਂ ਪਹਿਲਾਂ ਬੰਦਾ ਸਿੰਘ ਨਾਂ ਰੱਖ ਕੇ ਸਿੰਘ ਸਜਾਇਆ। ਵਿਚਾਰਾਂ ਅਤੇ ਗਿਆਨ ਦੁਆਰਾ ਸ਼ਕਤੀ, ਭਗਤੀ, ਸੇਵਾ, ਸਿਮਰਨ, ਲੋਕ ਪਿਆਰ, ਜ਼ੁਲਮ ਨਾਲ ਟੱਕਰ ਲੈਣ ਦਾ ਸਾਹਸ, ਵਕਤ ਸਿਰ ਕੀਤੇ ਗਏ ਫ਼ੈਸਲੇ 'ਤੇ ਕਾਇਮ ਰਹਿਣ ਦੇ ਨਾਲ ਨਾਲ ਸਿਦਕੀ ਭਾਵਨਾ ਤੇ ਕੁਰਬਾਨੀ ਦਾ ਅਥਾਹ ਜਜ਼ਬਾ ਪੈਦਾ ਕੀਤਾ। ਸਿੱਖਾਂ ਦੀ ਰਾਜਨੀਤਕ ਕਮਾਨ ਸੌਂਪਦਿਆਂ ਪੰਥ ਦੀ ਜਨਮ ਭੂਮੀ ਪੰਜਾਬ ਜਾਣ ਦਾ ਉਪਦੇਸ਼ ਦਿੱਤਾ। ਪੰਜ ਸਿੰਘ ਬਾਬਾ ਵਿਨੋਦ ਸਿੰਘ, ਭਾਈ ਬਾਜ ਸਿੰਘ, ਭਾਈ ਕਾਹਨ ਸਿੰਘ, ਭਾਈ ਰਣ ਸਿੰਘ ਤੇ ਭਾਈ ਦਿਆ ਸਿੰਘ ਮਦਦ ਲਈ ਨਾਲ ਭੇਜੇ। ਕੇਸਰੀ ਨਿਸ਼ਾਨ ਸਾਹਿਬ, ਰਣਜੀਤ ਨਗਾਰਾ, ਕੁਝ ਸ਼ਸਤਰ ਬਖ਼ਸ਼ੀਸ਼ ਵਜੋਂ ਦਿੱਤੇ, ਨਾਲ ਅਸੀਸ ਵੀ ਦਿੱਤੀ ਤੇ ਪੰਜਾਬ ਦੇ ਸਿੰਘਾਂ ਦੇ ਨਾਮ ਹੁਕਮਨਾਮਾ ਜਾਰੀ ਕਰਕੇ ਬੰਦਾ ਸਿੰਘ ਨੂੰ ਸੌਂਪ ਦਿੱਤਾ। ਬੰਦਾ ਸਿੰਘ ਨੇ ਪੰਜ ਸਿੰਘਾਂ ਦੀ ਹਾਜ਼ਰੀ ਵਿਚ ਅਰਦਾਸ ਕੀਤੀ, ਸੁੱਤੀ ਸਿੱਖ ਕੌਮ ਨੂੰ ਜਗਾਉਣ ਲਈ ਸਤੰਬਰ 1708 ਵਿਚ ਪੰਜਾਬ ਵੱਲ ਆਪਣਾ ਸਫ਼ਰ ਅਰੰਭ ਦਿੱਤਾ।

ਚੰਗੀ ਗੱਲ ਹੈ ਕਿ ਬਾਬਾ ਬੰਦਾ ਸਿੰਘ ਬਹਾਦਰ ਬਾਰੇ ਨਵੀਆਂ ਖੋਜ ਪੁਸਤਕਾਂ ਵਿਚ ਮਹੱਤਵਪੂਰਨ ਤੱਤ ਸਾਹਮਣੇ ਆਏ ਹਨ ਅਤੇ ਸਿੱਖ ਜਗਤ ਦਾ ਨਜ਼ਰੀਆ ਉਨ੍ਹਾਂ ਪ੍ਰਤੀ ਬਦਲਿਆ ਹੈ। ਇਸ ਤੋਂ ਪਹਿਲਾਂ ਡਾ. ਗੰਡਾ ਸਿੰਘ, ਸਰੂਪ ਸਿੰਘ ਕੌਸ਼ਲ, ਰਤਨ ਸਿੰਘ ਭੰਗੂ, ਸੋਹਣ ਸਿੰਘ ਸੀਤਲ, ਭਾਈ ਸੰਤੋਖ ਸਿੰਘ, ਗਿਆਨੀ ਗਿਆਨ ਸਿੰਘ ਤੇ ਸੁਰਜੀਤ ਸਿੰਘ ਪੰਛੀ ਅਤੇ ਹੋਰ ਨਾਮਵਰ ਇਤਿਹਾਸਕਾਰਾਂ ਦੀਆਂ ਲਿਖਤਾਂ ਵਿਚ ਫਰਕ ਪੜ੍ਹਨ ਨੂੰ ਮਿਲਦਾ ਹੈ। ਇਹ ਵੀ ਹੋ ਸਕਦਾ ਹੈ ਕਿ ਮੁਗਲਾਂ ਨਾਲ ਜਾਂ ਅੰਗਰੇਜ਼ੀ ਰਾਜ ਦੇ ਸਮੇਂ ਇਤਿਹਾਸ ਆਪੋ-ਆਪਣੇ ਹਿੱਤਾਂ ਨੂੰ ਮੁੱਖ ਰੱਖ ਕੇ ਸਰਕਾਰ ਨੇ ਤੋੜ-ਮਰੋੜ ਕੇ ਲਿਖਵਾਇਆ ਗਿਆ ਹੋਵੇ।

ਰਿਆਸਤ ਕਸ਼ਮੀਰ ਦੇ ਇਲਾਕਾ ਪੁਣਛ ਦੇ ਪਿੰਡ ਰਾਜੌਰੀ ਵਿਚ ਰਾਮ ਦੇਵ ਰਾਜਪੂਤ ਦੇ ਘਰ 27 ਅਕਤੂਬਰ 1670 ਨੂੰ ਇਸ ਬਾਲਕ ਦਾ ਜਨਮ ਹੋਇਆ। ਇਨ੍ਹਾਂ ਦਾ ਨਾਂ ਲਛਮਣ ਦੇਵ ਰੱਖਿਆ ਗਿਆ। ਪਛੜਿਆ ਇਲਾਕਾ ਹੋਣ ਕਰਕੇ ਇਹ ਪੜ੍ਹਾਈ ਤੋਂ ਕੋਰਾ ਰਿਹਾ। ਆਪਣੇ ਬਾਪ ਨਾਲ ਖੇਤੀ ਕਰਨ ਲੱਗ ਪਿਆ। ਸ਼ਿਕਾਰ ਖੇਡਣਾ ਇਸ ਦਾ ਸ਼ੌਕ ਸੀ। ਜਿਸਮ ਫੁਰਤੀਲਾ, ਕੱਦ ਦਰਮਿਆਨਾ। ਘੋੜ ਸਵਾਰੀ, ਤੀਰ ਅਤੇ ਤਲਵਾਰ ਚਲਾਉਣ ਦਾ ਧਨੀ ਸੀ। ਕਿਹਾ ਜਾਂਦਾ ਹੈ ਕਿ ਸ਼ਿਕਾਰ ਦੌਰਾਨ ਹਿਰਨੀ ਅਤੇ ਉਸ ਦੇ ਬੱਚਿਆਂ ਦੀ ਮੌਤ ਤੋਂ ਬਾਅਦ ਉਸ ਦੇ ਜੀਵਨ ਨੇ ਕਰਵਟ ਬਦਲੀ। ਉਹ ਸਾਧੂਆਂ ਦੀ ਸੰਗਤ ਕਰ ਜਾਨਕੀ ਦਾਸ ਵੈਰਾਗੀ ਦੀ ਮੰਡਲੀ ਵਿਚ ਸ਼ਾਮਲ ਹੋ ਗਿਆ। ਉਸ ਨੇ ਇਸ ਦਾ ਨਾਂ ਨਰੈਣ ਦਾਸ ਵੈਰਾਗੀ ਰੱਖ ਦਿੱਤਾ। ਉਹ ਸਾਲ 1686 ਵਿਚ ਇਸ ਮੰਡਲੀ ਨੂੰ ਛੱਡ ਕੇ ਰਾਮ ਦਾਸ ਦੀ ਮੰਡਲੀ ਵਿਚ ਸ਼ਾਮਲ ਹੋ ਗਿਆ। 1690 ਨੂੰ ਇਹ ਮੰਡਲੀ ਦਰਿਆ ਗੋਦਾਵਰੀ ਦੇ ਕੰਢੇ ਪੰਚਬਟੀ ਦੇ ਸਥਾਨ 'ਤੇ ਚੰਦ ਦਿਨਾਂ ਲਈ ਠਹਿਰੀ। ਉਥੇ ਇਸ ਦਾ ਮਿਲਾਪ ਔਗੜ ਨਾਥ ਨਾਲ ਹੋ ਗਿਆ। ਉਸ ਪਾਸੋਂ ਯੋਗ ਵਿੱਦਿਆ ਸਿੱਖਣ ਲਈ ਉਸ ਦੀ ਸ਼ਰਨ ਲੈ ਲਈ ਤੇ ਖੂਬ ਸੇਵਾ ਕੀਤੀ। ਉਸ ਨੇ ਉਸ ਦਾ ਨਾਂ ਬਦਲ ਕੇ ਮਾਧੋ ਦਾਸ ਰੱਖ ਦਿੱਤਾ। ਉਸ ਨੇ ਹੀ ਇਸ ਨੂੰ ਪੜ੍ਹਨਾ-ਲਿਖਣਾ ਸਿਖਾਇਆ। ਔਗੜ ਨਾਥ ਦੀ ਮੌਤ ਹੋ ਗਈ। ਫਿਰ ਦਰਿਆ ਗੋਦਾਵਰੀ ਦੇ ਕੰਢੇ ਨੰਦੇੜ ਦੀ ਧਰਤੀ 'ਤੇ ਕੁਟੀਆ ਬਣਾ ਕੇ ਆਪਣੇ ਸ਼ਰਧਾਲੂਆਂ ਨਾਲ ਰਹਿਣ ਲੱਗਾ। ਇਸ ਦੀ ਪ੍ਰਸਿੱਧੀ ਯੋਗੀ ਵਜੋਂ ਇਲਾਕੇ ਹੋਣ ਲੱਗ ਪਈ। ਤਕਰੀਬਨ 15-16 ਸਾਲ ਇਹ ਮਾਧੋ ਦਾਸ ਆਪਣੇ ਮੱਠ ਦਾ ਮੁਖੀ ਰਿਹਾ। ਰਿੱਧੀਆਂ-ਸਿੱਧੀਆਂ ਤੋਂ ਪ੍ਰਭਾਵਿਤ ਹੋ ਕੇ ਸੈਂਕੜੇ ਲੋਕ ਇਸ ਦੇ ਸ਼ਰਧਾਲੂ ਬਣੇ।



ਚੱਪੜ ਚਿੜੀ ਵਿਚ ਬਣਾਈ ਗਈ ਯਾਦਗਾਰ

ਬੰਦਾ ਸਿੰਘ ਨੇ 1709 ਵਿਚ ਦਿੱਲੀ ਨੇੜੇ ਕੋਈ 12-14 ਮੀਲ ਦੀ ਦੂਰੀ 'ਤੇ ਪਿੰਡ ਸਹੇੜੀ ਵਿਚ ਡੇਰੇ ਲਾ ਕੇ ਗੁਰੂ ਸਾਹਿਬ ਵਲੋਂ ਬਖ਼ਸ਼ਿਆ ਹੋਇਆ ਕੇਸਰੀ ਨਿਸ਼ਾਨ ਸਾਹਿਬ ਗੱਡ ਦਿੱਤਾ। ਰਾਸਤੇ ਵਿਚ ਹੀ ਗੁਰੂ ਜੀ ਦੇ ਜੋਤੀ-ਜੋਤ ਸਮਾਉਣ ਦੀ ਖ਼ਬਰ ਮਿਲ ਗਈ। ਇਸੇ ਜਗ੍ਹਾ 'ਤੇ ਬੰਦਾ ਸਿੰਘ ਨੂੰ ਪਤਾ ਲੱਗਿਆ ਕਿ ਬਹਾਦਰ ਸ਼ਾਹ ਅਜੇ ਦੱਖਣ ਵਿਚ ਆਪਣੇ ਭਰਾ ਅਤੇ ਵਿਰੋਧੀਆਂ ਨਾਲ ਉਲਝਿਆ ਹੋਇਆ ਹੈ। ਇਸੇ ਜਗ੍ਹਾ ਤੋਂ ਹੀ ਪੰਜਾਬ ਵੱਲ ਸਿੰਘਾਂ ਦੇ ਨਾਂ ਹੁਕਮਨਾਮੇ ਜਾਰੀ ਕੀਤੇ ਗਏ ਕਿ ਮੈਂ ਗੁਰੂ ਸਾਹਿਬ ਵਲੋਂ ਥਾਪਿਆ ਹੋਇਆ ਜਰਨੈਲ ਹਾਂ। ਧਰਮ ਯੁੱਧ ਵਿਚ ਹਿੱਸਾ ਲੈਣ ਲਈ ਸ਼ਸਤਰਧਾਰੀ ਹੋ ਕੇ ਜਲਦੀ ਤੋਂ ਜਲਦੀ ਖਾਲਸਾ ਫੌਜ ਵਿਚ ਸ਼ਾਮਲ ਹੋਣ ਲਈ ਰੋਪੜ ਦੇ ਮੁਕਾਮ 'ਤੇ ਇਕੱਠੇ ਹੋਵੇ ਜੀ। ਗੁਰੂ ਨਾਨਕ ਨਾਮ ਲੇਵਾ ਯੋਧੇ ਉਸ ਝੰਡੇ ਹੇਠ ਇਕੱਠੇ ਹੋ ਗਏ।

ਬੰਦਾ ਸਿੰਘ ਨੇ ਫੌਜੀ ਰਣਨੀਤੀ ਨੂੰ ਧਿਆਨ ਵਿਚ ਰੱਖਦਿਆਂ ਸਰਹਿੰਦ ਦੀ ਤਾਕਤ ਨੂੰ ਕਮਜ਼ੋਰ ਕਰਨ ਲਈ ਪੰਜਾਬ ਵਾਲੇ ਪਾਸੇ ਆਪਣੇ ਨਾਲ 500 ਜਵਾਨਾਂ ਨੂੰ ਨਾਲ ਲੈ ਕੇ 1709 ਦੇ 11ਵੇਂ ਮਹੀਨੇ ਵਾਰੀ-ਵਾਰੀ ਪਹਿਲਾਂ ਸੋਨੀਪਤ, ਕੈਥਲ, ਸਮਾਣਾ, ਸਢੌਰਾ ਫਤਿਹ ਕੀਤਾ। ਸਮਾਣੇ ਅਤੇ ਸਢੌਰੇ ਵਿਚ ਹੀ ਇਸਲਾਮ ਧਰਮ ਦੇ ਕਰਤਾ-ਧਰਤਾ ਕਹਾਉਣ ਵਾਲੇ ਰਹਿੰਦੇ ਸਨ ਜਿਨ੍ਹਾਂ ਗੁਰੂ ਤੇਗ ਬਹਾਦਰ ਅਤੇ ਸਾਹਿਬਜ਼ਾਦਿਆਂ ਨੂੰ ਸ਼ਹੀਦ ਕਰਨ ਦਾ ਫਤਵਾ ਸੁਣਾਇਆ ਸੀ। ਤਿੰਨ ਦਿਨ ਯੁੱਧ ਹੁੰਦਾ ਰਿਹਾ। ਸ਼ਹਿਰ ਥੇਹ ਬਣ ਚੁੱਕੇ ਸਨ। ਸਰਹਿੰਦ ਦਾ ਸੂਬੇਦਾਰ ਵਜ਼ੀਰ ਖਾਂ 20 ਹਜ਼ਾਰ ਫੌਜੀ ਅਤੇ ਤੋਪਖ਼ਾਨਾ ਨਾਲ ਲੈ ਕੇ ਖੁੱਲ੍ਹੇ ਮੈਦਾਨ ਵਿਚ ਬੰਦੇ ਬਹਾਦਰ ਦੀ ਫੌਜ 'ਤੇ ਹਮਲਾ ਕਰਨ ਦੀ ਯੋਜਨਾ ਬਣਾਉਣ ਲੱਗਾ। 13 ਮਈ 1710 ਨੂੰ ਸਰਹਿੰਦ ਤੋਂ 8-10 ਮੀਲ ਦੀ ਦੂਰੀ 'ਤੇ ਛੱਪੜ ਝਿੜੀ (ਹੁਣ ਚੱਪੜ ਚਿੜੀ ਵਜੋਂ ਮਸ਼ਹੂਰ) ਦੇ ਖੁੱਲ੍ਹੇ ਮੈਦਾਨ ਵਿਚ ਫੌਜਾਂ ਦਾ ਸਾਹਮਣਾ ਹੋਇਆ। ਬੰਦਾ ਸਿੰਘ ਨੇ ਆਪਣੇ ਜਥੇਦਾਰਾਂ ਤੇ ਫੌਜੀ ਧਰਮੀਆਂ ਨੂੰ ਲਲਕਾਰਿਆ, ਸਿੰਘੋ! ਇਹ ਹੀ ਉਹ ਵਜ਼ੀਰ ਖਾਂ ਹੈ ਜਿਸ ਨੇ ਸ੍ਰੀ ਅਨੰਦਪੁਰ ਸਾਹਿਬ ਦੀ ਪਵਿੱਤਰ ਧਰਤੀ ਨੂੰ ਘੇਰਾ ਪਾਈ ਰੱਖਿਆ ਸੀ। ਸਿੰਘੋ, ਚਮਕੌਰ ਸਾਹਿਬ ਦੀ ਲੜਾਈ ਦਾ ਜ਼ਿੰਮੇਵਾਰ ਅਤੇ ਸਾਹਿਬਜ਼ਾਦਿਆਂ ਨੂੰ ਸ਼ਹੀਦ ਕਰਨ ਵਾਲਾ ਵਜ਼ੀਰ ਖਾਂ ਅੱਜ ਮੈਦਾਨੇ-ਜੰਗ ਵਿਚ ਹੈ। ਹੁਣ ਵਕਤ ਹੈ, ਪਿਛਲਾ ਹਿਸਾਬ ਚੁਕਾ ਦਿੱਤਾ ਜਾਵੇ। ਇਹ ਲਲਕਾਰਾ ਸੁਣ ਕੇ ਗੁਰੂ ਜੀ ਦੇ ਮਿਸ਼ਨ ਤੋਂ ਆਪਾ ਵਾਰਨ ਵਾਲੇ ਧਰਮੀ ਫੌਜੀ, ਭੂਮੀਹੀਣ ਕਿਸਾਨ, ਨਵਾਬਾਂ ਤੇ ਸ਼ਾਹੂਕਾਰਾਂ ਦੇ ਸਤਾਏ ਹੋਏ ਕਿਰਤੀ ਲੋਕ ਬੜੇ ਹੌਂਸਲੇ, ਧੀਰਜ ਅਤੇ ਦਲੇਰੀ ਨਾਲ ਜੰਮ ਕੇ ਲੜੇ। ਲੜਾਈ ਵਿਚ ਇਕ ਵਕਤ ਐਸਾ ਵੀ ਆਇਆ ਕਿ ਬੰਦਾ ਸਿੰਘ ਬਹਾਦਰ ਵਜ਼ੀਰ ਖਾਂ ਦੇ ਸਾਹਮਣੇ ਆਇਆ। ਬੰਦਾ ਸਿੰਘ ਨੇ ਰਵਾਇਤ ਮੁਤਾਬਕ ਪਹਿਲਾਂ ਵਾਰ ਕਰਨ ਲਈ ਵਜ਼ੀਰ ਖਾਂ ਨੂੰ ਲਲਕਾਰਿਆ। ਬੰਦਾ ਸਿੰਘ ਨੇ ਬੜੀ ਫ਼ੁਰਤੀ ਨਾਲ ਵਾਰ ਰੋਕ ਕੇ ਐਸਾ ਮੋੜਵਾਂ ਵਾਰ ਕੀਤਾ ਕਿ ਵਜ਼ੀਰ ਖ਼ਾਂ ਦਾ ਸਿਰ ਧੜ ਨਾਲੋਂ ਜੁਦਾ ਹੋ ਕੇ ਜ਼ਮੀਨ 'ਤੇ ਡਿੱਗ ਪਿਆ। ਇਸ ਦੇ ਨਾਲ ਹੀ 14 ਮਈ 1710 ਨੂੰ ਸ਼ਾਮ ਵੇਲੇ ਦੋ ਦਿਨ ਚੱਲੀ ਇਸ ਲੜਾਈ ਦਾ ਅੰਤ ਹੋ ਗਿਆ। ਜੈਕਾਰਿਆਂ ਦੀ ਗੂੰਜ ਵਿਚ ਮੈਦਾਨ ਸਿੰਘਾਂ ਦੇ ਹੱਥ ਆਇਆ। ਹੁਣ ਬੰਦਾ ਸਿੰਘ ਬਹਾਦਰ ਸੋਨੀਪਤ ਤੋਂ ਲੈ ਕੇ ਸਰਹਿੰਦ ਤੱਕ ਦਾ ਵਾਰਸ ਸੀ।

ਸਾਹਿਬਜ਼ਾਦਾ ਬਾਬਾ ਜ਼ੋਰਾਵਰ ਸਿੰਘ ਅਤੇ ਬਾਬਾ ਫਤਿਹ ਸਿੰਘ ਨੂੰ 1704 ਦਸੰਬਰ ਮਹੀਨੇ ਜਿਸ ਜਗ੍ਹਾ 'ਤੇ ਸ਼ਹੀਦ ਕੀਤਾ ਗਿਆ ਸੀ, ਐਨ ਉਸੇ ਜਗ੍ਹਾ 'ਤੇ 27 ਮਈ 1710 ਨੂੰ ਭਾਰੀ ਦੀਵਾਨ ਸਜਾਇਆ ਗਿਆ ਅਤੇ ਜੈਕਾਰਿਆਂ ਦੀ ਗੂੰਜ ਵਿਚ ਸਿੱਖ ਰਾਜ ਦੀ ਸਥਾਪਨਾ ਦਾ ਐਲਾਨ ਕੀਤਾ ਗਿਆ। ਗੁਰੂ ਨਾਨਕ ਦੇਵ ਅਤੇ ਗੁਰੂ ਗੋਬਿੰਦ ਸਿੰਘ ਦੇ ਨਾਂਵਾਂ ਦਾ ਸਿੱਕਾ ਜਾਰੀ ਕੀਤਾ ਗਿਆ। ਬੰਦਾ ਸਿੰਘ ਬਹਾਦਰ ਨੇ ਭਾਰੀ ਇਕੱਠ ਵਿਚ ਗਰਜਵੀਂ ਆਵਾਜ਼ ਵਿਚ ਆਖਿਆ, ਇਹ ਦੇਗ ਤੇਗ ਦੀ ਫਤਿਹ ਗੁਰੂ ਗੋਬਿੰਦ ਸਿੰਘ ਜੀ ਦੇ ਅਸ਼ੀਰਵਾਦ ਸਦਕਾ ਹੀ ਹੈ।

18 ਫਰਵਰੀ 1712 ਨੂੰ ਬਹਾਦਰ ਸ਼ਾਹ ਦੀ ਮੌਤ ਹੋ ਗਈ। ਉਸ ਤੋਂ ਬਾਅਦ ਉਸ ਦੇ ਬੇਟੇ ਜਹਾਂਦਾਦ ਸ਼ਾਹ ਨੂੰ ਕਤਲ ਕਰਕੇ 1713 ਵਿਚ ਫਰੁਖ਼ਸ਼ੀਅਰ ਦਿੱਲੀ ਦਾ ਬਾਦਸ਼ਾਹ ਬਣ ਬੈਠਾ। ਉਸ ਨੇ ਲਾਹੌਰ ਦੇ ਸੂਬੇਦਾਰ ਜ਼ਬਰਦਸਤ ਖ਼ਾਂ ਨੂੰ ਬਦਲ ਕੇ ਅਬਦੁਲ ਸਮੱਦ ਨੂੰ ਦਲੇਰੇ-ਜੰਗ ਦਾ ਖ਼ਿਤਾਬ ਦੇ ਕੇ ਸੂਬੇਦਾਰ ਬਣਾ ਦਿੱਤਾ ਅਤੇ ਕਿਹਾ ਕਿ ਪੂਰੀ ਤਾਕਤ ਨਾਲ ਸਿੱਖਾਂ ਦੀ ਤਾਕਤ ਨੂੰ ਕੁਚਲ ਦਿੱਤਾ ਜਾਵੇ।



ਹੁਣ ਬੰਦਾ ਸਿੰਘ ਬਹਾਦਰ ਦਿੱਲੀ ਤੋਂ ਲੈ ਕੇ ਅੰਮ੍ਰਿਤਸਰ ਤੱਕ ਫਤਿਹ ਕੀਤੇ। ਇਲਾਕੇ ਦਾ ਪ੍ਰਬੰਧ ਤੇ ਕੰਟਰੋਲ ਆਪਣੇ ਜਥੇਦਾਰਾਂ ਦੇ ਸਪੁਰਦ ਕਰਕੇ ਆਪ ਪਹਾੜੀ ਰਾਜਿਆਂ ਨੂੰ ਸੋਧਣ ਲਈ ਅੱਗੇ ਵਧਿਆ। ਮੁਗਲੀਆ ਸਲਤਨਤ ਦੇ ਖ਼ੈਰ-ਖ਼ਵਾਹ ਰਾਜਾ ਭੀਮ ਚੰਦ ਅਤੇ ਦੂਜੇ ਰਾਜਿਆਂ ਨੂੰ ਗੁਰੂ ਜੀ ਤੇ ਕੀਤੇ ਕਈ ਵਾਰ ਧਾਵੇ ਅਤੇ ਖਾਧੀਆਂ ਝੂਠੀਆਂ ਕਸਮਾਂ ਦਾ ਪਛਤਾਵਾ ਕਰਾਉਂਦਾ, ਮੰਡੀ ਵੱਲ ਦੀ ਹੁੰਦਾ ਹੋਇਆ ਬੰਦਾ ਸਿੰਘ ਰਿਆਸਤ ਚੰਬਾ ਪਹੁੰਚ ਗਿਆ। ਉਥੇ ਉਹਨੇ ਰਾਜ ਘਰਾਣੇ ਦੀ ਲੜਕੀ ਸੁਸ਼ੀਲ ਕੌਰ ਨਾਲ ਸ਼ਾਦੀ ਕਰ ਲਈ ਅਤੇ 1711 ਨੂੰ ਉਨ੍ਹਾਂ ਦੇ ਲੜਕਾ ਪੈਦਾ ਹੋਇਆ ਜਿਸ ਦਾ ਨਾਂ ਅਜੇ ਸਿੰਘ ਰੱਖਿਆ ਗਿਆ।

ਬੰਦਾ ਸਿੰਘ ਜੰਮੂ ਤੋਂ ਹੁੰਦਾ ਹੋਇਆ ਦਰਿਆ ਚਨਾਬ ਦੇ ਕੰਢੇ ਪੁੱਜਾ ਜਿੱਥੇ ਅੱਜ ਕੱਲ੍ਹ ਡੇਰਾ ਬੰਦਾ ਸਿੰਘ ਬਣਿਆ ਹੋਇਆ ਹੈ। ਇਥੇ ਵਜ਼ੀਰਾਬਾਦ ਦੇ ਰਹਿਣ ਵਾਲੇ ਖ਼ੱਤਰੀ ਸ਼ਿਵ ਰਾਮ ਦੀ ਬੇਟੀ ਸਾਹਿਬ ਕੌਰ ਨਾਲ ਦੂਜਾ ਵਿਆਹ ਕਰਵਾ ਲਿਆ। ਉਸ ਦੀ ਕੁੱਖੋਂ ਲੜਕਾ ਪੈਦਾ ਹੋਇਆ ਜਿਸ ਦਾ ਨਾਮ ਰਣਜੀਤ ਸਿੰਘ ਰੱਖਿਆ ਗਿਆ। ਖੋਜੀ ਲੇਖਕ ਮਨਮੋਹਣ ਬਾਵਾ ਨੇ ਚੰਬੇ ਤੋਂ ਰਾਜੌਰੀ ਤੱਕ ਦੇ ਸਫ਼ਰ ਬਾਰੇ 24 ਦਸੰਬਰ 2006 ਦੀ ਇਕ ਅਖ਼ਬਾਰ ਵਿਚ ਇਹ ਖੁਲਾਸਾ ਕੀਤਾ ਕਿ ਬਾਬਾ ਜੋਗਿੰਦਰ ਪਾਲ ਸਿੰਘ, ਬੰਦਾ ਸਿੰਘ ਬਹਾਦਰ ਦੀ ਨੌਵੀਂ ਪੀੜ੍ਹੀ ਵਿਚੋਂ ਹਨ। ਬਾਬਾ ਜੋਗਿੰਦਰ ਪਾਲ ਸਿੰਘ ਨੇ ਬਾਬਾ ਬੰਦਾ ਸਿੰਘ ਦੇ ਲੜਕੇ ਰਣਜੀਤ ਸਿੰਘ ਦੀ ਸਮਾਧ ਭੀ ਦਿਖਾਈ।

ਬੰਦਾ ਸਿੰਘ 1713 ਤੋਂ 1715 ਤੱਕ ਪਹਾੜੀ ਇਲਾਕਿਆਂ ਵਿਚ ਰਿਹਾ। ਬਾਦਸ਼ਾਹ ਫਰੁਖਸ਼ੀਅਰ ਰਾਜਨੀਤੀ ਅਤੇ ਫੌਜੀ ਤਾਕਤ ਵਾਲਾ ਹੱਥ-ਕੰਡਾ ਵਰਤ ਕੇ ਬੰਦਾ ਸਿੰਘ ਬਹਾਦਰ ਦਾ ਅਸਰ ਘੱਟ ਕਰਨ ਲਈ ਮਨਸੂਬੇ ਤਿਆਰ ਕਰਨ ਲੱਗਾ। ਬਾਦਸ਼ਾਹ ਨੂੰ ਮਸ਼ਵਰ ਦਿੱਤਾ ਗਿਆ ਕਿ ਨੰਦ ਲਾਲ ਰਾਹੀਂ ਮਾਤਾ ਸੁੰਦਰੀ ਅਤੇ ਉਸ ਦੇ ਮੁਤਬੰਨੇ ਪੁੱਤਰ ਅਜੀਤ ਸਿੰਘ ਨੂੰ ਲਾਲਚ ਤੇ ਡਰ ਦੇ ਕੇ ਮਾਤਾ ਜੀ ਪਾਸੋਂ ਬੰਦਾ ਸਿੰਘ ਦੇ ਨਾਂ ਚਿੱਠੀ ਲਿਖਾਈ ਜਾਵੇ ਜਿਸ ਵਿਚ ਉਸ ਨੂੰ ਲੜਾਈ ਬੰਦ ਕਰਨ ਅਤੇ ਮੁਗਲੀਆ ਦਰਬਾਰ ਨਾਲ ਸੁਲਾਹ ਕਰਨ ਲਈ ਕਿਹਾ ਜਾਵੇ। ਮੁਗਲੀਆ ਸਰਕਾਰ ਸਿੱਖਾਂ ਨੂੰ ਜਗੀਰਾਂ ਅਤੇ ਸਤਿਕਾਰ ਦੇਣ ਲਈ ਤਿਆਰ ਹੈ। ਸਿੱਖਾਂ ਨੂੰ ਫੌਜ ਵਿਚ ਭਰਤੀ ਕਰਨ ਦਾ ਵਾਅਦਾ ਕਰਦੀ ਹੈ।

ਜਦੋਂ ਭਾਈ ਨੰਦ ਲਾਲ ਨੇ ਮਾਤਾ ਸੁੰਦਰੀ ਨਾਲ ਗੱਲ ਕੀਤੀ ਤਾਂ ਮਾਤਾ ਜੀ ਨੇ ਸਾਫ਼ ਇਨਕਾਰ ਕਰ ਦਿੱਤਾ। ਫਿਰ ਮਾਤਾ ਜੀ ਤੇ ਅਜੀਤ ਸਿੰਘ ਨੂੰ ਕਿਵੇਂ ਨਾ ਕਿਵੇਂ ਇਹ ਕਹਿ ਕੇ ਮਨਾ ਲਿਆ ਕਿ ਤੁਹਾਡੇ ਵੱਲੋਂ ਖ਼ਤ ਨੰਦ ਲਾਲ ਲਿਖ ਦਿੰਦੇ ਹਨ। ਬੰਦਾ ਸਿੰਘ ਨੂੰ ਜਦੋਂ ਖ਼ਤ ਮਿਲਿਆ ਤਾਂ ਸਿੱਖਾਂ ਨੇ ਵਿਚਾਰਾਂ ਕੀਤੀਆਂ। ਉਤਰ ਵਿਚ ਬੰਦਾ ਸਿੰਘ ਬਹਾਦਰ ਨੇ ਲਿਖਿਆ, ਮਾਤਾ ਜੀ, ਮੇਰੀ ਬੰਦਨਾ ਇਹ ਹੈ ਕਿ ਮੁਗਲ ਸਰਕਾਰ 'ਤੇ ਇਤਬਾਰ ਨਾ ਕੀਤਾ ਜਾਵੇ। ਇਹ ਝੂਠੀ ਤੇ ਮੱਕਾਰ ਹੈ। ਸੋ, ਇਸ ਜ਼ਾਲਮ ਸਰਕਾਰ ਨਾਲ ਸਮਝੌਤਾ ਨਹੀਂ ਕੀਤਾ ਜਾ ਸਕਦਾ। ਮੁਗ਼ਲ ਸਰਦਾਰ ਦੀ ਇਹ ਚਾਲ ਕਾਮਯਾਬ ਹੋ ਗਈ। ਸਰਕਾਰੀ ਸੂਹੀਆਂ ਨੇ ਇਸ ਗੱਲ ਨੂੰ ਪੂਰੇ ਜ਼ੋਰ-ਸ਼ੋਰ ਨਾਲ ਪ੍ਰਚਾਰਿਆ ਕਿ ਬੰਦਾ ਸਿੰਘ ਨੇ ਮਾਤਾ ਜੀ ਦਾ ਹੁਕਮ ਅਦੂਲਿਆ ਹੈ। ਖਾਲਸਾ ਪੰਥ ਦੋ ਹਿੱਸਿਆਂ ਵਿਚ ਵੰਡਿਆ ਗਿਆ। ਤੱਤ ਖਾਲਸੇ ਦੇ ਪੰਦਰਾਂ ਹਜ਼ਾਰ ਸਿੰਘ ਬੰਦਾ ਸਿੰਘ ਬਹਾਦਰ ਦਾ ਸਾਥ ਛੱਡ ਗਏ। ਉਸ ਉਤੇ ਕਈ ਤਰ੍ਹਾਂ ਦੇ ਇਲਜ਼ਾਮ ਵੀ ਲਾਏ ਗਏ।

17 ਦਸੰਬਰ 1715 ਨੂੰ ਗੁਰਦਾਸ ਨੰਗਲ ਦੀ ਗੜ੍ਹੀ ਨੂੰ ਮੁਗ਼ਲ ਫੌਜ ਨੇ ਘੇਰਾ ਪਾ ਲਿਆ। ਫਰੁਖ਼ਸ਼ੀਅਰ ਬਾਦਸ਼ਾਹ ਨੇ ਹੁਕਮ ਦਿੱਤਾ ਕਿ ਬੰਦਾ ਸਿੰਘ ਨੂੰ ਜਿੰਦਾ ਜਾਂ ਮੁਰਦਾ ਉਸ ਦੇ ਸਾਹਮਣੇ ਪੇਸ਼ ਕੀਤਾ ਜਾਵੇ। ਬੰਦਾ ਸਿੰਘ ਬਹਾਦਰ ਨੇ ਕਈ ਦਿਨ ਲੜਾਈ ਜਾਰੀ ਰੱਖੀ। ਬੰਦਾ ਸਿੰਘ ਨੇ ਫ਼ੈਸਲਾ ਕੀਤਾ ਕਿ ਹੁਣ ਵਕਤ ਆ ਗਿਆ ਹੈ ਕਿ ਗ੍ਰਿਫ਼ਤਾਰ ਹੋ ਕੇ ਖਿੜੇ ਮੱਥੇ ਗੁਰੂਘਰ ਦੇ ਸ਼ਹੀਦਾਂ ਵਾਂਗ ਉਸ ਦੇ ਭਾਣੇ ਨੂੰ ਮੰਨਦੇ ਹੋਏ ਸ਼ਹਾਦਤ ਦਿੱਤੀ ਜਾਵੇ। ਬੰਦਾ ਸਿੰਘ 22 ਦਸੰਬਰ 1715 ਨੂੰ ਗ੍ਰਿਫ਼ਤਾਰ ਹੋ ਗਿਆ। ਉਸ ਨੂੰ 400 ਸਿੱਖਾਂ ਅਤੇ ਸ਼ਾਹੀ ਫੌਜ ਦੇ ਜਲੂਸ ਨਾਲ ਪਹਿਲਾਂ ਲਾਹੌਰ ਤੇ ਫਿਰ ਦਿੱਲੀ ਲਿਜਾਇਆ ਗਿਆ।

5 ਮਾਰਚ 1716 ਨੂੰ ਸੌ ਸੌ ਕਰਕੇ ਸਿੰਘ ਕਤਲ ਕਰਨ ਦਾ ਹੁਕਮ ਦਿੱਤਾ ਗਿਆ। ਸਿੰਘ ਬਾਣੀ ਦਾ ਜਾਪ ਕਰਦੇ ਸ਼ਹੀਦੀਆਂ ਦਿੰਦੇ ਰਹੇ। 9 ਜੂਨ 1716 ਨੂੰ ਬੰਦਾ ਸਿੰਘ 'ਤੇ ਹਰ ਤਰ੍ਹਾਂ ਦਾ ਜ਼ੁਲਮ ਕੀਤਾ ਗਿਆ। ਉਸ ਦੇ ਚਾਰ ਸਾਲਾਂ ਦੇ ਬੱਚੇ ਅਜੇ ਸਿੰਘ ਦਾ ਉਸ ਦੀਆਂ ਅੱਖਾਂ ਸਾਹਮਣੇ ਕਤਲ ਕੀਤਾ ਗਿਆ। ਸਿਤਮ ਦੀ ਇੰਤਹਾ ਦੇਖੋ, ਬੱਚੇ ਦਾ ਕਲੇਜਾ ਕੱਢ ਕੇ ਬੰਦਾ ਸਿੰਘ ਦੇ ਮੂੰਹ ਵਿਚ ਦਿੱਤਾ ਗਿਆ ਪਰ ਦਸਮ ਪਾਤਸ਼ਾਹ ਦੇ ਥਾਪੇ ਖਾਲਸਾ ਫੌਜ ਦੇ ਜਰਨੈਲ ਨੇ ਆਖ਼ਰੀ ਸਾਹਾਂ ਤੱਕ ਸਿੱਖੀ ਸਿਦਕ ਨਿਭਾਇਆ ਅਤੇ ਸਿੱਖੀ ਸਿਧਾਂਤ ਅਨੁਸਾਰ ਸ਼ਹਾਦਤ ਦਾ ਜਾਮ ਪੀ ਕੇ ਮੁਗਲ ਸਾਮਰਾਜ ਦੀਆਂ ਨੀਹਾਂ ਹਿਲਾ ਕੇ ਸਿੱਖ ਰਾਜ ਦੀਆਂ ਨੀਂਹਾਂ ਰੱਖ ਦਿੱਤੀਆਂ।

ਬੰਦਾ ਸਿੰਘ ਬਹਾਦਰ ਦੇ ਇਹ ਬੋਲ 'ਮੁਗਲੀਆ ਹਕੂਮਤ ਝੂਠੀ, ਮੱਕਾਰ ਤੇ ਜ਼ਾਲਮ ਹੈ' ਉਸ ਵੇਲੇ ਦਰੁਸਤ ਸਾਬਤ ਹੋਏ ਜਦੋਂ ਭਾਈ ਮਨੀ ਸਿੰਘ ਨੂੰ ਆਪਣੀ ਹਿਕਮਤ ਅਮਲੀ ਨਾਲ ਤੱਤ ਖਾਲਸਾ ਅਤੇ ਬੰਦਈ ਖਾਲਸਾ ਨੂੰ ਇਕੱਠਿਆਂ ਕਰਨ ਲਈ ਬੰਦ-ਬੰਦ ਕਟਵਾ ਕੇ ਕੀਮਤ ਚੁਕਾਉਣੀ ਪਈ। ਭਾਈ ਰਤਨ ਸਿੰਘ ਭੰਗੂ ਲਿਖਦੇ ਹਨ ਕਿ ਖਾਲਸਾ ਪੰਥ ਤੇ ਖਾਲਸਾ ਕੌਮ ਵਾਲੇ ਹੋਏ ਨੁਕਸਾਨ ਤੇ ਹੁਣ ਸਭ ਪੱਛੋਤਾਉਂਦੇ ਹਨ। ਅਬ ਪਛਤਾਏ ਕਿਆ ਹੋਤ, ਜਬ ਚਿੜੀਆਂ ਚੁਗ ਗਈ ਖੇਤ।

ਕਈ ਸਦੀਆਂ ਬਾਅਦ ਹੁਣ ਪੰਜਾਬ ਸਰਕਾਰ ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਪੰਥ ਦੇ ਇਸ ਮਹਾਨ ਜਰਨੈਲ ਦੀ ਯਾਦ ਵਿਚ ਛੱਪੜ ਝਿੜੀ (ਚੱਪੜ ਚਿੜੀ) ਦੇ ਮੈਦਾਨ ਵਿਚ ਲੜੀ ਗਈ ਇਤਿਹਾਸਕ ਜੰਗ ਦੀ ਯਾਦਗਾਰ ਬਣਾਈ ਹੈ। ਚਲੋ, ਦੇਰ ਆਇਦ ਦਰੁਸਤ ਆਇਦ।

ਕਹਾਣੀ

# ਦਸਵਾਂ

***ਤਾਰਨ ਗੁਜਰਾਲ ਪੰਜਾਬੀ ਵਿਚ ਵੀ ਲਿਖਦੀ ਹੈ ਅਤੇ ਹਿੰਦੀ ਵਿਚ ਵੀ। ਉਹ ਮੂਲ ਰੂਪ ਵਿਚ ਕਹਾਣੀਕਾਰ ਹੈ ਪਰ ਨਾਲ ਦੀ ਨਾਲ ਉਹ ਕਵਿਤਾ ਵੀ ਲਿਖਦੀ ਹੈ। ਗਾਉਂਦੀ ਬਹੁਤ ਚੰਗਾ ਅਤੇ ਸੁਰੀਲਾ ਹੈ। ਕਈ ਸਾਲਾਂ ਤੋਂ ਲਿਖ ਰਹੀ ਹੈ। ਪਹਿਲਾਂ ਮੱਧ ਪ੍ਰਦੇਸ਼ ਵਿਚ ਰਹਿਣ ਕਰਕੇ ਉਸ ਦੀਆਂ ਕਹਾਣੀਆਂ ਵਿਚ ਕਬਾਇਲੀ ਪਾਤਰ ਆਮ ਹੀ ਆ ਜਾਂਦੇ ਹਨ। ਉਹ ਮਨੋਵਿਗਿਆਨਕ ਤੌਰ ਉਤੇ ਆਪਣੇ ਪਾਤਰਾਂ ਦਾ ਚਿਤਰਣ ਕਰਦੀ ਹੈ। ਜ਼ੁਬਾਨ ਨੂੰ ਠੀਕ ਤਰ੍ਹਾਂ ਅਤੇ ਠੀਕ ਠੁੱਕ ਨਾਲ ਵਰਤਣ ਦੀ ਉਸ ਨੂੰ ਪੂਰੀ ਤਰਾਂ ਸਮਝ ਹੈ। ਹਥਲੀ ਕਹਾਣੀ ਵਿਚ ਉਸ ਨੇ ਹਾਸਰਸ ਪੈਦਾ ਕਰਨ ਦੀ ਕੋਸ਼ਿਸ਼ ਕੀਤੀ ਹੈ ਪਰ ਕਹਾਣੀ ਨਾਲ ਦੀ ਨਾਲ ਸੰਨ ਸੰਤਾਲੀ ਦੇ ਉਜਾੜੇ ਅਤੇ ਫਿਰ ਚੁਰਾਸੀ ਦੇ ਦੰਗਿਆਂ ਦਾ ਵੀ ਜ਼ਿਕਰ ਕਰਦੀ ਹੈ। -ਸੰਪਾਦਕ***

**ਤਾਰਨ ਗੁਜਰਾਲ**

"ਬਾਬਾ ਸ਼ੇਰੂ ਚਲਿਆ, ਟਹਿਲ ਸਿੰਘ ਜਾਣ ਦੀ ਤਿਆਰੀ ਵਿਚ!"

ਟਹਿਲ ਸਿੰਘ ਦੀ ਦੁਕਾਨ 'ਤੇ ਇਹ ਬੋਰਡ ਲਟਕਿਆ ਵੇਖ ਕੇ ਸਭ ਹੈਰਾਨ ਸਨ। ਹਰ ਵੇਲੇ ਹੱਸਣ ਗੁਟਕਣ ਵਾਲਾ ਤੇ ਮੌਤ ਨੂੰ ਟਿਚਰਾਂ ਕਰਨ ਵਾਲਾ ਟਹਿਲ ਸਿੰਘ ਤੇ ਐਹ ਬੋਰਡ? ਦੁਕਾਨ ਭਾਵੇਂ ਰੌਣਕ ਨਾਲ ਭਰੀ ਪਈ ਸੀ। ਸੌਦਾ-ਸੁਲਫ ਲੈਣ ਵਾਲਿਆਂ ਤੋਂ ਇਲਾਵਾ ਹਰ ਕੋਈ ਲੰਘਦਾ ਪਲੰਘਦਾ ਜਾਂ ਖਾਲਸ ਮਘੱਈਆ (ਦੇਹਾਤੀ) ਤਕ ਉਸ ਦੀ ਦੁਕਾਨ ਉਤੇ ਹਮੇਸ਼ਾ ਵਾਂਗ ਹਾਜ਼ਰੀ ਭਰ ਰਿਹਾ ਸੀ। ਟਹਿਲ ਸਿੰਘ ਲੰਗੜਾ-ਲੰਗੜਾ, ਸੀਅ-ਸੀਅ ਕਰਦਾ ਹੌਲੀ ਹੌਲੀ ਸੌਦਾ ਤੋਲ ਰਿਹਾ ਸੀ।

"ਟਹਿਲ ਸਿੰਘ, ਅੱਜ ਚੁੱਪ ਜਿਹਾ ਕਿਉਂ ਏਂ, ਇਹ ਨਵੇਂ ਬੋਰਡ 'ਤੇ ਕੀ ਚਾ ਲਿਖਿਆ ਈ?" ਆਉਣ ਵਾਲੇ ਉਸ 'ਤੇ ਸਵਾਲ ਸੁੱਟਦੇ।

"ਓ ਜੀ..ਕੀ ਦੱਸਾਂ, ਕੁੱਤਾ ਲੱਤ ਵੱਢ ਗਿਆ। ਰਾਤੀਂ ਪਾਰਬਤੀ ਨੇ ਉਤੇ ਮਿਰਚਾਂ ਬੰਨ੍ਹੀਆਂ, ਸਾਰੀ ਰਾਤ ਤੜਫਦਿਆਂ ਕੱਟੀ ਏ। ਬੱਸ ਹੁਣ ਗੱਲ ਖਤਮ ਸਮਝੋ।"

"ਕੁੱਤੇ ਨੇ ਵੱਢ ਲਈ ਤੁਹਾਡੀ ਲੱਤ? ਮੰਨਣ 'ਚ ਨਹੀਂ ਆਉਂਦਾ, ਤੁਸਾਂ ਕੀ ਕਿਹਾ ਸੀ ਉਹਨੂੰ?"

"ਸਹੁਰੀ ਦੇ ਨੂੰ ਮੈਂ ਕੀ ਕਹਿਣਾ ਸੀ, ਉਹ ਹੀ ਕਹਿ ਗਿਆ। ਰਾਤੀਂ ਹੱਟੀ ਵਧਾਉਣ ਵੇਲੇ ਹਨੇਰੇ ਵਿਚ ਮੇਰਾ ਪੈਰ ਉਸ 'ਤੇ ਜਾ ਪਿਆ। ਮੈਂ ਉਸ ਨੂੰ ਵੇਖਿਆ ਨਹੀਂ ਸੀ ਅਤੇ ਉਸ ਸਮਝਿਆ ਕਿ ਕੋਈ ਭਈਆ ਹੈ, ਬਸ ਵੱਢ ਖਾਧਾ। ਤਿੰਨ ਸੌ ਚੌਵੀ ਰੁਪਏ ਲਗਦੇ ਨੇ ਟੀਕਿਆਂ ਦੇ ਤੇ ਪੰਜੀ ਰੋਜ਼ ਦੀ ਲੁਆਈ। ਐਨੇ ਪੈਸੇ ਖਰਚਣੇ ਸੌਖੇ ਨਹੀਂ ਪਰ ਕੁੱਤੇ ਦੀ ਮੌਤ ਮਰਨ 'ਤੇ ਦਿਲ ਨਹੀਂ ਕਰਦਾ।"

ਸਭ ਦੇ ਕਹਿਣ ਕਹਾਉਣ 'ਤੇ ਉਹ ਸਰਕਾਰੀ ਹਸਪਤਾਲ ਗਿਆ ਤਾਂ ਡਾਕਟਰ ਨੇ ਸਲਾਹ ਦਿਤੀ ਕਿ ਦਸ ਦਿਨ ਤਕ ਕੁੱਤੇ ਦੀ ਨਿਗਰਾਨੀ ਰੱਖੋ ਜੇ ਮਰ ਗਿਆ, ਟੀਕੇ ਤਾਂ ਹੀ ਲਗਣਗੇ। ਉਂਜ ਉਸ ਨੇ ਪੱਟੀ ਕਰ ਦਿਤੀ।

ਕੁੱਤੇ ਦੀ ਸ਼ਨਾਖਤ ਤਾਂ ਹੋਈ ਪਈ ਸੀ। ਇਕ ਗਲੀ ਛੱਡ ਕੇ ਹੋਟਲ ਵਾਲੇ ਅਰੋੜਿਆਂ ਦਾ ਹੱਟਾ-ਕੱਟਾ ਕੁੱਤਾ ਮੋਤੀ ਸੀ, ਜਿਸ ਨੇ ਅੱਜ ਤਕ ਕਦੀ ਟਹਿਲ ਸਿੰਘ ਨੂੰ ਮੂੰਹ ਵੀ ਨਹੀਂ ਸੀ ਲਾਇਆ, ਉਸ ਦਿਨ ਲੌਢੇ ਵੇਲੇ ਐਵੇਂ ਹੀ ਇਸ ਦੀ ਹੱਟੀ ਅੱਗੇ ਥਾਂ ਠੰਢੀ ਵੇਖ ਕੇ ਬਹਿ ਗਿਆ ਤਾਂ ਅੱਖ ਲੱਗ ਗਈ।

"ਹੂੰ, ਡਾਕਟਰ ਵੱਡਾ ਆਇਆ, ਕਹਿੰਦੈ ਕੁੱਤੇ ਦੀ ਨਿਗਰਾਨੀ ਕਰ। ਉਏ ਸਹੁਰੀ ਦਿਆ, ਕੁੱਤਾ ਆਦਮੀ ਦੀ ਨਿਗਰਾਨੀ ਕਰਦੈ ਕਿ ਆਦਮੀ ਕੁੱਤੇ ਦੀ। ਮੈਨੂੰ ਕੁੱਤੇ ਤੋਂ ਵੀ ਥੱਲੇ ਲਾਹੁਣ ਨੂੰ ਫਿਰਦੈ, ਸਾਲਾ ਮੇਰਾ।"

ਪਰ ਇਸ ਵੇਲੇ ਟਹਿਲ ਸਿੰਘ ਦੀ ਮੋਤੀ ਕੋਲ ਡਾਢੀ ਗੁੱਟੀ ਫਸੀ ਹੋਈ ਸੀ। ਉਹ ਬਿਸਕੁਟ ਅਤੇ ਕੇਕ ਦੇ ਟੋਟੇ ਵਿਖਾ ਕੇ ਉਸ ਨੂੰ ਦੂਰੋਂ ਆਉਂਦੇ ਨੂੰ ਪੁਚਕਾਰਦਾ, ਉਸ ਨਾਲ ਦੋਸਤੀ ਪਾਉਣੀ ਚਾਹੁੰਦਾ ਕਿ ਘੱਟੋ ਘੱਟ ਐਨੇ ਦਿਨ ਤਾਂ ਉਸ ਦੀਆਂ ਅੱਖਾਂ ਸਾਹਵੇਂ ਰਹੇ ਪਰ ਮੋਤੀ ਲਿਫਟ ਹੀ ਨਹੀਂ ਸੀ ਦੇ ਰਿਹਾ ਤੇ ਪੂਛ ਦਬਾ ਕੇ ਰਸਤਾ ਵਲਾ ਰਿਹਾ ਸੀ।

"ਮੈਂ ਤਾਂ ਕੰਨ ਫੜ ਕੇ ਬੈਠਕਾਂ ਕੱਢਣ ਨੂੰ ਵੀ ਤਿਆਰ ਹਾਂ ਮੋਤੀ ਜੀ ਅੱਗੇ, ਬਈ ਗ਼ਲਤੀ ਹੋ ਗਈ, ਮਾਫ ਕਰ ਦੇਹ। ਐਨੀਆਂ ਸੁਗਾਤਾਂ ਤਾਂ ਕਦੇ ਮੈਂ ਪਾਰਬਤੀ ਨੂੰ ਨਹੀਂ ਸੀ ਪੇਸ਼ ਕੀਤੀਆਂ ਜਿੰਨੀਆਂ ਇਸ ਨੂੰ ਕਰਨਾਂ ਤੇ ਸੱਧਰ ਲੈਨਾਂ ਕਿ ਕੁਝ ਤਾਂ ਮੂੰਹ ਨੂੰ ਲਾਵੇ ਪਰ ਉਹ ਡਾਢਾ ਸ਼ਰਮਸਾਰ ਹੈ ਕਿ ਸਿੱਖ ਨੂੰ ਕਿਉਂ ਵੱਢ ਬੈਠਾ, ਇਸ ਨੇ ਮੈਨੂੰ ਛੱਡਣਾ ਨਹੀਂ, ਇਸੇ ਲਈ ਹੀ ਵਲਾ ਕੇ ਲੰਘਦੈ।" ਉਹ ਆਪਣੇ ਲੰਗੋਟੀਏ ਯਾਰ ਰੋਸ਼ਨ ਭਾਟੀਏ ਨੂੰ ਲਾ ਕੇ ਕਹਿੰਦਾ, ਜਿਸ ਨਾਲ ਉਹ ਅਕਸਰ ਹਿੰਦੂ ਸਿੱਖ ਹੋਣ ਦੇ ਨਾਤੇ ਮਜ਼ਾਕ ਕਰਦਾ ਸੀ।

"ਮੈਂ ਕੋਸ਼ਿਸ਼ ਤਾਂ ਕਰ ਰਿਹਾਂ ਕਿ ਇਸ ਨੂੰ ਫੜ ਕੇ ਬੰਨ੍ਹ ਲਵਾਂ। ਜੇ ਉਸ ਨਹੀਂ ਫੜੀਣਾ ਤਾਂ ਮੈਂ ਆਪ ਬੱਝਣ ਲਈ ਤਿਆਰ ਹਾਂ। ਬਈ ਤੂੰ ਹੀ ਮੇਰੀ ਰਾਖੀ ਚਾ ਕਰ ਪਰ ਸੁਣੇ ਤਾਂ ਨਾ। ਉਸ ਨੂੰ ਕੀ ਪਤਾ ਮੈਂ ਤਾਂ ਹਰ ਵੇਲੇ ਹੱਥ ਜੋੜਦਾ ਪਿਆ ਹਾਂ ਕਿ ਹੇ ਰੱਬਾ, ਮੋਤੀ ਨੂੰ ਲੰਮੀ ਉਮਰ ਦੇਹ। ਸਾਰੇ ਸ਼ਹਿਰ ਦੇ ਕੁੱਤਿਆਂ ਦੀ ਉਮਰ ਮੋਤੀ ਨੂੰ ਲਗ ਜਾਵੇ।"

ਇਹ ਫਿਕਰਾ ਕਹਿੰਦਿਆਂ ਉਸ ਦੀ ਨਜ਼ਰ ਸਾਹਮਣੇ ਚੁਬਾਰੇ ਵੱਲ ਗਈ ਜਿਸ ਵਿਚ ਰਹਿੰਦੇ ਕਰਮ ਚੰਦ ਦੀ ਅਵਾਜ਼ਾਰ ਜਹੀ ਸੂਰਤ ਉਸ ਨੂੰ ਉਕਾ ਹੀ ਪਸੰਦ ਨਹੀਂ ਸੀ ਤੇ ਜਿਸ ਬਾਰੇ ਅਕਸਰ ਉਹ ਕਿਹਾ ਕਰਦਾ ਸੀ, ਉਸ ਦਾ ਸਾਰੀ ਦੁਨੀਆਂ ਵਿਚ ਕੋਈ ਵਾਕਫ ਨਹੀਂ। ਅੱਜ ਤਕ ਉਸ ਨੂੰ ਹੱਸਦਿਆਂ ਤਾਂ ਕੀ ਮੁਸਕਰਾਉਂਦਿਆਂ ਤਕ ਕਿਸੇ ਨਹੀਂ ਸੀ ਵੇਖਿਆ ਪਰ ਹੈਰਾਨ ਰਹਿ ਗਿਆ ਕਿ ਜ਼ਿੰਦਗੀ ਵਿਚ ਸ਼ਾਇਦ ਪਹਿਲੀ ਵਾਰੀ ਉਸ ਨੇ ਵੀ ਆਪਣਾ ਹੱਥ ਅਲਵਿਦਾ ਦੇ ਲਹਿਜ਼ੇ ਵਿਚ ਹਿਲਾਇਆ ਤੇ ਨਿੰਮ੍ਹਾ ਜਿਹਾ ਮੁਸਕਰਾਇਆ।

ਟਹਿਲ ਸਿੰਘ ਪਾਕਿਸਤਾਨ ਦੇ ਜ਼ਿਲਾ ਗੁਜਰਾਤ ਦੇ ਨਿੱਕੇ ਜਿਹੇ ਪਿੰਡ ਕੋਟਲੇ ਦਾ ਜੰਮਪਲ ਸੀ। ਪਿਤਾ ਨਿਹਾਇਤ ਸ਼ਰੀਫ ਤੇ ਭਲੇਮਾਣਸ ਹੋਣ ਕਰਕੇ ਭਾਈ ਜੀ ਅਖਵਾਉਂਦੇ ਸਨ। ਉਹ ਉਚੇ ਲੰਮੇ, ਗੋਰੇ ਨਿਛੋਹ ਤੇ ਉਹੋ ਜਿਹੀ ਉਨ੍ਹਾਂ ਦੀ ਜੀਵਨ ਸੰਗਣੀ-ਨਿਰੀ ਮੋਰਨੀ। ਦੋਹਾਂ ਦੀ ਜੋੜੀ ਦਰਸ਼ਨੀ ਸੀ। ਭਾਈਆ ਜੀ ਹਮੇਸ਼ਾ ਕਾਲੀ ਪੱਗ ਬੰਨ੍ਹਦੇ ਤੇ ਗਲ ਵਿਚ ਸਾਫਾ ਪਾ ਕੇ ਰੱਖਦੇ। ਉਨ੍ਹੀਂ ਦਿਨੀਂ ਅਕਾਲੀ ਲਹਿਰ ਦੀ ਦੇਣ ਕਾਲੀ ਪੱਗ ਬਹੁਤ ਸਾਰੇ ਸਿਰਾਂ ਉਤੇ ਬਿਰਾਜਮਾਨ ਸੀ, ਕਿਉਂਕਿ ਨਨਕਾਣਾ ਸਾਹਿਬ ਅਤੇ ਜੈਤੋ ਤੇ ਗੁਰੂ ਕੇ ਬਾਗ ਜਿਹੇ ਮੋਰਚਿਆਂ ਤੋਂ ਪਰਤੇ ਅੰਗਰੇਜ਼ਾਂ ਦੇ ਜ਼ੁਲਮ ਤੇ ਤਸ਼ੱਦਦ ਦੇ ਖਿਲਾਫ ਅੰਦਰੋਂ ਅੰਦਰ ਵਿੱਸ ਘੋਲਦੇ ਸਿੰਘ ਇਸ ਰੰਗ ਨੂੰ ਅੰਗਰੇਜ਼ੀ ਹਕੂਮਤ ਦੀ ਖਿਲਾਫਤ ਦਾ ਚਿੰਨ ਕਾਇਮ ਕਰ ਚੁੱਕੇ ਸਨ। ਭਾਈਆ ਜੀ ਆਪ ਗੁਰੂ ਕੇ ਬਾਗ ਦੇ ਮੋਰਚੇ 'ਚ ਡਾਂਗਾਂ ਖਾ ਕੇ ਆਏ ਸਨ, ਜੋ ਉਹ ਕਦੇ ਨਹੀਂ ਸਨ ਭੁੱਲੇ।

ਉਹ ਨੇਮ ਨਾਲ ਗੁਰਦੁਆਰੇ ਜਾਂਦੇ। ਵਾਕ ਲੈਂਦੇ ਤੇ ਗੁਰ ਸ਼ਬਦ ਦੀ ਵਿਆਖਿਆ ਕਰਦੇ। ਵਾਕ ਉਹ ਐਸੀ ਮਿੱਠੀ ਸੁਰੀਲੀ ਤੇ ਰਸ ਭਿੰਨੀ ਆਵਾਜ਼ ਵਿਚ ਲੈਂਦੇ ਕਿ ਸਰੋਤੇ ਤਾਂ ਬੁੱਤ ਹੀ ਹੋ ਜਾਂਦੇ, ਚਿੜੀਆਂ ਤਕ ਚਹਿਕਣਾ ਭੁੱਲ ਜਾਂਦੀਆਂ। ਟਹਿਲ ਸਿੰਘ ਵੀ ਰੋਜ਼ ਉਨ੍ਹਾਂ ਦੇ ਨਾਲ ਗੁਰਦੁਆਰੇ ਜਾਂਦਾ ਤੇ ਸ਼ਬਦ ਕੀਰਤਨ ਨਾਲ ਇੰਜ ਖੜਕਾ ਕੇ ਢੋਲਕੀ ਵਜਾਉਂਦਾ ਕਿ ਉਸ ਦੇ ਆਪਣੇ ਕੰਨ ਵੀ ਹਿੱਲ ਜਾਂਦੇ ਤੇ ਸੰਗਤਾਂ ਵੀ ਮੰਤਰ ਮੁਗਧ ਹੋ ਜਾਂਦੀਆਂ। ਇਹ ਵੀ ਹਮੇਸ਼ਾ ਕਾਲੀ ਪੱਗ ਹੀ ਬੰਨ੍ਹਦਾ ਰਿਹਾ ਭਾਵੇਂ ਇਸ ਗੱਲ ਨਾਲ ਉਹਨੇ ਬਹੁਤਾ ਸਰੋਕਾਰ ਨਹੀਂ ਸੀ ਰਖਿਆ ਕਿ ਉਹ ਕਿਉਂ ਇਹ ਹੀ ਰੰਗ ਬੰਨ੍ਹਦਾ ਸੀ। ਟਹਿਲ ਸਿੰਘ ਤੋਂ ਛੋਟਾ ਭਰਾ ਨਿਰਾ ਪੁਰਾ ਪਿਉ ਵਾਂਗ ਸ਼ਰੀਫ ਤੇ ਭੋਲਾ ਸੀ। ਕਾਨਪੁਰ ਆਉਣ ਤੋਂ ਪਿਛੋਂ ਉਸ ਨੂੰ ਟੀ.ਬੀ. ਹੋ ਗਈ ਸੀ ਤੇ ਉਹ ਟੱਬਰ ਰੋਂਦਾ ਵਿਲਕਦਾ ਛੱਡ ਕੇ ਗੁਜ਼ਰ ਗਿਆ।

ਇਕੋ ਹੀ ਭੈਣ ਸੀ ਇਸ ਦੀ, ਤੇ ਨਾਂ ਸੀ ਭੱਜੋ। ਭੱਜੋ ਨੂੰ ਵੀ ਮਾਂ ਪਿਉ ਜਾਂ ਭਰਾਵਾਂ ਵਰਗੀ ਸੋਹਣੀ ਹੋਣਾ ਚਾਹੀਦਾ ਸੀ ਪਰ ਉਹ ਇੰਜ ਸੀ ਜਿਵੇਂ ਰੱਬ ਦੀ ਅੱਡੀ ਨਾਲ ਫਿੱਸੀ ਹੋਈ ਖੁੰਬ ਹੋਵੇ। ਉਸ ਦਾ ਕੱਦ ਮਸਾਂ 3 ਫੁੱਟ ਤੇ ਰੰਗ ਕਾਲਾ। ਮੂੰਹ ਖੁੰਬ ਦੀ ਛਤਰੀ ਵਾਂਗ ਚੌੜਾ ਫੈਲਿਆ ਤੇ ਫੁੱਲਿਆ ਹੋਇਆ। ਅੱਖਾਂ ਦੀਆਂ ਸੁੱਜੀਆਂ ਗੰਨੀਆਂ 'ਚੋਂ ਆਨੇ ਬਾਵਲੀ ਦੇ ਪਾਣੀ ਵਾਂਗ ਝਲਕਾਰਾ ਮਾਰਦੇ। ਗਲੇ ਦੇ ਗਿੱਲੜ੍ਹ ਕਰਕੇ ਹੀ ਸ਼ਾਇਦ ਉਹ ਉਚੀ ਆਵਾਜ਼ 'ਚ ਵੀ ਨਾ ਬੋਲ ਸਕਦੀ। ਜ਼ੋਰ ਲਾ ਕੇ ਬੋਲਣ ਦੀ ਕੋਸ਼ਿਸ਼ ਕਰਦੀ ਪਰ ਆਵਾਜ਼ ਵੀ ਸ਼ਾਇਦ ਉਹਦੇ ਨਾਲ ਹੀ ਕਿਧਰੇ ਫਿਸ ਗਈ ਸੀ। ਉਹ ਮੋਟੀ ਆਕੜੀ ਹੋਈ ਗੁੱਤ ਨਾਲ ਬਹੁਤ ਮੱਧਮ ਚਾਲ ਚਲਦੀ ਦੂਰੋਂ ਇੰਜ ਦਿਸਦੀ ਜਿਵੇਂ ਕੋਈ ਰੋਬੋਟ ਚੰਨ ਉਤੇ ਟੁਰ ਰਿਹਾ ਹੋਵੇ ਜਾਂ ਅਜਿਹਾ ਲੈਟਰ ਬਾਕਸ ਜਿਸ ਵਿਚ ਬੇਸ਼ੁਮਾਰ ਸੁਨੇਹੇ ਭਰੇ ਹੋਏ ਹੋਣ, ਤੇ ਉਸ ਦੀ ਚਾਬੀ ਕਿਧਰੇ ਗੁੰਮ ਹੋ ਗਈ ਹੋਵੇ। ਐਨੇ ਭਰੇ ਪੂਰੇ ਘਰ ਵਿਚ ਜਨਮ ਲੈ ਕੇ ਵੀ ਉਸ ਨੂੰ ਹਰਭਜਨ ਕੌਰ ਅਖਵਾਉਣ ਦਾ ਹੱਕ ਨਹੀਂ ਸੀ ਮਿਲ ਸਕਿਆ।



ਮੁਲਕ ਦੀ ਵੰਡ ਵੇਲੇ ਜਿਹੜੀਆਂ ਕੁੜੀਆਂ ਚੇਤੰਨ, ਹੁਸ਼ਿਆਰ ਤੇ ਆਪਣਾ ਆਪ ਬਚਾਉਣ ਵਿਚ ਕਾਮਯਾਬ ਹੋ ਗਈਆਂ, ਉਹ ਤਾਂ ਕਾਫਲਿਆਂ ਵਿਚ ਆਪਣੇ ਟੱਬਰਾਂ ਨਾਲ ਹਿੰਦੁਸਤਾਨ ਆ ਗਈਆਂ, ਪਰ ਉਸ ਐਨੀ ਮੱਧਮ ਤੇ ਚੁੱਪ ਕੁੜੀ ਨੂੰ ਕਣਕ ਦੀਆਂ ਬੋਰੀਆਂ ਪਿਛੇ ਬਿਠਾ ਦਿਤਾ ਗਿਆ। ਬਾਕੀ ਸਾਰਾ ਟੱਬਰ ਕਾਫਲੇ ਨਾਲ ਰਲ ਗਿਆ ਪਰ ਮਾਂਵਾਂ-ਧੀਆਂ ਦਾ ਕਿਸੇ ਨੂੰ ਪਤਾ ਨਹੀਂ ਲੱਗ ਸਕਿਆ ਕਿ ਕੀ ਹੋਇਆ। ਕਦੀ ਕਦਾਈਂ ਪਿੱਛੇ ਦੀ ਯਾਦ ਕਰਦੇ ਟਹਿਲ ਸਿੰਘ ਦੇ ਜ਼ਿਹਨ 'ਚੋਂ ਮਾਂ-ਭੈਣ ਭਾਦਰੋਂ ਦੇ ਬੱਦਲਾਂ ਵਾਂਗ ਲੰਘ ਜਾਂਦੀਆਂ।

ਟਹਿਲ ਸਿੰਘ ਪਲੇਠੀ ਦਾ ਪੁਤਰ ਸੀ, ਮਾਂ-ਪਿਉ ਦੀ ਅੱਖ ਦਾ ਤਾਰਾ। ਪਾਕਿਸਤਾਨ ਬਣਨ ਵੇਲੇ ਉਸ ਦੀ ਉਮਰ ਅਠਾਈਆਂ ਕੁ ਸਾਲਾਂ ਦੀ ਸੀ। ਉਹ ਵੀ ਭਾਈਆ ਜੀ ਨਾਲ ਧਾਮੇ ਦੁਕਾਨ 'ਤੇ ਬਹਿੰਦਾ ਪਰ ਸੁਭਾਅ ਉਸ ਦਾ ਆਪਣਾ ਸੀ। ਜੇ ਪਿਉ ਤ੍ਰੇਲ ਤੁਪਕੇ ਵਾਂਗ ਆਰਾਮ ਨਾਲ ਤਿਲਕ ਕੇ ਡਿੱਗਣ ਵਾਲਾ ਸੀ ਤਾਂ ਟਹਿਲ ਸਿੰਘ ਹਵਾ ਦੇ ਬੁੱਲੇ ਵਾਂਗ ਟਹਿਣੀਆਂ ਤੋਂ ਛੁਟਕ ਕੇ ਡਿੱਗਾ ਤੁਪਕਾ ਸੀ। ਬਾਪੂ ਕਾਫਲੇ ਦੀਆਂ ਡਾਚੀਆਂ ਵਰਗਾ ਮੱਧਮ, ਤੇ ਇਹ ਫਸਲ ਦੇ ਟਾਂਡਿਆਂ 'ਚੋਂ ਨਿਕਲ ਕੇ ਟੁਰਦੇ ਤਿੱਤਰ ਵਰਗਾ ਛੋਹਲਾ, ਫੁਰਤੀਲਾ।

ਇਸ ਦਾ ਢਾਂਚਾ ਬੜਾ ਚੁਸਤ ਤੇ ਮਜ਼ਾਕੀਆ ਸੀ। ਚਾਚੇ 'ਤੇ ਹੀ ਗਿਆ ਸੀ। ਨਿਹਾਇਤ ਸ਼ਰੀਫ ਪਰ ਹਸਾ ਹਸਾ ਕੇ ਲੋਟ-ਪੋਟ ਕਰਨ ਵਾਲਾ। ਇਸੇ ਸੁਭਾਅ ਕਰਕੇ ਹਰ ਕੋਈ ਵੱਸ ਲਗਦੇ ਇਸ ਦੀ ਦੁਕਾਨ ਤੋਂ ਹੀ ਸੌਦਾ-ਸਲਫ ਲੈਂਦਾ। ਉਹ ਛੋਹਲੇ ਹੱਥੀਂ ਸੌਦਾ ਦੇਈ ਜਾਂਦਾ ਤੇ ਨਾਲ ਨਵੇਂ ਨਰੋਏ ਚੁਟਕਲੇ ਤਿਆਰ ਕਰਕੇ ਸੁਣਾਈ ਜਾਂਦਾ।

ਵਿਆਹ ਇਸ ਦਾ ਨੇੜਲੇ ਪਿੰਡ 'ਚ ਹੀ ਹੋਇਆ, ਜਿਧਰ ਉਂਜ ਹੀ ਰਿਸ਼ਤਿਆਂ ਦੀ ਢਲਾਣ ਬਣੀ ਹੋਈ ਸੀ। ਵਹੁਟੀ ਸੀ ਕਿ ਚੰਨ ਦਾ ਟੋਟਾ। ਇਕ ਵਾਰੀ ਤਾਂ ਉਸ ਦੇ ਸੁਹੱਪਣ ਦੀਆਂ ਧੁੰਮਾਂ ਪੈ ਗਈਆਂ, ਪਰ੍ਹੇ ਵਿਚ ਬੈਠੇ ਬੁੱਢੇ-ਠੇਰੇ ਵੀ ਉਸ ਨੂੰ ਕੱਪੜਿਆਂ ਦੀ ਤਗਾਰੀ ਸਿਰ 'ਤੇ ਚੁੱਕੀ ਖੂਹ ਵਲ ਜਾਂਦੀ ਨੂੰ ਜ਼ਮੀਨ ਤੋਂ ਤੀਲ੍ਹਾ ਚੁੱਕਣ ਦੇ ਬਹਾਨੇ ਘੁੰਡ ਵਿਚੀਂ ਝਾਕਣ ਤੋਂ ਆਪਣੇ ਆਪ ਨੂੰ ਰੋਕ ਨਾ ਸਕਦੇ, ਭਾਵੇਂ ਉਸ ਗੋਰੀ ਨਿਛੋਹ ਮੁਟਿਆਰ ਦੇ ਹੱਥ ਪੈਰ ਹੀ ਉਨ੍ਹਾਂ ਨੂੰ ਦਿਸ ਸਕਦੇ। ਉਹ ਆਪਣੇ ਖਾਸ ਅੰਦਾਜ਼ 'ਚ ਮੂੰਹ ਦੇ ਆਲੇ ਵਿਚ ਜੀਭ ਫੇਰਦੀ ਤੇ ਇਕ ਇਕ ਬੋਲ ਹੰਗਾਲ ਕੇ ਤੋਤੇ ਵਾਂਗ ਬੋਲਦੀ ਹੋਰ ਵੀ ਮਨ ਨੂੰ ਭਾਉਂਦੀ। ਉਸ ਦੇ ਹੁਸਨ ਜਮਾਲ ਤੋਂ ਟਹਿਲ ਸਿੰਘ ਹਮੇਸ਼ਾ ਬੇਨਿਆਜ਼ ਹੀ ਰਿਹਾ।

ਪਾਕਿਸਤਾਨੋਂ ਉਜੜੇ ਮਰਜੀਵੜੇ ਅੱਕ ਦੀਆਂ ਬੁੱਢੀਆਂ ਵਾਂਗ ਫੈਲ ਰਹੇ ਸਨ। ਜਿਥੇ ਕਿਸੇ ਨੂੰ ਥਾਂ ਮਿਲਦੀ ਬਹਿ ਜਾਂਦਾ ਤੇ ਜੜ੍ਹਾਂ ਜਮਾਉਣ ਦੀ ਕੋਸ਼ਿਸ਼ ਕਰਦਾ। ਟਹਿਲ ਸਿੰਘ ਟੱਬਰ ਲੈ ਕੇ ਕਾਨਪੁਰ ਆ ਗਿਆ ਤੇ ਜਵਾਹਰ ਨਗਰ ਵਿਚ ਕਿਰਾਏ ਦੇ ਮਕਾਨ ਵਿਚ ਟਿਕ ਗਿਆ। ਹੁਣ ਕੰਮ ਦੀ ਚਿੰਤਾ ਸੁਭਾਵਕ ਹੀ ਸੀ। ਬਿਨਾਂ ਪੈਸੇ ਤੋਂ ਵਪਾਰ ਨਹੀਂ ਸੀ ਹੋ ਸਕਦਾ ਤੇ ਨੌਕਰੀ ਦਾ ਉਸ ਨੂੰ ਇਲਮ ਹੀ ਨਹੀਂ ਸੀ ਕਿ ਕਰੀਦੀ ਕਿਵੇਂ ਹੈ।

ਕਿਸੇ ਦੇ ਦੱਸ ਪਾਉਣ 'ਤੇ ਉਹ ਗੁਰਦੁਆਰੇ ਚਲਾ ਗਿਆ ਤੇ ਦਸਿਆ ਕਿ ਉਹ ਢੋਲਕੀ ਖੂਬ ਵਜਾ ਲੈਂਦਾ ਹੈ, ਜੇ ਪ੍ਰਬੰਧਕ ਇਸੇ ਕੰਮ ਲਈ ਰੱਖ ਲੈਣ ਪਰ ਪ੍ਰਬੰਧਕਾਂ ਨੂੰ ਤਾਂ ਤਬਲੇ ਵਾਲਾ ਚਾਹੀਦਾ ਸੀ, ਸੋ ਉਨ੍ਹਾਂ ਪੁਛਿਆ, "ਜੋੜੀ ਵਜਾ ਲੈਂਦੇ ਹੋ?"

"ਕੱਲੀ ਕੱਲੀ ਤਾਂ ਕਈ ਵਾਰੀ ਵਜਾਈ ਹੈ, ਪਰ ਜੋੜੀ ਅੱਜ ਤਕ ਨਹੀਂ ਵਜਾਈ।"

ਇੰਟਰਵਿਊ ਲੈਣ ਵਾਲੇ ਗੁਜਰਾਤ ਜ਼ਿਲੇ ਦੇ ਖਚਰੋਟੇ ਵੀ ਉਸ ਦਾ ਇਹ ਜਵਾਬ ਸੁਣ ਕੇ ਝੇਂਪ ਗਏ ਸਨ। ਹਾਰ ਕੇ ਉਸ ਆਪਣਾ ਕੰਮ ਸਿੰਧੀਆਂ ਦੀ ਬਿਸਕੁਟ ਫੈਕਟਰੀ ਤੋਂ ਬਿਸਕੁਟਾਂ ਦੇ ਟੋਟੇ ਰੇੜ੍ਹੀ ਵਿਚ ਫੇਰੀ ਕਰਨ ਤੋਂ ਸ਼ੁਰੂ ਕੀਤਾ। ਮੂਲ ਗੰਜ ਉਦੋਂ ਵੀ ਚੰਗਾ ਰੌਣਕੀਲਾ ਬਜ਼ਾਰ ਸੀ ਤੇ ਕੋਟਲੇ ਦੇ ਹੋਰ ਕਈ ਲੋਕ ਵੀ ਉਥੇ ਕਾਰੋਬਾਰ ਕਰ ਰਹੇ ਸਨ। ਬਿਸਕੁਟਾਂ ਦਾ ਕੰਮ ਚੰਗਾ ਤੇ ਸੇਫ ਸੀ। ਨਾ ਬਹੇ ਹੋਣ ਦਾ ਖਤਰਾ ਅਤੇ ਨਾ ਗਾਹਕਾਂ ਨਾਲ ਸਿਰ ਖਪਾਈ। ਟਰੱਕ ਨਾਲ ਐਕਸੀਡੈਂਟ ਹੋਣ ਕਰਕੇ ਭਾਵੇਂ ਉਸ ਦੀ ਲੱਤ ਬਹੁਤੀ ਖੇਚਲ ਨਹੀਂ ਸੀ ਸਹਿ ਸਕਦੀ ਤੇ ਉਹ ਜ਼ਿਆਦਾ ਭੌਂਅ ਵੀ ਨਹੀਂ ਸੀ ਸਕਦਾ, ਪਰ ਆਪਣੇ ਮਸਖਰੇ ਸੁਭਾਅ ਕਰਕੇ ਉਹ ਪੰਜਾਬੀਆਂ ਤੋਂ ਛੁੱਟ ਭਈਆਂ ਵਿਚ ਵੀ ਹਰਮਨ ਪਿਆਰਾ ਹੋ ਗਿਆ।

ਮੈਸਟਨ ਰੋਡ ਮੇਨ ਵਪਾਰਕ ਸੈਂਟਰ ਹੋਣ ਕਰਕੇ ਹਰ ਵੇਲੇ ਭਰੀ ਰਹਿੰਦੀ। ਗੰਗਾ ਇਸ਼ਨਾਨੀਏ ਵੀ ਸਟੇਸ਼ਨ ਤੋਂ ਉਤਰ ਕੇ ਇਸੇ ਰੋਡ ਤੋਂ ਆਉਂਦੇ ਜਾਂਦੇ। ਹਰ ਤਰ੍ਹਾਂ ਦੀ ਫੇਰੀ ਵਾਲੇ ਭੀੜ ਵਿਚ ਆਵਾਜ਼ਾਂ ਦਿੰਦੇ, ਜਾਂ ਸੜਕਾਂ ਤੇ ਫੁਟਪਾਥਾਂ ਉਤੇ ਗਾਹਕਾਂ ਨੂੰ ਘੇਰਦੇ, "ਦਾਦ ਖਾਜ ਕੀ ਦਵਾ ਉੜਨ ਛੂਹ, ਲੱਕੜ ਹਜ਼ਮ ਪੱਥਰ ਹਜ਼ਮ, ਬੁੜੀਆ ਕਾ ਕਾਜਲ, ਸੂਈ ਮੇਂ ਡੋਰਾ ਡਾਲਨੇ ਕੀ ਮਸ਼ੀਨ ਤੇ ਕਈਨ ਕਾ ਮਾਈਲ (ਕਾਨ ਕਾ ਮੈਲ) ਨਿਕਾਲਨੇ ਵਾਲੇ।"

ਟਹਿਲ ਸਿੰਘ ਕਈ ਵਾਰੀ ਆਪਣੀ ਰੇਹੜੀ 'ਤੇ ਕਿਸੇ ਨੂੰ ਖਲ੍ਹਾਰ ਕੇ ਸਿੱਧੇ-ਸਾਦੇ ਦਿਹਾਤੀਆਂ ਨੂੰ ਸੜਕ ਪਾਰ ਤੋਂ ਕੰਨੋਂ ਫੜ ਕੇ ਮੈਲ ਕੱਢਣ ਵਾਲਿਆਂ ਅੱਗੇ ਬਹਾ ਦਿੰਦਾ, ਜਿਹੜੇ ਜ਼ਰਾ ਚੂੰ ਤਕ ਨਾ ਕਰਦੇ ਤੇ ਇਨ੍ਹਾਂ ਮਸਖਰਿਆਂ ਦੀ ਟੋਲੀ ਕਾਰੋਬਾਰ ਕਰਦੀ ਵੀ ਗੁਟਕਦੀ ਰਹਿੰਦੀ।

ਈਦ ਦੇ ਦਿਨਾਂ ਵਿਚ ਮੂਲਗੰਜ ਦਿਨ ਰਾਤ ਖੁਲ੍ਹਾ ਰਹਿੰਦਾ। ਇਨ੍ਹਾਂ ਵਿਚ ਬਹੁਤੀ ਭੀੜ ਤਾਂ ਖਰੀਦਦਾਰਾਂ ਦੀ ਹੁੰਦੀ ਪਰ ਕੁਝ ਛੈਲ-ਛਬੀਲੇ ਪਿਛੇ ਗਲੀਆਂ ਵਿਚ ਰਹਿੰਦੀਆਂ ਰੰਗੀਨੀਆਂ ਕਰਕੇ ਵੀ ਘੁੰਮਦੇ। ਲਾਹੌਰੋਂ ਆਈ ਰੇਸ਼ਮਾ ਕੰਜਰੀ ਈਦ ਦੇ ਦਿਨੀਂ ਜਦੋਂ ਖਰੀਦਦਾਰੀ ਕਰਨ ਬਜ਼ਾਰ ਵਿਚ ਉਤਰਦੀ ਤਾਂ ਇਕ ਇਕ ਪੰਜਾਬੀ ਨੂੰ ਸਲਾਮ ਕਰਦੀ ਮਾਖਿਓਂ ਮਿੱਠੀ ਪੰਜਾਬੀ ਬੋਲਦੀ ਤੇ ਮੁਸਕਰਾਹਟਾਂ ਖਲੇਰਦੀ।

ਕਿੰਨੇ ਸੁਹਣੇ ਦਿਨ ਸਨ ਉਹ...ਟਹਿਲ ਸਿੰਘ ਅਕਸਰ ਬੂਟਾਂ ਵਾਲੇ ਭਾਟੀਆ ਸਾਹਿਬ ਨਾਲ ਯਾਦਾਂ ਸਾਂਝੀਆਂ ਕਰਦਾ। ਪਰ ਹੁਣ ਤਾਂ ਖੌਰੇ ਕਿਹੜੇ ਵੇਲੇ ਕੁੱਤੇ ਦੀ ਜੂਨ ਵਿਚ ਪੈ ਜਾਣੈ ਅਤੇ ਆਉਂਦੇ ਜਾਂਦੇ 'ਤੇ ਭੌਂਕਿਆ ਕਰਨੈ। ਓ ਭਾਈ! ਮੈਂ ਤੈਨੂੰ ਕਦੇ ਬੇਹਾ ਸੌਦਾ ਨਹੀਂ ਦਿਤਾ, ਕਦੀ ਘੱਟ ਤੋਲ ਕੇ ਨਹੀਂ ਦਿਤਾ, ਤੂੰ ਕਿਸ ਜਨਮ ਦੀ ਦੁਸ਼ਮਣੀ ਕਮਾਈ ਮੇਰੇ ਨਾਲ? ਜੇ ਟੀਕੇ ਲਵਾਉਣੇ ਪੈ ਗਏ ਤਾਂ ਚਾਰ ਦਿਨਾਂ ਦੀ ਕਮਾਈ ਖੂਹ ਖਾਤੇ ਪੈ ਜਾਵੇਗੀ, ਢਿੱਡ ਵਿਚ ਮੋਟੇ ਮੋਟੇ ਗੜੁੰਮ ਵੱਖਰੇ ਪੈ ਜਾਣਗੇ, ਦਰਦ ਤੇ ਗਰਮੀ ਨਾਲ ਤੜਪ ਵਾਧੂ ਦੀ! ਮੋਤੀ ਨੂੰ ਵੇਖਦਿਆਂ ਹੀ ਉਸ ਦੀਆਂ ਅੱਖਾਂ 'ਤੋਂ ਤਰਲਾ ਵਹਿਣਾ ਸ਼ੁਰੂ ਹੋ ਜਾਂਦਾ।

ਸਾਰੀ ਸਾਰੀ ਰਾਤ ਉਹ ਸੌਂ ਨਾ ਸਕਦਾ ਤੇ ਬੰਨੇ ਬੰਨੇ ਫਿਰਦਾ। ਪਾਕਿਸਤਾਨ ਬਣਦਿਆਂ ਬੰਦਿਆਂ ਨੂੰ ਹਲਕਾਅ ਚੜ੍ਹਦਾ ਤਾਂ ਉਸ ਵੇਖਿਆ ਸੀ ਪਰ ਐਹ ਚਿੱਟੇ ਹੋ ਗਏ ਵਾਲਾਂ ਨਾਲ ਉਸ ਕਿਸੇ ਹਲਕੇ ਕੁੱਤੇ ਨੂੰ ਨਹੀਂ ਸੀ ਵੇਖਿਆ। ਉਹਨੂੰ ਲਗਦਾ, ਕੁੱਤਾ ਪਿਆ ਪਿਆ ਫੁੱਲ ਰਿਹੈ, ਉਸ ਦਾ ਮੂੰਹ ਸੁੱਜ ਕੇ ਭੱਜੋ ਵਰਗਾ ਹੋ ਜਾਂਦਾ, ਜਿਹੜਾ ਹੌਲੀ ਹੌਲੀ ਟੁਰਦਾ ਉਸ ਵਲ ਵਧਿਆ ਆਉਂਦਾ ਜਿਵੇਂ ਪੁੱਛ ਰਿਹਾ ਹੋਵੇ, ਕਿਉਂ ਤੂੰ ਐਂਜ ਬੋਰੀਆਂ ਪਿਛੇ ਬਹਾ ਕੇ ਟੁਰ ਆਇਓਂ ਵੀਰਾ, ਮੈਨੂੰ ਵਕਤ ਦੇ ਹਵਾਲੇ ਸੁੱਟ ਕੇ ਆਪਣੀ ਏਸੇ ਜਿੰਦ ਨੂੰ ਬਚਾਉਂਦਾ ਨੱਸ ਆਇਆ ਸੈਂ ਨਾ?"

ਉਹ ਘਬਰਾਇਆ ਜਿਹਾ ਬੋਰੇ ਵਿਚੋਂ ਨਾਰੀਅਲ ਕੱਢ ਕੇ ਇਕ ਪਾਸੇ ਰੱਖ ਦਿੰਦਾ। "ਹੇ ਵਾਹਿਗੁਰੂ, ਹੇ ਭਗਵਾਨ, ਯਾ ਅੱਲਾ, ਜੋ ਕੋਈ ਵੀ ਸੁਣ ਲਵੇ ਮੇਰੀ ਅਰਜ਼, ਇਹ ਨਾਰੀਅਲ ਭੇਟ ਚੜਾਵਾਂਗਾ। ਇਕ ਵਾਰੀ ਮੋਤੀ ਬਚ ਜਾਵੇ ਤੇ ਮੈਂ ਵੀ ਜਿਉਂਦਿਆਂ ਵਿਚ ਹੋਵਾਂ।"

"ਨੀ ਪਾਰਬਤੀਏ, ਸੁਰਮਾ ਹੀ ਲਿਆ, ਉਤੇ ਬੰਨ੍ਹਾਂ", ਉਹ ਰਾਤੀਂ ਸੁੱਤੀ ਵਹੁਟੀ ਨੂੰ ਝੰਜੋੜ ਸੁੱਟਦਾ।

"ਮੈਂ ਕਦੀ ਪਾਇਆ ਵੀ ਐ ਸੁਰਮਾ ਜਿਹੜਾ ਮੰਗਦੇ ਓ। ਚੁੱਪ ਕਰਕੇ ਸੌਂ ਜਾਉ, ਕੁਝ ਨਹੀਂ ਹੁੰਦਾ ਤੁਹਾਨੂੰ। ਨਾ ਚੈਨ ਲੈਂਦੇ ਓ ਨਾ ਲੈਣ ਦਿੰਦੇ ਓ।"

"ਉਇ ਤੂੰ ਵੀ ਕੋਈ ਜ਼ਨਾਨੀ ਏਂ, ਸੁਰਮਾ ਤਕ ਨਹੀਂ ਪਾਉਂਦੀ? ਕੇਹਾ ਭੈੜਾ ਜ਼ਮਾਨਾ ਆ ਗਿਐ, ਲੱਭਣ ਗਿਆਂ ਕਿਸੇ ਘਰੋਂ ਸੁਰਮਾ ਤਕ ਨਹੀਂ ਮਿਲਦਾ। ਸੜ ਜਾਣ ਪੈਨਸਲਾਂ, ਕੱਜਲ ਹਾਇ ਉਇ ਮੇਰਿਆ ਰੱਬਾ!"

ਸਭ ਤੋਂ ਭੈੜਾ ਤਾਂ ਉਸ ਨੂੰ ਰੋਸ਼ਨ ਲਾਲ ਲੱਗ ਰਿਹਾ ਸੀ ਜਿਸ ਨੂੰ ਉਹ ਆਪਣਾ ਸਭ ਤੋਂ ਵਧੀਆ ਯਾਰ ਸਮਝਦਾ ਰਿਹਾ ਸੀ। ਅੱਜ ਕਲ ਜਦੋਂ ਵੀ ਸਾਹਮਣੇ ਆਉਂਦਾ, ਮੂੰਹ ਟੇਢਾ ਜਿਹਾ ਕਰਕੇ ਨਿੰਮ੍ਹਾ ਜਿਹਾ ਮੁਸਕਰਾਉਂਦਾ ਤੇ ਉਸ ਦੇ ਪੇਟ ਵੱਲ ਉਂਗਲ ਦੀ ਸੂਈ ਜਿਹੀ ਚੋਭਦਾ, "ਫੇਰ ਕਦੋਂ ਸ਼ੁਰੂ ਕਰਨੇ ਨੇ ਟੀਕੇ?"

ਉਸ ਦਾ ਸਾਹ ਸੂਤਿਆ ਜਾਂਦਾ ਜਿਵੇਂ ਅੱਧਾ ਫੁੱਟ ਲੰਮੀ ਸਰਿੰਜ ਭਰੀ ਡਾਕਟਰ ਸਾਖਿਆਤ ਜਮਦੂਤ ਬਣਿਆ ਉਸ ਦੇ ਸਿਰਹਾਣੇ ਖੜ੍ਹਾ ਹੋਵੇ। ਇਕ ਵਾਰੀ ਹੈਲਟ ਹਸਪਤਾਲ ਵਿਚ ਇਕ ਬੰਦੇ ਨੂੰ ਮੰਜੇ ਨਾਲ ਨੂੜਿਆ ਉਸ ਵੇਖਿਆ ਸੀ, ਜਿਸ ਦੇ ਮੂੰਹ ਵਿਚੋਂ ਝੱਗ ਵਗ ਰਹੀ ਸੀ ਤੇ ਉਹ ਕੁੱਤੇ ਵਾਂਗ ਭੌਂਕ ਰਿਹਾ ਸੀ। ਉਸ ਦੇ ਘਰ ਵਾਲੇ ਸਹਿਮ ਕੇ ਦੂਰ ਖੜ੍ਹੇ ਵੇਖ ਰਹੇ ਸਨ। ਟਹਿਲ ਸਿੰਘ ਦੇ ਪੁੱਛਣ ਉਤੇ ਉਨ੍ਹਾਂ ਦਸਿਆ ਸੀ ਕਿ "ਇਸ ਨੂੰ ਹਲਕਾਅ ਹੋ ਗਿਐ। ਡਾਕਟਰਾਂ ਨੇ ਜਵਾਬ ਦੇ ਦਿਤੈ।"

ਦੁਕਾਨ ਖੋਲ੍ਹਦਿਆਂ ਹੀ ਉਸ ਦੀਆਂ ਅੱਖਾਂ ਅਗੇ ਉਹ ਸੀਨ ਘੁੰਮ ਗਿਆ। ਕਾਹਲੀ ਨਾਲ ਉਸ ਦੋ ਕੁ ਲੱਪ ਚਾਵਲ ਇਕ ਪੌਲੀ ਬੈਗ ਵਿਚ ਪਾਏ, ਇਕ ਲਫਾਫੇ 'ਚ ਖੰਡ ਪਾਈ ਤੇ ਨਾਰੀਅਲ ਕੋਲ ਰੱਖ ਦਿਤੇ, "ਹੇ ਰੱਬ ਜੀ, ਹੇ ਸੱਚੇ ਪਾਤਸ਼ਾਹ, ਮਿੱਠੇ ਚੌਲ ਨਾਰੀਅਲ ਵਿਚ ਪਾ ਕੇ ਚੜ੍ਹਾਵਾਂਗਾ, ਬੱਸ ਇਕ ਵਾਰੀ।" ਫੱਟੇ ਹੇਠੋਂ ਮੋਤੀ ਨੇ ਪਾਸਾ ਪਰਤਿਆ ਤੇ ਅੱਧ ਖੁਲ੍ਹੀਆਂ ਅੱਖਾਂ ਨਾਲ ਨੀਝ ਲਾ ਕੇ ਟਹਿਲ ਸਿੰਘ ਵਲ ਵੇਖਿਆ ਜਿਵੇਂ ਕਹਿ ਰਿਹਾ ਹੋਵੇ, "ਬਸ, ਐਨੇ ਕੁ ਚਾਵਲ? ਤੇਰੀ ਮੇਰੀ ਜਾਨ ਦੀ ਐਨੀ ਕੁ ਕੀਮਤ?"

ਟਹਿਲ ਸਿੰਘ ਕੰਬ ਗਿਆ-ਉਸ ਅੱਧੀ ਮੁਠੀ ਚਾਵਲ ਹੋਰ ਲਿਫਾਫੇ ਵਿਚ ਪਾ ਦਿਤੇ। ਪਿਛਲੇ ਚਾਰ ਦਿਨਾਂ ਤੋਂ ਉਹ ਕਈ ਅਜਿਹੀਆਂ ਪੁੜੀਆਂ ਤੇ ਲਫਾਫੇ ਦਾਨ ਖਾਤੇ ਵਿਚ ਜੋੜ ਰਿਹਾ ਸੀ। ਇੰਜ ਤਾਂ ਸਾਰਾ ਕਾਰੋਬਾਰ ਹੀ ਤਬਾਹ ਹੋ ਜਾਵੇਗਾ। ਉਸ ਧਾਰ ਲਿਆ ਸੀ ਕਿ ਹੁਣ ਉਹ ਕੁੱਤੇ ਵੱਲ ਵੇਖੇਗਾ ਵੀ ਨਹੀਂ ਪਰ ਏਨੇ ਵਿਚ ਪਾਰਬਤੀ ਰੋਟੀ ਦਾ ਡੱਬਾ ਲੈ ਕੇ ਆ ਗਈ।

ਉਸ ਬੇਦਿਲਿਆਂ ਰੋਟੀ ਖਾਣੀ ਸ਼ੁਰੂ ਕੀਤੀ। ਗਰਾਹੀ ਮੂੰਹ ਵਿਚ ਹੀ ਫੁੱਲ ਰਹੀ ਸੀ। ਕੁੱਤੇ ਨੂੰ ਪਾਈ, ਉਸ ਝੱਪ ਲਈ ਪਰ ਚਗਲ ਕੇ ਸੁੱਟ ਦਿਤੀ। ਟਹਿਲ ਸਿੰਘ ਦਾ ਦਿਲ ਧੱਕ ਕਰਕੇ ਰਹਿ ਗਿਆ। ਪਾਰਬਤੀ ਨੇ ਕੁੱਤੇ ਨੂੰ ਪੁਚਕਾਰਿਆ ਤੇ ਦਾਲ ਨਾਲ ਭਿਉਂ ਕੇ ਗਰਾਹੀ ਸੁੱਟੀ, ਸੁੰਘ ਕੇ ਕੁੱਤੇ ਨੇ ਖਾ ਲਈ ਤੇ ਹੋਰ ਲਈ ਬੂਥੀ ਚੁੱਕੀ। ਟਹਿਲ ਸਿੰਘ ਦੀ ਜਾਨ ਵਿਚ ਜਾਨ ਆਈ, "ਸਾਲਾ ਖੇਖਣਬਾਜ਼, ਦਾਲ ਨਾਲ ਚਾਹੀਦੀ ਹੈ ਇਹਨੂੰ!" ਉਹ ਗਰਾਹੀਆਂ ਦਾਲ ਵਿਚ ਭਿਉਂ ਕੇ ਪਾਉਂਦਾ ਗਿਆ ਤੇ ਕੁੱਤਾ ਖਾਂਦਾ ਗਿਆ। ਟਹਿਲ ਸਿੰਘ ਦਾ ਰੰਗ ਪਰਤ ਆਇਆ। ਪਾਰਬਤੀ ਦੇ ਜਾਣ ਪਿਛੋਂ ਉਸ ਖੰਡ ਵਾਲਾ ਲਫਾਫਾ ਚੁੱਕ ਬੋਰੀ ਵਿਚ ਪਲਟ ਦਿਤਾ ਤੇ ਗੁੜ ਦੀ ਨਿੱਕੀ ਜਿਹੀ ਰੋੜੀ ਚੌਲਾਂ ਵਿਚ ਹੀ ਸੁੱਟ ਦਿਤੀ।

ਖੰਡ ਸਾਲੀ ਐਨੀ ਮਹਿੰਗੀ ਐ, ਰੱਬ ਨੂੰ ਨਹੀਂ ਪਤਾ? ਨਾਲੇ ਗੁੜ ਵਾਲੇ ਚੌਲ ਤਾਂ ਉਂਜ ਵੀ ਸਵਾਦੀ ਤੇ ਨਰੋਏ ਹੁੰਦੇ ਨੇ।"

ਪੰਜਾਂ ਛੇਆਂ ਦਿਨਾਂ ਵਿਚ ਹੀ ਟਹਿਲ ਸਿੰਘ ਦਾ ਚਿਹਰਾ ਲਟਕ ਗਿਆ। ਉਸ ਦੇ ਅੰਦਰੋਂ ਮਖੌਲ ਦੀਆਂ ਸ਼ੁਰਸ਼ੁਰੀਆਂ ਉਠਦੀਆਂ ਪਰ ਮੋਤੀ ਨੂੰ ਵੇਖਦਿਆਂ ਹੀ ਹਉਕੇ ਵਿਚ ਬਦਲ ਜਾਂਦੀਆਂ। ਉਹ ਤਾਂ ਕਦੀ ਕਿਸੇ ਤੋਂ ਘਬਰਾਇਆ ਨਹੀਂ ਸੀ। ਉਦੋਂ ਵੀ ਨਹੀਂ ਜਦੋਂ ਇਕ ਵਾਰੀ ਬੜਾ ਰੌਲਾ ਪਿਆ ਸੀ ਕਿ ਮਤਈਆ ਪੁਰਵਾ ਤੋਂ ਲੱਕੜਬੱਗਾ ਬੱਚਾ ਚੁੱਕ ਕੇ ਲੈ ਗਿਐ। ਐਲਨ ਜੰਗਲ 'ਚੋਂ ਭੁੱਖੇ ਮਰਦਿਆਂ ਨੇ ਕਾਨਪੁਰ ਸ਼ਹਿਰ ਵੱਲ ਨੂੰ ਰੁਖ ਕਰ ਲਿਐ। ਇਹੋ ਜਿਹੀਆਂ ਅਵਾਈਆਂ ਸੁਣ ਕੇ ਉਸ ਦੀ ਪਾਰਬਤੀ ਡਾਢੀ ਘਬਰਾ ਗਈ ਸੀ, "ਨਿੱਕੇ ਨਿੱਕੇ ਬੱਚੇ ਨੇ ਬਾਹਰ ਗਲੀ ਵਿਚ ਸੌਣਾ ਪੈਂਦਾ, ਅੰਦਰ ਗਰਮੀ ਨਾਲ ਜਾਨ ਜਾਂਦੀ ਏ। ਜੇ ਕਿਧਰੇ ਲੱਕੜਬੱਗਾ ਹੀ ਆ ਨਿਕਲਿਆ?"

ਟਹਿਲ ਸਿੰਘ ਦਾ ਮਕਾਨ ਮਾਲਕ ਕੁੱਬਾ ਸੀ ਅਤੇ ਕਿਸੇ ਕਾਰਨ ਤਿੰਨ ਚਾਰ ਥਾਂਵਾਂ ਤੋਂ ਉਸ ਦਾ ਸਰੀਰ ਵੀ ਟੇਢਾ ਸੀ। ਟਹਿਲ ਸਿੰਘ ਨੇ ਉਸ ਦਾ ਨਾਂ ਪਲਾਈਵੁੱਡ ਰਖਿਆ ਹੋਇਆ ਸੀ। ਉਹ ਲੱਕੜਬੱਗੇ ਤੋਂ ਡਰਦੀ ਪਾਰਬਤੀ ਨੂੰ ਭਰੋਸਾ ਦਿੰਦਾ, "ਕਰਮਾਂ ਆਲੀਏ, ਮਤਈਆਪੁਰੋਂ ਰਾਹ ਵਿਚ ਨਰੈਣ ਪੁਰਵਾ, ਫਿਰ ਗੁੰਮਟੀ ਨੰਬਰ 5, ਫਿਰ ਅਸ਼ੋਕ ਨਗਰ ਦੇ ਐਨੇ ਸਾਰੇ ਮੁੱਹਲੇ। ਬੇਸ਼ੁਮਾਰ ਲੋਕੀਂ ਨੇ ਰਾਹ ਵਿਚ। ਤੇ ਫੇਰ ਸੰਤਾਂ ਦੇ ਗੁਰਦੁਆਰੇ ਦਾ ਐਨਾ ਵੱਡਾ ਸੱਤ ਫੁੱਟਾ ਅਰਦਾਸੀਆ ਭਾਈ, ਜਿਸ ਇਕੱਲੇ ਨੂੰ ਖਾਂਦਿਆਂ ਉਹਨੂੰ ਚਾਰ ਦਿਨ ਲਗ ਜਾਣਗੇ ਤੇ ਬੂਹੇ

ਤੇ ਬੈਠਾ ਪਲਾਈਵੁੱਡ। ਐਨਿਆਂ ਸਾਰਿਆਂ ਨੂੰ ਮੁਕਾਏਗਾ ਤਾਂ ਸਾਡੀ ਵਾਰੀ ਆਏਗੀ ਨਾ।"

ਪਾਕਿਸਤਾਨੋਂ ਉਜੜ ਕੇ ਆਏ ਪੰਜਾਬੀਆਂ ਨੇ ਬੜੀ ਤੇਜ਼ੀ ਨਾਲ ਆਪਣੀਆਂ ਆਬਾਦੀਆਂ ਵਸਾ ਲਈਆਂ ਸਨ ਤੇ ਕਈ ਮਾਰਕੀਟਾਂ ਆਬਾਦ ਕਰ ਲਈਆਂ ਸਨ। ਇਸ ਦੇ ਪਿੰਡ ਦੇ ਪਤਵੰਤਿਆਂ ਨੇ ਵੀ ਮੇਨ ਰੋਡ 'ਤੇ ਬਹੁਤ ਸਾਰੀ ਥਾਂ ਆਪਣੀ ਸੁਸਾਇਟੀ ਰਾਹੀਂ ਖਰੀਦ ਕੇ ਕੋਠੀਆਂ ਪਾ ਲਈਆਂ ਅਤੇ ਟਹਿਲ ਸਿੰਘ ਨੇ ਵੀ ਉਥੇ ਹੀ ਕਰਿਆਨੇ ਦੀ ਦੁਕਾਨ ਖੋਲ੍ਹ ਲਈ। ਨਾਲ ਦੀਆਂ ਕੋਠੀਆਂ ਦੇ ਬੰਦੇ ਸੌਦਾ ਲੈਣ ਜਾਂ ਉਂਜ ਹੀ ਗੱਪ ਸ਼ੱਪ ਮਾਰਨ ਰੋਜ਼ ਇਕ ਵਾਰੀ ਤਾਂ ਉਸ ਦੀ ਦੁਕਾਨ 'ਤੇ ਆਉਂਦੇ ਹੀ ਸਨ, ਪਰ ਬਾਹਰੋਂ ਆਇਆ ਪਿੰਡ ਦਾ ਹਰ ਬੰਦਾ ਵੀ ਜ਼ਰੂਰ ਉਸ ਨੂੰ ਮਿਲ ਕੇ ਜਾਂਦਾ।

ਤੱਕੜੀ ਉਸ ਨੇ ਮਰਤਬਾਨਾਂ ਦੀਆਂ ਪੌੜੀਆਂ ਦੇ ਪਿਛੇ ਵਲ ਲਾਈ ਹੋਈ ਸੀ, ਜਿਹੜੀ ਗਾਹਕ ਨੂੰ ਦਿਸ ਨਾ ਸਕਦੀ। ਜੇ ਕੋਈ ਉੜ ਕੇ ਵੇਖਣ ਦੀ ਕੋਸ਼ਿਸ਼ ਕਰਦਾ ਤਾਂ ਟਹਿਲ ਸਿੰਘ ਝਪਟ ਪੈਂਦਾ, 'ਉਹੋ ਜੀ! ਕੀ ਪਏ ਕਰਦੇ ਓ, ਜ਼ੁਲਮ ਨਾ ਕਰੋ, ਪਿਛੇ ਪਾਰਬਤੀ ਨਹਾਉਂਦੀ ਪਈ ਐ।'

ਉਹ ਕੈਡਬਰੀ ਚਾਕਲੇਟ ਜਾਂ ਪਾਰਲੇ ਦੀਆਂ ਖੱਟੀਆਂ-ਮਿੱਠੀਆਂ ਗੋਲੀਆਂ ਵੇਚਣ ਦੇ ਬਹੁਤਾ ਹੱਕ ਵਿਚ ਨਹੀਂ ਸੀ। ਵਿਚੋਂ ਬਚਦਾ ਹੀ ਕੀ ਸੀ? ਹਾਂ, ਸਿੰਧੀਆਂ ਦੀਆਂ ਕੈਥੇ ਤੇ ਖੰਡ ਦੀਆਂ ਬਣਾਈਆਂ ਖਟਮਿਠੀਆਂ ਗੋਲੀਆਂ, ਕੰਪਟ ਬੜੇ ਸਿਦਕ ਨਾਲ ਵੇਚਦਾ ਸੀ ਜਿਨ੍ਹਾਂ ਦਾ ਨਾਂ 'ਕ੍ਰਿਸ਼ਨਾ ਸਵੀਟ' ਉਹ ਆਪਣੀ ਮਨ ਮਰਜ਼ੀ ਨਾਲ ਰੱਖ ਸਕਦਾ ਸੀ। ਚਾਰ ਪੈਸੇ ਵੱਧ ਮਿਲ ਜਾਂਦੇ ਤੇ ਬੱਚਿਆਂ ਨੂੰ ਇਕ ਦੀ ਥਾਂਵੇਂ ਚਾਰ ਗੋਲੀਆਂ ਮਿਲਦੀਆਂ। ਉਹ ਵੀ ਖੁਸ਼, ਇਹ ਵੀ।

ਉਹ ਬੇਝਿਜਕ ਤੰਬਾਕੂ ਦੀਆਂ ਪੁੜੀਆਂ ਗਾਹਕਾਂ ਨੂੰ ਵੇਚਦਾ ਜਿਹੜੀਆਂ ਲੜੀਆਂ ਵਿਚ ਦੁਕਾਨ ਦੇ ਬਾਹਰਵਾਰ ਲਟਕੀਆਂ ਹੁੰਦੀਆਂ ਤੇ ਜਿਨ੍ਹਾਂ ਦੇ ਰੰਗ-ਬਰੰਗੇ ਵਲ੍ਹੇਟਣਿਆਂ ਵਿਚ 'ਅੱਪੂ ਸੁਰਤੀ' ਜਾਂ ਐਹੋ ਜਿਹਾ ਨਾਂ ਲਿਖਿਆ ਹੁੰਦਾ। ਇਕ ਗਾਹਕ ਨੂੰ ਉਹ ਪੁੜੀ ਫੜਾਉਂਦਾ ਤੇ ਦੂਜੇ ਵਲ ਮੂੰਹ ਕਰਕੇ ਬੁੜਬੁੜਾਉਂਦਾ, "ਸਾਲੇ ਖਾਂਦੇ ਸੁਰਤੀ ਨੇ ਪਰ ਖਾਂਦਿਆਂ ਹੀ ਸੁਰਤ ਤਿਆਗ ਦਿੰਦੇ ਨੇ।" ਪਾਨ ਪਰਾਗ ਨੂੰ ਤਾਂ ਉਹ ਹਮੇਸ਼ਾ ਹੀ ਪ੍ਰਾਣ ਤਿਆਗ ਮਸਾਲਾ ਕਹਿੰਦਾ ਪਰ ਹੁਣ ਉਸ ਦੀ ਆਪਣੀ ਹੀ ਸੁਰਤ ਗੁੰਮੀ ਹੋਈ ਸੀ ਤੇ ਪ੍ਰਾਣ ਤਿਆਗਣ ਨੂੰ ਉਹ ਕੱਤਈ ਤਿਆਰ ਨਹੀਂ ਸੀ। ਉਂਜ ਭਾਵੇਂ ਮੋਤੀ ਅਰੋੜਿਆਂ ਦਾ ਪਾਲਤੂ ਨਹੀਂ ਸੀ ਐਵੇਂ ਛੋਟੇ ਹੁੰਦਿਆਂ ਤੋਂ ਹੀ ਰੋਜ਼ ਘਰ ਘਰ ਮੰਗਣ ਵਾਲਿਆਂ ਵਾਂਗ ਇਹ ਵੀ ਮਾਂ ਨਾਲ ਉਨ੍ਹਾਂ ਦੇ ਬੂਹੇ ਜਾ ਖਲੋਂਦਾ। ਫਿਰ ਉਨ੍ਹਾਂ ਦੇ ਨਿੱਕੇ ਗੁੱਡੂ ਨਾਲ ਮੋਹ ਜਿਹਾ ਹੋ ਗਿਆ ਤੇ ਉਹ ਅਗੋਂ ਪਿਛੋਂ ਭਉਂ ਕੇ ਉਨ੍ਹਾਂ ਦੇ ਥੜੇ 'ਤੇ ਜਾ ਬਹਿੰਦਾ। ਜਦ ਬਹਿੰਦਾ ਹੀ ਸੀ ਤਾਂ ਰੋਟੀ ਵੀ ਮਿਲ ਜਾਂਦੀ ਸੀ, ਤੇ ਰਾਖੀ ਤਾਂ ਉਸ ਕਰਨੀ ਹੀ ਸੀ ਪਰ ਹੁਣ ਟਹਿਲ ਸਿੰਘ ਦੀਆਂ ਉਚੇਚੀਆਂ ਖਾਤਰਾਂ ਤੇ ਬੇਹੱਦ ਨਰਮ ਰਵੱਈਏ ਨੇ ਉਸ ਦਾ ਮਨ ਮੋਹ ਲਿਆ ਸੀ।

ਉਹ ਨੇਮ ਨਾਲ ਦੁਕਾਨ ਖੁਲ੍ਹਣ ਤੋਂ ਪਹਿਲਾਂ ਹੀ ਥੜ੍ਹੇ ਉਤੇ ਆ ਕੇ ਬਹਿ ਜਾਂਦਾ। ਟਹਿਲ ਸਿੰਘ ਜਪੁਜੀ ਸਾਹਿਬ ਦਾ ਪਾਠ ਕਰਦਾ ਆਉਂਦਾ, ਦਿਲ ਵਿਚ ਧੜਕੂ ਹੁੰਦਾ ਪਰ ਮੋਤੀ ਨੂੰ ਰਾਜ਼ੀ-ਬਾਜ਼ੀ ਵੇਖ ਕੇ ਉਹ ਦੋਵੇਂ ਹੱਥ ਜੋੜ ਕੇ ਮੱਥਾ ਟੇਕਣ ਦੇ ਅੰਦਾਜ਼ ਵਿਚ ਸੁੱਖ ਦਾ ਸਾਹ ਭਰਦਾ। ਅੰਡਿਆਂ ਦੇ ਕਰੇਟਾਂ ਪਿਛੇ ਉਸ ਮੁਰਗੀ ਦਾ ਇਕ ਰੰਗੀਨ ਪੋਸਟਰ ਲਾਇਆ ਹੋਇਆ ਸੀ, ਜਿਸ ਦੇ ਹੇਠਾਂ ਵੱਡੇ ਵੱਡੇ ਗੁਰਮੁਖੀ ਅੱਖਰਾਂ ਵਿਚ ਲਿਖਿਆ ਹੋਇਆ ਸੀ, "ਕੁਆਰੀਆਂ ਮੁਰਗੀਆਂ ਦੇ ਤਾਜ਼ੇ ਤਾਜ਼ੇ ਆਂਡੇ ਹੁਣੇ ਹੁਣੇ ਕਢਵਾ ਕੇ ਲਿਆਇਆ ਹਾਂ।"

ਗਾਹਕ ਉਸ ਦੀਆਂ ਵੰਨ-ਸੁਵੰਨੀਆਂ ਕੈਪਸ਼ਨਾਂ ਨਾਲ ਖਿੜਦੇ ਹੱਸਦੇ ਤੇ ਹੋਰ ਨਵੀਆਂ ਦੀ ਤਾਂਘ ਕਰਦੇ।

ਇਕ ਦੇਹਾਤੀ ਬ੍ਰਾਹਮਣ ਅਕਸਰ ਉਸ ਦੀ ਦੁਕਾਨ 'ਤੇ ਸੌਦਾ ਲੈਣ ਆਉਂਦਾ ਹੀ ਸੀ, ਨਾਲ ਦਾਲ ਮਿੱਲ, ਜਿਸ ਵਿਚ ਉਹ ਕੰਮ ਕਰਦਾ ਸੀ, ਵਿਚੋਂ ਰਾਤ ਦੀ ਡਿਊਟੀ ਵੇਲੇ ਚੁਰਾਈਆਂ ਦਾਲਾਂ ਵੀ ਵੇਚਿਆ ਕਰਦਾ ਸੀ ਤੇ ਪੰਜਾਬੀ ਗਾਹਕਾਂ ਨੂੰ ਆਂਡੇ ਲੈਂਦਿਆਂ ਵੇਖਿਆ ਕਰਦਾ। ਚਿੱਟੀ ਦੁੱਧ ਮੁਰਗੀ ਦੀ ਲਾਲ ਸੂਹੀ ਕਲਗੀ ਉਸ ਦੇ ਮਨ ਨੂੰ ਬਹੁਤ ਭਾਉਂਦੀ ਸੀ ਤੇ ਉਸ ਦੇ ਪੈਰਾਂ ਵਿਚ ਪਏ ਢੇਰ ਸਾਰੇ ਆਂਡੇ ਵੇਖ ਕੇ ਉਹ ਸੋਚੀਂ ਪੈ ਜਾਂਦਾ। ਉਸ ਦੀਆਂ ਬੀਤੀਆਂ ਪੁਸ਼ਤਾਂ 'ਚੋਂ ਤਾਂ ਸ਼ਾਇਦ ਕਿਸੇ ਨੇ ਆਂਡੇ ਨੂੰ ਹੱਥ ਵੀ ਨਹੀਂ ਸੀ ਲਾਇਆ ਪਰ ਦਿਨੋ ਦਿਨ ਉਸ ਦੇ ਅੰਦਰ ਆਂਡੇ ਖਾਣ ਦੀ ਲਲਕ ਹੋਰ ਤੀਬਰ ਹੋਈ ਜਾ ਰਹੀ ਸੀ। ਉਹ ਅਕਸਰ ਆਂਡਿਆਂ ਦੇ ਗੁਣਾਂ ਔਗੁਣਾਂ ਬਾਰੇ ਟਹਿਲ ਸਿੰਘ ਤੋਂ ਪੁੱਛਦਾ ਰਹਿੰਦਾ, "ਅਰੇ ਭਈਆ, ਅਗਰ ਤੁਮ ਗਰਮੀਉਂ ਮੇਂ ਖਾਓ ਤੋ ਸਮਝ ਲੇਨਾ ਕਿ ਬਰਫ ਮੇਂ ਲਗੇ ਹੂਏ ਹੋ, ਔਰ ਸਰਦੀਓਂ ਮੇਂ ਖਾਓਗੇ ਤੋ ਯੂੰ ਲਗੇਗਾ ਜੈਸੇ ਤੁਮਹਾਰਾ ਸੰਸਕਾਰ ਹੋ ਰਹਾ ਹੈ। ਇਤਨੇ ਗਰਮ ਹੋਤੇ ਹੈਂ। ਬਸ ਤਾਕਤ ਕੀ ਤੋ ਕੁਛ ਮੱਤ ਪੂਛੋ, ਗੀਦੜ ਖਾਏ ਤੋ ਸ਼ੇਰ ਕੀ ਤਰਹ ਦਹਾੜਨੇ ਲਗੇ।"

ਉਹ ਦੇਹਾਤੀ ਕੰਮ ਤੋਂ ਮੁੜਦਾ ਰੋਜ਼ ਦੋ ਆਂਡੇ, ਜੋ ਟਹਿਲ ਸਿੰਘ ਉਚੇਚਾ ਘਰੋਂ ਉਬਲਵਾ ਕੇ ਲਿਆਉਂਦਾ, ਲੂਣ ਧੂੜ, ਲਪੇਟ ਲਪਾਟ ਨਹਿਰ ਦੇ ਕੰਢੇ, ਨਹਿਰ ਵਲ ਮੂੰਹ ਕਰਕੇ ਖਾ ਜਾਂਦਾ ਤੇ ਟਹਿਲ ਸਿੰਘ ਦਾ ਪੱਕਾ ਗਾਹਕ ਬਣ ਗਿਆ। ਬਾਅਦ ਵਿਚ ਉਸ ਨੇ ਦਸਿਆ ਕਿ ਪਹਿਲਾਂ ਤਾਂ ਘਰ ਵਾਲੀ ਤੇ ਪੁੱਤਰ ਉਸ ਨੂੰ ਅੱਖਾਂ ਕੱਢਿਆ ਕਰਦੇ ਸਨ ਪਰ ਜਦ ਤੋਂ ਆਂਡੇ ਖਾ ਕੇ ਘਰ ਜਾ ਉਸ ਲਲਕਾਰ ਮਾਰੀ ਹੈ, ਕੋਈ ਮਾਈ ਦਾ ਲਾਲ ਕੁਸਕਦਾ ਨਹੀਂ।

ਟਹਿਲ ਸਿੰਘ ਕੋਲ ਪੈਸੇ ਰੱਖਣ ਲਈ ਚਾਰ ਪੰਜ ਸੰਦੂਕੜੀਆਂ ਸਨ। ਗਾਹਕਾਂ ਕੋਲੋਂ ਤੇਜ਼ੀ ਨਾਲ ਨੋਟ ਖੋਹ ਕੇ ਸੰਦੂਕੜੀ ਵਿਚ ਹੱਥ ਇੰਜ ਵਾੜਦਾ ਜਿਵੇਂ ਚੂਹਾ ਖੁੱਡ ਵਿਚ ਕਾਗਜ਼ ਖੜਦੈ। ਸੰਨ ਚੁਰਾਸੀ ਦੀ ਭਾਜੜ ਦੀ ਕਾਨਪੁਰ ਦੇ ਲੋਕਾਂ ਦੇ ਮਨਾਂ ਵਿਚ ਬੜੀ ਘਿਨਾਉਣੀ ਯਾਦ ਹੈ ਪਰ ਟਹਿਲ ਸਿੰਘ ਲੰਮੀ ਸਾਰੀ 'ਓਹੋ' ਕਰਕੇ ਦਸਦਾ ਕਿ ਜਿਸ ਦਿਨ ਪਹਿਲੀ ਵਾਰੀ ਕਰਫਿਊ ਖੁਲਿਆ, ਦੋ ਘੰਟਿਆਂ ਵਿਚ ਚੌਂਤੀ ਸੌ ਦੀ ਵੱਟਕ ਹੋਈ ਸੀ।

ਉਂਜ ਉਹ ਦਸਦਾ ਕਿ ਘਰ ਵਾਲੇ ਸਵੇਰੇ ਕੱਢਦੇ ਨੇ ਤੇ ਰਾਤੀਂ ਨੋਟ ਪੂਰੇ ਗਿਣ ਕੇ ਹੀ ਘਰ ਵੜਨ ਦਿੰਦੇ ਨੇ। "ਮੈਂ ਵੀ ਜੇ ਵਿਕਰੀ ਘੱਟ ਹੋਵੇ, ਕਾਗਜ਼ਾਂ ਨਾਲ ਬੋਝਾ ਉਚਾ ਕਰ ਲੈਨਾਂ, ਰੋਟੀ ਖਾ ਕੇ, ਦੁੱਧ ਪੀ ਕੇ ਤਾਹੀਂ ਹਿਸਾਬ ਦੇਨਾਂ।"

ਉਹ ਕਿਧਰੇ ਮਰਨੇ ਪਰਨੇ ਜਾਂ ਵਿਆਹ-ਢੰਗਾਂ 'ਤੇ ਕਦੇ ਨਾ ਜਾਂਦਾ। ਮੌਤ ਤੋਂ ਉਸ ਨੂੰ ਬਹੁਤ ਦਹਿਸ਼ਤ ਆਉਂਦੀ। ਜੇ ਕੋਈ ਮੂੰਹ ਮੁਲਾਹਜ਼ੇ ਵਾਲਾ ਨਾਲ ਲਿਜਾਣ ਲਈ ਜ਼ੋਰ ਪਾਉਂਦਾ ਤਾਂ ਸਰਦੀਆਂ ਵਿਚ "ਕੋਟ ਪਾ ਕੇ ਆਉਨਾਂ" ਤੇ ਗਰਮੀਆਂ ਵਿਚ ਕੋਈ ਹੋਰ ਪਤਲਾ ਜਿਹਾ ਬਹਾਨਾ ਘੜ ਲੈਂਦਾ।

ਮਿਉਂਸਪਲ ਚੋਣਾਂ ਵੇਲੇ ਉਸ ਨੇ ਦੁਕਾਨ ਦੇ ਬਾਹਰ ਬੈਨਰ ਬੰਨ ਦਿਤਾ, "ਵੋਟ ਆਪ ਕੋ ਹੀ ਦੇਂਗੇ।"

ਤੇ ਇਸ ਤਰ੍ਹਾਂ ਆਪਣੇ ਮੁਹੱਲੇ ਦੇ ਉਮੀਦਵਾਰਾਂ ਨੂੰ ਬਿਨਾਂ ਨਾਰਾਜ਼ ਕੀਤੇ ਦੁਕਾਨ ਦੀ ਟੌਹਰ ਬਰਕਰਾਰ ਰੱਖੀ। ਚੁਟਕਲਿਆਂ ਨਾਲ ਉਸ ਦੇ ਗਾਹਕਾਂ ਦਾ ਘੇਰਾ ਹੋਰ ਚੌੜਾ ਹੋਈ ਜਾ ਰਿਹਾ ਸੀ।

ਦਸਵਾਂ ਦਿਨ ਹੋਰ ਬਹੁਤਾ ਨਿਖਰ ਕੇ ਚੜ੍ਹਿਆ। ਟਹਿਲ ਸਿੰਘ ਆਪਣੇ ਅੰਦਰ ਜ਼ਿੰਦਗੀ ਦੌੜਦੀ ਮਹਿਸੂਸ ਕਰ ਰਿਹਾ ਸੀ। ਦੁਕਾਨ 'ਤੇ ਮੋਤੀ ਉਸ ਨੂੰ ਉਡੀਕ ਰਿਹਾ ਸੀ। ਦੂਰੋਂ ਟਹਿਲ ਸਿੰਘ ਨੂੰ ਆਉਂਦਿਆਂ ਵੇਖ ਕੇ, ਪੂਰਾ ਮੂੰਹ ਖੋਲ੍ਹ ਕੇ ਉਸ ਨੇ ਉਬਾਸੀ ਲਈ ਅਤੇ ਮੁੱਛਾਂ 'ਤੇ ਜੀਭ ਫੇਰਦਿਆਂ ਖੁਸ਼ਾਮਦ ਵਿਚ ਪੂਛ ਹਿਲਾਉਣ ਲੱਗ ਪਿਆ ਕਿ ਹੁਣੇ ਦੁਕਾਨ ਖੋਲ੍ਹ ਕੇ ਦਾਨੀ ਭਾਈ ਕਿਸੇ ਕੇਕ ਸ਼ੇਕ ਦਾ ਸ਼ਾਹ ਵੇਲਾ ਕਰਵਾਏਗਾ।

ਟਹਿਲ ਸਿੰਘ ਨੇ ਦੁਕਾਨ ਖੋਲ੍ਹਦਿਆਂ ਸਭ ਤੋਂ ਪਹਿਲੋਂ ਇਕ ਪਾਸੇ ਦਾਨ ਲਈ ਰੱਖਿਆ ਸਾਮਾਨ ਬੋਰੀਆਂ ਵਿਚ ਪਲਟਿਆ। ਉਸ ਨੂੰ ਮੋਤੀ ਅੱਜ ਜ਼ਹਿਰ ਵਾਂਗ ਲੱਗ ਰਿਹਾ ਸੀ ਤੇ ਉਸ ਦੀ ਚਾਪਲੂਸੀ ਨਿਰੀ ਹਰਾਮਖੋਰੀ। ਉਸ ਨੇ ਪੈਰੋਂ ਜੁੱਤੀ ਲਾਹ ਕੇ ਉਸ ਵੱਲ ਵਗਾਹ ਕੇ ਮਾਰੀ ਤਾਂ ਮੋਤੀ ਪੂਛ ਦਬਾ ਕੇ ਨੱਸਿਆ। ਸੜਕ ਪਾਰ ਕਰਦਿਆਂ ਅਚਾਨਕ ਇਕ ਤੇਜ਼ ਆਉਂਦੇ ਸਕੂਟਰ ਨਾਲ ਟੱਕਰ ਖਾ ਕੇ ਉਹ ਡਿੱਗਾ ਤੇ ਹਾਲ ਦੁਹਾਈ ਪਾ ਦਿਤੀ।

ਟਹਿਲ ਸਿੰਘ ਆਰਾਮ ਨਾਲ ਟਹਿਲਦਾ ਉਹਦੇ ਕੋਲ ਗਿਆ। ਮੋਤੀ ਦਹਿਸ਼ਤ ਤੇ ਦਰਦ ਨਾਲ ਚੀਕ ਰਿਹਾ ਸੀ, "ਸਾਲਿਆ! ਮੈਂ ਤੇਰੀ ਕੁੱਤੇ ਦੀ ਮੌਤ ਥੋੜ੍ਹਾ ਮਰਨੈਂ, ਕੋਈ ਬੰਬ ਪਿਆ, ਕੋਈ ਭੁਚਾਲ ਆਇਆ, ਕੁਝ ਹੋਰ ਹੋਇਆ ਤਾਂ ਸਭ ਨਾਲ ਰਲ ਕੇ ਮਰਨ ਲਈ ਤਿਆਰ ਹਾਂ ਪਰ ਇਕ ਗੱਲ ਮੈਂ ਘਰ ਵਾਲਿਆਂ ਨੂੰ ਕਹਿ ਦਿਤੀ ਐ ਕਿ ਜਿਹੜਾ ਮੇਰੇ ਮਰਨ 'ਤੇ ਰੋਇਆ, ਉਠ ਕੇ ਐਸੀ ਝੱਜੂ ਚਾੜ੍ਹਾਂਗਾ, ਐਸਾ ਪੇਂਜਾ ਲਾਵਾਂਗਾ ਕਿ ਯਾਦ ਰੱਖਣਗੇ। ਉਂਜ ਮੈਂ ਭਗਤ ਹੱਥ ਧਰਮਰਾਜ ਨੂੰ ਪੰਜ ਸੌ ਰੁਪਈਏ ਭੇਜੇ ਹੋਏ ਨੇ ਰਿਸ਼ਵਤ। ਉਹ ਆਰਾਮ ਨਾਲ ਦੋ ਗਲੀਆਂ ਟੱਪ ਕੇ ਆਏਗਾ। ਕਈ ਮਹਾਂ ਕੰਜੂਸ ਰਾਹ ਵਿਚ ਬੈਠੇ ਨੇ ਜਿਨ੍ਹਾਂ ਧੇਲਾ ਇਕ ਨਹੀਂ ਉਸ ਨੂੰ ਦੇਣਾ ਤੇ ਹਿਸਾਬ ਕੀਤੇ ਬਿਨਾਂ ਧਰਮ ਰਾਜ ਨੇ ਅੱਗੇ ਆਉਣਾ ਨਹੀਂ।"

ਆਪਣੀ ਪੱਕੀ ਥਾਂ 'ਤੇ ਥੜ੍ਹੇ ਹੇਠ ਬੈਠਾ ਮੋਤੀ ਸ਼ੁਕਰਾਨੇ ਭਰੀਆਂ ਅੱਧਮੀਚੀਆਂ ਅੱਖਾਂ ਨਾਲ ਟਹਿਲ ਸਿੰਘ ਵਲ ਵੇਖ ਰਿਹਾ ਸੀ। ਅੱਜ ਐਕਸੀਡੈਂਟ ਤੋਂ ਪਿਛੋਂ ਟਹਿਲ ਸਿੰਘ ਕਿਵੇਂ ਮਾੜਚੂ ਜਿਹੇ ਸਰੀਰ ਨਾਲ ਉਸ ਹੱਟੇ ਕੱਟੇ ਨੂੰ ਗੋਦ ਵਿਚ ਚੁੱਕੀ ਨਾਲ ਵਾਲੇ ਡਾਕਟਰ ਜੋਤੀ ਜੋਤ ਸਮਾਨੀ (ਡਾ. ਮਸਾਨੀ) ਕੋਲ ਲੈ ਗਿਆ ਸੀ, ਤੇ ਹੋਮਿਓਪੈਥਿਕ ਦੀਆਂ ਚਾਰ ਪੰਜ ਬੂੰਦਾਂ ਜੀਭ 'ਤੇ ਪੈਂਦਿਆਂ ਹੀ ਮੋਤੀ ਜਿਵੇਂ ਨੌਂ ਬਰ ਨੌਂ ਹੋ ਗਿਆ ਸੀ।

ਸਵੇਰ ਵਾਲੀ ਵਾਰਦਾਤ ਬਾਰੇ ਸੋਚ ਸੋਚ ਕੇ ਟਹਿਲ ਸਿੰਘ ਅਜਬ ਹੈਰਾਨੀ ਤੇ ਖੁਸ਼ੀ ਨਾਲ ਡੁਲ੍ਹ ਡੁਲ੍ਹ ਪੈ ਰਿਹਾ ਹੈ। ਹਰ ਆਏ ਗਏ ਨੂੰ ਉਹ ਕਹਿ ਰਿਹੈ, "ਅੱਜ ਮੇਰਾ 'ਦਸਵਾਂ' ਹੈ। ਸ਼ਾਮੀਂ ਭੋਗ ਤੋਂ ਪਿਛੋਂ ਲੰਗਰ ਵਰਤੇਗਾ। ਸਾਰੇ ਆਪੋ ਆਪਣੇ ਘਰੋਂ ਰੋਟੀਆਂ ਲੈ ਕੇ ਆ ਜਾਣਾ।"

---

# ਸਹੁੰ ਖਾਣਾ

## ਸ਼ਬਦ ਝਰੋਖਾ



ਬਲਜੀਤ ਬਾਸੀ

ਫੋਨ: 734-454-4958

ਗੂਗਲ ਸ਼ਬਦ ਚਰਚਾ ਸਮੂਹ ਦੇ ਇਕ ਮੈਂਬਰ ਨੇ ਇਕ ਦਿਨ ਪ੍ਰਸ਼ਨ ਚੇਪਿਆ, "ਸੁਗੰਧ ਤੋਂ ਉਪਜੇ ਸੌਗੰਧ ਦਾ ਮਾਅਨਾ ਕਸਮ ਕਿਉਂ ਹੁੰਦਾ ਹੈ?" ਇਹ ਗੱਲ ਤਾਂ ਛੇਤੀ ਸਪਸ਼ਟ ਹੋ ਗਈ ਕਿ ਫਾਰਸੀ ਵਿਚ ਇਸ ਨੂੰ 'ਸੌਗੰਦ' ਕਿਹਾ ਜਾਂਦਾ ਹੈ ਜਦ ਕਿ ਪੰਜਾਬੀ ਸਮੇਤ ਕਈ ਉਤਰ ਭਾਰਤੀ ਭਾਸ਼ਾਵਾਂ ਵਿਚ ਸੌਗੰਧ ਤੇ ਇਸ ਦਾ ਦੇਸਜ ਰੂਪ ਸਹੁੰ ਹੈ। ਹੈਰਾਨੀ ਵਾਲੀ ਗੱਲ ਹੈ ਕਿ ਸੰਸਕ੍ਰਿਤ ਵਿਚ ਸੌਗੰਧ ਸ਼ਬਦ ਦਾ 'ਕਸਮ' ਅਰਥ ਨਹੀਂ ਮਿਲਦਾ। ਫਿਰ ਕੀ ਇਹ ਸ਼ਬਦ ਫਾਰਸੀ ਵਲੋਂ ਆਇਆ? ਤਾਂ ਫਿਰ ਇਸ ਵਿਚਲੀ 'ਦ' ਧੁਨੀ ਬਦਲ ਕੇ 'ਧ' ਕਿਉਂ ਬਣ ਗਈ। ਜੇ ਇਸ ਦਾ ਸੁਗੰਧ (ਮਹਿਕ) ਨਾਲ ਸਬੰਧ ਹੈ ਤਾਂ ਕੀ ਮਹਿਕ ਕੋਈ ਖਾਧੀ ਜਾਣ ਵਾਲੀ ਚੀਜ਼ ਹੈ? ਨਾਲੇ ਸੌਗੰਧ ਨਾਲ ਖਾਣ ਦੀ ਕ੍ਰਿਆ ਨੂੰ ਕਿਉਂ ਜੋੜਿਆ ਗਿਆ ਹੈ? ਸੌਗੰਧ ਜਾਂ ਸਹੁੰ ਖਾਣਾ ਉਕਤੀ ਦੇ ਪਿਛੋਕੜ ਬਾਰੇ ਮੈਨੂੰ ਮੋਟੇ ਤੌਰ 'ਤੇ ਜਾਣਕਾਰੀ ਸੀ ਪਰ ਅਜਿਤ ਵਡਨੇਰਕਰ ਨੇ ਇਸ ਉਪਰ ਖਾਸਾ ਕੰਮ ਕੀਤਾ ਹੋਇਆ ਸੀ, ਸੋ ਉਸ ਨੇ ਹੀ ਉਤਰ ਦੇਣ ਦੀ ਪਹਿਲ ਕੀਤੀ। ਹੋਈ ਚਰਚਾ ਦੌਰਾਨ ਉਭਰੇ ਕੁਝ ਇਕ ਹੋਰ ਨੁਕਤਿਆਂ ਦਾ ਮੈਂ ਖੂਬ ਵਿਸਤਾਰ ਕੀਤਾ। ਪਾਠਕਾਂ ਦੀ ਜਾਣਕਾਰੀ ਹਿਤ ਇਸ ਚਰਚਾ ਦਾ ਖੁਲਾਸਾ ਪੇਸ਼ ਕਰ ਰਿਹਾ ਹਾਂ।

ਕਈ ਭਾਰਤੀ ਭਾਸ਼ਾਵਾਂ ਵਿਚ ਕਸਮ ਨੂੰ ਸੌਗੰਧ ਯਾਨਿ ਸਹੁੰ ਕਿਹਾ ਜਾਂਦਾ ਹੈ ਜਦ ਕਿ ਫਾਰਸੀ ਵਿਚ ਇਸ ਦਾ ਅਜੋਕਾ ਰੂਪ 'ਸੌਗੰਦ' ਹੈ ਤੇ ਪੁਰਾਣਾ 'ਸੌਕੰਤ'। ਸੌਗੰਧ ਨੂੰ ਸੁਗੰਧ (ਮਹਿਕ) ਨਾਲ ਜੋੜਿਆ ਜਾਂਦਾ ਹੈ ਕਿਉਂਕਿ ਦੋਨਾਂ ਵਿਚ 'ਗੰਧ' ਵਸੀ ਹੋਈ ਹੈ। ਕੋਸ਼ਾਂ ਵਿਚ ਸੌਗੰਧ ਦਾ ਅਰਥ ਸਹੁੰ ਵਾਲਾ ਹੀ ਮਿਲਦਾ ਹੈ, ਸੁਗੰਧੀ ਵਾਲਾ ਨਹੀਂ। ਪੰਜਾਬੀ ਵਿਚ ਭਾਵੇਂ ਅਸੀਂ ਸੌਗੰਧ ਸ਼ਬਦ ਦੀ ਬਹੁਤੀ ਵਰਤੋਂ ਨਹੀਂ ਕਰਦੇ ਪਰ ਫਿਰ ਵੀ ਅਰਥ ਸਮਝਦੇ ਹਾਂ। 'ਮਹਾਨ ਕੋਸ਼' ਵਿਚ ਇਸ ਦਾ ਇੰਦਰਾਜ 'ਸੁਗੰਧ' ਵਾਲੇ ਸ਼ਬਦ-ਜੋੜਾਂ ਵਿਚ ਲਿਆ ਗਿਆ ਹੈ ਪਰ ਭਾਈ ਕਾਹਨ ਸਿੰਘ ਅਕਸਰ ਹੀ ਸ਼ਬਦਾਂ ਤੇ ਅਰਥਾਂ ਨੂੰ ਖਲਤ-ਮਲਤ ਕਰਕੇ ਹਾਸੋਹੀਣੀ ਸਥਿਤੀ ਪੈਦਾ ਕਰ ਦਿੰਦੇ ਹਨ। ਇਸ ਦੇ ਚੌਥੇ ਅਰਥ ਇਸ ਤਰ੍ਹਾਂ ਦਿਤੇ ਹੋਏ ਹਨ:

4. ਸੌਗੰਦ, ਪ੍ਰਣ, ਪ੍ਰਤਿਗਿਯਾ। ਪਾਰਸ ਚੰਦਨੈ ਤਿਨ ਹੈ ਏਕ ਸੁਗੰਧ। (ਕਬੀਰ)

ਪੁਛਿਆ ਜਾ ਸਕਦਾ ਹੈ ਕਿ ਭਗਤ ਕਬੀਰ ਦੀ ਉਪਰੋਕਤ ਤੁਕ ਵਿਚ ਸੁਗੰਧ ਦੇ ਪ੍ਰਣ, ਪ੍ਰਤਿਗਿਆ ਦੇ ਅਰਥ ਕਿਵੇਂ ਸੂਤ ਬੈਠਦੇ ਹਨ? ਕਬੀਰ ਸਾਹਿਬ ਦਾ ਏਥੇ ਭਾਵ ਹੈ ਕਿ ਪਾਰਸ ਅਤੇ ਚੰਦਨ ਚੀਜ਼ਾਂ ਨੂੰ ਛੂਹ ਕੇ ਆਪਣੇ ਜਿਹੀ ਮਹਿਕ ਅਰਥਾਤ ਗੁਣ ਪ੍ਰਦਾਨ ਕਰ ਦਿੰਦੇ ਹਨ।

ਖੈਰ, ਸੰਸਕ੍ਰਿਤ ਦੇ ਮਹਿਕ ਵਾਲੇ 'ਗੰਧ' ਦੇ ਟਾਕਰੇ ਤੇ ਫਾਰਸੀ ਦਾ 'ਗੰਦ' ਸ਼ਬਦ ਹੈ ਜੋ ਦੁਰਗੰਧ ਜਿਹਾ ਅਰਥ ਰਖਦਾ ਹੈ ਹਲਾਂਕਿ ਫਾਰਸੀ ਵਿਚ ਦੁਰਗੰਧ ਲਈ ਆਮਫਹਿਮ ਸ਼ਬਦ ਬੂਦਬੂ ਹੈ। ਫਾਰਸੀ ਦਾ ਗੰਦ ਵਿਆਪਕ ਅਰਥਾਂ ਦਾ ਧਾਰਨੀ ਹੈ। ਇਹ ਮਲੀਨਤਾ, ਗਲਾਜ਼ਤ, ਘਿਨੌਣਾਪਣ, ਨਿਰਲੱਜਤਾ, ਭੈੜ, ਪ੍ਰਦੂਸ਼ਨ ਆਦਿ ਦੇ ਭਾਵ ਵੀ ਦਿੰਦਾ ਹੈ।

ਜਰਯੁਸਤਰ ਤੋਂ ਪਹਿਲਾਂ ਦੇ ਪ੍ਰਾਚੀਨ ਇਰਾਨੀ ਭਾਰਤੀ ਆਰੀਆਂ ਦੀ ਤਰ੍ਹਾਂ ਹੀ ਅਗਨੀ ਦੇ ਪੁਜਾਰੀ, ਯੱਗ ਕਰਨ ਵਾਲੇ ਅਤੇ ਦੇਵਾਂ ਦੇ



ਉਪਾਸ਼ਕ ਸਨ ਕਿਉਂਕਿ ਦੋਨਾਂ ਦਾ ਪਿਛੋਕੜ ਇਕ ਹੈ। ਦੋਨਾਂ ਵਿਚ ਮਤਭੇਦਾਂ ਕਾਰਨ ਇਰਾਨੀਆਂ ਦੀ ਦ੍ਰਿਸ਼ਟੀ ਵਿਚ ਦੇਵ ਦੀ ਅਵਨਤੀ ਹੋ ਗਈ ਜਦ ਕਿ ਭਾਰਤੀ ਆਰੀਆਂ ਲਈ ਅਸੁਰ ਦੀ। ਇਰਾਨੀਆਂ ਦੀ ਧਾਰਮਕ ਪੁਸਤਕ ਅਵੇਸਤਾ ਵਿਚ ਈਸ਼ਵਰ ਨੂੰ ਅਹੁਰਮਜ਼ਦਾ ਕਿਹਾ ਗਿਆ ਹੈ। ਅਹੁਰਮਜ਼ਦਾ ਵਿਚ 'ਅਹੁਰ' ਰਿਗ ਵੇਦ ਵਾਲੇ 'ਅਸੁਰ' ਦਾ ਹੀ ਸੁਜਾਤੀ ਹੈ। ਪ੍ਰਾਚੀਨ ਇਰਾਨ ਵਿਚ ਹਰ ਘਰ ਅਗਨੀਸਥਾਨ ਹੁੰਦਾ ਸੀ। ਵੈਦਿਕ ਕਾਲ ਤੋਂ ਅੱਜ ਤੀਕ ਪੰਜਾਬੀਆਂ ਸਮੇਤ ਹਰ ਭਾਰਤੀ ਦੇ ਘਰ ਵਿਚਾਲੇ ਚੁਲ੍ਹਾ ਚੌਕਾ ਹੁੰਦਾ ਹੈ ਜਿਸ ਨੂੰ ਉਹ ਬੇਹਦ ਪਵਿਤਰ ਸਥਾਨ ਸਮਝਦੇ ਹਨ।

ਖੈਰ, ਅਸੀਂ ਗੰਧ ਵੱਲ ਆਈਏ। ਸੌਗੰਧ ਵਿਚਲੀ ਗੰਧ ਤੋਂ ਭਾਵ ਗੰਧਕ ਤੋਂ ਲਿਆ ਜਾਂਦਾ ਹੈ। ਜਿਵੇਂ ਸਾਰੇ ਜਾਣਦੇ ਹੀ ਹਨ, ਗੰਧਕ ਬਹੁਤ ਹੀ ਜਲਣਸ਼ੀਲ ਤੇ ਤੇਜ਼ ਗੰਧ ਵਾਲਾ ਪਦਾਰਥ ਹੁੰਦਾ ਹੈ। ਇਕ ਹਾਜਮੇ ਵਾਲੀ ਦਵਾਈ ਦਾ ਨਾਂ ਵੀ ਗੰਧਵਟੀ ਹੈ। ਇਸ ਦਾ ਗੰਧਕ ਨਾਮ ਇਸੇ ਗੁਣ ਕਰਕੇ ਪਿਆ। ਯੱਗ-ਪ੍ਰੇਮੀ ਆਰੀਆਂ ਦੀ ਤਰ੍ਹਾਂ ਹੀ ਇਨ੍ਹਾਂ ਪਾਰਸੀਆਂ ਦੇ ਰੋਜ਼ਾਨਾ ਕਾਰਵਿਹਾਰ ਵਿਚ ਅੱਗ ਦੀ ਬਹੁਤ ਮਹੱਤਤਾ ਸੀ। ਜਿਵੇਂ ਭਾਰਤ ਵਿਚ ਭੂਤ ਚੰਬੜੇ ਬੰਦੇ ਨੂੰ ਦਾਗਿਆ ਜਾਂਦਾ ਹੈ ਅਤੇ ਈਮਾਨ ਦੀ ਪਰਖ ਲਈ ਅਗਨ ਪਰੀਖਿਆ ਲਈ ਜਾਂਦੀ ਸੀ ਇਸੇ ਤਰ੍ਹਾਂ ਪ੍ਰਾਚੀਨ ਇਰਾਨ ਵਿਚ ਅੱਗ ਨਾਲ ਜੁੜੇ ਕਰਮਕਾਂਡ ਪ੍ਰਚਲਿਤ ਸਨ। ਅਸਲ ਵਿਚ ਇਹ ਕਰਮਕਾਂਡ ਅਗਨੀਪੂਜਾ ਦਾ ਵਿਧਾਨ ਹੀ ਸਨ। ਅਗਨੀ ਨੂੰ ਸਾਖੀ ਮੰਨ ਕੇ ਝੂਠ ਸੱਚ ਦਾ ਨਿਤਾਰਾ ਕੀਤਾ ਜਾਂਦਾ ਸੀ। ਝੂਠ ਬੋਲਣ 'ਤੇ ਜੀਭ ਉਤੇ ਅੱਗ ਰੱਖਣਾ, ਸਰੀਰ ਵਿਚ ਲੋਹੇ ਦੀ ਗਰਮ ਸਲਾਖ ਲੰਘਾ ਦੇਣਾ ਜਾਂ ਖੌਲਦਾ ਹੋਇਆ ਪਾਣੀ ਪਾ ਦੇਣਾ ਆਦਿ ਅਗਨੀ ਪਰੀਖਿਆ ਦੇ ਵੱਖੋ ਵਖਰੇ ਢੰਗ ਹੀ ਸਨ। ਅਰਥਾਤ ਜੇ ਅਗਨੀ ਕਥਿਤ ਦੋਸ਼ੀ ਦਾ ਕੁਝ ਨਾ ਵਿਗਾੜੇ ਤਾਂ ਇਸ ਦਾ ਮਤਲਬ ਹੁੰਦਾ ਸੀ ਕਿ ਉਹ ਬੇਕਸੂਰ ਹੈ। ਕਾਦਰ ਯਾਰ ਦੇ ਪੂਰਨ ਭਗਤ ਦੇ ਕਿੱਸੇ ਵਿਚ ਜਦ ਰਾਜਾ ਸਲਵਾਨ ਪੂਰਨ ਨੂੰ ਆਪਣੀ ਮਾਂ 'ਤੇ ਹੀ ਡੋਰੇ ਸੁੱਟਣ ਦੇ ਝੂਠੇ ਇਲਜ਼ਾਮ ਵਿਚ ਉਸ ਦੇ ਹੱਥ-ਪੈਰ ਵਢ ਕੇ ਖੂਹ ਵਿਚ ਸੁੱਟ ਦੇਣ ਦਾ ਦੰਡ ਲਾਉਂਦਾ ਹੈ ਤਾਂ ਪੂਰਨ ਆਪਣੀ ਸਾਬਤੀ ਦੀ ਪਰਖ ਲਈ ਅਜਿਹੀ ਪੇਸ਼ਕਸ ਕਰਦਾ ਹੈ:

ਸੇ ਸਾਬਤੀ ਮੇਰੀ ਤੂੰ ਵੇਖ ਰਾਜਾ,  
ਇਕ ਤੇਲ ਦਾ ਪੂਰਾ ਕੜਾਹ ਤਾਵੇਂ।  
ਤਪੇ ਤੇਲ ਜਾਂ ਅੱਗ ਦੇ ਵਾਂਗ ਹੋਵੇ,  
ਇਕ ਦਸਤ ਮੇਰਾ ਪਕੜ ਵਿਚ ਪਾਵੇਂ।  
ਸੱਚ ਨਿੱਤਰੇ ਝੂਠਿਆਂ ਸੱਚਿਆਂ ਦਾ,  
ਅੱਖੀਂ ਵੇਖ ਕੇ ਕੁਝ ਕਲੰਕ ਲਾਵੇਂ।  
ਕਾਦਰ ਯਾਰ ਜੇ ਉਂਗਲੀ ਦਾਗ਼ ਲੱਗੇ,  
ਫੇਰ ਕਰੋ ਮੈਨੂੰ ਜਿਹੜੀ ਤਬਾਹ ਚਾਵੋ।

ਪਵਿਤਰ ਅਗਨੀ ਦੇ ਵਿਧਾਨਾਂ ਵਿਚ ਸਹੁੰ ਦਾ ਵਿਧਾਨ ਵੀ ਹੈ। ਅਵੇਸਤਾ ਵਿਚ ਇਸ ਦਾ ਜ਼ਿਕਰ ਹੈ। ਇਸ ਮਰਯਾਦਾ ਨੂੰ ਮਧਕਾਲੀ ਫਾਰਸੀ ਵਿਚ 'ਸੌਗੰਦ ਖਵਰਦਨ' ਕਿਹਾ ਜਾਂਦਾ ਸੀ। ਅਵੇਸਤਾ ਵਿਚ ਗੰਧਕ ਨੂੰ ਵੀ ਸੌਕੰਤ ਕਿਹਾ ਗਿਆ ਹੈ। ਇਹ ਸੌਕੰਤ ਹੀ ਬਦਲਦਾ ਬਦਲਦਾ ਅਜੋਕੀ ਫਾਰਸੀ ਦਾ ਸੌਗੰਦ ਬਣ ਗਿਆ। ਇਥੇ ਅਸੀਂ ਇਸ ਮਰਯਾਦਾ ਦਾ ਗੰਧਕ ਨਾਲ ਸਬੰਧ ਦੇਖਦੇ ਹਾਂ। 'ਸੌਗੰਦ ਖੋਰਦਨ' ਦਾ ਸ਼ਬਦਿਕ ਅਨੁਵਾਦ ਹੈ ਸੌਕੰਤ ਖਾਣਾ ਜਾਂ ਪੀਣਾ। ਇਹ ਰੀਤੀ ਈਸਾ ਪੂਰਵ ਤੋਂ ਹਜ਼ਾਰ ਸਾਲ ਪਹਿਲਾਂ ਇਰਾਨ ਵਿਚ ਪ੍ਰਚਲਿਤ ਸੀ ਜਿਸ ਦਾ ਮਕਸਦ ਸੱਚ ਦਾ ਨਿਤਾਰਾ ਕਰਨਾ ਸੀ। ਅਰਥਾਤ ਸੌਗੰਦ ਖਵਰਦਨ ਤਹਿਤ ਗੰਧਕ ਦੀ ਬਣੀ ਇਕ ਔਸ਼ਧੀ ਪਿਲਾਈ ਜਾਂਦੀ ਸੀ। ਇਹ ਮੰਨਿਆ ਜਾਂਦਾ ਸੀ ਕਿ ਜਿਹੜਾ ਗਵਾਹੀ ਦੇਣ ਲੱਗੇ ਸੌਕੰਤ (ਗੰਧਕ) ਮਿਲੀ ਔਸ਼ਧੀ ਪੀ ਕੇ ਝੂਠੀ ਗਵਾਹੀ ਦੇਵੇਗਾ, ਉਸ ਦਾ ਗਲਾ ਜਲ ਜਾਵੇਗਾ। ਧਿਆਨ ਦਿੱਤਾ ਜਾਵੇ, ਗੰਧਕ ਦੇ ਜਲਣਸ਼ੀਲ ਗੁਣ ਕਾਰਨ ਏਥੇ ਵੀ ਜਲਣ ਦੀ ਹੀ ਮਹੱਤਤਾ ਹੈ ਜੋ ਉਸ ਸਮੇਂ ਦੇ ਅਗਨੀਪੂਜਕ ਪਾਰਸੀ ਸਮਾਜ ਦੇ ਜੀਵਨ ਦੀ ਕੇਂਦਰ ਬਿੰਦੂ ਸੀ। ਪ੍ਰਾਚੀਨ ਭਾਰਤੀ ਸਮਾਜ ਵਿਚ ਅਗਨੀ ਪ੍ਰੀਖਿਆ ਦੇ ਪ੍ਰਚਲਿਤ ਹੋਣ ਬਾਰੇ ਅਸੀਂ ਜਾਣਦੇ ਹਾਂ। ਯਾਦ ਕਰੋ ਸੀਤਾ ਦੀ ਅਗਨ ਪ੍ਰੀਖਿਆ। ਦਰਅਸਲ ਪੁਰਾਣੀ ਫਾਰਸੀ ਵਿਚ ਖਵਰਦਨ ਦਾ ਭਾਵ ਪੀਣਾ ਤੇ ਖਾਣਾ ਦੋਵੇਂ ਹੈ, ਸਮਝੋ ਨਿਗਲਣਾ ਹੈ। ਭਾਵੇਂ ਗੰਧਕ ਦਾ ਘੋਲ ਤਾਂ ਪੀਤੀ ਜਾਣ ਵਾਲੀ ਚੀਜ਼ ਹੀ ਹੋਈ ਪਰ ਇਸ ਦੇ ਨਾਲ ਖਾਣ ਦਾ ਭਾਵ ਜੁੜ ਗਿਆ। ਸ਼ਾਇਦ ਕੁਝ ਪ੍ਰਸੰਗਾਂ ਵਿਚ ਦੋਵੇਂ ਚਲ ਸਕਦੇ ਹਨ। ਵਾਰਿਸ ਸ਼ਾਹ ਦੀ ਹੀਰ ਵਿਚ ਇਕ ਥਾਂ ਦੋਨੋਂ ਰੂਪ ਇਕੱਠੇ ਆਏ ਹਨ। ਜਦ ਹੀਰ ਦੀ ਸ਼ਾਦੀ ਸੈਦੇ ਨਾਲ ਹੋਣੀ ਤੈਅ ਹੋ ਜਾਂਦੀ ਹੈ ਤਾਂ ਰਾਂਝਾ ਹੀਰ ਨੂੰ ਤਾਅਨੇ ਦਿੰਦਾ ਹੈ:

ਖਾ ਕਸਮ ਸੌਗੰਦ ਤੂੰ ਘੋਲ ਪੀਤੀ,  
ਡੋਬ ਸੁੱਟਿਓ ਪੂਰੀਆਂ ਪਾਈਆਂ ਨੀ।

ਇਥੇ ਇਹ ਗੱਲ ਨੋਟ ਕਰਨ ਵਾਲੀ ਹੈ ਕਿ ਜਦ ਸੌਗੰਧ, ਸੌਗੰਦ ਜਾਂ ਸਹੁੰ ਚੁੱਕਣ ਲਈ ਖਾਣਾ ਸ਼ਬਦ ਪ੍ਰਚਲਿਤ ਹੋ ਗਿਆ ਤਾਂ ਇਸ ਦੇ ਪ੍ਰਭਾਵ ਵਜੋਂ ਕਸਮ ਦੇ ਨਾਲ ਵੀ ਖਾਣਾ ਹੀ ਜੁੜ ਗਿਆ। ਸੌਗੰਧ ਜਾਂ ਸਹੁੰ ਦੇ ਨਾਲ ਚੁਕਣਾ, ਲੈਣਾ, ਪਾਉਣਾ ਆਦਿ ਕ੍ਰਿਆਵਾਂ ਵੀ ਵਰਤੀਆਂ ਜਾਂਦੀਆਂ ਹਨ। ਚੁੱਕਣਾ ਜਾਂ ਉਠਾਉਣਾ ਤਾਂ ਇਸ ਲਈ ਹਨ ਕਿਉਂਕਿ ਅਕਸਰ ਕੋਈ ਧਾਰਮਕ ਗ੍ਰੰਥ ਚੁੱਕ ਕੇ ਸਹੁੰ ਪੁਆਈ ਜਾਂਦੀ ਹੈ।

ਕਸਮ ਦੇ ਅਰਥਾਂ ਵਾਲੇ 'ਸੌਗੰਧ' ਸ਼ਬਦ ਦੀ ਖੁਸ਼ਬੂ ਦੇ ਅਰਥਾਂ ਵਾਲੇ ਸੁਗੰਧ ਸ਼ਬਦ ਨਾਲ ਸਿਧੀ ਸਾਦੀ ਰਿਸ਼ਤੇਦਾਰੀ ਨਹੀਂ ਹੈ। ਫਾਰਸੀ ਸੌਗੰਦ ਢੇਰ ਸਮੇਂ ਤੋਂ ਸਾਡੀਆਂ ਭਾਸ਼ਾਵਾਂ ਵਿਚ ਦਾਖਿਲ ਹੋ ਗਿਆ ਸੀ ਜੋ ਸੰਸਕ੍ਰਿਤ ਸੁਗੰਧ ਦੇ ਪ੍ਰਭਾਵ ਅਧੀਨ ਸੌਗੰਧ ਬਣ ਗਿਆ। ਪੰਜਾਬੀ ਤੇ ਹੋਰ ਭਾਸ਼ਾਵਾਂ ਵਿਚ ਇਸ ਦੇ ਰੂਪ ਵਿਚ ਪਹਿਲਾ ਪਰਿਵਰਤਨ 'ਸੌਂਧ' ਤੇ ਫਿਰ 'ਸਹੁੰ' ਵਜੋਂ ਸਾਹਮਣੇ ਆਉਂਦਾ ਹੈ।

ਸੌਗੰਦ ਦੇ ਪੁਰਾਣੇ ਰੂਪ ਸੌਕੰਤ ਵਿਚੋਂ ਜੇ 'ਸੌ' ਨੂੰ ਖਾਰਜ ਕਰ ਦੇਈਏ ਤਾਂ 'ਕੰਤ' ਬਚਦਾ ਹੈ। ਇਸ ਦੀ ਸੰਸਕ੍ਰਿਤ 'ਗੰਧ' ਨਾਲ ਸਮਾਨਤਾ ਸਪਸ਼ਟ ਝਲਕਦੀ ਹੈ। ਮਧਕਾਲੀ ਫਾਰਸੀ ਵਿਚ ਇਹੋ 'ਕੰਤ' ਗੰਦ ਦਾ ਰੂਪ ਧਾਰ ਗਿਆ। ਭਾਵੇਂ ਇਹ ਵਡਨੇਰਕਰ ਦਾ ਅਨੁਮਾਨ ਹੀ ਹੈ ਪਰ ਉਹ ਇਸ ਦੀ ਪੁਸ਼ਟੀ ਲਈ ਸੌਕੰਤ ਵਿਚ ਨਿਹਿਤ ਗੰਧਕ ਦੇ ਅਰਥਾਂ ਨੂੰ ਪੇਸ਼ ਕਰਦਾ ਹੈ ਕਿਉਂਕਿ ਗੰਧਕ ਸ਼ਬਦ ਵੀ ਸੰਸਕ੍ਰਿਤ ਗੰਧ ਤੋਂ ਹੀ ਬਣਿਆ ਹੈ। ਸੌਕੰਤ ਸ਼ਬਦ ਬਾਰੇ ਬਹੁਤੇ ਸਪਸ਼ਟ ਬਿਆਨ ਕਿਧਰੇ ਨਹੀਂ ਮਿਲਦੇ। ਮੈਨੂੰ ਕੰਤ, ਗੰਧ, ਗੰਧਕ ਦੇ ਇਸ ਜੋੜ ਤੋਂ ਕੁਝ ਸ਼ੱਕ ਹੋਏ ਤਾਂ ਮੈਂ ਬੜੀ ਭਜ ਨੱਸ ਕਰਕੇ ਇਕ ਅਵੇਸਤਾ ਸਰੋਤ ਵਿਚ ਖੋਜ ਕੀਤੀ। ਉਸ ਵਿਚ ਅਵੇਸਤਨ ਸੌਕੰਤ ਦਾ ਅਰਥ 'ਬਲਦਾ ਹੋਇਆ, ਜਲਦਾ ਹੋਇਆ' ਮਿਲਿਆ। ਸੋ ਮੇਰੇ ਅਨੁਮਾਨ ਅਨੁਸਾਰ ਸੌਕੰਤ ਦਾ ਅਰਥ ਗੰਧਕ ਇਸ ਦੇ ਬਲਣਸ਼ੀਲ ਅਰਥਾਂ ਕਰਕੇ ਬਣਿਆ ਹੋ ਸਕਦਾ ਹੈ। ਅੰਗਰੇਜ਼ੀ ਸਲਫਰ (sulphur) ਪੁਰਾਤਨ ਅੰਗਰੇਜ਼ੀ ਦੇ ਸ਼ਬਦ swefl ਤੋਂ ਬਣਿਆ ਹੈ ਜਿਸ ਦਾ ਅਰਥ ਜਲਣਾ, ਬਲਣਾ ਆਦਿ ਹੁੰਦੇ ਹਨ। ਜਰਮਨ ਆਦਿ ਕੁਝ ਹੋਰ ਭਾਸ਼ਾਵਾਂ ਵਿਚ ਵੀ ਗੰਧਕ ਲਈ ਇਸੇ ਮੂਲ ਤੋਂ ਸ਼ਬਦ ਬਣੇ ਹਨ। ਗੰਧਕ ਨੂੰ ਸਲਫਰ ਤੋਂ ਪਹਿਲਾਂ ਅੰਗਰੇਜ਼ੀ ਵਿਚ ਬਰਿਮਸਟੋਨ (brimstone) ਕਹਿੰਦੇ ਸਨ। ਇਸ ਵਿਚ ਆਇਆ brim ਸ਼ਬਦ ਪੁਰਾਤਨ brinnen ਤੋਂ ਬਣਿਆ ਹੈ ਜਿਸ ਦਾ ਅਰਥ ਵੀ ਬਲਣਾ, ਜਲਣਾ ਹੈ। burn ਸ਼ਬਦ ਵੀ ਇਸੇ ਤੋਂ ਬਣਿਆ। ਕਹਿਣ ਦਾ ਭਾਵ ਕਿ ਜੇ ਗੰਧਕ ਲਈ ਬਣੇ ਹੋਰ ਸ਼ਬਦਾਂ ਦੇ ਅਰਥ ਬਲਣਾ ਆਦਿ ਹੈ ਤਾਂ ਸੌਕੰਤ ਵਿਚ ਵੀ ਅਜਿਹਾ ਹੋ ਸਕਦਾ ਹੈ ਤੇ ਇਹ ਗੱਲ ਵਡਨੇਰਕਰ ਦੇ 'ਗੰਦ' ਸਿਧਾਂਤ ਦੇ ਉਲਟ ਜਾਂਦੀ ਹੈ। ਪਰ ਦੋਨਾਂ ਪੱਖਾਂ ਲਈ ਅਜੇ ਪੁਖਤਾ ਦਲੀਲਾਂ ਸਾਹਮਣੇ ਨਹੀਂ ਹਨ।

ਇਸ ਗੋਸ਼ਟੀ ਤੋਂ ਕੁਝ ਹੋਰ ਸ਼ਬਦਾਂ ਬਾਰੇ ਵੀ ਚਾਨਣਾ ਹੋਇਆ ਜਿਨ੍ਹਾਂ ਦਾ ਜ਼ਿਕਰ ਅਗਲੇ ਕਾਲਮ ਵਿਚ ਕੀਤਾ ਜਾਏਗਾ।

ਲੜੀ ਜੋੜਨ ਲਈ ਪਿਛਲਾ ਅੰਕ ਵੇਖੋ

# ਧੂੜ ਵਿਚਲੇ ਕਣ



## ਸਫ਼ਰ ਜ਼ਿੰਦਗੀ ਦਾ

ਵਰਿਆਮ ਸਿੰਘ ਸੰਧੂ

*ਵਰਿਆਮ ਸੰਧੂ ਆਪਣੇ ਕੱਦ ਵਾਂਗ ਲੰਮਾ ਅਤੇ ਆਪਣੇ ਨਾਂ ਵਾਂਗ ਵਰਿਆਮ ਕਹਾਣੀਕਾਰ ਹੋ ਨਿਬੜਿਆ ਹੈ। ਉਹ ਪੰਜਾਬੀ ਕਹਾਣੀ ਦਾ ਅਜਿਹਾ ਹਸਤਾਖਰ ਹੈ ਜਿਸ ਨੇ ਪੰਜਾਬੀ ਨਿੱਕੀ ਕਹਾਣੀ ਵਿਚ ਮੁੱਢੋਂ-ਸੁੱਢੋਂ ਸਿਫਤੀ ਤਬਦੀਲੀ ਲਿਆਂਦੀ। ਜਦੋਂ ਉਹਨੇ ਲਿਖਣਾ ਸ਼ੁਰੂ ਕੀਤਾ ਸੀ ਤਾਂ ਨਿੱਕੀ ਹੁਨਰੀ ਕਹਾਣੀ ਦਾ ਤਾਣਾ-ਪੇਟਾ ਆਮ ਕਰਕੇ ਕਿਸੇ ਘਟਨਾ ਜਾਂ ਪਾਤਰ ਦੁਆਲੇ ਬੁਣਿਆ ਹੁੰਦਾ ਸੀ। ਵਰਿਆਮ ਨੇ ਕਹਾਣੀ ਦੇ ਇਸ ਚੌਖਟੇ ਤੋਂ ਪਾਰ ਜਾ ਕੇ ਕਹਾਣੀ ਦਾ ਅਜਿਹਾ ਰੂਪ ਪੇਸ਼ ਕੀਤਾ ਜਿਹੜਾ ਬਾਅਦ ਵਿਚ ਲੰਮੀ ਕਹਾਣੀ ਵਜੋਂ ਮਕਬੂਲ ਵੀ ਹੋਇਆ ਅਤੇ ਅਗਲੀਆਂ ਪੀੜ੍ਹੀਆਂ ਲਈ ਪ੍ਰੇਰਨਾ ਦੇ ਨਾਲ ਨਾਲ ਵੰਗਾਰ ਵੀ ਬਣਿਆ। ਜੇ ਹੁਣ ਕੋਈ ਖੋਜੀ ਵਰਿਆਮ ਤੋਂ ਪਹਿਲਾਂ ਦੀ ਅਤੇ ਵਰਿਆਮ ਤੋਂ ਬਾਅਦ ਦੀ ਪੰਜਾਬੀ ਕਹਾਣੀ ਬਾਰੇ ਕੋਈ ਗੱਲ ਛੇੜੇ ਤਾਂ ਇਹ ਅਤਿਕਥਨੀ ਨਹੀਂ ਹੋਵੇਗੀ। ਵਰਿਆਮ ਸੰਧੂ ਨੇ ਜਦੋਂ ਵਾਰਤਕ ਲਿਖੀ ਤਾਂ ਉਸ ਦਾ ਰੰਗ ਵੀ ਕਹਾਣੀ ਵਰਗਾ ਸੀ। ਆਪਣੇ ਗਰਾਈਂ ਪਹਿਲਵਾਨ ਕਰਤਾਰ ਸਿੰਘ ਦੀ ਜੀਵਨੀ ਵਿਚ ਕਹਾਣੀ ਰਸ ਲਬਾਲਬ ਭਰਿਆ ਹੋਇਆ ਹੈ। ਹੁਣ ਉਸ ਦੀ ਸਵੈ-ਜੀਵਨੀ ਵਿਚ ਵੀ ਉਹੀ ਰੰਗ ਬਰਕਰਾਰ ਹੈ। ਲੇਖਕ ਆਪਣੀਆਂ ਗੱਲਾਂ ਬੜੇ ਸਹਿਜ ਨਾਲ ਤੁਹਾਡੇ ਨਾਲ ਕਰੀ ਜਾ ਰਿਹਾ ਹੈ ਜਿਵੇਂ ਸੂਤ ਅਟੇਰਦੀ ਕਿਸੇ ਤ੍ਰੀਮਤ ਦਾ ਗਲੋਟਾ ਉਧੜਦਾ ਚਲਾ ਜਾਂਦਾ ਹੈ। ਐਤਕੀਂ ਵਾਲੇ ਕਾਂਡ 'ਜਰਖੇਜ਼ ਜ਼ਮੀਨ ਵਿਚ ਡਿਗਦੇ ਬੀਜ' ਵਿਚ ਉਸ ਨੇ ਗੱਲ ਕੀਤੀ ਹੈ ਕਿ ਸਾਹਿਤ ਪੜ੍ਹਨ ਦੀ ਚੇਟਕ ਉਸ ਨੂੰ ਕਿਵੇਂ ਆਪਣੇ ਹੀ ਪਰਿਵਾਰ ਵਿਚੋਂ ਲੱਗੀ ਅਤੇ ਕਿਵੇਂ ਉਹ ਸਕੂਲ 'ਚ ਹੀ ਨਵੀਂ ਸੋਚ ਨਾਲ ਜੁੜਿਆ। -ਸੰਪਾਦਕ*

## ਜਰਖ਼ੇਜ਼ ਜ਼ਮੀਨ ਵਿਚ ਡਿੱਗਦੇ ਬੀਜ

ਸਾਂਝ ਦੇ ਮਾਹੌਲ ਵਿਚ ਜਿੱਥੇ ਮੇਰਾ ਆਪਾ ਧਾਰਮਿਕ ਤੰਗ-ਦਿਲੀ ਦੀਆਂ ਵਲਗਣਾ ਤੋਂ ਪਾਰ ਜਾ ਕੇ ਖੁੱਲ੍ਹ-ਦਿਲੇ ਮਾਨਵਵਾਦ ਦਾ ਧਾਰਨੀ ਬਣ ਰਿਹਾ ਸੀ, ਓਥੇ ਮੇਰਾ ਸੰਵੇਦਨਸ਼ੀਲ ਮਨ ਸੁਣੀਆਂ ਕਥਾ-ਕਹਾਣੀਆਂ ਰਾਹੀਂ ਲੇਖਕ ਬਣਨ ਲਈ ਜ਼ਰਖ਼ੇਜ਼ ਜ਼ਮੀਨ ਬਣ ਰਿਹਾ ਸੀ ਪਰ ਅਜੇ ਤੱਕ ਇਸ ਜ਼ਮੀਨ 'ਚ ਕਹਾਣੀ ਦੇ ਮੌਖਿਕ ਬੀਜ ਹੀ ਡਿੱਗੇ ਸਨ।

ਲਿਖ਼ਤੀ ਸਾਹਿਤ ਨਾਲ ਮੇਰੀ ਸਭ ਤੋਂ ਪਹਿਲੀ ਸਾਂਝ ਮੇਰੇ ਪਿਤਾ ਨੇ ਪਵਾਈ। ਉਹ ਅਖ਼ਬਾਰ, ਨਾਵਲ ਅਤੇ ਕਹਾਣੀਆਂ ਪੜ੍ਹਨ ਦਾ ਸ਼ੌਕੀਨ ਸੀ। ਆਪਣੇ ਪਿਤਾ ਦੁਆਰਾ ਲਿਆਂਦੀ ਸਭ ਤੋਂ ਪਹਿਲੀ ਪੁਸਤਕ, ਜਿਹੜੀ ਮੈਂ ਆਪਣੇ ਘਰ ਵੇਖੀ, ਉਹ ਸੀ ਗੁਰਮੁਖ਼ ਸਿੰਘ ਮੁਸਾਫ਼ਿਰ ਦੀ 'ਵੱਖਰੀ ਦੁਨੀਆਂ', ਜਿਸ ਵਿਚ ਉਹਦੇ ਜੇਲ੍ਹ-ਜੀਵਨ ਨਾਲ ਸਬੰਧਤ ਕਹਾਣੀਆਂ ਸਨ। ਮੈਂ ਉਦੋਂ ਦੂਸਰੀ ਜਮਾਤ ਵਿਚ ਸਾਂ ਅਤੇ ਕਿਤਾਬ ਦਾ ਨਾਮ ਆਪ ਪੜ੍ਹ ਸਕਦਾ ਸਾਂ। ਅਜੇ ਵੀ ਮੈਨੂੰ ਕੰਧ ਨਾਲ ਲੱਗੇ ਭਾਂਡੇ ਰੱਖਣ ਵਾਲੇ ਲੱਕੜ ਦੇ ਲੰਮੇ ਵਾਧੇ ਉਤੇ ਪਈ ਉਹ ਕਿਤਾਬ ਦਿਸਦੀ ਹੈ। ਸਾਡੇ ਪਿੰਡ ਦੇ ਵਾਸੀ ਸੂਰਜਜੀਤ ਸੰਧੂ ਕੋਲ ਪ੍ਰੀਤ-ਲੜੀ ਆਇਆ ਕਰਦੀ ਸੀ। ਜਿਵੇਂ ਮੈਂ ਦੱਸ ਆਇਆ ਹਾਂ, ਉਹ ਮੇਰੇ ਪਿਤਾ ਲਈ 'ਪ੍ਰੀਤ-ਲੜੀ' ਲੈ ਕੇ ਆਉਂਦਾ ਤੇ ਸਾਡੀ ਡਿਓੜ੍ਹੀ ਵਿਚ ਬੈਠੇ ਬੰਦਿਆਂ ਨੂੰ ਉਸ ਵਿਚੋਂ ਕੁੱਝ ਲੋੜੀਂਦੇ ਅੰਸ਼ ਵੀ ਪੜ੍ਹ ਕੇ ਸੁਣਾਉਂਦਾ। ਇੰਜ ਪ੍ਰੀਤ-ਲੜੀ ਦਾ ਪਾਠਕ ਵੀ ਮੈਂ ਆਪਣੇ ਪਿਤਾ ਸਦਕਾ ਬਣਿਆ। ਜਦੋਂ ਅਜੇ ਮੇਰੀ ਪੜ੍ਹਨ ਦੀ ਉਮਰ ਵੀ ਨਹੀਂ ਸੀ ਉਦੋਂ ਵੀ ਰਾਤ ਨੂੰ ਲਾਲਟੈਨ ਦੇ ਮੱਧਮ ਚਾਨਣ ਵਿਚ ਉਹ ਸਾਨੂੰ ਨਾਵਲ ਅਤੇ ਕਹਾਣੀਆਂ ਪੜ੍ਹ ਕੇ ਸੁਣਾਉਂਦਾ। ਮੈਂ ਉਹਦੇ ਨਾਲ ਬਿਸਤਰੇ ਉਤੇ ਲੇਟਿਆ, ਉਹਨੂੰ ਪੜ੍ਹਦਿਆਂ ਅਤੇ ਕਿਤਾਬ ਦੇ ਵਰਕੇ ਉਥੱਲਦਿਆਂ ਵੇਖਦਾ ਰਹਿੰਦਾ ਤੇ ਸੁਣਾਈ ਜਾ ਰਹੀ ਕਹਾਣੀ ਦੀ ਦੁਨੀਆਂ ਵਿਚ ਗਵਾਚਿਆ ਕਲਪਨਾ ਦੇ ਇਸ ਰੰਗ-ਬਰੰਗੇ ਸੰਸਾਰ ਵਿਚ ਤਾਰੀਆਂ ਲਾਉਂਦਾ। ਉਰਦੂ ਦੀ ਅਖ਼ਬਾਰ ਵਿਚੋਂ ਉਹ ਕੋਈ ਕਿਸ਼ਤਵਾਰ ਨਾਵਲ ਪੜ੍ਹਦਾ। ਨਾਵਲ ਦੀ ਕਹਾਣੀ ਇਤਨੀ ਦਿਲਚਸਪ, ਖਿੱਚ-ਪਾਊ ਅਤੇ ਉਸ ਪੜਾਅ ਤੇ ਟੁੱਟਣ ਵਾਲੀ ਹੁੰਦੀ ਕਿ ਅਗਲਾ ਹਫ਼ਤਾ ਉਡੀਕਣ ਦੀ ਲਲਕ ਓਸੇ ਪਲ ਤੋਂ ਮਨ ਨੂੰ ਬੇਚੈਨ ਕਰਨਾ ਸ਼ੁਰੂ ਕਰ ਦਿੰਦੀ। ਮੇਰੀ ਮਾਂ ਵੀ ਦੂਜੇ ਮੰਜੇ 'ਤੇ ਲੇਟੀ ਸਭ ਕੁੱਝ ਬੜੇ ਧਿਆਨ ਨਾਲ ਸੁਣਦੀ। ਅਸਲ ਵਿਚ ਸੁਣਾ ਤਾਂ ਮੇਰਾ ਪਿਤਾ ਮੇਰੀ ਮਾਂ ਨੂੰ ਹੀ ਰਿਹਾ ਹੁੰਦਾ। ਮੈਨੂੰ ਤਾਂ 'ਝੋਨੇ ਦੇ ਪੱਜ ਡੀਲੇ ਨੂੰ ਪਾਣੀ ਆਉਣ' ਵਾਲੀ ਗੱਲ ਸੀ। ਉਸ ਅਨੁਸਾਰ ਤਾਂ ਸ਼ਾਇਦ ਪੜ੍ਹੇ ਗਏ ਨੂੰ ਸੁਣਨ-ਸਮਝਣ ਦੀ ਅਜੇ ਮੇਰੀ ਉਮਰ ਹੀ ਕਿੱਥੇ ਸੀ!

ਹੁਣ ਤੱਕ ਮੈਂ ਸਿਰਫ਼ ਇੱਕ ਸਰੋਤਾ ਸਾਂ। ਤੀਸਰੀ ਵਿਚ ਪੜ੍ਹਦਾ ਸਾਂ ਜਦੋਂ ਮੈਂ ਇੱਕ ਛੋਟੀ ਜਿਹੀ ਪੁਸਤਕ ਖ਼ੁਦ ਪੜ੍ਹੀ ਜਿਹੜੀ ਪਾਠਕ੍ਰਮ ਦੀ ਪੁਸਤਕ ਤੋਂ ਵੱਖਰੀ ਸੀ। ਸਾਡੇ ਅਧਿਆਪਕ ਨੇ ਸਾਨੂੰ ਦੋ-ਦੋ ਤਿੰਨ-ਤਿੰਨ ਜਣਿਆਂ ਨੂੰ ਲਾਇਬ੍ਰੇਰੀ ਦੀ ਇੱਕ-ਇੱਕ ਛੋਟੀ ਕਿਤਾਬ ਦਿੱਤੀ ਤਾਂ ਕਿ ਅਸੀਂ ਉਸ ਨੂੰ ਪੜ੍ਹ ਸਕੀਏ। ਇਹ ਸ਼ਾਇਦ ਬੱਚਿਆਂ ਵਿਚ ਪੜ੍ਹਨ-ਰੁਚੀ ਪੈਦਾ ਕਰਨ ਦਾ ਸਾਡੇ ਅਧਿਆਪਕ ਦਾ ਹੀ ਕੋਈ ਯਤਨ ਹੋਣਾ ਹੈ ਨਹੀਂ ਤਾਂ ਹੁਣ ਕਿੱਥੇ ਪਿੰਡਾਂ ਵਿਚ ਬੱਚਿਆਂ ਨੂੰ ਏਸ ਉਮਰ ਵਿਚ ਲਾਇਬ੍ਰੇਰੀ ਦੀਆਂ ਕਿਤਾਬਾਂ ਉਚੇਚੇ ਤੌਰ 'ਤੇ ਪੜ੍ਹਨ ਲਈ ਦਿੱਤੀਆਂ ਜਾਂਦੀਆਂ ਨੇ! ਆਪ ਕਿਤਾਬ ਪੜ੍ਹ ਕੇ ਕਲਪਨਾ ਦੇ ਘੋੜੇ ਉਤੇ ਸਵਾਰ ਹੋ ਕੇ ਕਹਾਣੀ ਦੇ ਨਾਲ ਨਾਲ ਤੁਰਨ ਦਾ ਆਨੰਦ ਹੀ ਅਲਹਿਦਾ ਸੀ। ਕਿਤਾਬ ਦੇ ਕਾਲੇ ਅੱਖਰਾਂ ਵਿਚੋਂ ਰਾਜਕੁਮਾਰ ਘੋੜੇ 'ਤੇ ਅਸਵਾਰ ਹੋ ਕੇ ਨਿਕਲਿਆ ਅਤੇ ਬਾਗ਼-ਬਗੀਚਿਆਂ ਅਤੇ ਜੰਗਲਾਂ ਵਿਚੋਂ ਲੰਘਦਾ ਮਹਿਲ ਦੀ ਛੱਤ 'ਤੇ ਵਾਲ ਸੁਕਾਉਂਦੀ ਰਾਜਕੁਮਾਰੀ ਕੋਲ ਜਾ ਪਹੁੰਚਾ ਸੀ। ਉਸ ਨੂੰ ਵੇਖ ਕੇ ਰਾਜਕੁਮਾਰੀ ਪਹਿਲਾਂ ਹੱਸਦੀ ਦਿਸੀ ਤੇ ਫਿਰ ਰੋਂਦੀ। 'ਆਦਮ ਬੋ! ਆਦਮ ਬੋ' ਕਰਦਾ ਦੈਂਤ ਵੀ ਆਇਆ ਤੇ ਮੈਂ ਡਰ ਗਿਆ। ਰਾਜਕੁਮਾਰੀ ਨੇ ਮੱਖੀ ਬਣਾ ਕੇ ਰਾਜਕੁਮਾਰ ਨੂੰ ਕੰਧ ਨਾਲ ਚਿਪਕਾ ਦਿੱਤਾ। ਮੈਨੂੰ ਸੁਖ ਦਾ ਸਾਹ ਆਇਆ ਜਦੋਂ ਦੈਂਤ 'ਆਦਮ-ਜਾਤ' ਨੂੰ ਲੱਭਦਾ ਲੱਭਦਾ ਘਰੋਂ ਬਾਹਰ ਚਲਾ ਗਿਆ। ਰਾਜਕੁਮਾਰੀ ਦੇ ਦੱਸੇ ਅਨੁਸਾਰ ਪਿੰਜਰੇ ਵਿਚ ਪਏ ਤੋਤੇ ਨੂੰ, ਜਿਸ ਵਿਚ ਦੈਂਤ ਦੀ ਜਾਨ ਸੀ, ਮਾਰ ਕੇ ਰਾਜਕੁਮਾਰ ਜਦੋਂ ਰਾਜਕੁਮਾਰੀ ਨੂੰ ਘੋੜੇ ਤੇ ਬਿਠਾ ਕੇ ਆਪਣੇ ਘਰ ਲਿਆ ਰਿਹਾ ਸੀ ਤਾਂ ਮੈਂ ਉਨ੍ਹਾਂ ਦੇ ਨਾਲ ਹੀ ਘੋੜੇ ਉਤੇ ਬੈਠਾ ਹੋਇਆ ਸਾਂ।

ਕਾਲੇ ਅੱਖਰਾਂ ਦੀ ਕਿਆ ਸੁਨਹਿਰੀ ਕਰਾਮਾਤ ਸੀ! ਇਹ ਕੇਵਲ ਅੱਖਰ ਨਹੀਂ ਸਨ ਇਹ ਤਾਂ ਜਿਊਂਦਾ-ਜਾਗਦਾ ਸੰਸਾਰ ਸੀ। ਇਨ੍ਹਾਂ ਕਾਲੀਆਂ ਸਤਰਾਂ ਵਿਚ ਹਾਸਾ, ਰੋਣਾ, ਸਹਿਮ, ਸੁਖ ਅਤੇ ਹੋਰ ਕਿੰਨਾ ਕੁੱਝ ਸੀ ਜਿਹੜਾ ਇਨ੍ਹਾਂ 'ਤੇ ਫਿਰਦੀ ਨਜ਼ਰ ਨਾਲ ਹੀ ਮਤਾਬੀ ਵਾਂਗ ਬਲ ਪੈਂਦਾ ਸੀ। ਉਸ ਤੋਂ ਬਾਅਦ ਤਾਂ ਮੈਨੂੰ ਛਪੇ ਕਾਲੇ ਅੱਖਰਾਂ ਨਾਲ ਇਸ਼ਕ ਹੋ ਗਿਆ। ਮੈਂ ਵੱਡੀਆਂ ਜਮਾਤਾਂ ਦੇ ਵਿਦਿਆਰਥੀਆਂ ਦੀਆਂ ਕਿਤਾਬਾਂ ਵੀ ਲੈ ਕੇ ਪੜ੍ਹਨ ਲੱਗਾ। ਘਰ ਆਉਂਦੀ ਪੰਜਾਬੀ ਦੀ ਅਖ਼ਬਾਰ ਵਿਚ ਛਪਦੀਆਂ ਕਹਾਣੀਆਂ ਦੇ ਨਾਲ ਨਾਲ ਕਰਮ ਸਿੰਘ ਜ਼ਖ਼ਮੀ ਤੇ ਗਿਆਨੀ ਭਜਨ ਸਿੰਘ ਦੇ ਲਿਖੇ ਕਿਸ਼ਤਵਾਰ ਇਤਿਹਾਸਕ ਨਾਵਲ ਵੀ ਬੜੀ ਰੀਝ ਨਾਲ ਪੜ੍ਹਨ ਲੱਗਾ। ਮੇਰਾ ਪਿਤਾ ਵੀ ਕਿਤਿਓਂ ਕੋਈ ਨਾ ਕੋਈ ਨਾਵਲ-ਕਹਾਣੀ ਦੀ ਪੁਸਤਕ ਲੈ ਆਉਂਦਾ। ਸ਼ੁਰੂ ਵਿਚ ਮੈਂ ਆਪਣੇ ਪਿਤਾ ਦੁਆਰਾ ਲਿਆਂਦੇ ਹੋਏ ਹੀ ਨਾਨਕ ਸਿੰਘ ਦੇ ਕੁੱਝ ਨਾਵਲ ਪੜ੍ਹੇ ਸਨ। ਸਕੂਲ ਜਾਣ ਸਮੇਂ ਜਦੋਂ ਲਾਇਬ੍ਰੇਰੀ ਵਿਚੋਂ ਪੁਸਤਕਾਂ ਕਢਵਾ ਕੇ ਲਿਆਉਣ ਲੱਗਾ ਤਾਂ ਅਸੀਂ ਪਿਉ-ਪੁੱਤ ਵਾਰੀ ਵਾਰੀ ਉਹ ਪੁਸਤਕਾਂ ਪੜ੍ਹਦੇ। ਕਈ ਵਾਰ 'ਪਹਿਲਾਂ ਮੈਂ ਪੜ੍ਹਨਾ' ਦੀ ਜ਼ਿਦ ਵੀ ਹੋ ਜਾਂਦੀ।

ਮੇਰੇ ਪਿਤਾ ਤੋਂ ਪਿੱਛੋਂ ਮੇਰੇ ਖ਼ਿਆਲਾਂ ਨੂੰ ਚੌੜਿੱਤਣ ਬਖ਼ਸ਼ਣ ਅਤੇ ਸਾਹਿਤ ਨਾਲ ਪਿਆਰ ਪੈਦਾ ਕਰਨ ਲਈ ਮੇਰੇ ਕੁੱਝ ਅਧਿਆਪਕਾਂ ਦਾ ਵੀ ਯੋਗਦਾਨ ਰਿਹਾ ਹੈ। ਸਭ ਤੋਂ ਪਹਿਲਾ ਤਾਂ ਸੀ ਮਾਸਟਰ ਹਰਚਰਨ ਸਿੰਘ। ਉਹ ਸਾਨੂੰ ਛੇਵੀਂ ਜਮਾਤ ਵਿਚ ਪੰਜਾਬੀ ਪੜ੍ਹਾਉਣ ਲੱਗਾ। ਉਸ ਕੋਲ ਪੜ੍ਹਾਉਂਦਿਆਂ ਆਪਣੀ ਗੱਲ ਨੂੰ ਪੁਸ਼ਟ ਕਰਨ ਅਤੇ ਪ੍ਰਭਾਵਸ਼ਾਲੀ ਬਣਾਉਣ ਲਈ ਬਹੁਤ ਸਾਰੀਆਂ ਲੋਕ-ਕਹਾਣੀਆਂ ਹੁੰਦੀਆਂ ਸਨ। ਉਸ ਨੂੰ ਮਜ਼ਾਹ ਦਾ ਰੰਗ ਮਿਲਾ ਕੇ ਗੰਭੀਰ ਗੱਲਾਂ ਬੜੇ ਹੀ ਦਿਲਚਸਪ ਅੰਦਾਜ਼ ਵਿਚ ਸੁਣਾਉਣ ਦਾ ਹੁਨਰ ਆਉਂਦਾ ਸੀ। ਪੁਸਤਕ ਵਿਚਲਾ ਪਾਠ ਸ਼ੁਰੂ ਕਰਨ ਤੋਂ ਪਹਿਲਾਂ ਅਤੇ ਪਿੱਛੋਂ ਉਹ ਉਸ ਪਾਠ ਨਾਲ ਜੁੜਦੀਆਂ ਹੋਰ ਗੱਲਾਂ ਅਤੇ ਖ਼ਿਆਲ ਆਪਣੇ ਵਿਸ਼ਾਲ ਅਨੁਭਵ 'ਚੋਂ ਸਾਡੇ ਨਾਲ ਸਾਂਝੇ ਕਰਦਾ। ਉਹ ਰਸ ਲੈ ਲੈ ਕੇ ਸਬਕ ਪੜ੍ਹਾਉਂਦਾ। ਅਸੀਂ ਉਸ ਰਸ ਵਿਚ ਡੁੱਬੇ ਰਹਿੰਦੇ ਅਤੇ ਉਸ ਦੀ ਘੰਟੀ ਨੂੰ ਚਾਅ ਨਾਲ ਉਡੀਕਦੇ। ਵੱਡੇ ਹੋ ਕੇ ਅਧਿਆਪਕ ਬਣਨ ਤੋਂ ਪਿੱਛੋਂ ਮੈਂ, ਲੱਗਦਾ ਹੈ, ਅਚੇਤ ਰੂਪ ਵਿਚ ਉਸ ਦੀ ਇਸ ਜੁਗਤ ਨੂੰ ਅਪਨਾਇਆ ਅਤੇ ਇਸ ਤਰ੍ਹਾਂ ਵਿਦਿਆਰਥੀਆਂ ਨੂੰ ਆਪਣੀ ਕੀਲ ਵਿਚ ਲੈਣ ਦੀ ਕੋਸ਼ਿਸ਼ ਕਰਦਾ ਰਿਹਾ। ਹਰਚਰਨ ਸਿੰਘ ਸਾਦਾ ਕੁੜਤਾ ਪਜਾਮਾ ਪਾਉਂਦਾ। ਖੇਸ ਦੀ ਬੁੱਕਲ ਮਾਰ ਕੇ ਸਕੂਲ ਆਉਂਦਾ। ਛੁੱਟੀ ਹੁੰਦਿਆਂ ਦਾਤਰੀ ਅਤੇ ਰੱਸੀ ਲੈ ਕੇ ਪੱਠਿਆਂ ਦੀ ਪੰਡ ਵੱਢ ਕੇ ਸਿਰ 'ਤੇ ਚੁੱਕ ਕੇ ਲਿਆਉਂਦਾ। ਸ਼ਾਮ ਨੂੰ ਵਿਦਿਆਰਥੀਆਂ ਤੇ ਅਧਿਆਪਕਾਂ ਨਾਲ ਮਿਲ ਕੇ ਵਾਲੀਬਾਲ ਖੇਡਦਾ। ਉਸ ਕੋਲੋਂ ਮੈਂ ਕਹਾਣੀ-ਰਸ ਦੇ ਮਹੱਤਵ, ਆਪਣੇ ਵਿਸ਼ਾਲ ਅਨੁਭਵ 'ਚੋਂ ਵਿਭਿੰਨ ਰੰਗ ਲੈ ਕੇ ਸਬੰਧਤ ਪਾਠ ਨੂੰ ਵਧੇਰੇ ਰੌਚਕ ਅਤੇ ਮੁੱਲਵਾਨ ਬਣਾਉਣ ਦੀ ਅਧਿਆਪਨ-ਕਲਾ ਦੇ ਨਾਲ ਨਾਲ ਕੰਮ ਨਾਲ ਪਿਆਰ ਅਤੇ ਸਾਦਾ ਜੀਵਨ ਦੀ ਵਡਿਆਈ ਅਤੇ ਮਹੱਤਵ ਨੂੰ ਜਾਣਿਆ।

ਛੇਵੀਂ ਜਮਾਤ ਵਿਚ ਉਸ ਨੇ ਸਾਨੂੰ ਮੰਟੋ ਦੀ ਕਹਾਣੀ 'ਟੋਭਾ ਟੇਕ ਸਿੰਘ' ਦੇ ਕਿਰਦਾਰ ਬਾਰੇ ਜਾਣਕਾਰੀ ਦਿੱਤੀ ਅਤੇ ਹਿੰਦ-ਪਾਕਿ ਦੀ ਦੁਖਾਂਤਕ-ਵੰਡ ਦੀ ਹਕੀਕਤ ਨੂੰ ਖੋਲ੍ਹ ਕੇ ਦੱਸਿਆ। ਅਸੀਂ ਮੁੰਡੇ ਉਸ ਕਹਾਣੀ ਦੇ ਪਾਤਰ ਬਿਸ਼ਨ ਸਿੰਘ ਦੇ ਤਕੀਆ-ਕਲਾਮ 'ਔਪੜ ਦੀ ਗੜ ਗੜ ਦਿ ਅਨੈਕਸ ਦੀ ਬੇਧਿਆਨਾ ਦੀ ਮੂੰਗ ਦੀ ਦਾਲ ਦੀ ਪਾਕਿਸਤਾਨ ਐਂਡ ਹਿੰਦੁਸਤਾਨ ਆਫ਼ ਦੀ ਦੁਰ-ਫਿੱਟੇ-ਮੂੰਹ!' ਨੂੰ ਅਕਸਰ ਦੁਹਰਾਉਂਦੇ ਰਹਿੰਦੇ। ਇਸ ਤਰ੍ਹਾਂ ਅਸੀਂ ਝੂਠੀ-ਮੂਠੀ ਦੀ ਅੰਗਰੇਜ਼ੀ ਬੋਲ ਕੇ ਖ਼ੁਸ਼ ਵੀ ਹੁੰਦੇ ਪਰ ਅਚੇਤ ਮਨ ਵਿਚ ਕਿਧਰੇ ਬਿਸ਼ਨ ਸਿੰਘ ਦਾ ਹਉਕਾ ਵੀ ਬੀਜਿਆ ਜਾ ਚੁੱਕਾ



ਸੀ। ਹਰਚਰਨ ਸਿੰਘ ਨੇ ਹੀ ਸ਼ਬਦਾਂ ਵਿਚ ਲੁਕੇ ਅਰਥਾਂ ਦੇ ਰਹੱਸ ਨਾਲ ਜਾਣ-ਪਛਾਣ ਕਰਾਈ। ਇੱਕ ਦਿਨ ਉਸ ਨੇ ਸਾਨੂੰ ਦੱਸਿਆ ਕਿ ਮੁਸਲਿਮ ਅਖ਼ਬਾਰਾਂ ਵਿਚ ਉਹ ਮਹਾਤਮਾ ਗਾਂਧੀ ਨੂੰ 'ਮਹਾਂ' 'ਤਮ੍ਹਾਂ' ਗਾਂਧੀ ਲਿਖਦੇ ਸਨ। ਭਾਵ ਕਿ ਉਨ੍ਹਾਂ ਮੁਤਾਬਕ ਗਾਂਧੀ ਨਾਂ ਦਾ ਹੀ ਮਹਾਤਮਾ ਸੀ ਉਂਜ ਉਸ ਅੰਦਰ ਦੇਸ ਦੀ ਸਿਆਸਤ ਵਿਚ ਕੇਵਲ ਤੇ ਕੇਵਲ ਆਪਣੀ ਚੱਲਦੀ ਵੇਖਣ ਦੀ ਬਹੁਤ ਭਾਰੀ (ਮਹਾਂ) 'ਤਮ੍ਹਾਂ' (ਲਾਲਚ) ਸੀ।

ਅਖ਼ਬਾਰਾਂ ਵਿਚ ਇਸ਼ਤਿਹਾਰਬਾਜ਼ੀ ਦੇ ਹੁਨਰ ਬਾਰੇ ਦੱਸਦਿਆਂ ਉਸ ਨੇ ਕਿਹਾ ਸੀ ਕਿ ਇਸ਼ਤਿਹਾਰ ਓਨਾ ਹੀ ਵਧੇਰੇ ਪੜ੍ਹਿਆ ਜਾਵੇਗਾ ਜਿੰਨਾ ਉਸ ਦੀ ਭਾਸ਼ਾ ਪੜ੍ਹਨ ਵਾਲੇ ਦੇ ਮਨ ਵਿਚ ਉਤਸੁਕਤਾ ਪੈਦਾ ਕਰਨ ਦੇ ਸਮਰੱਥ ਹੋਵੇਗੀ। ਉਹਨੇ ਅਖ਼ਬਾਰ ਵਿਚੋਂ ਇੱਕ ਇਸ਼ਤਿਹਾਰ ਦੀ ਇਬਾਰਤ ਪੜ੍ਹ ਕੇ ਸੁਣਾਈ ਜੋ ਕੁੱਝ ਇਸ ਤਰ੍ਹਾਂ ਸ਼ੁਰੂ ਹੁੰਦੀ ਸੀ, 'ਮੈਨੂੰ ਬਿਲਕੁਲ ਨਾ ਪੜ੍ਹਨਾ!' ਉਸ ਇਸ਼ਤਿਹਾਰ ਦਾ ਇਹ ਸਿਰਲੇਖ ਹੀ ਵਰਜਿਤ-ਫ਼ਲ ਨੂੰ ਚੱਖਣ ਜਿਹੀ ਜਿਗਿਆਸਾ ਪੈਦਾ ਕਰਕੇ ਸਾਰੇ ਇਸ਼ਤਿਹਾਰ ਨੂੰ ਇੱਕੋ-ਸਾਹੇ ਪੜ੍ਹ ਜਾਣ ਲਈ ਉਤੇਜਤ ਕਰਦਾ ਸੀ।

ਸ਼ਾਇਦ ਰਚਨਾ ਵਿਚ ਜਿਗਿਆਸਾ ਕਾਇਮ ਰੱਖਣ ਦੀ ਜੁਗਤ ਦਾ ਕੋਈ ਕਿਣਕਾ ਮਾਸਟਰ ਹਰਚਰਨ ਸਿੰਘ ਦੀਆਂ ਪਾਠਕ੍ਰਮ ਤੋਂ ਬਾਹਰਲੀਆਂ ਇਨ੍ਹਾਂ ਗੱਲਾਂ ਵਿਚੋਂ ਸਹਿਜੇ ਹੀ ਮੇਰੇ ਅੰਦਰ ਵੀ ਡਿੱਗ ਪਿਆ ਹੋਵੇ!

ਸਾਡਾ ਡਰਾਇੰਗ ਮਾਸਟਰ ਹੁੰਦਾ ਸੀ, ਵਿਲੀਅਮ। ਇਹ ਵੀ ਪੰਜਵੀਂ-ਛੇਵੀਂ ਦੀਆਂ ਗੱਲਾਂ ਨੇ। ਉਹਨੇ ਸੇਬ ਜਾਂ ਕੇਲਾ ਬਲੈਕਬੋਰਡ ਉਤੇ ਵਾਹ ਦੇਣਾ ਅਤੇ ਸਾਨੂੰ ਉਹਦੀ ਤਸਵੀਰ ਬਣਾਉਣ ਲਈ ਆਖਣਾ। 'ਮਾਡਲ' ਵਾਹ ਕੇ ਵਿਹਲਾ ਹੋ ਚੁੱਕਾ ਵਿਲੀਅਮ ਕੋਈ ਨਾ ਕੋਈ ਕਹਾਣੀ ਛੁਹ ਲੈਂਦਾ। ਉਸ ਕੋਲ ਵੀ ਕਹਾਣੀ ਕਹਿਣ ਦਾ ਕਮਾਲ ਦਾ ਹੁਨਰ ਸੀ। ਅਸੀਂ ਕੀਲੇ ਹੋਏ ਉਸ ਦੀਆਂ ਗੱਲਾਂ ਸੁਣਦੇ। ਵਿਚ ਵਿਚ ਉਹ ਕਿਸੇ ਕਿਸੇ ਦੇ ਬਣਾਏ ਕੇਲੇ-ਸੰਤਰੇ ਦੀ ਸੁਧਾਈ ਵੀ ਕਰਦਾ ਰਹਿੰਦਾ। ਉਸ ਦੇ ਇਸੇ ਗੁਣ ਕਰਕੇ ਅਸੀਂ ਉਸ ਵਾਸਤੇ ਮੱਛੀਆਂ ਫੜ੍ਹਨ ਲਈ ਆਪਣੇ ਖੇਤਾਂ ਵਿਚ ਜਾ ਕੇ ਖਾਲਾਂ ਵਿਚੋਂ ਗੰਡੋਏ ਪੁੱਟ ਕੇ ਖ਼ੁਸ਼ੀ ਖ਼ੁਸ਼ੀ ਉਸ ਦੀ ਸੇਵਾ ਵਿਚ ਹਾਜ਼ਰ ਕਰਦੇ।

ਹਰਚਰਨ ਸਿੰਘ ਅਤੇ ਵਿਲੀਅਮ ਨੇ ਕਹਾਣੀ ਸੁਣਨ ਦੀ ਮੇਰੀ ਭੁੱਖ ਨੂੰ ਤ੍ਰਿਪਤ ਕਰਨ ਅਤੇ ਕਹਾਣੀ ਨਾਲ ਪ੍ਰੇਮ ਪਾਉਣ ਵਿਚ ਵੱਡਾ ਰੋਲ ਅਦਾ ਕੀਤਾ।

ਗਿਆਨੀ ਨਿਰੰਜਣ ਸਿੰਘ ਅਜਿਹਾ ਅਧਿਆਪਕ ਸੀ ਜਿਸ ਦਾ ਇਸ ਗੱਲ ਉਤੇ ਜ਼ੋਰ ਹੁੰਦਾ ਕਿ ਪੰਜਾਬੀ ਦੀ ਸਬੰਧਤ ਸ਼੍ਰੇਣੀ ਦੀ ਪਾਠ-ਪੁਸਤਕ ਦਾ ਹਰੇਕ ਲੇਖ, ਕਵਿਤਾ ਅਤੇ ਕਹਾਣੀ ਸਾਨੂੰ ਜ਼ਬਾਨੀ ਯਾਦ ਹੋਣੀ ਚਾਹੀਦੀ ਹੈ ਅਤੇ ਉਹ ਇਸ ਗੱਲ ਉਤੇ ਡਟਵਾਂ ਪਹਿਰਾ ਦੇ ਕੇ ਸਾਨੂੰ ਪਾਠ-ਪੁਸਤਕ ਯਾਦ ਕਰਵਾਉਂਦਾ। ਉਸ ਵੇਲੇ ਦੀਆਂ ਯਾਦ ਕੀਤੀਆਂ ਕਈ ਕਵਿਤਾਵਾਂ ਅਜੇ ਵੀ ਮੇਰੇ ਚੇਤੇ ਵਿਚੋਂ ਪਾਣੀ ਵਾਂਗ ਵਹਿ ਨਿਕਲਦੀਆਂ ਹਨ। ਜ਼ਬਾਨੀ ਯਾਦ ਕੀਤੀਆਂ ਅਤੇ ਵਾਰ ਵਾਰ ਦੁਹਰਾਈਆਂ ਅਤੇ ਸੁਣਾਈਆਂ ਜਾਣ ਵਾਲੀਆਂ ਇਨ੍ਹਾਂ ਕਵਿਤਾਵਾਂ ਦੀ ਬਦੌਲਤ ਹੀ ਮੇਰਾ ਕਵਿਤਾ ਨਾਲ ਪਿਆਰ ਪਿਆ ਤੇ ਮੈਨੂੰ ਕਵਿਤਾ ਦੇ ਮੀਟਰ, ਬਹਿਰ ਅਤੇ ਵਜ਼ਨ ਦੀ ਵੀ ਸਹਿਜ-ਸੋਝੀ ਮਿਲ ਗਈ। ਬਿਨਾਂ ਕਿਸੇ ਬਾਕਾਇਦਾ ਸਿੱਖਿਆ ਦੇ ਮੈਨੂੰ ਕਵਿਤਾ ਵਿਚ ਵਜ਼ਨ ਦੀ ਘਾਟ-ਵਾਧ ਦਾ ਤੁਰੰਤ ਪਤਾ ਚੱਲ ਜਾਂਦਾ ਹੈ। ਰਚਨਾ ਨੂੰ ਜ਼ਬਾਨੀ ਯਾਦ ਕਰਨ ਨਾਲ ਹਰੇਕ ਸ਼ਬਦ ਅਤੇ ਵਾਕ ਨੂੰ ਨੇੜਿਓਂ ਜਾ ਕੇ ਮਿਲਣ, ਸਮਝਣ ਅਤੇ ਮਾਨਣ ਦਾ ਮੌਕਾ ਮਿਲਦਾ।

ਸ਼ਬਦਾਂ ਦੇ ਏਨਾ ਨੇੜੇ ਜਾ ਕੇ ਅਤੇ ਹਰ ਪਲ ਯਾਦ ਵਿਚ ਵੱਸੇ ਹੋਣ ਕਰਕੇ ਪ੍ਰਾਪਤ ਹੋਈ 'ਸ਼ਬਦਾਂ ਦੀ ਰਹੱਸਮਈ ਤਾਕਤ' ਨੂੰ ਵੀ ਅਣਗੌਲਿਆਂ ਨਹੀਂ ਕੀਤਾ ਜਾ ਸਕਦਾ। ਸਤਵੀਂ ਵਿਚ ਪੜ੍ਹਦਾ ਸਾਂ ਜਦੋਂ ਸ਼ਹੀਦ ਭਗਤ ਸਿੰਘ ਨਾਲ ਸਬੰਧਤ ਇੱਕ ਲੇਖ ਪਾਠ-ਪੁਸਤਕ ਵਿਚੋਂ ਪੜ੍ਹਿਆ ਅਤੇ ਯਾਦ ਕਰਦਿਆਂ ਮੈਂ ਸ਼ਬਦਾਂ ਦੇ ਰਾਹੀਂ ਭਗਤ ਸਿੰਘ ਦੇ ਏਨਾ ਨੇੜੇ ਚਲਾ ਗਿਆ ਕਿ ਇੱਕ ਮਹਾਂਨਾਇਕ ਵਾਂਗ ਉਹ ਮੇਰੇ ਅੰਦਰ ਵੱਸ ਗਿਆ। ਗ਼ਲਤ ਨਿਜ਼ਾਮ ਨੂੰ ਬਦਲਣ ਦੀ ਤਾਂਘ ਰੱਖਣ ਅਤੇ ਲੋੜੀਂਦਾ ਕਰਮ ਕਰਨ ਦੀ ਪਹਿਲੀ ਚੰਗਿਆੜੀ ਮੇਰੇ ਅੰਦਰ ਇਸ ਲੇਖ ਨੇ ਪੈਦਾ ਕੀਤੀ। ਸ਼ਾਇਦ ਇਹ ਚਿਣਗ ਨਾ ਜਾਗਦੀ ਜਾਂ ਕਿਤੇ ਪਿੱਛੋਂ ਜਾ ਕੇ ਜਾਗਦੀ ਜੇ ਗਿਆਨੀ ਨਿਰੰਜਣ ਸਿੰਘ ਦੀ ਬਦੌਲਤ ਮੈਂ ਸ਼ਬਦ ਦੇ ਏਨਾ ਨੇੜੇ ਨਾ ਪੁੱਜਦਾ ਅਤੇ ਉਹ ਸ਼ਬਦ ਮੇਰੀ ਯਾਦ-ਤਖ਼ਤੀ 'ਤੇ, ਮੇਰੇ ਮਨ-ਮਸਤਕ ਉਤੇ ਮੈਨੂੰ ਹਮੇਸ਼ਾ ਲਿਖੇ ਦਿਖਾਈ ਨਾ ਦਿੰਦੇ ਰਹਿੰਦੇ, ਉਨ੍ਹਾਂ ਨੂੰ ਯਾਦ ਕਰਨ ਲਈ ਵਾਰ ਵਾਰ ਰੱਟਾ ਨਾ ਲਾਉਂਦਾ ਅਤੇ ਹੌਲੀ ਹੌਲੀ ਯਾਦ ਕੀਤੇ ਨੂੰ ਆਪਣੀ ਆਤਮਾ ਦਾ ਹਿੱਸਾ ਨਾ ਬਣਾ ਲੈਂਦਾ!

ਗਿਆਨੀ ਨਿਰੰਜਣ ਸਿੰਘ ਜਦੋਂ ਕੋਈ ਲੇਖ ਜਾਂ ਅਰਜ਼ੀ ਲਿਖਵਾਉਂਦਾ ਤਾਂ ਕਾਪੀਆਂ ਚੁਕਵਾ ਕੇ ਆਪਣੇ ਘਰ ਲੈ ਜਾਂਦਾ। 'ਕੱਲ੍ਹੇ 'ਕੱਲ੍ਹੇ ਮੁੰਡੇ ਦੀ ਕਾਪੀ ਵੇਖਦਾ। ਇੱਕ ਇੱਕ ਅੱਖਰ ਪੜ੍ਹਦਾ ਤੇ ਲਾਲ ਪੈਨ ਨਾਲ ਸ਼ਬਦ-ਜੋੜਾਂ, ਕੌਮਿਆਂ, ਬਿੰਦੀਆਂ-ਟਿੱਪੀਆਂ ਦੀਆਂ ਗ਼ਲਤੀਆਂ ਲਾਉਂਦਾ। ਫਿਰ ਕਿਸੇ ਦਿਨ ਕਾਪੀਆਂ ਮੰਗਵਾ ਕੇ ਜਮਾਤ ਦੇ ਮੇਜ਼ ਉਤੇ ਰੱਖਦਾ। ਹਰੇਕ ਮੁੰਡੇ ਨੂੰ ਵਾਰੀ ਵਾਰੀ ਕੋਲ ਬੁਲਾਉਂਦਾ, ਗ਼ਲਤੀਆਂ ਵਿਖਾਉਂਦਾ ਤੇ ਠੀਕ ਕਰਨ ਦਾ ਵੱਲ ਸਮਝਾਉਂਦਾ ਤੇ ਕਿਸੇ ਕਿਸੇ ਖ਼ਰ-ਦਿਮਾਗ਼ ਨੂੰ ਚਪੇੜਾਂ ਦਾ ਪ੍ਰਸ਼ਾਦ ਵੀ ਛਕਾਉਂਦਾ। ਪੰਜਾਬੀ ਨੂੰ ਸ਼ੁਧ ਅਤੇ ਧਿਆਨ ਨਾਲ ਪੜ੍ਹਨ-ਲਿਖਣ ਪਿੱਛੇ ਉਸ ਦੀ ਦੇਣ ਨੂੰ ਅਣਗੌਲਿਆਂ ਨਹੀਂ ਕੀਤਾ ਜਾ ਸਕਦਾ।

ਉਸ ਦੇ ਵਿਦਿਆਰਥੀਆਂ ਨੂੰ ਝਿੜਕਦੇ ਬੋਲਾਂ ਵਿਚ ਅਜੀਬ ਰੰਗੀਨੀ ਅਤੇ ਹਾਸ-ਵਿਅੰਗ ਹੁੰਦਾ। ਉਹ 'ਕੀ ਸਦੇ' ਤਕੀਆ-ਕਲਾਮ ਦੀ ਅਕਸਰ ਵਰਤੋਂ ਕਰਦਾ ਅਤੇ 'ਭੂਤਨੀ ਦਿਆ' ਕਹਿ ਕੇ ਗੱਲ ਸ਼ੁਰੂ ਕਰਦਾ। ਕਈ ਸਾਲ ਗੁਜ਼ਰ ਜਾਣ ਬਾਅਦ ਵੀ ਜਦੋਂ ਅਸੀਂ ਪੁਰਾਣੇ ਜਮਾਤੀ ਕਿਤੇ ਮਿਲਦੇ ਤੇ ਸਕੂਲ ਵੇਲੇ ਦੀਆਂ ਗੱਲਾਂ ਕਰਦੇ ਤਾਂ ਗਿਆਨੀ ਨਿਰੰਜਣ ਸਿੰਘ ਦੀਆਂ ਝਿੜਕਾਂ ਦਾ ਭਾਸ਼ਾਈ-ਮੁਹਾਵਰਾ ਦੁਹਰਾ ਕੇ ਸਵਾਦ ਲੈਂਦੇ। ਮਸਲਨ, ਇੱਕ ਵਾਰ ਸਾਡਾ ਜਮਾਤੀ ਅਤਰ ਸਿੰਘ ਉਸ ਦੇ ਪੀਰੀਅਡ ਵਿਚ ਗੱਲਾਂ ਕਰਨੋਂ ਨਾ ਹਟੇ। ਗਿਆਨੀ ਨੇ ਉਸ ਨੂੰ ਵਰਜਿਆ, "ਉਏ ਭੂਤਨੀ ਦਿਆ ਅਤਰਿਆ! ਕੀ ਸਦੇ, ਤੂੰ ਕੀ ਕੁਕੜੀ ਦੀ ਤਰ੍ਹੇ ਕੁੜ ਕੁੜ ਲਾਈ ਹੋਈ ਏ। ਆਰਾਮ ਨਾਲ ਬੈਠ। ਨਹੀਂ ਤਾਂ ਮੈਂ ਤੇਰੇ, ਕੀ ਸਦੇ, ਓਥੇ ਮਾਰਾਂਗਾ, ਜਿੱਥੋਂ ਘਰ ਜਾ ਕੇ ਮਾਂ ਨੂੰ ਵੀ ਵਿਖਾਉਣ ਜੋਗਾ ਨਾ ਰਹਵੇਂ।" ਪਰ ਅਤਰ ਸਿੰਘ 'ਅਰਾਮ ਨਾਲ' ਨਾ ਬੈਠਿਆ ਤੇ ਕੁੱਝ ਪਲਾਂ ਬਾਅਦ ਫਿਰ 'ਕੁੜ-ਕੁੜ' ਸ਼ੁਰੂ ਕਰ ਦਿੱਤੀ ਤਾਂ ਗਿਆਨੀ ਨੇ ਭਾਸ਼ਾਈ-ਬਾਣ ਛੱਡਿਆ, "ਉਏ ਭੂਤਨੀ ਦਿਆ, ਮੈਂ ਤੈਨੂੰ ਕੁੜ-ਕੁੜ ਬੰਦ ਕਰਨ ਲਈ ਕਿਹਾ ਪਰ ਤੂੰ ਸਗੋਂ ਮੱਛਰਦਾ ਹੀ ਜਾਂਦੈ। ਤੂੰ ਸਮਝਦੈਂ ਕਿ ਟਟਿਆਹੁਲੀ ਦੀ ਤਰ੍ਹੇ, ਕੀ ਸਦੇ, ਤੂੰ ਹੀ ਅਸਮਾਨ ਆਪਣੀਆਂ ਟੰਗਾਂ 'ਤੇ ਖੜਾ ਕੀਤਾ ਹੋਇਐ। ਟਟਿਆਹੁਲੀ ਵੀ ਇੰਜ ਹੀ ਸਮਝਦੀ ਸੀ ਤੇ ਟੰਗਾਂ ਅਸਮਾਨ ਵੱਲ ਕਰਕੇ ਪਈ ਸੀ ਪਰ ਜਦੋਂ ਕਾਂ ਨੇ ਆ ਕੇ 'ਓਥੇ' ਕਰਕੇ ਚੁੰਝ ਮਾਰੀ ਤਾਂ ਫਿਰ ਕਰਦੀ ਫਿਰੇ, 'ਆਏ, ਕੀ ਕੀਤਾ! ਹਾਏ, ਕੀ ਕੀਤਾ'। ਫਿਰ ਜੂ, ਭੂਤਨੀ ਦਿਆ ਅਤਰਿਆ! ਟਟਿਆਹੁਲੀ ਦੀ ਤਰ੍ਹੇ, ਕੀ ਸਦੇ, ਕਰਦਾ ਫਿਰੇਂਗਾ, 'ਆਏ ਕੀ ਕੀਤਾ! ਹਾਏ ਕੀ ਕੀਤਾ,' ਹੁਣੇ ਅਰਾਮ ਨਾਲ ਬੈਠ ਖਾਂ ਉਏ।"

ਇਸ ਤੋਂ ਬਾਅਦ ਅਤਰ ਨੇ ਉਸ ਦੀ ਜਮਾਤ ਵਿਚ ਮੁੜ ਕਦੀ 'ਕੁੜ-ਕੁੜ' ਨਾ ਕੀਤੀ।

ਇੱਕ ਵਾਰ ਗਿਆਨੀ ਨੇ ਵਿਦਿਆਰਥੀਆਂ ਤੋਂ ਆਮ ਪੁੱਛਿਆ ਜਾਣ ਵਾਲਾ ਸਵਾਲ ਕੀਤਾ, 'ਤੁਸੀਂ ਵੱਡੇ ਹੋ ਕੇ ਕੀ ਬਣਨਾ ਚਾਹੁੰਦੇ ਹੋ?' ਸਾਰਿਆਂ ਨੇ ਆਪੋ ਆਪਣਾ ਜਵਾਬ ਦਿੱਤਾ। ਮੈਨੂੰ ਆਪਣਾ ਜਵਾਬ ਤਾਂ ਚੇਤੇ ਨਹੀਂ ਰਿਹਾ ਪਰ ਜੋਗਿੰਦਰ ਦਾ ਜਵਾਬ ਯਾਦ ਹੈ ਜਿਸ ਨੇ ਕਿਹਾ ਸੀ, "ਮਾਸਟਰ ਜੀ ਮੈਂ ਟਰੱਕ ਡਰੈਵਰ ਬਣਨਾ ਚਾਹੁੰਦਾ ਹਾਂ।" ਸਾਰੀ ਜਮਾਤ ਖਿੜ-ਖਿੜਾ ਕੇ ਹੱਸ ਪਈ। ਜੋਗਿੰਦਰ ਵੱਡੀ ਸਾਰੀ ਢਿੱਲੜ ਜਿਹੀ ਪੱਗ ਬੰਨ੍ਹਦਾ ਜਿਸ ਦੇ ਆਖ਼ਰੀ ਪੱਲੇ ਨੂੰ ਉਹ ਕੁੱਝ ਇਸ ਤਰ੍ਹਾਂ ਵਲ੍ਹੇਟਦਾ ਕਿ ਉਸ ਦੀ ਸੱਜੀ ਅੱਖ ਅੱਧੀ ਕੁ ਕੱਜੀ ਰਹਿੰਦੀ। ਆਪਣੀ ਜ਼ਿੰਦਗੀ ਦਾ ਭਵਿੱਖੀ-ਸੁਪਨਾ ਸੁਣਾ ਕੇ ਹਟੇ ਜੋਗਿੰਦਰ ਨੂੰ ਅਜੇ ਕੁੱਝ ਚਿਰ ਹੀ ਹੋਇਆ ਸੀ ਕਿ ਗਿਆਨੀ ਨੇ ਕੱਲ੍ਹ ਪੜ੍ਹਾਏ ਫ਼ਰੀਦ ਦੇ ਸਲੋਕਾਂ ਦੇ ਅਰਥ, ਵਿਦਿਆਰਥੀਆਂ ਕੋਲੋਂ, ਸੁਣਨੇ ਸ਼ੁਰੂ ਕਰ ਦਿੱਤੇ। ਜੋਗਿੰਦਰ ਦੀ ਵਾਰੀ ਆਈ ਤਾਂ ਉਹ ਸਲੋਕਾਂ ਦੇ ਅਰਥ ਨਾ ਕਰ ਸਕਿਆ। ਗਿਆਨੀ ਨੇ ਉਸ ਨੂੰ ਕੋਲ ਸੱਦਿਆ ਅਤੇ ਅੱਖ 'ਤੇ ਸਰਕ ਆਏ ਉਸ ਦੀ ਪੱਗ ਦੇ ਪੱਲੇ ਨੂੰ ਉਤਾਂਹ ਕਰਕੇ ਉਸ ਦੇ ਕੰਨ ਨੂੰ ਫੜ੍ਹ ਕੇ ਜ਼ੋਰ ਦੀ ਹਲੂਣਦਿਆਂ ਕਹਿੰਦਾ, "ਭੂਤਨੀ ਦਿਆ, ਕੀ ਸਦੇ, ਕੀ ਕਹਿਦੈਂ, ਟਰੱਕ ਡਰੈਵਰ ਬਣਨੈਂ?" ਫਿਰ ਉਸ ਨੇ ਉਸ ਦੀ ਢਿੱਲੜ ਜਿਹੀ ਪੱਗ ਨੂੰ ਹੋਰ ਉਤਾਂਹ ਕਰਦਿਆਂ ਉਸ ਦੀ ਗੱਲ੍ਹ ਨੰਗੀ ਕੀਤੀ ਤੇ ਜ਼ੋਰ ਦੀ ਚਪੇੜ ਉਹਦੇ ਮੂੰਹ 'ਤੇ ਮਾਰ ਕੇ ਕਹਿੰਦਾ, "ਭੂਤਨੀ ਦਿਆ! ਕੀ ਸਦੇ, ਆਹ ਹਵਾਈ ਜਹਾਜ਼ ਜਿਹਾ ਤਾਂ ਅੱਖਾਂ ਤੋਂ 'ਤਾਂਹ ਕਰਕੇ ਰੱਖ। ਐਵੇਂ ਕਿਤੇ ਗੱਡੀ ਖੱਡਿਆਂ 'ਚ ਮਾਰੇਂਗਾ। ਅਖੇ, ਮੈਂ ਟਰੱਕ ਡਰੈਵਰ ਬਣਨੈਂ।"

*ਸਾਡੇ ਪਿੰਡ ਦੇ ਵਾਸੀ ਸੂਰਜਜੀਤ ਸੰਧੂ ਕੋਲ ਪ੍ਰੀਤ-ਲੜੀ ਆਇਆ ਕਰਦੀ ਸੀ। ਜਿਵੇਂ ਮੈਂ ਦੱਸ ਆਇਆ ਹਾਂ, ਉਹ ਮੇਰੇ ਪਿਤਾ ਲਈ 'ਪ੍ਰੀਤ-ਲੜੀ' ਲੈ ਕੇ ਆਉਂਦਾ ਤੇ ਸਾਡੀ ਡਿਓੜ੍ਹੀ ਵਿਚ ਬੈਠੇ ਬੰਦਿਆਂ ਨੂੰ ਉਸ ਵਿਚੋਂ ਕੁੱਝ ਲੋੜੀਂਦੇ ਅੰਸ਼ ਵੀ ਪੜ੍ਹ ਕੇ ਸੁਣਾਉਂਦਾ। ਇੰਜ ਪ੍ਰੀਤ-ਲੜੀ ਦਾ ਪਾਠਕ ਵੀ ਮੈਂ ਆਪਣੇ ਪਿਤਾ ਸਦਕਾ ਬਣਿਆ। ਜਦੋਂ ਅਜੇ ਮੇਰੀ ਪੜ੍ਹਨ ਦੀ ਉਮਰ ਵੀ ਨਹੀਂ ਸੀ ਉਦੋਂ ਵੀ ਰਾਤ ਨੂੰ ਲਾਲਟੈਨ ਦੇ ਮੱਧਮ ਚਾਨਣ ਵਿਚ ਉਹ ਸਾਨੂੰ ਨਾਵਲ ਅਤੇ ਕਹਾਣੀਆਂ ਪੜ੍ਹ ਕੇ ਸੁਣਾਉਂਦਾ। ਮੈਂ ਉਹਦੇ ਨਾਲ ਬਿਸਤਰੇ ਉਤੇ ਲੇਟਿਆ, ਉਹਨੂੰ ਪੜ੍ਹਦਿਆਂ ਅਤੇ ਕਿਤਾਬ ਦੇ ਵਰਕੇ ਉਥੱਲਦਿਆਂ ਵੇਖਦਾ ਰਹਿੰਦਾ ਤੇ ਸੁਣਾਈ ਜਾ ਰਹੀ ਕਹਾਣੀ ਦੀ ਦੁਨੀਆਂ ਵਿਚ ਗਵਾਚਿਆ ਕਲਪਨਾ ਦੇ ਇਸ ਰੰਗ-ਬਰੰਗੇ ਸੰਸਾਰ ਵਿਚ ਤਾਰੀਆਂ ਲਾਉਂਦਾ।*

ਠੀਕ ਤਰ੍ਹਾਂ ਸਬਕ ਨਾ ਸੁਣਾ ਸਕਣ ਤੋਂ ਇਲਾਵਾ ਉਸ ਨੂੰ ਇਸ ਗੱਲ ਦੀ ਵੀ ਖਿਝ ਸੀ ਕਿ ਉਸ ਦੇ ਵਿਦਿਆਰਥੀ ਨੇ ਭਵਿੱਖ ਦਾ ਕੋਈ ਵੱਡਾ ਸੁਪਨਾ ਕਿਉਂ ਨਹੀਂ ਲਿਆ! ਕੁਝ ਵੀ ਸੀ, ਗਿਆਨੀ ਨਿਰੰਜਣ ਸਿੰਘ ਦੇ ਟੇਢੇ ਬੋਲਾਂ ਵਿਚ ਲੁਕੇ ਹਾਸ-ਵਿਅੰਗ ਦਾ ਮੇਰੇ ਅਵਚੇਤਨ ਦਾ ਵੀ ਕੋਈ ਹਿੱਸਾ ਬਣ ਜਾਣਾ ਅਸਲੋਂ ਝੂਠ ਨਹੀਂ ਹੋ ਸਕਦਾ।

ਸਤਵੀਂ ਵਿਚ ਸਾਨੂੰ ਇੱਕ ਹੋਰ ਨਵਾਂ ਅਧਿਆਪਕ ਵੀ ਪੜ੍ਹਾਉਣ ਆਉਣ ਲੱਗਾ। ਸਾਡੇ ਪਿੰਡ ਸ਼ਾਇਦ ਉਸ ਦੀ ਅਧਿਆਪਕ ਵਜੋਂ ਇਹ ਪਹਿਲੀ ਹੀ ਨਿਯੁਕਤੀ ਸੀ। ਉਸ ਦਾ ਨਾਂ ਸੁਖਦੇਵ ਸਿੰਘ ਸੀ। ਉਹ ਸਾਨੂੰ ਅਖ਼ਬਾਰਾਂ ਦੀਆਂ ਦਿਲਚਸਪ ਖ਼ਬਰਾਂ ਅਤੇ ਹਵਾਲੇ ਵੀ ਸੁਣਾਉਂਦਾ ਰਹਿੰਦਾ। ਮੈਨੂੰ ਯਾਦ ਹੈ ਉਸ ਨੇ ਅਖ਼ਬਾਰ ਤੋਂ ਸਾਨੂੰ ਉਸ ਵੇਲੇ ਦੇ ਕੇਂਦਰੀ ਵਿਦਿਆ ਮੰਤਰੀ ਅਬੁੱਲ ਕਲਾਮ ਆਜ਼ਾਦ ਦੀ ਤਸਵੀਰ ਵਿਖਾਉਂਦਿਆਂ ਉਸ ਦੀ ਜ਼ਹਾਨਤ ਬਾਰੇ ਦੱਸਿਆ ਸੀ ਅਤੇ ਫਿਰ ਉਸ ਦੀ ਟੋਪੀ ਅਤੇ ਨਿੱਕੀਆਂ ਮੁੱਛਾਂ ਵਾਲੀ ਤਸਵੀਰ ਬਲੈਕਬੋਰਡ ਉਤੇ ਬਣਾ ਕੇ ਸਾਨੂੰ ਮਨੁੱਖੀ ਸ਼ਕਲ ਬਣਾਉਣ ਦਾ ਵੱਲ ਵੀ ਦੱਸਿਆ। ਉਸ ਨੇ ਸਾਨੂੰ ਉਨ੍ਹਾਂ ਦਿਨਾਂ ਵਿਚ ਵਾਪਰੀ ਅਤੇ ਹਰ ਰੋਜ਼ ਅਖ਼ਬਾਰਾਂ ਵਿਚ ਛਪ ਰਹੀ ਬੂਟਾ ਸਿੰਘ-ਜੈਨਬ ਦੀ ਪ੍ਰੇਮ-ਕਹਾਣੀ ਬੜੇ ਵਿਸਥਾਰ ਵਿਚ ਸੁਣਾਈ।

ਸੰਤਾਲੀ ਵੇਲੇ ਜ਼ੈਨਬ ਨਾਂ ਦੀ ਮੁਟਿਆਰ ਦਾ ਬੂਟਾ ਸਿੰਘ ਨਾਲ ਵਿਆਹ ਹੋ ਗਿਆ ਸੀ ਅਤੇ ਉਨ੍ਹਾਂ ਦੀ ਇੱਕ ਧੀ ਵੀ ਸੀ। ਪਰ ਕੁੱਝ ਸਾਲਾਂ ਬਾਅਦ ਦੋਵਾਂ ਸਰਕਾਰਾਂ ਦੇ ਆਪਸੀ ਸਮਝੌਤੇ ਅਨੁਸਾਰ ਦੋਵਾਂ ਮੁਲਕਾਂ ਵਿਚ ਪਿੱਛੇ ਰਹਿ ਗਈਆਂ ਜਾਂ ਉਧਾਲੀਆਂ ਗਈਆਂ ਔਰਤਾਂ ਨੂੰ ਵਾਪਸ 'ਆਪਣੇ ਆਪਣੇ' ਮੁਲਕ ਵਿਚ ਭੇਜਣ ਦੀ ਮੁਹਿੰਮ ਸ਼ੁਰੂ ਹੋਈ ਤਾਂ ਜ਼ੈਨਬ ਨੂੰ ਵੀ ਉਸ ਦੀ ਮਰਜ਼ੀ ਦੇ ਵਿਰੁਧ ਪੁਲਿਸ ਜੀਪ ਵਿਚ ਬਿਠਾ ਕੇ ਲੈ ਗਈ। ਬੂਟਾ ਸਿੰਘ ਤਰਲੇ ਲੈਂਦਾ ਰਿਹਾ ਤੇ ਜ਼ੈਨਬ ਦੇ ਜਾਣ ਸਮੇਂ ਕੀਤੇ ਵਾਅਦੇ ਅਨੁਸਾਰ ਕਿ ਉਹ ਹਰ ਹਾਲਤ ਵਿਚ ਵਾਪਸ ਪਰਤ ਆਏਗੀ, ਉਸ ਨੂੰ ਉਡੀਕਦਾ ਰਿਹਾ। ਪਰ ਜ਼ੈਨਬ ਵਾਪਸ ਨਾ ਪਰਤੀ। ਆਪਣੀ ਉਡੀਕ ਨੂੰ ਫ਼ਲ ਨਾ ਲੱਗਦਾ ਵੇਖ ਕੇ ਉਹ ਮੁਸਲਮਾਨ ਬਣ ਕੇ ਜ਼ੈਨਬ ਨੂੰ ਲੱਭਣ ਪਾਕਿਸਤਾਨ ਗਿਆ। ਉਨ੍ਹਾਂ ਦੀ ਧੀ ਵੀ ਉਸ ਦੇ ਨਾਲ ਸੀ। ਲੰਮੀ ਜਦੋਜਹਿਦ ਤੋਂ ਬਾਅਦ ਜਦੋਂ ਉਸ ਨੇ ਜ਼ੈਨਬ ਨੂੰ ਲੱਭ ਲਿਆ ਤਾਂ ਜ਼ੈਨਬ ਨੇ ਆਪਣੇ ਮਾਪਿਆਂ ਦੇ ਦਬਾਅ ਅਧੀਨ ਉਸ ਨੂੰ ਪਛਾਨਣ ਤੋਂ ਇਨਕਾਰ ਕਰ ਦਿੱਤਾ। ਬੂਟਾ ਸਿੰਘ ਨੇ ਨਿਰਾਸ਼ ਹੋ ਕੇ ਰੇਲ ਦੀ ਲਾਈਨ 'ਤੇ ਸਿਰ ਰੱਖ ਕੇ ਆਤਮ-ਹੱਤਿਆ ਕਰ ਲਈ।

ਇਸ ਕਹਾਣੀ ਦੇ ਵੇਰਵੇ ਬੜੇ ਦਿਲ-ਹਿਲਾਉਣ ਵਾਲੇ ਸਨ। ਸੁਣਾਉਣ ਲੱਗਿਆਂ ਸੁਖਦੇਵ ਸਿੰਘ ਨੇ ਇਸ ਵਿਚ ਆਪਣੀ ਸੰਵੇਦਨਾ ਦਾ ਰੰਗ ਵੀ ਭਰ ਦਿੱਤਾ। ਦੇਸ਼-ਵੰਡ ਦੀ ਕਰੂਰ ਹਕੀਕਤ ਦੇ ਵੇਰਵੇ ਸਾਡੇ ਕੋਲ ਪਹਿਲਾਂ ਵੀ ਸਨ ਪਰ ਇਸ ਵੇਰਵੇ ਨੇ ਸਾਡੇ ਮਨਾਂ ਨੂੰ ਝੂਣ-ਹਲੂਣ ਦਿੱਤਾ। ਧਰਮ ਦੀ ਅੰਨ੍ਹੀ ਕੱਟੜਤਾ ਨਾਲ ਸਾਨੂੰ ਡੂੰਘੀ ਨਫ਼ਰਤ ਹੋ ਗਈ ਸੀ।

ਸੁਖਦੇਵ ਸਿੰਘ ਦੱਸਦਾ ਕਿ ਉਹ 'ਪ੍ਰੀਤ-ਲੜੀ' ਦਾ ਬਾਕਾਇਦਾ ਪਾਠਕ ਹੈ। ਮੈਂ ਤਾਂ ਭਾਵੇਂ 'ਪ੍ਰੀਤ-ਲੜੀ' ਬਾਰੇ ਆਪਣੇ ਘਰੋਂ ਸੁਣਿਆਂ ਅਤੇ ਇਸ ਨੂੰ ਪੜ੍ਹਿਆ ਵੀ ਹੋਇਆ ਸੀ ਪਰ ਦੂਜੇ ਮੁੰਡਿਆਂ ਲਈ ਇਹ ਨਾਂ ਬਿਲਕੁਲ ਨਵਾਂ ਸੀ ਅਤੇ ਇਸ ਦੇ ਸੰਪਾਦਕ ਗੁਰਬਖ਼ਸ਼ ਸਿੰਘ ਦੀ ਸੋਚ ਅਤੇ ਲਿਖਤਾਂ ਦਾ ਹਵਾਲਾ ਅਤੇ ਵੇਰਵਾ ਸਾਡੇ ਸਾਰਿਆਂ ਲਈ ਸੋਚ-ਸਮਝ ਦਾ ਤਲਿਸਮੀ ਦਰਵਾਜ਼ਾ ਖੁੱਲ੍ਹਣ ਵਾਂਗ ਸੀ। ਉਹ ਸਾਨੂੰ ਭੂਤ-ਪ੍ਰੇਤਾਂ ਦੀ ਅਣਹੋਂਦ ਅਤੇ ਵਹਿਮਾਂ-ਭਰਮਾਂ ਦੇ ਖੋਖਲੇਪਨ ਬਾਰੇ ਦੱਸਦਾ ਰਹਿੰਦਾ। ਉਸ ਦੀ ਸੋਚ ਦਾ ਰੰਗ ਹੌਲੀ ਹੌਲੀ ਸਾਡੀ ਸੋਚ ਉਤੇ ਵੀ ਚੜ੍ਹਨ ਲੱਗਾ। ਹਰਚਰਨ ਸਿੰਘ ਵਾਂਗ ਹੀ ਸੁਖਦੇਵ ਸਿੰਘ ਨੂੰ ਸ਼ਬਦਾਂ ਨੂੰ ਟੁਣਕਾਉਣ ਦਾ ਹੁਨਰ ਆਉਂਦਾ ਸੀ। ਇੱਕ ਦਿਨ ਜਦੋਂ ਵਿਦਿਆਰਥੀਆਂ ਨੇ ਉਸ ਤੋਂ ਉਸ ਦੀ ਵਿਦਿਅਕ-ਯੋਗਤਾ ਬਾਰੇ ਪੁੱਛਿਆ ਕਿ ਕੀ ਉਹ ਬੀ ਏ ਬੀ ਟੀ ਪਾਸ ਹਨ ਤਾਂ ਉਸ ਨੇ ਕੁੱਝ ਇਸ ਤਰ੍ਹਾਂ ਕਿਹਾ ਸੀ, "ਕਿਸੇ ਨੇ ਕਿਹਾ ਸੀ ਅਖੇ 'ਜੇ' ਸਾਡੇ ਘਰ ਸਾਡੀ ਭੂਆ ਨਾ ਜੰਮਦੀ ਤਾਂ ਸਾਡਾ ਇੱਕ ਹੋਰ ਚਾਚਾ ਹੋਣਾ ਸੀ! ਮੈਂ ਬੀ ਏ ਪਾਸ ਤਾਂ ਹਾਂ ਪਰ ਮੇਰੀ ਬੀ ਟੀ ਨਾਲ ਵੀ ਅਜੇ 'ਜੇ' ਲੱਗਾ ਹੋਇਆ ਹੈ। ਸੋ ਮੈਂ ਬੀ ਏ, ਬੀ ਟੀ ਨਹੀਂ ਸਗੋਂ ਬੀ ਏ, ਜੇ ਬੀ ਟੀ ਹਾਂ।"

ਉਹ ਜੇ ਬੀ ਟੀ ਕਰਨ ਪਿੱਛੋਂ ਪ੍ਰਾਈਵੇਟ ਤੌਰ 'ਤੇ ਪੜ੍ਹ ਰਿਹਾ ਸੀ ਅਤੇ ਅੱਗੇ ਕੁੱਝ ਹੋਰ ਬਣਨ ਦਾ ਇਰਾਦਾ ਰੱਖਦਾ ਸੀ। ਪਿਛੋਂ ਉਚੀ ਤਾਲੀਮ ਲੈ ਕੇ ਉਹ ਮਹਿਕਮਾ ਮਾਲ ਵਿਚ ਤਹਿਸੀਲਦਾਰ ਜਾ ਲੱਗਾ ਅਤੇ ਕਿਸੇ ਵੱਡੇ ਅਹੁਦੇ ਤੋਂ ਰਿਟਾਇਰ ਹੋਇਆ। ਮੈਂ ਉਸ ਨੂੰ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਵਿਚ ਹੋਏ ਇੱਕ ਕਹਾਣੀ ਦਰਬਾਰ ਸਮੇਂ ਲਗਭਗ ਚਾਲੀ ਸਾਲਾਂ ਬਾਅਦ ਉਦੋਂ ਮਿਲਿਆ ਜਦੋਂ ਉਹ ਕਹਾਣੀ ਦਰਬਾਰ ਵਿਚ ਪੜ੍ਹੀ ਗਈ ਮੇਰੀ ਕਹਾਣੀ ਦੀ ਪ੍ਰਸ਼ੰਸਾ ਕਰਨ ਮੇਰੇ ਕੋਲ ਆਣ ਖਲੋਤਾ। ਚਾਲੀ ਸਾਲਾਂ ਵਿਚ ਸ਼ਕਲਾਂ ਦਾ ਬੜਾ ਫ਼ਰਕ ਪੈ ਜਾਂਦਾ ਹੈ। ਮੈਂ ਪੱਕ ਕਰਨ ਲਈ ਉਸ ਦਾ ਨਾਂ ਪੁੱਛਿਆ। 'ਸੁਖਦੇਵ ਸਿੰਘ' ਦੱਸੇ ਜਾਣ 'ਤੇ ਮੈਂ ਉਸ ਦਾ ਆਪਣੇ ਪਿੰਡ ਸੁਰ ਸਿੰਘ ਨਾਲ ਕਦੀ ਕੋਈ ਸਬੰਧ ਰਿਹਾ ਹੋਣ ਬਾਰੇ ਪੁੱਛਿਆ ਤਾਂ ਉਸ ਨੇ ਅਧਿਆਪਕ ਵਜੋਂ ਸੁਰ ਸਿੰਘ ਵਿਚ ਹੋਈ ਆਪਣੀ ਨਿਯੁਕਤੀ ਬਾਰੇ ਅਤੇ ਓਥੇ ਗੁਜ਼ਾਰੇ ਚੰਗੇ ਦਿਨਾਂ ਬਾਰੇ ਬੜੇ ਡੁੱਲ੍ਹ ਡੁੱਲ੍ਹ ਪੈਂਦੇ ਚਾਅ ਨਾਲ ਦੱਸਿਆ ਤਾਂ ਉਸ ਦੀਆਂ ਅੱਖਾਂ ਵਿਚ ਜਵਾਨੀ ਵਾਲੀ ਲਿਸ਼ਕ ਆ ਗਈ। ਮੈਂ ਜਦੋਂ ਉਸ ਦੇ ਗੋਡਿਆਂ ਨੂੰ ਹੱਥ ਲਾ ਕੇ ਦੱਸਿਆ ਕਿ ਮੈਂ ਉਸ ਦਾ ਸਤਵੀਂ ਜਮਾਤ ਵਿਚ ਵਿਦਿਆਰਥੀ ਰਿਹਾਂ ਅਤੇ ਉਸ ਦਾ ਮੇਰੀ ਸ਼ਖ਼ਸੀਅਤ ਉਤੇ ਯਾਦਗਾਰੀ ਪ੍ਰਭਾਵ ਹੈ ਤਾਂ ਉਸ ਦਾ ਚਿਹਰਾ ਖ਼ੁਸ਼ੀ ਅਤੇ ਅਸਚਰਜ ਨਾਲ ਖਿੜ ਉਠਿਆ। ਆਪਣੀ ਸ਼ਖ਼ਸੀਅਤ ਉਤੇ ਪਏ ਉਸ ਦੇ ਸਹਿਜ ਅਤੇ ਅਚੇਤ ਪ੍ਰਭਾਵ ਬਾਰੇ ਮੈਂ ਉਸ ਨੂੰ ਮਿਲਣ ਤੋਂ ਬਾਅਦ ਇੱਕ ਲੇਖ ਲਿਖਿਆ ਸੀ, 'ਕਹੀ ਦੇ ਟੱਪ ਦੀ ਕਰਾਮਾਤ'। ਇਹ ਕਰਾਮਾਤ ਕੁੱਝ ਇਸ ਤਰ੍ਹਾਂ ਹੋਈ।

ਸਾਡੇ ਸਕੂਲ ਦੀ ਲਹਿੰਦੀ ਬਾਹੀ ਸਵਾ-ਡੇਢ ਕੁ ਏਕੜ ਥਾਂ ਵਿਚ ਮੁਸਲਮਾਨੀ ਤਕੀਆ ਸੀ। ਇਸ ਤਕੀਏ ਅਤੇ ਸਕੂਲ ਵਿਚਕਾਰ ਕੱਚੀ ਕੰਧ ਸੀ। ਪਚਵੰਜਾ ਦੇ ਵੱਡੇ ਹੜ੍ਹਾਂ ਵਿਚ ਇਸ ਕੱਚੀ ਕੰਧ ਦਾ ਬਹੁਤਾ ਹਿੱਸਾ ਢਹਿ ਗਿਆ ਅਤੇ ਸਕੂਲ ਅਤੇ ਤਕੀਏ ਵਿਚਕਾਰ ਲਾਂਘਾ ਜਿਹਾ ਬਣ ਗਿਆ। ਦੇਸ਼-ਵੰਡ ਤੋਂ ਪਹਿਲਾਂ ਇਸ ਤਕੀਏ ਵਿਚ ਰੌਣਕ ਰਹਿੰਦੀ ਸੀ। ਇਸ ਵਿਚਕਾਰ ਬਣੇ ਉਚੇ ਥੜ੍ਹੇ ਉਤੇ ਮੁਸਲਮਾਨ ਪੀਰਾਂ-ਫ਼ਕੀਰਾਂ ਦੀਆਂ ਤਿੰਨ ਕਬਰਾਂ ਸਨ। ਕੁੱਝ ਲੋਕ ਅਜੇ ਵੀ ਵੀਰਵਾਰ ਵਾਲੇ ਦਿਨ ਇਨ੍ਹਾਂ ਕਬਰਾਂ 'ਤੇ ਚਿਰਾਗ਼ ਬਾਲਦੇ ਪਰ ਉਂਜ ਹੁਣ ਇਹ ਥਾਂ ਲਗਭਗ ਉਜਾੜ ਸੀ। ਪਿੰਡ ਦੇ ਲੋਕ ਏਥੇ ਕੂੜਾ-ਕਰਕਟ ਵੀ ਸੁੱਟਣ ਲੱਗੇ ਸਨ। ਵੇਲਾ ਤਕਾ ਕੇ ਕਈ ਰਾਤ-ਬਰਾਤੇ ਜੰਗਲ-ਪਾਣੀ ਵੀ ਕਰ ਜਾਂਦੇ। ਗ਼ੈਰ-ਸਮਾਜਕ ਹਰਕਤਾਂ ਕਰਨ ਵਾਲੇ ਵੀ ਵੇਲੇ ਕੁਵੇਲੇ ਇਸ ਥਾਂ ਦੀ ਵਰਤੋਂ ਕਰਦੇ ਰਹਿੰਦੇ ਸਨ। ਇਸ ਥਾਂ 'ਤੇ ਕਸਟੋਡੀਅਨ ਦਾ ਕਬਜ਼ਾ ਹੋਣ ਕਰਕੇ ਇਸ ਦਾ ਕੋਈ ਵਾਲੀ-ਵਾਰਸ ਨਹੀਂ ਸੀ। ਇੱਕ ਦਿਨ ਸੁਖਦੇਵ ਸਿੰਘ ਨੇ ਜਮਾਤ ਵਿਚ ਗੱਲ ਕੀਤੀ ਕਿ ਜੇ ਸਕੂਲ ਅਤੇ ਤਕੀਏ ਵਿਚਕਾਰਲੀ ਲਗਭਗ ਢਹਿ ਚੁੱਕੀ ਕੱਚੀ ਕੰਧ ਸਾਫ਼ ਕਰਕੇ ਅਤੇ ਤਕੀਏ ਵਿਚਲੀਆਂ ਕਬਰਾਂ ਨੂੰ ਢਾਹ ਕੇ ਤਕੀਏ ਦੀ ਸਾਫ਼-ਸਫ਼ਾਈ ਕਰਕੇ ਉਸ ਥਾਂ ਨੂੰ ਸਕੂਲ ਦੀ ਗਰਾਊਂਡ ਵਜੋਂ ਸਕੂਲ ਦੇ ਅਹਾਤੇ ਨਾਲ ਸ਼ਾਮਲ ਕਰ ਲਿਆ ਜਾਵੇ ਤਾਂ ਕਿੰਨਾਂ ਵਧੀਆ ਰਹੇਗਾ! ਉਸ ਨੇ ਇਸ ਮਕਸਦ ਲਈ ਵਿਦਿਆਰਥੀਆਂ ਨੂੰ ਅਹਾਤੇ ਦੀ ਸਫ਼ਾਈ ਕਰਨ ਲਈ ਵੰਗਾਰਿਆ। ਵਿਦਿਆਰਥੀਆਂ ਨੇ ਉਤਸ਼ਾਹ ਵਿਚ ਆ ਕੇ ਹਾਮੀ ਭਰੀ।

ਅਸਲ ਗੱਲ ਇਹ ਸੀ ਕਿ ਉਸ ਨੇ ਪਹਿਲਾਂ ਹੀ ਇਹ ਗੱਲ ਸਾਰੇ ਸਟਾਫ਼ ਵਿਚ ਚਲਾ ਕੇ ਵੇਖੀ ਸੀ। ਮੁੱਖ-ਅਧਿਆਪਕ ਅਤੇ ਹਰਚਰਨ ਸਿੰਘ ਸਮੇਤ ਇਕ-ਦੋ ਹੋਰ ਅਧਿਆਪਕ ਤਾਂ ਇਸ ਲਈ ਰਾਜ਼ੀ ਸਨ ਪਰ ਬਹੁਤੇ ਅਧਿਆਪਕ 'ਜ਼ਾਹਿਰਾ ਪੀਰਾਂ-ਫ਼ਕੀਰਾਂ' ਦੀ ਜਗ੍ਹਾ ਨੂੰ ਛੇੜਨ ਦੇ ਖ਼ਿਲਾਫ਼ ਸਨ ਅਤੇ ਉਨ੍ਹਾਂ ਦੀ 'ਕਰੋਪੀ' ਦਾ ਸ਼ਿਕਾਰ ਹੋਣ ਦੀ ਉਨ੍ਹਾਂ ਦੀ ਕੋਈ ਮਨਸ਼ਾ ਨਹੀਂ ਸੀ। ਹੌਲੀ ਹੌਲੀ ਅਧਿਆਪਕਾਂ ਤੇ ਵਿਦਿਆਰਥੀਆਂ ਰਾਹੀਂ ਇਹ ਚਰਚਾ ਪਿੰਡ ਵਿਚ ਵੀ ਚੱਲ ਪਈ। ਪਿੰਡ ਵਿਚ ਵੀ ਦੋ ਧੜੇ ਬਣ ਗਏ ਪਰ ਸਿਆਣੇ ਬੰਦੇ ਸੋਚਦੇ ਕਿ ਜੇ ਤਕੀਏ ਦੀ ਸਾਫ਼-ਸਫ਼ਾਈ ਹੋ ਜਾਵੇਗੀ ਤਾਂ ਇੱਕ ਤਾਂ ਇਹ ਥਾਂ ਪਿੰਡ ਵਿਚ ਗੰਦਗੀ ਫ਼ੈਲਾਉਣ ਦਾ ਸਾਧਨ ਨਹੀਂ ਰਹੇਗੀ ਅਤੇ ਦੂਜਾ ਸਕੂਲ ਨੂੰ ਬੱਚਿਆਂ ਦੇ ਖੇਡਣ ਤੇ ਹੋਰ ਵਰਤੋਂ ਲਈ ਵਧੀਆ ਥਾਂ ਵੀ ਮੁਹੱਈਆ ਹੋ ਜਾਵੇਗੀ ਪਰ ਅਵਚੇਤਨ ਵਿਚ ਬੈਠੇ ਸੰਸਕਾਰਾਂ ਦੇ ਭੈਅ ਕਾਰਨ ਸਾਰੇ ਇਸ ਗੱਲੋਂ ਡਰਦੇ ਸਨ ਤੇ ਕੋਈ ਵੀ ਕਬਰਾਂ ਢਾਹੁਣ ਦੀ ਜ਼ਿੰਮੇਵਾਰੀ ਆਪਣੇ ਸਿਰ ਨਹੀਂ ਸੀ ਲੈਣਾ ਚਾਹੁੰਦਾ। ਸੁਖਦੇਵ ਸਿੰਘ ਇਹ ਜ਼ਿੰਮੇਵਾਰੀ ਆਪਣੇ ਸਿਰ ਲੈਣ ਲਈ ਤਿਆਰ ਸੀ।



ਜੇ ਉਹ ਪੀਰਾਂ ਫ਼ਕੀਰਾਂ ਦੀ ਕਰੋਪੀ ਆਪਣੇ ਸਿਰ ਲੈਣ ਲਈ ਤਿਆਰ ਸੀ ਤਾਂ ਉਹਦੀ ਮਰਜ਼ੀ! ਕਿਸੇ ਨੂੰ ਇਸ ਵਿਚ ਕੀ ਇਤਰਾਜ਼ ਹੋ ਸਕਦਾ ਸੀ! ਹੌਲੀ ਹੌਲੀ ਮਾਹੌਲ ਉਸ ਦੇ ਹੱਕ ਵਿਚ ਬਣਦਾ ਜਾ ਰਿਹਾ ਸੀ। ਵਹਿਮੀ ਅਤੇ ਅੰਧ-ਵਿਸ਼ਵਾਸੀ ਲੋਕ ਹੁਣ ਇਹ ਤਮਾਸ਼ਾ ਵੇਖਣ ਲਈ ਤਿਆਰ ਸਨ ਕਿ ਉਸ ਦੀ ਵਧੀਕੀ ਦੀ, ਪੀਰ-ਫ਼ਕੀਰ ਉਸ 'ਤੇ ਕਰੋਪ ਹੋ ਕੇ, ਉਸ ਨੂੰ ਕੀ ਸਜ਼ਾ ਦਿੰਦੇ ਹਨ!

ਉਨ੍ਹਾਂ ਅਨੁਸਾਰ ਅੱਜ ਤੱਕ ਇਸ ਥਾਂ ਦੀ ਬੇਹੁਰਮਤੀ ਕਰਨ ਦੀ ਸੋਚ ਮਨ ਵਿਚ ਵੀ ਲਿਆਉਣ ਵਾਲੇ ਬੰਦਿਆਂ ਨੂੰ ਬੜੀਆਂ ਤਕਲੀਫ਼ਾਂ ਦਾ ਸਾਹਮਣਾ ਕਰਨਾ ਪਿਆ ਸੀ। ਪਰ ਸੁਖਦੇਵ ਸਿੰਘ ਇਸ ਦਾ ਸਾਹਮਣਾ ਕਰਨ ਲਈ ਤਿਆਰ ਸੀ। ਮੁੰਡਿਆਂ ਨੂੰ ਤਾਂ ਉਹ ਰੋਜ਼ 'ਪ੍ਰੀਤ-ਲੜੀ' ਦਾ ਪਾਠ ਪੜ੍ਹਾਉਂਦਾ ਸੀ। ਉਹ ਉਸ ਦਾ ਹਰ ਤਰ੍ਹਾਂ ਸਾਥ ਦੇਣ ਲਈ ਤਿਆਰ ਸਨ। ਇੱਕ ਦਿਨ ਨਿਯਤ ਕਰਕੇ ਸਵੇਰ ਦੀ ਪ੍ਰਾਰਥਨਾ ਤੋਂ ਬਾਅਦ ਸਾਰਾ ਸਕੂਲ ਤਕੀਏ ਦੇ ਅਹਾਤੇ ਵਿਚ ਇਕੱਠਾ ਹੋ ਗਿਆ। ਪਿੰਡ ਦੇ ਤਮਾਸ਼ਬੀਨਾਂ ਦੀ ਭੀੜ ਵੀ ਜੁੜ ਗਈ। ਸੁਖਦੇਵ ਸਿੰਘ ਕਬਰਾਂ ਵਾਲੇ ਥੜ੍ਹੇ ਦੀਆਂ ਪੌੜੀਆਂ ਚੜ੍ਹ ਕੇ ਉਪਰ ਗਿਆ ਤੇ ਆਮ ਲੋਕਾਂ ਦੀ ਤਸੱਲੀ ਲਈ ਪੀਰਾਂ-ਫ਼ਕੀਰਾਂ ਅੱਗੇ ਅਰਦਾਸ ਵਰਗਾ ਕੁੱਝ ਕਰਦਿਆਂ ਉਨ੍ਹਾਂ ਦੀ ਕਰੋਪੀ ਕੇਵਲ ਤੇ ਕੇਵਲ ਆਪਣੇ ਸਿਰ ਝੱਲਣ ਦਾ ਵਾਅਦਾ ਕੀਤਾ ਅਤੇ ਫਿਰ ਕਹੀ ਆਪਣੇ ਹੱਥ ਵਿਚ ਲੈ ਕੇ ਅਸਮਾਨ ਵੱਲ ਉਚੀ ਕੀਤੀ। ਦੂਜੇ ਪਲ ਉਸ ਨੇ ਇੱਕ ਕਬਰ ਦੇ ਭੁਰਪੁਰੇ ਹੋ ਚੁੱਕੇ ਚੂਨੇ ਉਤੇ ਕਹੀ ਦਾ ਟੱਪ ਜ਼ੋਰ ਨਾਲ ਮਾਰਿਆ।

ਉਸ ਵੱਲੋਂ ਕਬਰਾਂ ਉਤੇ ਕਹੀ ਦਾ ਪਹਿਲਾ ਟੱਪ ਮਾਰਨ ਦੀ ਦੇਰ ਸੀ ਕਿ ਭੀੜ ਵਿਚੋਂ 'ਬੋਲੇ ਸੋ ਨਿਹਾਲ-ਸਤਿ ਸ੍ਰੀ ਅਕਾਲ' ਦਾ ਜੈਕਾਰਾ ਗੂੰਜਿਆ ਅਤੇ ਮੁੰਡਿਆਂ ਦੀ ਭੀੜ ਕਬਰਾਂ 'ਤੇ ਕਹੀਆਂ ਅਤੇ ਸੰਧੇਵੇ ਲੈ ਕੇ ਟੁੱਟ ਪਈ। 'ਬਾਂਦਰ-ਸੈਨਾ' ਨੇ ਕੁੱਝ ਹੀ ਘੰਟਿਆਂ ਵਿਚ ਕਬਰਾਂ ਸਮੇਤ ਉਚੇ ਥੜ੍ਹੇ ਦਾ ਮਲਬਾ ਜ਼ਮੀਨ 'ਤੇ ਖਿਲਾਰ ਦਿੱਤਾ। ਸੁਖਦੇਵ ਸਿੰਘ ਤੇ ਹਰਚਰਨ ਸਿੰਘ ਦੁਆਰਾ ਵਿਗਿਆਨਕ ਸੋਚ ਦੀ ਚੰਗਿਆੜੀ ਤਾਂ ਸਾਡੇ ਅੰਦਰ ਪਹਿਲਾਂ ਹੀ ਬਾਲੀ ਜਾ ਚੁੱਕੀ ਸੀ ਪਰ ਫਿਰ ਵੀ ਕਿਧਰੇ ਅਵਚੇਤਨ ਵਿਚ ਇੱਕ ਭੈਅ ਵੀ ਲੁਕਿਆ ਹੋਇਆ ਸੀ ਕਿ ਨੇ ਜਾਣੀਏਂ ਕਿਤੇ! ਪਰ ਸੁਖਦੇਵ ਸਿੰਘ ਨੇ ਕਬਰ ਉਤੇ ਕਹੀ ਦਾ ਟੱਪ ਕੀ ਮਾਰਿਆ ਮੇਰੇ ਅੰਦਰ ਵਹਿਮ-ਭਰਮ ਅਤੇ ਅੰਧ-ਵਿਸ਼ਵਾਸ ਦੀ ਸਾਰੀ ਰਹਿੰਦ-ਖੂੰਹਦ ਪੁੱਟੇ ਜਾਣ ਲਈ ਪਹਿਲਾ ਟੱਪ ਵੀ ਲੱਗ ਗਿਆ ਸੀ। ਉਸ ਤੋਂ ਬਾਅਦ ਵਿਗਿਆਨਕ ਸੋਚ ਲਈ 'ਜੀ ਆਇਆਂ' ਕਹਿੰਦਾ ਵੱਡਾ ਦਰਵਾਜ਼ਾ ਮੇਰੇ ਮਨ-ਮਸਤਕ ਵਿਚ ਖੁੱਲ੍ਹ ਗਿਆ ਅਤੇ ਹੌਲੀ ਹੌਲੀ ਵਿਗਿਆਨਕ ਪ੍ਰਭਾਵਾਂ ਨੂੰ ਗ੍ਰਹਿਣ ਕਰਨ ਸਦਕਾ ਮੇਰੇ ਮਨ ਅੰਦਰਲਾ ਵਹਿਮ-ਭਰਮ ਦਾ ਨਦੀਨ ਸੁੱਕਣਾ ਸ਼ੁਰੂ ਹੋ ਗਿਆ। ਕੁੱਝ ਦਿਨਾਂ ਵਿਚ ਤਕੀਏ ਵਾਲੀ ਥਾਂ ਸਾਫ਼ ਕਰਕੇ ਓਥੇ ਆਸੇ-ਪਾਸੇ ਕਿਆਰੀਆਂ ਬਣਾ ਕੇ ਫੁੱਲ-ਬੂਟੇ ਲੱਗ ਗਏ। ਵਿਚਕਾਰ ਬੱਚਿਆਂ ਦੇ ਖੇਡਣ ਲਈ ਮੈਦਾਨ ਤਿਆਰ ਹੋ ਗਿਆ। ਇਸ ਦੇ ਨਾਲ ਹੀ ਬਹੁਤ ਸਾਰੇ ਬੱਚਿਆਂ ਦੇ ਮਨ ਵੀ ਮੈਦਾਨ ਹੋ ਗਏ ਅਤੇ ਉਨ੍ਹਾਂ ਵਿਚ ਵਿਗਿਆਨਕ ਸੋਚ ਦੇ ਫੁੱਲ ਖਿੜਨੇ ਸ਼ੁਰੂ ਹੋ ਗਏ।

***(ਚਲਦਾ)***

---

**ਅਫ਼ਰੀਕੀ ਕਹਾਣੀ**

# ਸ਼ਰਾਬਨੋਸ਼ੀ

**ਐਲਨ ਪੈਟਨ**

ਦੱਖਣੀ ਅਫ਼ਰੀਕਾ ਨੇ 1960 ਵਿਚ ਆਪਣੀ ਗੋਲਡਨ ਜੁਬਲੀ ਮਨਾਈ। ਇਸ ਮੌਕੇ ਸਾਰਾ ਦੇਸ਼ ਇਹ ਜਾਣ ਕੇ ਦੰਗ ਰਹਿ ਗਿਆ ਕਿ ਸਰਵੋਤਮ ਮੂਰਤੀ ਕਲਾ ਦਾ ਇਕ ਹਜ਼ਾਰ ਪੌਂਡ ਦਾ ਪਹਿਲਾ ਪੁਰਸਕਾਰ ਐਡਵਰਡ ਸਿਮੇਲੇਨ ਨਾਂ ਦੇ ਕਾਲੇ ਮੂਰਤੀਕਾਰ ਨੂੰ ਉਸ ਦੀ 'ਅਫ਼ਰੀਕੀ ਮਾਂ ਅਤੇ ਬੱਚਾ' ਨਾਂ ਦੀ ਮੂਰਤੀ ਉਤੇ ਦਿੱਤਾ ਗਿਆ।

ਪਿੱਛੋਂ ਪਤਾ ਲੱਗਿਆ ਕਿ ਜੇ ਪੁਰਸਕਾਰ ਕਮੇਟੀ ਆਪਣੇ ਨਿਯਮਾਂ ਵਿਚ 'ਇਹ ਮੁਕਾਬਲਾ ਸਿਰਫ ਗੋਰਿਆਂ ਲਈ ਹੈ' ਵਾਲੀ ਸ਼ਰਤ ਦਰਜ ਕਰਨੀ ਨਾ ਭੁੱਲ ਗਈ ਹੁੰਦੀ ਤਾਂ ਇਹ ਪੁਰਸਕਾਰ ਸਿਮੇਲੇਨ ਨੂੰ ਕਦੇ ਵੀ ਨਹੀਂ ਸੀ ਨਸੀਬ ਹੋਣਾ। ਪੁਰਸਕਾਰ ਦਾ ਐਲਾਨ ਹੋ ਜਾਣ ਪਿੱਛੋਂ ਕਈ ਗੋਰਿਆਂ ਨੇ ਦੱਖਣੀ ਅਫ਼ਰੀਕਾ ਦੀਆਂ 'ਪਰੰਪਰਾਗਤ ਨੀਤੀਆਂ' ਦਾ ਉਲੰਘਣ ਕਰਨ ਲਈ ਇਸ ਕਮੇਟੀ ਦੀ ਭਰਪੂਰ ਨਿੰਦਿਆ ਕੀਤੀ। ਸ਼ੁਕਰ ਇਹ ਸੀ ਕਿ ਪੁਰਸਕਾਰ ਵੰਡ ਸਮਾਰੋਹ ਸਮੇਂ ਸਿਮੇਲੇਨ ਹਾਜ਼ਰ ਨਹੀਂ ਸੀ, ਨਹੀਂ ਤਾਂ ਬੜਾ ਗੰਭੀਰ ਸੰਕਟ ਖੜ੍ਹਾ ਹੋ ਜਾਣਾ ਸੀ।

ਜਦੋਂ ਮੈਂ ਸਿਮੇਲੇਨ ਨੂੰ ਬੁਲਾ ਕੇ ਵਧਾਈ ਦਿੰਦਿਆਂ ਬਰਾਂਡੀ ਪੇਸ਼ ਕੀਤੀ ਤਾਂ ਉਸ ਕਿਹਾ, "ਸ਼ੁਕਰੀਆ! ਇੰਨੀ ਵਧੀਆ ਸ਼ਰਾਬ ਪੀਣ ਦਾ ਮੇਰਾ ਇਹ ਦੂਜਾ ਮੌਕਾ ਏ। ਤੁਸੀਂ ਜਾਣਨਾ ਚਾਹੋਗੇ ਕਿ ਪਹਿਲੀ ਵਾਰ ਵਧੀਆ ਸ਼ਰਾਬ ਮੈਨੂੰ ਕਿੰਜ ਨਸੀਬ ਹੋਈ ਸੀ?" ਤੇ ਜਦੋਂ ਮੈਂ, "ਹਾਂ, ਜ਼ਰੂਰ।" ਕਿਹਾ ਤਾਂ ਉਸ ਨੇ ਇਹ ਕਹਾਣੀ ਸੁਣਾਈ ਸੀ,

ਮੁਕਾਬਲੇ ਤੋਂ ਬਾਅਦ ਮੇਰੀ ਇਸ ਕਲਾ-ਕ੍ਰਿਤ ਨੂੰ ਕੁਝ ਦਿਨਾਂ ਲਈ ਐਲਬਸਤਰ-ਪੁਸਤਕ-ਭਵਨ 'ਚ ਲੋਕਾਂ ਨੂੰ ਦਿਖਾਉਣ ਖਾਤਿਰ ਰੱਖ ਦਿੱਤਾ ਗਿਆ ਸੀ।

ਇਕ ਦਿਨ ਰਾਤੀਂ ਕੰਮ ਤੋਂ ਵਾਪਸ ਆਉਂਦਾ ਹੋਇਆ ਮੈਂ ਉਸ ਭਵਨ ਸਾਹਮਣੇ ਰੁਕ ਕੇ ਆਪਣੀ ਕਲਾ ਕ੍ਰਿਤ ਦੇਖ ਰਿਹਾ ਸਾਂ। ਉਦੋਂ ਉਥੇ ਮੇਰੇ ਸਿਵਾਏ ਹੋਰ ਕੋਈ ਨਹੀਂ ਸੀ ਪਰ ਉਦੋਂ ਹੀ ਕੋਈ ਗੋਰਾ ਨੌਜਵਾਨ ਮੇਰੇ ਕੋਲ ਆ ਕੇ ਖੜ੍ਹਾ ਹੋ ਗਿਆ ਤੇ ਕਹਿਣ ਲੱਗਾ, "ਮੈਂ ਜਦ ਵੀ ਇਸ ਕਲਾਕ੍ਰਿਤੀ ਨੂੰ ਦੇਖਦਾ ਹਾਂ, ਮੋਹਿਤ ਹੋਏ ਬਗ਼ੈਰ ਨਹੀਂ ਰਹਿ ਸਕਦਾ। ਤੈਨੂੰ ਤਾਂ ਇਸ ਨੂੰ ਦੇਖ ਕੇ ਹੋਰ ਵੀ ਖੁਸ਼ੀ ਹੁੰਦੀ ਹੋਏਗੀ ਕਿਉਂਕਿ ਇਸ ਦੀ ਸਿਰਜਣਾ ਤੁਹਾਡੀ ਜਾਤੀ ਦੇ ਮੂਰਤੀਕਾਰ ਐਡਵਰਡ ਸਿਮੇਲੇਨ ਨੇ ਹੀ ਕੀਤੀ ਏ। ਭਲਾ ਤੂੰ ਉਸ ਨੂੰ ਜਾਣਦਾ ਏਂ?"

"ਹਾਂ।"

"ਮੂਰਤੀ ਨੂੰ ਜ਼ਰਾ ਧਿਆਨ ਨਾਲ ਦੇਖ। ਮਾਂ ਆਪਣੇ ਬੱਚੇ ਨੂੰ ਦੁਲਾਰ ਭਰੀਆਂ ਅੱਖਾਂ ਨਾਲ ਵੇਖ ਰਹੀ ਹੈ ਜਿਵੇਂ ਕਿਸੇ ਅਨਿਸ਼ਚਿਤ ਭਵਿੱਖ ਤੋਂ ਉਸ ਦੀ ਰੱਖਿਆ ਕਰ ਰਹੀ ਹੋਵੇ।"

ਮੈਨੂੰ ਚੁੱਪ ਦੇਖ ਕੇ ਉਹ ਫੇਰ ਬੋਲਿਆ, "ਉਸ ਦੀ ਇਸ ਕਲਾ-ਕ੍ਰਿਤ ਲਈ ਇਕ ਹਜ਼ਾਰ ਪੌਂਡ ਦਾ ਇਨਾਮ ਮਿਲਿਆ ਹੈ। ਏਡੀ ਵੱਡੀ ਰਕਮ ਕਿਸੇ ਕਾਲੇ ਆਦਮੀ ਨੂੰ ਦੱਖਣੀ ਅਫ਼ਰੀਕਾ ਵਿਚ ਨਸੀਬ ਹੁੰਦੀ ਹੈ ਕਦੀ? ਚੱਲ ਇਸੇ ਖੁਸ਼ੀ ਵਿਚ ਛਿੱਟ ਲਾ ਲਈਏ ਦੋਸਤਾ?"

ਰਾਤ ਕਾਫੀ ਹੋ ਚੁੱਕੀ ਸੀ ਤੇ ਮੈਂ ਆਲੇਂਡੋ ਵਾਲੀ ਆਖ਼ਰੀ ਟ੍ਰੇਨ ਫੜਨੀ ਸੀ। ਨਾਲੇ ਇਹ ਆਦਮੀ ਗੋਰਾ ਸੀ ਤੇ ਮੇਰੇ ਲਈ ਅਜਨਬੀ ਵੀ ਪਰ ਕਿਸੇ ਗੋਰੇ ਦੇ ਮੂੰਹੋਂ ਆਪਣੇ ਲਈ 'ਦੋਸਤਾ' ਸੁਣਨ ਦਾ ਮੇਰਾ ਇਹ ਪਹਿਲਾ ਮੌਕਾ ਸੀ। ਸੋ, ਮਨ ਉਸ ਦੀ ਤਜਵੀਜ਼ ਮੰਨਣ ਲਈ ਰਾਜ਼ੀ ਹੋਣ ਲੱਗਾ। ਫਿਰ ਮੈਨੂੰ ਕੁਝ ਚੇਤੇ ਆਇਆ ਤੇ ਮੈਂ ਉਸ ਨੂੰ ਕਿਹਾ, "ਤੁਸੀਂ ਜਾਣਦੇ ਹੀ ਹੋਵੋਗੇ ਕਿ ਸਾਨੂੰ ਕਾਲੇ ਲੋਕਾਂ ਨੂੰ ਰਾਤ ਦੇ ਬਾਰਾਂ ਵਜੇ ਤੋਂ ਬਾਅਦ ਸ਼ਹਿਰ ਵਿਚ ਰਹਿਣ ਦੀ ਆਗਿਆ ਨਹੀਂ।"

"ਜਾਣਦਾ ਹਾਂ ਪਰ ਆਪਾਂ ਬਹੁਤੀ ਦੇਰ ਨਹੀਂ ਲਾਉਂਦੇ। ਮੇਰਾ ਘਰ ਨੇੜੇ ਈ ਏ। ਆ ਚੱਲੀਏ, ਅੱਛਾ ਇਹ ਤਾਂ ਦੱਸ ਬਈ ਤੈਨੂੰ ਅਫ਼ਰੀਕੰਸ (ਅਫ਼ਰੀਕਾ ਦੇ ਕਾਲੇ ਲੋਕਾਂ ਦੀ ਮਾਤਭਾਸ਼ਾ) ਆਉਂਦੀ ਏ ਨਾ, ਮੇਰੀ ਅੰਗਰੇਜ਼ੀ ਕੋਈ ਖਾਸ ਠੀਕ ਨਹੀਂ। ਮੁਆਫ ਕਰੀਂ, ਮੇਰਾ ਨਾਂ ਵਾਨ ਰੇਂਸਬਰਗ ਹੈ ਤੇ ਤੇਰਾ?"

"ਮੇਰਾ ਨਾਂ ਵਾਕਾਸੀ ਏ ਤੇ ਮੈਂ ਆਲੇਂਡੋ 'ਚ ਰਹਿੰਦਾ ਵਾਂ।" ਮੈਂ ਆਪਣਾ ਗਲਤ ਨਾਂ ਦੱਸਣ ਲਈ ਮਜਬੂਰ ਸਾਂ।

ਮੈਨੂੰ ਉਸ ਨਾਲ ਜਾਂਦਿਆਂ ਬੜਾ ਓਪਰਾ ਜਿਹਾ ਲੱਗ ਰਿਹਾ ਸੀ। ਰਸਤੇ ਵਿਚ ਸਾਡੇ ਦੋਹਾਂ ਵਿਚੋਂ ਕੋਈ ਕੁਝ ਨਹੀਂ ਸੀ ਬੋਲਿਆ ਤੇ ਕਿਸੇ ਨੇ ਸਾਨੂੰ ਇਕੱਠੇ ਜਾਂਦਿਆਂ ਦੇਖਿਆ ਵੀ ਨਹੀਂ ਸੀ। ਜਦੋਂ ਅਸੀਂ ਦੋਏ ਉਸ ਦੇ ਘਰ ਸਾਹਮਣੇ ਪਹੁੰਚੇ, ਮੈਨੂੰ ਸੁੰਨਸਾਨ ਰਾਹ ਵਿਚ ਕੁਝ ਚਿਰ ਰੁਕਣ ਲਈ ਕਹਿ ਕੇ ਉਹ ਅੰਦਰ ਚਲਾ ਗਿਆ। ਅੰਦਰੋਂ ਆਉਂਦੀਆਂ ਆਵਾਜ਼ਾਂ ਤੋਂ ਮੈਂ ਅੰਦਾਜ਼ਾ ਲਾਇਆ ਸੀ ਕਿ ਉਹ ਘਰ ਵਾਲਿਆਂ ਨੂੰ ਮੇਰੇ ਬਾਰੇ ਹੀ ਦੱਸ ਰਿਹਾ ਹੈ। ਫਿਰ ਉਸ ਮੁਸਕਰਾਉਂਦਾ ਹੋਇਆ ਬਾਹਰ ਆਇਆ।

ਉਦੋਂ ਹੀ ਅੰਦਰੋਂ ਕੁਝ ਔਰਤਾਂ ਵੀ ਬਾਹਰ ਆਈਆਂ ਤੇ ਬੜੇ ਹੀ ਪਿਆਰ ਤੇ ਮੋਹ ਨਾਲ ਮੈਨੂੰ ਅੰਦਰ ਲੈ ਗਈਆਂ। ਇਕ ਨੇ ਹੌਲੀ ਜਿਹੀ ਕਿਹਾ, "ਰੇਂਸਬਰਗ ਰੋਜ਼ ਰਾਤੀਂ ਉਸ ਕਲਾ-ਮੂਰਤ ਨੂੰ ਦੇਖਣ ਜਾਂਦਾ ਹੈ। ਕਹਿੰਦਾ ਹੈ, ਇੰਨੀ ਵਿਲੱਖਣ ਕਲਾ ਦੀ ਸਿਰਜਣਾ ਜਿਸ ਨੇ ਵੀ ਕੀਤੀ ਹੈ, ਉਸ ਅੰਦਰ ਜ਼ਰੂਰ ਭਗਵਾਨ ਦਾ ਵਾਸਾ ਹੋਏਗਾ।"

ਸ਼ਰਾਬ ਪੀ ਕੇ ਜਦ ਮੈਂ ਜਾਣ ਲੱਗਿਆ ਤਾਂ ਸਾਰਿਆਂ ਨੇ ਮੈਨੂੰ ਬੜੇ ਹੀ ਮੋਹ ਨਾਲ ਵਿਦਾ ਕੀਤਾ।

ਰਸਤੇ ਵਿਚ ਰੇਂਸਬਰਗ ਨੇ ਪੁੱਛਿਆ, "ਜਾਣਦਾ ਏਂ ਮੈਂ ਕੀ ਸੋਚ ਰਿਹਾਂ ਕਿ ਸਾਡਾ ਦੇਸ਼ ਕਿੰਨਾ ਮਹਾਨ ਹੈ?" ਪਰ ਅਸਲ ਵਿਚ ਉਹ ਕੀ ਸੋਚ ਰਿਹਾ ਸੀ, ਇਹ ਮੈਂ ਜਾਣ ਚੁੱਕਿਆ ਸਾਂ। ਉਹ ਮੈਨੂੰ ਮੋਹ-ਵੱਸ ਕਲਾਵੇ ਵਿਚ ਭਰ ਲੈਣਾ ਚਾਹੁੰਦਾ ਸੀ ਪਰ ਛੂਹ ਨਹੀਂ ਸੀ ਸਕਦਾ ਕਿਉਂਕਿ ਵੱਖਵਾਦ ਦੇ ਹਨੇਰੇ ਵਿਚ ਰਹਿੰਦਿਆਂ ਉਸ ਦੀਆਂ ਅੱਖਾਂ ਅੰਨ੍ਹੀਆਂ ਹੋ ਗਈਆਂ ਸਨ, ਤੇ ਜਦੋਂ ਇਕ ਆਦਮੀ ਦੂਜੇ ਆਦਮੀ ਨੂੰ ਪਿਆਰ ਨਾਲ ਛੂਹ ਵੀ ਨਾ ਸਕਦਾ ਹੋਵੇ ਤਾਂ ਨਫ਼ਰਤ ਨਾਲ ਨਸ਼ਟ ਕਰਨ ਉਤੇ ਉਤਾਰੂ ਹੋ ਜਾਂਦਾ ਹੈ।

***ਹਿੰਦੀ ਤੋਂ ਅਨੁਵਾਦ:ਮਹਿੰਦਰ ਬੇਦੀ, ਜੈਤੋ***

---


# ਧਰਮ ਸਰਮ ਦੋਇ ਛੁਪਿ ਖਲੋਇ

*(ਸਫਾ 13 ਦੀ ਬਾਕੀ)*

ਹੋਣ ਦੇ ਨਾਤੇ ਸਾਰੇ ਅੰਬ ਆਪਣੇ ਮੁੰਡਿਆਂ ਲਈ ਰਾਖਵੇਂ ਕਰਨ ਦੀ ਮਸ਼ਕ ਚੱਲ ਰਹੀ ਹੈ। ਆਪਣੇ ਹਕੂਕ ਦਾ ਸਵਾਲ ਪੁੱਛਣ ਵਾਲਿਆਂ ਉਤੇ ਵਰਦੀ ਵਾਲਿਆਂ ਦੀ ਸਰਪ੍ਰਸਤੀ ਹੇਠ ਬੇਵਰਦੀ ਢਾਣੀਆਂ ਹਮਲੇ ਕਰ ਰਹੀਆਂ ਹਨ। ਕਪੂਰਥਲੇ ਵੀਹ ਸਾਲਾ ਕਿਰਨਜੀਤ ਕੌਰ ਪਾਣੀ ਵਾਲੀ ਟੈਂਕੀ ਉਤੇ ਚੜ੍ਹ ਕੇ ਆਤਮਦਾਹ ਕਰ ਗਈ ਹੈ। ਕਿਸਾਨ ਆਗੂਆਂ ਸਾਧੂ ਸਿੰਘ ਤਖ਼ਤੂਪੁਰਾ ਅਤੇ ਪ੍ਰਿਥੀਪਾਲ ਸਿੰਘ ਚੱਕ ਅਲੀਸ਼ੇਰ ਦੇ ਕਤਲ ਅਦਾਲਤੀ ਕਾਰਵਾਈ ਵਿਚ ਉਲਝ ਗਏ ਹਨ। ਅਖ਼ਤਿਆਰਾਂ ਅਤੇ ਮੁਖ਼ਤਿਆਰਾਂ ਦੀ ਦੁਨੀਆਂ ਵਿਚ ਅਪੀਲ, ਦਲੀਲ ਅਤੇ ਵਕੀਲ ਦੀ ਕੀ ਥਾਂ ਬਚੀ ਹੈ? ਹਰਸਿਮਰਤ ਪੱਗ ਦੀ ਬੇਅਦਬੀ ਬਾਬਤ ਲਿਖੀ ਚਿੱਠੀ ਦਾ ਪੰਜਾਬ ਦੀ ਪੱਗ ਅਤੇ 'ਮਨੁੱਖਾ ਜਨਮ ਦੇ ਸਤਿਕਾਰ' ਨਾਲ ਰਿਸ਼ਤਾ ਸਮਝਣ ਲਈ ਵਿਦਵਾਨ ਹੋਣ ਦੀ ਲੋੜ ਨਹੀਂ? ਇਹ ਪੱਗ ਕਿਸੇ ਗੁਰਮੁਖ ਦੇ ਸਿਰ ਦਾ ਸ਼ਿੰਗਾਰ ਨਹੀਂ ਸਗੋਂ ਬੇਪ੍ਰਤੀਤੀ ਸਿਆਸਤ ਦੀ ਭਾਵਕੁਤਾ ਤੋਂ ਲਾਹਾ ਲੈਣ ਦੀ ਮਸ਼ਕ ਹੈ। ਮੌਜੂਦਾ ਹਾਲਾਤ ਵਿਚ ਸਿਆਸਤਦਾਨਾਂ ਨੇ ਆਪਣੀਆਂ ਬੇਵਰਦੀ ਅਤੇ ਬਾਵਰਦੀ 'ਫ਼ੌਜਾਂ' ਦੀਆਂ ਸਾਂਝੀਆਂ ਤੰਦਾਂ ਦਾ ਅਰਥਚਾਰਾ ਮੰਤਰ ਬਣਾ ਲਿਆ ਹੈ। ਵਰਿੰਦਰ ਪਾਲ ਕੌਰ ਦੀ ਪਛਾਣ ਕੁੜੀ ਜਾਂ ਬੇਰੁਜ਼ਗਾਰ ਤੱਕ ਮਹਿਦੂਦ ਨਹੀਂ ਹੋਣੀ ਚਾਹੀਦੀ। ਇਸ ਨੂੰ ਬੰਦੇ ਦੀ ਸ਼ਾਨ ਨਾਲ ਜੋੜਨਾ ਵਕਤ ਦਾ ਤਕਾਜ਼ਾ ਹੈ। ਇਸ ਥੜ੍ਹੇ ਉਤੇ ਖੜ੍ਹ ਕੇ ਮਾਰੀ ਹਾਕ ਦੂਰ ਤੱਕ ਪੁੱਜ ਸਕਦੀ ਹੈ। ਹੋਣ-ਥੀਣ ਦੀ ਇਸ ਸਮੁੱਚੀ ਲੜਾਈ ਨੂੰ ਮਨੁੱਖੀ ਸ਼ਾਨ ਨਾਲ ਜੋੜ ਕੇ ਰਾਜਸੀ ਹਿੰਸਾ ਦੇ ਗੌਣ ਅਤੇ ਜ਼ਾਹਰਾ ਰੁਝਾਨ ਦੀ ਨਿਸ਼ਾਨਦੇਹੀ ਕੀਤੀ ਜਾ ਸਕਦੀ ਹੈ। ਇਸ ਨਿਸ਼ਾਨਦੇਹੀ ਵਿਚੋਂ ਬਾਬਰਬਾਣੀ ਪੜ੍ਹਨ ਦੇ ਸਮਕਾਲੀ ਅਰਥ ਸਮਝੇ ਜਾ ਸਕਦੇ ਹਨ।

## ਚਿੱਤਰਕਾਰ ਸੋਭਾ ਸਿੰਘ ਅਤੇ ਕ੍ਰਿਪਾਲ ਸਿੰਘ ਦੀ ਨਜ਼ਰ 'ਚ

# ਭਾਈ ਘਨਈਆ ਜੀ



ਕ੍ਰਿਪਾਲ ਸਿੰਘ ਦਾ ਉਲੀਕਿਆ ਕਿਰਦਾਰ ਸੱਚੀਂ ਜੰਗ ਦੇ ਮੈਦਾਨ ਵਿਚ ਜ਼ਖਮੀ ਸਿਪਾਹੀਆਂ ਨਾਲ ਬਿਖਰਿਆ ਹੋਇਆ ਹੈ। ਨਾ ਤਾਂ ਚਿੱਤਰਕਾਰ ਵੱਢ-ਟੁੱਕ, ਖੁਨ-ਖਰਾਬੇ ਨੂੰ ਚਿਤਰਨ ਤੋਂ ਘਬਰਾ ਰਿਹਾ ਹੈ ਅਤੇ ਨਾ ਭਾਈ ਘਨਈਆ ਜੋ ਖਿੱਲਰੀ ਲਹੂ-ਮਿਝ ਅਤੇ ਚੀਕ-ਪੁਕਾਰ ਸੁਣਦਿਆਂ ਇਕ-ਮਨ ਇਕ-ਚਿਤ ਨਾਲ ਆਪਣੇ ਰਾਹ 'ਤੇ ਚੱਲ ਰਿਹਾ ਹੈ। ਮਾਰ-ਕੱਟ ਹੋ ਚੁੱਕੀ ਨਹੀਂ, ਬਲਕਿ ਉਸਦੇ ਸਾਹਮਣੇ ਹੋ ਰਹੀ ਹੈ। ਇਥੋਂ ਪਤਾ ਲਗਦਾ ਹੈ ਕਿ ਚਿੱਤਰ ਦ੍ਰਿਸ਼ ਸਮਾਂ ਦੁਪਹਿਰ ਦੇ ਆਸ-ਪਾਸ ਦਾ ਹੈ। ਸਮਾਂ, ਲੜਾਈ ਅਤੇ ਸੇਵਾ ਸਿਖਰ ਦੀ ਹੈ, ਅਨੁਮਾਨਿਆ ਜਾ ਸਕਦਾ ਹੈ।

ਸਿੱਖ ਪੰਥ ਵਿਚ ਸੇਵਾ ਦਾ ਖਾਸ ਮਹੱਤਵ ਹੈ। ਸੇਵਾ ਦਾ ਜ਼ਿਕਰ ਚੱਲਦਿਆਂ ਹੀ ਭਾਈ ਘਨਈਆ ਦਾ ਨਾਂ ਆਪਣੇ-ਆਪ ਬੁੱਲ੍ਹਾਂ ਉਤੇ ਆ ਜਾਂਦਾ ਹੈ। ਉਨ੍ਹਾਂ ਜਿਹੀ ਨਿਰਵੈਰ ਭਾਵ ਸੇਵਾ ਦਾ ਹਵਾਲਾ ਸਿੱਖ ਪੰਥ ਤਾਂ ਕੀ, ਜੱਗ ਵਿਚ ਹੋਰ ਕਿਧਰੇ ਨਹੀਂ ਮਿਲਦਾ। ਉਹ ਪਹਿਲਾਂ ਗੁਰੂ ਹਰਰਾਇ ਸਾਹਿਬ ਦੇ ਸੰਪਰਕ ਵਿਚ ਆਏ ਤੇ ਆਪਣੇ ਕਰਮ ਕਾਰਨ ਗੁਰੂ ਗੋਬਿੰਦ ਸਿੰਘ ਦੇ ਨੇੜੇ ਹੋ ਗਏ। ਉਨ੍ਹਾਂ ਨੇ ਖੁਦ ਨੂੰ ਸੇਵਾ ਵਿਚ ਇਸ ਕਦਰ ਸਮਰਪਿਤ ਕੀਤਾ ਕਿ ਸਿੱਖ ਪੰਥ ਵਿਚ ਇਕ ਹੋਰ ਪੰਥ ਦੀ ਨੀਂਹ ਪਈ ਜਿਸ ਨੂੰ ਸਿੱਖ ਸੰਗਤ ਦਰਮਿਆਨ ਸਤਿਕਾਰ ਨਾਲ 'ਸੇਵਾ ਪੰਥੀ' ਕਿਹਾ ਜਾਂਦਾ ਹੈ।

ਸੋਭਾ ਸਿੰਘ ਅਤੇ ਕ੍ਰਿਪਾਲ ਸਿੰਘ ਵੱਲੋਂ ਭਾਈ ਘਨਈਆ ਦੇ ਬਣਾਏ ਚਿਤਰਾਂ ਦੇ ਗੁਣ-ਲੱਛਣ ਪਛਾਨਣ ਤੋਂ ਪਹਿਲਾਂ ਉਨ੍ਹਾਂ ਦੇ ਜੀਵਨ ਬਾਰੇ ਸੰਖੇਪ ਜਾਣਕਾਰੀ ਲਾਹੇਬੰਦ ਰਹੇਗੀ।



ਭਾਈ ਘਨਈਆ ਦਾ ਜਨਮ 1648 ਈਸਵੀ ਨੂੰ ਸੋਧਰਾ ਕਸਬੇ (ਹੁਣ ਪਾਕਿਸਤਾਨ) ਵਿਚ ਹੋਇਆ। ਇਹ ਕਸਬਾ ਵਜ਼ੀਰਾਬਾਦ ਦੇ ਨੇੜੇ ਹੈ। ਪਿਤਾ ਨੱਥੂ ਰਾਮ ਵਪਾਰੀ ਸਨ ਜਿਨ੍ਹਾਂ ਦਾ ਕੰਮ ਸ਼ਾਹੀ ਫੌਜ ਨੂੰ ਰਸਦ ਅੱਪੜਦੀ ਕਰਨਾ ਸੀ। ਪੈਸੇ ਦੀ ਕਮੀ ਨਾ ਹੋਣ ਦੇ ਕਾਰਨ ਖੁਸ਼ਹਾਲ ਜੀਵਨ ਨੇ ਸੰਸਾਰੀ ਹੋਣ ਦੀ ਬਜਾਇ ਉਨ੍ਹਾਂ ਨੂੰ ਸੇਵਾ, ਤਿਆਗ ਅਤੇ ਪ੍ਰਭੂ ਭਗਤੀ ਵੱਲ ਤੋਰ ਲਿਆ। ਘਰੋਂ ਜੋ ਪੈਸੇ ਮਿਲਦੇ ਉਹ ਸਾਧੂ, ਸੰਤਾਂ ਅਤੇ ਲੋੜਵੰਦਾਂ ਵਿਚ ਵੰਡ ਦਿੱਤੇ ਜਾਂਦੇ। ਜੇ ਕਿਸੇ ਸਾਧੂ ਸੰਤ ਦੀ ਆਮਦ ਦਾ ਪਤਾ ਲਗਦਾ ਤਾਂ ਉਥੇ ਜਾ ਕੇ ਸੇਵਾ ਦਾ ਕੰਮ ਸੰਭਾਲ ਲੈਂਦੇ। ਮਾਤਾ-ਪਿਤਾ ਨੇ ਸਮਝਾਉਣ ਦਾ ਯਤਨ ਕੀਤਾ ਪਰ ਜਦ ਮੋੜਾ ਨਾ ਪਿਆ ਤਾਂ ਉਨ੍ਹਾਂ ਘਰ ਵਿਚ ਹੀ ਇਕ ਕਮਰਾ ਬਣਾ ਦਿੱਤਾ। ਲੋੜ ਜਿੰਨੇ ਪੈਸੇ ਮਾਤਾ ਪਿਤਾ ਤੋਂ ਮਿਲਦੇ ਰਹੇ। ਜਦ ਭਾਈ ਘਨਈਆ ਗੁਰੂ ਤੇਗ ਬਹਾਦਰ ਪਾਸ ਅਨੰਦਪੁਰ ਪਹੁੰਚੇ ਤਾਂ ਸੰਗਤ ਸੇਵਾ ਕਰਨ ਲੱਗੇ। ਫਿਰ ਉਨ੍ਹਾਂ ਲੰਗਰ ਅਤੇ ਘੋੜਿਆਂ ਦੀ ਦੇਖਭਾਲ ਆਪਣੇ ਜ਼ਿੰਮੇ ਲੈ ਲਈ। ਗੁਰੂ ਜੀ ਭਾਈ ਘਨਈਆ ਦੀ ਸੇਵਾ ਤੋਂ ਪ੍ਰਸੰਨ ਹੋਏ ਤੇ ਕਿਹਾ, "ਤੁਸੀਂ ਕਿਸੇ ਹੋਰ ਥਾਂ ਜਾ ਕੇ ਆਪਣੀ ਸੇਵਾ ਜਾਰੀ ਰੱਖੋ।"

ਆਪਣੇ ਕਸਬੇ ਵੱਲ ਪਰਤਦਿਆਂ ਅਟਕ ਕੋਲ ਇਕ ਜਗ੍ਹਾ 'ਤੇ ਪਿਆਸ ਲੱਗਣ ਕਾਰਨ ਰੁਕਣਾ ਪਿਆ। ਜਿਸ ਕੋਲੋਂ ਵੀ ਪਾਣੀ ਮੰਗਿਆ, ਉਸ ਦੱਸਿਆ ਕਿ ਇਥੇ ਪਾਣੀ ਦੀ ਕਿੱਲਤ ਹੈ ਅਤੇ ਪੀਣ ਲਈ ਪਾਣੀ ਨਾ ਦਿੱਤਾ। ਆਪਣੀ ਪਿਆਸ ਕਿਸੇ ਤਰ੍ਹਾਂ ਬੁਝਾ ਉਨ੍ਹਾਂ ਇਥੇ ਹੀ ਟਿਕਣ ਦਾ ਮਨ ਬਣਾ ਲਿਆ। ਥੋੜ੍ਹੀ ਵਿੱਥ 'ਤੇ ਵਗਦੀ ਨਦੀ 'ਚੋ ਘੜਾ ਭਰ ਲਿਆਉਂਦੇ। ਜਦ ਪਾਣੀ ਖਤਮ ਹੋ ਜਾਂਦਾ ਤਾਂ ਮੁੜ ਨਦੀ ਵੱਲ ਤੁਰ ਪੈਂਦੇ। ਉਨ੍ਹਾਂ ਵੱਲੋਂ ਆਰੰਭੀ ਸੇਵਾ ਦੀ ਕੀਰਤੀ ਇੱਧਰ-ਉਧਰ ਫੈਲਣ ਲੱਗੀ। ਆਪਣੇ ਤਿੰਨ-ਚਾਰ ਪੜਾਅ ਦੇ ਦੌਰਾਨ ਉਨ੍ਹਾਂ ਉਥੇ ਖੂਹ ਵੀ ਪੁਟਵਾਏ।

ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਉਪਰੰਤ ਗੁਰੂ ਗੋਬਿੰਦ ਰਾਇ ਗੁਰਗੱਦੀ ਉਪਰ ਬੈਠੇ। ਸੰਨ 1678 ਵਿਚ ਭਾਈ ਘਨਈਆ ਦਸਮ ਗੁਰੂ ਪਾਸ ਆਨੰਦਪੁਰ ਆ ਗਏ। ਗਲ਼ ਵਿਚ ਮਸ਼ਕ ਜਾਂ ਸਿਰ ਉਪਰ ਘੜਾ ਉਨ੍ਹਾਂ ਦੀ ਸੇਵਾ ਦੀ ਨਿਸ਼ਾਨੀ ਬਣ ਗਿਆ ਸੀ। ਜਦ ਸਮਾਂ ਬਦਲਿਆ ਤਾਂ ਆਨੰਦਪੁਰ ਦੀ ਧਰਤੀ ਜੰਗ ਦੇ ਮੈਦਾਨ ਵਿਚ ਤਬਦੀਲ ਹੋ ਗਈ। ਇਕ ਪਾਸੇ ਸ਼ਾਸਤਰਾਂ ਦੇ ਆਪਸ ਵਿਚ ਟਕਰਾਉਣ ਦੀਆਂ ਆਵਾਜ਼ਾਂ ਤੇ ਬਾਰੂਦ ਦੀ ਬੋਅ; ਦੂਸਰੇ ਪਾਸੇ ਮਸ਼ਕ ਜ਼ਖਮੀ ਸਿਪਾਹੀਆਂ ਦੀ ਪਿਆਸ ਬੁਝਾ ਰਿਹਾ ਸੀ। ਬਿਨਾਂ ਭੇਦ ਕੀਤਿਆਂ ਪਾਣੀ ਦੀ ਕੀਤੀ ਜਾ ਰਹੀ ਸੇਵਾ ਵਾਲਾ ਵਿਚਾਰ ਗੁਰਸਿੱਖਾਂ ਨੂੰ ਪਸੰਦ ਨਾ ਆਇਆ। ਗੁਰੂ ਜੀ ਨੇ ਜਦ ਇਸ ਬਾਬਤ ਭਾਈ ਘਨਈਆ ਤੋਂ ਪੁੱਛ ਕੀਤੀ ਤਾਂ ਉਨ੍ਹਾਂ ਦੇ ਸ਼ਬਦ ਕਹੇ ਮਹੱਤਵਪੂਰਨ ਹਨ, "ਮਹਾਰਾਜ, ਮੈਨੂੰ ਮੈਦਾਨੇ-ਜੰਗ ਵਿਚ ਕੋਈ ਹਿੰਦੂ, ਸਿੱਖ, ਮੁਸਲਮਾਨ ਨਹੀਂ ਦਿਸ ਰਿਹਾ। ਮੈਨੂੰ ਸਭ ਵਿਚੋਂ ਤੁਸੀਂ ਹੀ ਦਿਸ ਰਹੇ ਹੋ। ਮੈਂ ਤਾਂ ਤੁਹਾਨੂੰ ਪਾਣੀ ਪਿਲਾ ਰਿਹਾ ਹਾਂ।"

ਸੇਵਾ ਵਿਚ ਰਮੇ ਸਿੱਖ ਦੇ ਬਚਨ ਸੁਣ ਕੇ ਗੁਰੂ ਜੀ ਬਹੁਤ ਪ੍ਰਸੰਨ ਹੋਏ। ਉਨ੍ਹਾਂ ਭਾਈ ਘਨਈਆ ਨੂੰ ਮਰਹਮ ਬਖਸ਼ੀ ਤੇ ਕਿਹਾ ਕਿ ਤੁਸੀਂ ਜ਼ਖਮੀਆਂ ਨੂੰ ਪਾਣੀ ਪਿਲਾਉਣ ਦੇ ਨਾਲ ਨਾਲ ਉਨ੍ਹਾਂ ਦੇ ਜ਼ਖਮਾਂ ਉਪਰ ਮਰਹਮ ਵੀ ਲਗਾਇਆ ਕਰੋ। ਸਿੱਖ ਦੇ ਵਿਚਾਰ ਨੂੰ ਗੁਰੂ ਜੀ ਦੀ ਸਹਿਮਤੀ ਅਤੇ ਹਮਾਇਤ ਮਿਲਣ ਦੇ ਉਪਰੰਤ ਅਣਉਚਰਿਆ ਨੇਮ ਬਣ ਗਿਆ ਕਿ ਗੁਰਸਿੱਖਾਂ ਦਾ ਜੀਵਨ ਇਸੇ ਲੀਹ ਉਪਰ ਚੱਲੇ।

ਸੇਵਾ ਪੰਥੀ ਸੰਪ੍ਰਦਾਇ ਦਾ ਮੁੱਖ ਡੇਰਾ ਗੋਨਿਆਣਾ ਮੰਡੀ (ਬਠਿੰਡਾ) ਵਿਖੇ ਸਥਿਤ ਹੈ। ਭਾਈ ਘਨਈਆ ਦੀ ਜੀਵਨ ਸ਼ੈਲੀ ਨੇ ਵਿਚਾਰ ਅਤੇ ਕਰਮ ਦੇ ਪੱਧਰ 'ਤੇ ਜਨਸਧਾਰਨ ਤੋਂ ਇਲਾਵਾ ਲੇਖਕਾਂ ਅਤੇ ਕਈ ਚਿੱਤਰਕਾਰਾਂ ਨੂੰ ਆਪਣੇ ਵੱਲ ਖਿੱਚਿਆ ਹੈ। ਚਿੱਤਰਕਾਰਾਂ ਵਿਚੋਂ ਸੋਭਾ ਸਿੰਘ ਨੇ ਭਾਈ ਘਨਈਆ ਦੀਆਂ ਇਕ ਤੋਂ ਵੱਧ ਪੇਂਟਿੰਗਾਂ ਬਣਾਈਆਂ ਹਨ। ਇਨ੍ਹਾਂ ਵਿਚਲੇ ਰੂਪ ਭੇਦ ਜ਼ਿਆਦਾ ਨਹੀਂ, ਸਭ ਚਿਤਰਾਂ ਦਾ ਸਰੋਤ ਉਪਰ ਦੱਸੀ ਕਥਾ ਹੈ।

ਸੋਭਾ ਸਿੰਘ ਨੇ ਪਹਿਲਾ ਚਿੱਤਰ 1960 ਵਿਚ ਸੇਵਾ ਪੰਥ ਦੇ ਤਤਕਾਲੀ ਮੁਖੀ ਦੇ ਕਹੇ ਸਦਕਾ ਤਿਆਰ ਕੀਤਾ। ਉਹ ਚਿੱਤਰ ਉਸ ਡੇਰੇ ਵਿਚ ਅੱਜ ਵੀ ਸੁਸ਼ੋਭਿਤ ਹੈ। ਸਿੱਖ ਇਤਿਹਾਸ ਨੂੰ ਚਿੱਤਰਨ ਵਾਲੇ ਦੂਜੇ ਚਿਤੇਰੇ ਕ੍ਰਿਪਾਲ ਸਿੰਘ ਹਨ। ਉਨ੍ਹਾਂ ਨੇ ਵੀ ਤਨਦੇਹੀ ਨਾਲ ਗੁਰੂਆਂ, ਪੀਰਾਂ ਅਤੇ ਯੋਧਿਆਂ ਦੇ ਚਿੱਤਰ ਪੇਂਟ ਕੀਤੇ ਹਨ। ਇਨ੍ਹਾਂ ਸਭ ਕਿਰਤਾਂ ਦਾ ਸੁਭਾਅ ਵੱਖਰਾ ਹੈ। ਕ੍ਰਿਪਾਲ ਸਿੰਘ ਨੇ ਵੀ ਭਾਈ ਘਨਈਆ ਦਾ ਰੂਪ ਚਿਤਰਿਆ ਹੈ। ਦੋਹਾਂ ਚਿੱਤਰਕਾਰਾਂ ਨੇ ਇਕੋ ਸ਼ਖ਼ਸੀਅਤ ਨੂੰ ਵੱਖਰੀ ਤਰ੍ਹਾਂ ਪੇਸ਼ ਕੀਤਾ ਹੈ। ਸੋਭਾ ਸਿੰਘ ਦੀ ਭਾਈ ਘਨਈਆ ਵਾਲੀ ਤਸਵੀਰ ਦੇਖ ਕੇ ਪ੍ਰਤੀਤ ਹੁੰਦਾ ਹੈ ਕਿ ਚਿੱਤਰਕਾਰ ਆਪਣੇ ਢੰਗ ਨਾਲ ਭਾਈ ਘਨਈਆ ਸਾਹਿਬ ਨੂੰ ਚਿਤਵ ਕੇ ਸਮੂਰਤ ਕਰ ਰਹੇ ਹਨ। ਚਿੱਤਰ ਖੜ੍ਹੇ ਰੁਖ ਹਨ। ਵੇਰਵੇ ਅਨੁਸਾਰ ਇਹ ਥਾਂ ਮੈਦਾਨੇ-ਜੰਗ ਵਿਚ ਹੋਣੀ ਚਾਹੀਦੀ ਹੈ। ਪੈਰੋਂ ਨੰਗੇ ਭਾਈ ਘਨਈਆ ਦੀ ਪਿੱਠ ਪਿੱਛੇ ਮਸ਼ਕ ਸੁਸ਼ੋਭਿਤ ਹੈ ਅਤੇ ਮੋਢੇ 'ਤੇ ਥੈਲਾ (ਸੰਭਵ ਹੈ ਕਿ ਇਸ ਵਿਚ ਗੁਰੂ ਜੀ ਵੱਲੋਂ ਦਿੱਤੀ ਮਰਹਮ ਪੱਟੀ ਹੈ) ਲਟਕਿਆ ਹੋਇਆ ਹੈ। ਇਹ ਦੋਵੇਂ ਵਸਤਾਂ ਉਨ੍ਹਾਂ ਦੇ ਸ਼ਸਤਰ ਅਤੇ ਸ਼ਾਸਤਰ ਹਨ। ਸੋਭਾ ਸਿੰਘ ਦੀ ਪੇਂਟਿੰਗ ਤੋਂ ਸੂਹ ਮਿਲਦੀ ਹੈ ਕਿ ਇਹ ਦ੍ਰਿਸ਼ ਉਹ ਵੇਲੇ ਦਾ ਹੈ ਜਦ ਇਧਰ ਦੀ ਗੱਲ ਉਧਰ ਕਰਨ ਵਾਲੇ ਲੋਕ ਦਸਮ ਗੁਰੂ ਨੂੰ ਜਾ ਦੱਸਦੇ ਹਨ ਕਿ ਮੈਦਾਨ ਵਿਚ ਪਾਣੀ ਦੀ ਸੇਵਾ ਕਰ ਰਹੇ ਭਾਈ ਘਨਈਆ ਆਪਣੇ ਅਤੇ ਦੁਸ਼ਮਣ ਵਿਚਾਲੇ ਫਰਕ ਨਹੀਂ ਪਾ ਰਹੇ। ਉਹ ਸਿੱਖਾਂ (ਆਪਣਿਆਂ) ਤੇ ਮੁਗਲਾਂ (ਪਰਾਇਆਂ) ਨੂੰ ਸਮ ਕਰ ਜਾਣ ਰਹੇ ਹਨ।

ਵਿਚਾਰ ਅਤੇ ਕਰਮ ਦਾ ਵਿਸਥਾਰ ਇਹ ਹੈ ਕਿ ਗੁਰੂ ਜੀ ਆਪਣੇ ਸਿੱਖ ਨੂੰ ਇੰਝ ਕਰਨ ਤੋਂ ਰੋਕਦੇ ਨਹੀਂ। ਮਰਹਮ ਪੱਟੀ ਦਾ ਥੈਲਾ ਖੱਬਿਉਂ ਸੱਜੇ ਵੱਲੋਂ ਹੈ। ਚਿੱਤਰਕਾਰ ਵੱਲੋਂ ਅਪਣਾਈ ਇਹ ਜੁਗਤ ਸਾਡਾ ਧਿਆਨ ਗੁਰੂ ਹਰਗੋਬਿੰਦ ਵੱਲੋਂ ਧਾਰਨ ਕੀਤੀਆਂ ਮੀਰੀ-ਪੀਰੀ ਦੀਆਂ ਕ੍ਰਿਪਾਨਾਂ ਵੱਲ ਲੈ ਜਾਂਦੀ ਹੈ। ਜੇ ਕ੍ਰਿਪਾਨ ਸ਼ਾਸਤਰ ਹੋਣ ਨਾਲ ਮਜ਼ਲੂਮ ਦੀ ਰੱਖਿਅਕ ਵੀ ਹੈ ਤਾਂ ਉਸ ਦਾ ਪ੍ਰਤੀਰੂਪਕ ਬਦਲ ਹੈ। ਦੋਹਾਂ ਰੀਤਾਂ ਦਾ ਚਲਨ ਗੁਰੂ ਘਰੋਂ ਹੋਇਆ ਹੈ। ਸਾਧਾਰਨ ਜਨ, ਲੇਖਕ, ਚਿੱਤਰਕਾਰ ਆਪੋ-ਆਪਣੇ ਤਰੀਕੇ ਨਾਲ ਵਾਪਰ ਚੁੱਕੀਆਂ ਘਟਨਾਵਾਂ ਨੂੰ ਦ੍ਰਿੜਾਉਂਦੇ ਰਹਿੰਦੇ ਹਨ। ਇਹ ਛਬ ਜੋ ਚਿੱਤਰਕਾਰ ਨੇ ਤਿਆਰ ਕੀਤੀ ਹੈ, ਇਸੇ ਦੀ ਉਦਾਹਰਣ ਹੈ।

ਇਸ ਪੇਂਟਿੰਗ ਵਿਚ ਭਾਈ ਘਨਈਆ ਦਾ ਲਿਬਾਸ ਸਫੈਦ ਹੈ। ਸਿਰ ਬੱਝੀ ਸਫੈਦ ਪੱਗ ਬੰਨ੍ਹਣ ਦੀ ਵਿਧੀ ਥੋੜ੍ਹੀ-ਥੋੜ੍ਹੀ ਮੁਗਲਾਂ ਦੀ ਲਗਦੀ ਹੈ। ਉਸਦੇ ਬਾਅਦ ਸ਼ਾਂਤ ਚਿਤ ਚਿਹਰਾ ਦਿਖਾਈ ਦਿੰਦਾ ਹੈ, ਉਸਦੀਆਂ ਅੱਖਾਂ ਵਿਚ ਖੁਮਾਰੀ ਹੈ। ਕਮਰਕੱਸਾ ਪੀਲੇ ਰੰਗ ਦਾ ਹੈ। ਇੱਦਾਂ ਇਹ ਕਿਰਦਾਰ ਸਾਦਗੀ ਵਾਲਾ ਹੈ। ਪਿਛੋਕੜ ਵੀ ਸਾਧਾਰਨ ਹੈ, ਚਟਕੀਲੇ ਰੰਗਾਂ ਤੋਂ ਪਰਹੇਜ਼ ਕੀਤਾ ਹੋਇਆ ਹੈ। ਮਸ਼ਕ ਵਿਚੋਂ ਨਿਕਲਦਾ ਪਾਣੀ ਪੀਣ ਵਾਲੇ ਦੀ ਬੁੱਕ ਵਿਚ ਨਿਰੰਤਰ ਪੈ ਰਿਹਾ ਹੈ, ਭਾਵੇਂ ਪੀਣ ਵਾਲੇ ਦਾ ਸਰੂਪ ਵਧੇਰੇ ਸਪਸ਼ਟ ਨਹੀਂ।

ਸੋਭਾ ਸਿੰਘ ਦੇ ਸਮਕਾਲੀ ਚਿੱਤਰਕਾਰਾਂ ਵਿਚੋਂ ਕ੍ਰਿਪਾਲ ਸਿੰਘ ਇਕ ਹਨ ਜਿਨ੍ਹਾਂ ਨੇ ਗੁਰੂਆਂ, ਸਿੱਖ ਯੋਧਿਆਂ, ਸਿੱਖਾਂ ਦੀਆਂ ਮੁਗਲਾਂ ਨਾਲ ਹੋਈਆਂ ਲੜਾਈਆਂ ਦੇ ਪਾਏਦਾਰ ਦ੍ਰਿਸ਼ ਚਿਤਰੇ ਹਨ।

ਦੋ ਸਮਕਾਲੀ ਚਿਤੇਰਿਆਂ ਵੱਲੋਂ ਇਕੋ ਵਿਸ਼ੇ ਦਾ ਨਿਭਾਅ ਕਰਦੇ ਚਿੱਤਰਾਂ ਨੂੰ ਚਿਤਾਰਨ ਦਾ ਅਰਥ ਕਿਸੇ ਨੂੰ ਛੁਟਿਆਇਆ ਜਾਣਾ ਨਹੀਂ, ਬਲਕਿ ਇਨ੍ਹਾਂ ਦੇ ਮੂਲ ਗੁਣ-ਲੱਛਣਾਂ ਤੱਕ ਇਸੇ ਤਰ੍ਹਾਂ ਪਹੁੰਚਾਇਆ ਜਾ ਸਕਦਾ ਹੈ।

ਦੋ ਸਮਕਾਲੀ ਇਕ ਵਿਸ਼ੇ ਨੂੰ ਕਿਵੇਂ ਦੇਖਦੇ-ਵਿਚਾਰਦੇ ਹਨ ਜਾਂ ਘਟਨਾ ਦੇ ਪ੍ਰਸੰਗਾਂ ਨੂੰ ਕਿਵੇਂ ਪ੍ਰਗਟਾਉਂਦੇ-ਲੁਕਾਉਂਦੇ ਹਨ, ਆਦਿ ਇਸੇ ਤਰੀਕੇ ਨਾਲ ਜਾਣੇ ਜਾ ਸਕਦੇ ਹਨ। ਦੋਹਾਂ ਦੀ ਸਿੱਖ ਧਰਮ, ਗੁਰੂਆਂ ਪ੍ਰਤੀ ਅਥਾਹ ਸ਼ਰਧਾ ਹੈ। ਇਸ ਦੇ ਬਾਵਜੂਦ ਚਿੱਤਰ ਤਿਆਰ ਕਰਦੇ ਸਮੇਂ, ਇਕ ਦਾ ਵਿਚਾਰ ਦੂਜੇ ਨਾਲ ਮੇਲ ਨਹੀਂ ਖਾਂਦਾ। ਦੋਹਾਂ ਕਿਰਤਾਂ ਵਿਚ ਵਖਰੇਵਾਂ ਇਕ ਨੂੰ ਆਦਰਸ਼ ਵੱਲ ਲੈ ਜਾਂਦਾ ਹੈ ਅਤੇ ਦੂਜੇ ਨੂੰ ਯਥਾਰਥ ਵੱਲ।

ਸਭ ਤੋਂ ਪਹਿਲਾਂ ਧਿਆਨ ਪੇਂਟਿੰਗ ਫਰੇਮ ਵੱਲ ਜਾਂਦਾ ਹੈ। ਸੋਭਾ ਸਿੰਘ ਵੱਲੋਂ ਖੜ੍ਹੇ ਰੁਖ ਵਰਤੇ ਕੈਨਵਸ ਦੀ ਸਾਰੀ ਸਪੇਸ ਭਾਈ ਘਨਈਆ ਨੇ ਘੇਰੀ ਹੋਈ ਹੈ। ਕੋਈ ਹੋਰ ਤੱਤ ਹੈ ਹੀ ਨਹੀਂ। ਜੇ ਕੁਝ ਹਨ ਤਾਂ ਉਹ ਮੱਧਮ ਹਨ।

ਕ੍ਰਿਪਾਲ ਸਿੰਘ ਦਾ ਕੈਨਵਸ ਪਏ (ਲੇਟਵੇਂ) ਰੁਖ ਹੈ ਜਿਸਦੇ ਸੱਜੇ ਪਾਸੇ ਵੱਲ ਭਾਈ ਘਨਈਆ ਹਨ ਤਾਂ ਉਨ੍ਹਾਂ ਦੇ ਉਥੇ ਹੋਣ ਦੇ ਪ੍ਰਸੰਗ ਵੀ ਮੌਜੂਦ ਹਨ। ਘਾਇਲ ਮੁਗਲ ਸਿਪਾਹੀ ਨੂੰ ਪਾਣੀ ਪਿਲਾਇਆ ਜਾ ਰਿਹਾ ਹੈ। ਥੋੜ੍ਹਾ ਹਟ ਕੇ ਪਾਣੀ ਉਡੀਕਦੇ ਸਿੱਖ ਸਿਪਾਹੀ ਦੀ ਨਜ਼ਰ ਵੀ ਉਧਰ ਟਿਕੀ ਹੋਈ ਹੈ। ਉਸਦੀਆਂ ਅੱਖਾਂ ਵਿਚ ਦੁਸ਼ਮਣ ਵਾਸਤੇ ਕ੍ਰੋਧ ਅਤੇ ਘ੍ਰਿਣਾ ਹੈ। ਨੇੜੇ ਹੀ ਤੋਪ ਤੋਂ ਇਲਾਵਾ ਆਪਣੇ ਹੱਥ ਫੜੇ ਨੇਜੇ ਨਾਲ ਦੁਸ਼ਮਣ ਨੂੰ ਵਿੰਨ੍ਹ ਰਿਹਾ ਹੈ। ਹੋਰ ਕਾਫੀ ਕੁਝ ਜਿਹੜਾ ਭਾਵੇਂ ਸਪਸ਼ਟ ਦਿਖਾਈ ਨਹੀਂ ਦੇ ਰਿਹਾ ਪਰ ਸਹਿਜੇ ਹੀ ਗਿਆਨ ਹੋ ਜਾਂਦਾ ਹੈ ਕਿ ਇਹ ਦ੍ਰਿਸ਼ ਮੈਦਾਨੇ-ਜੰਗ ਦਾ ਹੈ।

ਇਥੇ ਹੀ ਦੂਰ ਪਿਛੋਕੜ ਵਿਚ ਹਲਕਾ ਧੁੰਦਲਾ ਕਿਲਾ ਹੈ। ਅਨੁਮਾਨ ਲਗਾ ਸਕਦੇ ਹਾਂ ਕਿ ਇਹ ਆਨੰਦਪੁਰ ਦਾ ਕਿਲਾ ਹੈ ਕਿਉਂਕਿ ਸਿੱਖਾਂ ਅਤੇ ਮੁਗਲਾਂ ਵਿਚਕਾਰ ਲੜਾਈ ਇਸੇ ਥਾਂ ਹੋਈ ਸੀ।

ਸੋਭਾ ਸਿੰਘ ਦੀ ਪੇਂਟਿੰਗ ਇਹ ਨਹੀਂ ਦੱਸਦੀ ਕਿ ਚਿਤਰਿਤ ਥਾਂ ਲੜਾਈ ਦਾ ਮੈਦਾਨ ਹੈ। ਏਦਾਂ ਦਾ ਕੋਈ ਸੰਕੇਤਕ ਵੇਰਵਾ ਨਹੀਂ ਹੈ। ਰਚਨਾ ਵਿਚ ਕਿਸੇ ਤਰ੍ਹਾਂ ਦੀ ਪਹਿਲ-ਦੂਜ ਵੀ ਨਹੀਂ ਹੈ, ਸਿਰਫ ਤੇ ਸਿਰਫ ਭਾਈ ਘਨਈਆ ਹੀ ਦਿਸਦੇ ਹਨ।



ਸੋਭਾ ਸਿੰਘ ਦੀ ਪੇਂਟਿੰਗ ਇਹ ਨਹੀਂ ਦੱਸਦੀ ਕਿ ਚਿਤਰਿਤ ਥਾਂ ਲੜਾਈ ਦਾ ਮੈਦਾਨ ਹੈ। ਏਦਾਂ ਦਾ ਕੋਈ ਸੰਕੇਤਕ ਵੇਰਵਾ ਨਹੀਂ ਹੈ। ਰਚਨਾ ਵਿਚ ਕਿਸੇ ਤਰ੍ਹਾਂ ਦੀ ਪਹਿਲ-ਦੂਜ ਵੀ ਨਹੀਂ ਹੈ, ਸਿਰਫ ਤੇ ਸਿਰਫ ਭਾਈ ਘਨਈਆ ਹੀ ਦਿਸਦੇ ਹਨ। ਉਨ੍ਹਾਂ ਦੀ ਪਿੱਠ ਪਿੱਛੇ ਟਿਕੀ ਮਸ਼ਕ ਕੇ ਮੂੰਹ ਵਿਚੋਂ ਨਿਕਲਦਾ ਨਿਰੰਤਰ ਪਾਣੀ ਜ਼ਖਮੀ ਸਿਪਾਹੀ ਨਹੀਂ, ਬਲਕਿ ਕਿਸੇ ਬੰਦੇ ਦੀ ਬੁੱਕ ਵਿਚ ਪੈ ਰਿਹਾ ਹੈ। ਚਿੱਤਰ ਤੋਂ ਪਤਾ ਲਗਦਾ ਹੈ ਕਿ ਵੇਲਾ ਸ਼ਾਮ ਦਾ ਹੈ। ਹਲਕੇ ਸੂਹੇ ਰੰਗ ਦਾ ਵੱਡਾ ਸੂਰਜ ਦਿਸ਼ਾ ਵਿਚ ਡੁੱਬਣ ਨੂੰ ਹੈ ਜਿਹੜਾ ਭਾਈ ਘਨਈਆ ਦੀ ਪਿੱਠ ਅਤੇ ਸਿਰ ਦਰਮਿਆਨ ਹੈ।

ਉਨ੍ਹਾਂ ਦੀ ਪਿੱਠ ਪਿੱਛੇ ਟਿਕੀ ਮਸ਼ਕ ਕੇ ਮੂੰਹ ਵਿਚੋਂ ਨਿਕਲਦਾ ਨਿਰੰਤਰ ਪਾਣੀ ਜ਼ਖਮੀ ਸਿਪਾਹੀ ਨਹੀਂ, ਬਲਕਿ ਕਿਸੇ ਬੰਦੇ ਦੀ ਬੁੱਕ ਵਿਚ ਪੈ ਰਿਹਾ ਹੈ।

ਫਰੇਮ ਦਾ ਆਕਾਰ ਜੋ ਕੰਮ ਕਰ ਰਿਹਾ ਹੈ, ਪਛਾਣਯੋਗ ਹੈ, ਪ੍ਰਸੰਸਾਯੋਗ ਵੀ ਪਰ ਪਾਣੀ ਕਿਸਦੇ ਮੂੰਹ ਵਿਚ ਪੈ ਰਿਹਾ ਹੈ, ਉਹ ਬੰਦਾ ਨਹੀਂ ਗਲੋਬ ਹੈ ਜਿਸਦੀ ਬਾਹਰੀ ਪਰਤ ਵਧਾ ਕੇ ਬੰਦੇ ਦਾ ਅਸਪਸ਼ਟ ਪ੍ਰੋਫਾਈਲ ਬਣਾ ਦਿੱਤਾ ਗਿਆ ਹੈ। ਹੱਥ ਵੀ ਉਸੇ ਤਰ੍ਹਾਂ ਦੇ ਹਨ। ਭਾਈ ਘਨਈਆ ਜਿਸਨੂੰ ਪਾਣੀ ਪਿਲਾ ਰਹੇ ਹਨ, ਉਹ ਬੰਦਾ ਨਹੀਂ, ਸੰਸਾਰ ਹੈ।

ਸੋਭਾ ਸਿੰਘ ਨੇ ਧੁੰਦਲਕੇ ਨਾਲ ਉਹਦੇ ਕੋਲੋਂ ਉਹਦਾ ਪਛਾਣ ਚਿੰਨ੍ਹ ਧਰਮ ਵਰਗ ਖੋਹ ਲਿਆ ਹੈ। ਸੰਸਾਰ ਕਿਉਂਕਿ ਵਿਅਕਤੀ ਸਮੂਹ ਨਾਲ ਬਣਦਾ ਹੈ, ਸੰਭਵ ਹੈ ਕਿ ਇਸੇ ਲਈ ਉਸਦਾ ਚਿਹਰਾ ਭਾਈ ਘਨਈਆ ਦੇ ਚਿਹਰੇ ਤੋਂ ਅਨੁਪਾਤ ਵਿਚ ਵੱਡਾ ਹੈ। ਜ਼ਾਹਿਰ ਹੈ ਕਿ ਚਿਹਰੇ ਦੀ ਪਿਆਸ ਵੱਡੀ ਹੀ ਹੋਵੇਗੀ।

ਬੁੱਕ ਨਾਲ ਪਾਣੀ ਪੀ ਰਹੇ ਅਸਪਸ਼ਟ ਰੂਪ ਵਾਸਤੇ ਪੇਂਟਰ ਨੇ ਤੇਜ ਰੰਗਾਂ ਤੋਂ ਪਰਹੇਜ਼ ਕੀਤਾ ਹੈ। ਪਾਣੀ ਪੀ ਰਹੀ ਆਕ੍ਰਿਤੀ ਪੀ ਰਹ ਵਾਂਗ ਟਿਕੀ ਹੋਈ ਹੈ ਦ੍ਰਿੜ, ਉਜਲ ਨਹੀਂ, ਪਰ ਜ਼ਖਮੀ ਵੀ ਨਹੀਂ। ਇਹ ਨੁਕਤਾ ਸੋਭਾ ਸਿੰਘ ਦੇ ਵਿਚਾਰ ਦਾ ਹੀ ਵਿਸਥਾਰ ਹੈ। ਉਹ ਕਿਹਾ ਕਰਦੇ ਸਨ ਕਿ ਮੈਂ ਆਪਣੀ ਪੇਂਟਿੰਗ ਵਿਚ ਕਿਸੇ ਤਰ੍ਹਾਂ ਦੀ ਹਿੰਸਾ ਪੇਂਟ ਕਰਨ ਦੇ ਪੱਖ ਵਿਚ ਨਹੀਂ। ਇਸੇ ਤਰ੍ਹਾਂ ਉਨ੍ਹਾਂ ਲੜਾਈ ਦੇ ਮੈਦਾਨ ਵਿਚ ਜ਼ਖਮੀ ਸਿੱਖ ਅਤੇ ਮੁਗਲ ਸਿਪਾਹੀਆਂ ਦੇ ਦਰਮਿਆਨ ਵਿਚਰ ਰਹੇ ਭਾਈ ਘਨਈਆਂ ਨੂੰ ਉਥੋਂ ਬਾਹਰ ਕੱਢ ਲਿਆ। ਜਿਸ ਜ਼ਮੀਨ ਉਪਰ ਭਾਈ ਘਨਈਆ ਖੜ੍ਹੇ ਹਨ, ਉਹ ਸਿਪਾਹੀ ਵਿਹੂਣੀ ਹੈ, ਪਰ ਸਮਤਲ-ਸਪਾਟ ਨਹੀਂ। ਚਿੱਤਰਕਾਰ ਨੇ ਆਪਣੇ ਅੰਦਾਜ਼ ਵਿਚ ਸਤਹ ਦੀ ਹਲਚਲ ਦਿਖਾਈ ਹੈ।

ਚਿੱਤਰ ਤੋਂ ਪਤਾ ਲਗਦਾ ਹੈ ਕਿ ਵੇਲਾ ਸ਼ਾਮ ਦਾ ਹੈ। ਹਲਕੇ ਸੂਹੇ ਰੰਗ ਦਾ ਵੱਡਾ ਸੂਰਜ ਦਿਸ਼ਾ ਵਿਚ ਡੁੱਬਣ ਨੂੰ ਹੈ ਜਿਹੜਾ ਭਾਈ ਘਨਈਆ ਦੀ ਪਿੱਠ ਅਤੇ ਸਿਰ ਦਰਮਿਆਨ ਹੈ। ਚਿੱਤਰ ਕਿਸੇ ਤਰ੍ਹਾਂ ਵੀ ਧੁੱਪ-ਛਾਂ ਦੀ ਨਿਸ਼ਾਨੀ ਨਹੀਂ ਦਿੰਦਾ। ਆਮ ਤੌਰ 'ਤੇ ਸੋਭਾ ਸਿੰਘ ਨੇ ਧੁੱਪ-ਛਾਂ ਨੂੰ ਆਪਣੇ ਕੰਮ ਵਿਚ ਬਾਖੂਬੀ ਵਰਤਿਆ ਹੈ।

ਦੂਜੀ ਤਰਫ, ਕ੍ਰਿਪਾਲ ਸਿੰਘ ਦਾ ਉਲੀਕਿਆ ਕਿਰਦਾਰ ਸੱਚੀਂ ਜੰਗ ਦੇ ਮੈਦਾਨ ਵਿਚ ਜ਼ਖਮੀ ਸਿਪਾਹੀਆਂ ਨਾਲ ਬਿਖਰਿਆ ਹੋਇਆ ਹੈ। ਨਾ ਤਾਂ ਚਿੱਤਰਕਾਰ ਵੱਢ-ਟੁੱਕ, ਖੁਨ-ਖਰਾਬੇ ਨੂੰ ਚਿਤਰਨ ਤੋਂ ਘਬਰਾ ਰਿਹਾ ਹੈ ਅਤੇ ਨਾ ਭਾਈ ਘਨਈਆ ਜੋ ਖਿੱਲਰੀ ਲਹੂ-ਮਿਝ ਅਤੇ ਚੀਕ-ਪੁਕਾਰ ਸੁਣਦਿਆਂ ਇਕ-ਮਨ ਇਕ-ਚਿਤ ਨਾਲ ਆਪਣੇ ਰਾਹ 'ਤੇ ਚੱਲ ਰਿਹਾ ਹੈ। ਮਾਰ-ਕੱਟ ਹੋ ਚੁੱਕੀ ਨਹੀਂ, ਬਲਕਿ ਉਸਦੇ ਸਾਹਮਣੇ ਹੋ ਰਹੀ ਹੈ। ਇਥੋਂ ਪਤਾ ਲਗਦਾ ਹੈ ਕਿ ਚਿੱਤਰ ਦ੍ਰਿਸ਼ ਸਮਾਂ ਦੁਪਹਿਰ ਦੇ ਆਸ-ਪਾਸ ਦਾ ਹੈ। ਸਮਾਂ, ਲੜਾਈ ਅਤੇ ਸੇਵਾ ਸਿਖਰ ਦੀ ਹੈ, ਅਨੁਮਾਨਿਆ ਜਾ ਸਕਦਾ ਹੈ।

ਕ੍ਰਿਪਾਲ ਸਿੰਘ ਦਾ ਚਿੱਤਰ ਸਥਿਰ ਨਹੀਂ ਲਗਦਾ। ਰੰਗਾਂ ਦੀ ਭਿੰਨਤਾ ਉਸ ਦੇ ਇਕ-ਰਸ ਨੂੰ ਤੋੜਦੀ ਹੈ। ਸਪੇਸ ਦਾ ਅਹਿਸਾਸ ਭਰਨ ਦਾ ਯਤਨ ਵੀ ਪ੍ਰਭਾਵਸ਼ਾਲੀ ਹੈ।

ਦਿਲਚਸਪ ਹੈ ਕਿ ਲੜਾਈ ਦੇ ਮੈਦਾਨ ਵਿਚ ਸੇਵਾ ਕਰ ਰਹੇ ਬੰਦੇ ਨੂੰ ਵੈਰ ਜਾਂ ਖੁਣਸ ਖਾ ਕੇ ਮਾਰਨ ਵਾਲਾ ਕੋਈ ਨਹੀਂ। ਕੀ ਉਸਦਾ ਵਿਚਾਰ ਤਪਿਆਂ ਨੂੰ ਠਾਰ ਰਿਹਾ ਹੈ? ਜੇ ਜਵਾਬ ਹਾਂ ਵਿਚ ਹੈ ਤਾਂ ਮੰਨਿਆ ਜਾ ਸਕਦਾ ਹੈ ਕਿ ਬੰਦੇ ਨਾਲੋਂ ਵਿਆਰ (ਕਰਮ) ਜ਼ਿਆਦਾ ਮਹੱਤਵਪੂਰਨ ਹੈ।

ਹਰ ਜ਼ਖਮੀ ਸਿਪਾਹੀ ਨੂੰ ਉਸ ਪਾਸੋਂ ਆਸ ਹੈ। ਹਰ ਲੜਦੇ ਨੂੰ ਉਹ ਆਪਣਾ ਲਗਦਾ ਹੈ, ਵਿਸ਼ੇਸ਼ ਕਰਕੇ ਜ਼ਖਮੀਆਂ ਨੂੰ। ਕ੍ਰਿਪਾਲ ਸਿੰਘ ਦਾ ਪਾਤਰ ਸੂਰਬੀਰ ਹੈ, ਆਪਣੀ ਤਰ੍ਹਾਂ ਜੋ ਜੀਵਨ ਲੈ ਨਹੀਂ ਰਿਹਾ, ਬਲਕਿ ਜੀਵਨ ਪ੍ਰਤੀ ਅਸਤ ਹੋ ਰਹੀ ਆਸ ਨੂੰ ਸੁਰਜੀਤ ਕਰਨ ਦਾ ਯਤਨ ਕਰ ਰਿਹਾ ਹੈ। ਇਸ ਕਰਕੇ ਉਹ ਵਿਲੱਖਣ ਅਤੇ ਅਨੇਕਾਂ ਵਿਚੋਂ 'ਮਰਦ ਅਗੰਮੜਾ' ਹੈ।

ਸੋਭਾ ਸਿੰਘ ਦੀ ਭਾਈ ਘਨਈਆ ਦੇ ਪ੍ਰੋਫਾਈਲ ਵਾਲੀ ਤਸਵੀਰ ਦੀ ਸ਼ਕਲ-ਸੂਰਤ, ਕਿਸੇ ਗੁਰੂ ਵਿਅਕਤੀ ਦਾ ਭੁਲੇਖਾ ਪਾਉਂਦੀ ਹੈ। ਇਹ ਵਿਚਾਰ ਤਾਂ ਬਣਦਾ ਹੈ, ਜਦ ਅਸੀਂ ਉਨ੍ਹਾਂ ਦੇ ਗੁਰੂ ਵਿਅਕਤੀਆਂ ਦੇ ਰੂਪ ਚਿੱਤਰ ਸਾਹਮਣੇ ਰੱਖਦੇ ਹਾਂ। ਲਗਦਾ ਹੈ, ਕੁਝ ਚਿੱਤਰ ਚਿੱਤਰਕਾਰ ਦੀ ਮਨੋਬਣਤਰ ਦਾ ਹਿੱਸਾ ਬਣ ਗਏ ਹਨ। ਉਹ 'ਕਿਸੇ ਦਾ ਵੀ ਸਿੱਖੀ ਸਰੂਪ ਵਾਲਾ ਰੂਪ' ਤਿਆਰ ਕਰਨ, ਉਹ ਤਕਰੀਬਨ-ਤਕਰੀਬਨ ਗੁਰੂ ਰੂਪ ਨਾਲ ਜਾ ਰਲਦਾ ਹੈ। ਰੂਪ ਦੇ ਪੱਧਰ 'ਤੇ ਗੁਰੂ ਅਤੇ ਸਿੱਖ ਵਿਚ ਅਭੇਦਤਾ ਸੋਭਾ ਸਿੰਘ ਦੇ ਰਚਨਾ ਜਗਤ ਦੀ ਵਿਸ਼ੇਸ਼ਤਾ ਹੈ। ਸਰੂਰੀਆਂ ਅੱਖਾਂ ਵਾਲੇ ਬਜ਼ੁਰਗ

(ਬਾਕੀ ਅਗਲੇ ਸਫੇ 'ਤੇ)

ਜਗਤਾਰਜੀਤ

ਮਾਸ਼ਕੀ ਨੂੰ ਵੇਖਣ ਤੋਂ ਬਾਅਦ ਜਦ ਕ੍ਰਿਪਾਲ ਸਿੰਘ ਦੀ ਪੇਂਟਿੰਗ ਵੱਲ ਦੇਖਦੇ ਹਾਂ ਤਾਂ ਵੱਡਾ ਫਰਕ ਨਜ਼ਰ ਆਉਂਦਾ ਹੈ; ਜਿਸ ਦੀ ਕੇਂਦਰੀ ਪਿੱਠ ਵਿਚ ਭਾਈ ਘਨਈਆ ਤੇ ਮੁਗਲ ਸਿਪਾਹੀ ਹੈ। ਥੋੜ੍ਹਾ ਹਟ ਕੇ ਸਿੱਖ ਸਿਪਾਹੀ (ਸ਼ਕਲ-ਸੂਰਤ ਦੇ ਲਿਬਾਸ ਦੇ ਸੰਕੇਤ ਤੋਂ) ਅੱਖਾਂ ਟੱਡ ਆਪਣੇ ਸਾਹਮਣੇ ਵਰਤ ਰਹੇ ਵਰਤਾਰੇ ਨੂੰ ਦੇਖ ਰਿਹਾ ਹੈ। ਸੰਦੇਸ਼ ਸਪਸ਼ਟ ਹੈ ਕਿ ਮਾਸ਼ਕੀ ਆਪਣੇ-ਪਰਾਏ ਦਰਮਿਆਨ ਫਰਕ ਨਹੀਂ ਕਰ ਰਿਹਾ। ਸਮੂਹ ਸਿੱਖ ਸੰਗਤਾਂ ਦਰਮਿਆਨ ਮਿਲੀ ਗੁਰੂ ਦੀ ਮਤ ਨੂੰ ਰਣ ਭੂਮੀ ਵਿਚ ਵਰਤਿਆ-ਪਰਖਿਆ ਜਾ ਰਿਹਾ ਹੈ।

ਸੋਭਾ ਸਿੰਘ ਨੇ ਤੀਸਰੀ ਧਿਰ ਨੂੰ ਕੈਨਵਸ ਵਿਚ ਆਉਣ ਹੀ ਨਹੀਂ ਦਿੱਤਾ। ਉਨ੍ਹਾਂ ਵੱਲੋਂ ਚਿੱਤਰੀ ਦੂਜੀ ਧਿਰ ਵੀ ਅਸਪਸ਼ਟ ਹੈ। ਸਾਰਾ ਕੈਨਵਸ ਤਣਾਅ, ਵਿਰੋਧੀ ਸੁਭਾਅ, ਹਲਚਲ ਤੋਂ ਵਿਹੂਣਾ ਹੈ। ਇੱਥੋਂ ਤਕ ਕਿ ਜਿਸ ਜ਼ਮੀਨ ਉਪਰ ਭਾਈ ਘਨਈਆ ਜੀ ਖੜ੍ਹੇ ਹਨ, ਉਹ ਵੀ ਸਮ/ਸਮਤਲ ਹੈ। ਪਾਤਰ ਬਾਹਰੀ ਡੋਲਤਾ ਵਿਚਾਲੇ ਅਡੋਲ ਨਹੀਂ। ਉਸਦੀ ਅਡੋਲਤਾ ਇਕੱਲਤਾ ਸਦਕਾ ਹੈ ਜਿਸਨੂੰ ਬੀੜਿਆ ਹੀ ਅਜਿਹੇ ਤਰੀਕੇ ਨਾਲ ਹੈ, ਪੇਂਟਰ ਜਿਵੇਂ ਕੁਝ ਲੁਕਾਅ ਰਿਹਾ ਹੈ।

ਕ੍ਰਿਪਾਲ ਸਿੰਘ ਦੀ ਛਬ ਵਿਚ ਝੂਠ ਬਿਲਕੁਲ ਨਹੀਂ। ਸਿੱਖ, ਮੁਗਲ, ਤੋਪ, ਤੇਗ, ਨੇਜਾ, ਜ਼ਖਮ, ਲਹੂ, ਘੋੜਾ, ਕਿਲਾ, ਪਹਾੜੀ ਜ਼ਮੀਨ ਪੇਂਟਿੰਗ ਦੇ ਤੱਤ ਹਨ। ਇਹ ਤੱਤ ਹੀ ਭਾਈ ਜੀ ਦੇ ਅਹਿਦ ਦੀ ਪਰਖ ਕਰਦੇ ਹਨ ਅਤੇ ਉਨ੍ਹਾਂ ਦੇ ਮਨ ਦੀ ਦ੍ਰਿੜਤਾ ਇਨ੍ਹਾਂ ਤੱਤਾਂ ਸਦਕਾ ਉਭਰਦੀ ਹੈ। ਸੋਭਾ ਸਿੰਘ ਨੇ ਇਸ ਸਿੱਖ ਦੇ ਸਰੀਰ ਨੂੰ ਆਪਣੀ ਇੱਛਾ ਅਨੁਸਾਰ ਬਣਾਇਆ ਹੈ, ਹਾਲਾਤ ਅਨੁਕੂਲ ਨਹੀਂ। ਸਰੀਰ, ਮਿਹਨਤਕਸ਼ ਬੰਦੇ ਜਿਹਾ ਨਹੀਂ। ਗੋਲ ਸਫੈਦ ਹਲਕੀ ਲਾਲੀ ਵਾਲਾ ਚਿਹਰਾ, ਗੋਲ ਦਾੜ੍ਹੀ, ਗੋਲ ਪੋਚਵੀਂ ਪੱਗ, ਗੋਡਿਆਂ ਤੋਂ ਨੀਵਾਂ ਚੋਲਾ। ਚਿਹਰੇ ਨੂੰ ਧਿਆਨ ਨਾਲ ਵੇਖਣ 'ਤੇ ਪ੍ਰਤੀਤ ਹੁੰਦਾ ਹੈ, ਉਹ ਠੋਸ ਨਹੀਂ ਆਦਰਸ਼ ਰੂਪ ਸੋਭਾ ਸਿੰਘ ਦਾ ਚਿਤਰਿਆ ਹੋਇਆ ਹੈ। ਉਦਾਂ ਇਸ ਤੋਂ ਵੱਡਾ ਆਦਰਸ਼ ਵੀ ਹੈ ਜਿਸਨੂੰ ਦੋਵੇਂ ਪੇਂਟਰਾਂ ਨੇ ਪੇਂਟ ਕੀਤਾ ਹੈ ਅਤੇ ਉਹ ਹੈ ਮਨੁੱਖ ਦੀ ਸੇਵਾ। ਜੋ ਆਦਰਸ਼ ਸਾਹਮਣੇ ਰੱਖਿਆ ਜਾ ਰਿਹਾ ਹੈ, ਉਹ ਸੇਵਾ ਦਾ ਹੈ।

ਕ੍ਰਿਪਾਲ ਸਿੰਘ ਦਾ ਭਾਈ ਘਨਈਆ ਸਾਧਾਰਨ ਦਿੱਖ ਵਾਲਾ ਹੈ। ਸਾਧਾਰਨ ਹਲਕਾ ਲੰਮਾ ਚਿਹਰਾ, ਲੰਮੀ ਸਿੱਧੀ ਸਿਆਹ ਦਾੜ੍ਹੀ, ਸਿਰ ਪੀਲੀ ਪੱਗ (ਜਿਸ 'ਚ ਸਫਾਈ ਜਿਹਾ ਕੁਝ ਨਹੀਂ), ਗਲ਼ ਨੀਲਾ ਚੋਲਾ, ਤੇੜ ਗੋਡਿਆਂ ਤੱਕ ਨੀਵੀਂ ਕੱਛ ਪਹਿਨੀ ਹੋਈ ਹੈ। ਚੋਲੇ ਦੀਆਂ ਬਾਹਾਂ ਉਪਰ ਚਾੜ੍ਹੀਆਂ ਹੋਈਆਂ ਹਨ। ਇੱਦਾਂ ਉਹ, ਆਪਣੀ ਤਰ੍ਹਾਂ ਰਣਭੂਮੀ ਦਾ ਸਿਪਾਹੀ ਲਗਦਾ ਹੈ। ਦਿਖਣ ਨੂੰ ਸਰੀਰ ਕੱਸਵਾਂ, ਕਠੋਰ ਲਗਦਾ ਹੈ ਕਿਉਂਕਿ ਕੰਮ ਹੀ ਇੱਦਾਂ ਦਾ ਹੈ। ਇਸ ਪਾਤਰ ਦੀ ਖੜ੍ਹੇ ਹੋਣ ਦੀ ਮੁਦਰਾ ਵੀ ਧਰਤੀ ਉਪਰ ਪੱਕੀ ਤਰ੍ਹਾਂ ਟਿਕੇ ਹੋਣ ਵਾਲੀ ਹੈ।

ਵਿਸ਼ੇ ਤੋਂ ਜ਼ਰਾ ਹਟ ਕੇ ਅਸੀਂ ਕ੍ਰਿਪਾਲ ਸਿੰਘ ਵੱਲੋਂ ਬਣਾਏ ਸਿੱਖ ਯੋਧਿਆਂ ਦੀਆਂ ਤਸਵੀਰਾਂ ਨੂੰ ਵਿਚਾਰੀਏ ਤਾਂ ਪਤਾ ਲਗਦਾ ਹੈ ਕਿ ਕਥਾ ਸਰੀਰ ਦੇ ਬਿਆਨ ਦਾ ਹੈ ਜੋ ਦਰਸ਼ਕ ਨੂੰ ਹਲੂਣਦਾ ਹੈ, ਧੁਰ ਅੰਦਰੋਂ। ਇਹ ਤਸਵੀਰਾਂ ਹਨ ਲੋਹਗੜ੍ਹ ਦੇ ਕਿਲੇ ਦੇ ਬਾਹਰ ਬੈਠੇ ਬੰਦਾ ਸਿੰਘ ਬਹਾਦਰ ਦੀ ਅਤੇ ਦੂਸਰੀ ਬਾਬਾ ਦੀਪ ਸਿੰਘ ਜੀ ਜੋ ਖੰਡੇ ਨਾਲ ਜ਼ਮੀਨ ਉਪਰ ਲਕੀਰ ਖਿੱਚ ਕੇ ਮਰਜੀਵੜੇ ਸਿੰਘਾਂ ਨੂੰ ਲਲਕਾਰਦੇ ਰਹੇ ਹਨ। ਇਥੇ ਸਜਾਵਟ ਨਹੀਂ। ਸਰੀਰ ਨੂੰ ਲਿਬਾਸ ਉਨ੍ਹਾਂ ਦੇ ਜੀਵਨ ਜਿਹਾ ਰਫ-ਟਫ ਹੈ।

ਦੋਹਾਂ ਚਿਤੇਰਿਆਂ ਦੇ ਕੰਮ ਨੂੰ ਇਕ ਹੋਰ ਨੁਕਤੇ ਤੋਂ ਵੀ ਵਿਚਾਰ ਸਕਦੇ ਹਾਂ ਕਿ ਕਿਰਤ ਯਾਤਰਾ ਕਿਵੇਂ ਕਰਦੀ ਹੈ। ਕ੍ਰਿਪਾਲ ਸਿੰਘ ਦੀ ਰਚਨਾ ਵਿਸ਼ੇਸ਼ (ਭਾਈ ਘਨਈਆ ਅਤੇ ਪਾਣੀ ਪੀ ਰਹੇ ਮੁਗਲ ਸਿਪਾਹੀ) ਤੋਂ ਅ-ਵਿਸ਼ੇਸ਼ ਪਰ ਸਹਾਇਕ (ਜ਼ਖ਼ਮੀ ਸਿਪਾਹੀ, ਘੁੜਸਵਾਰ ਦੇ ਪਿੱਛੇ ਦਿਸਣਾ, ਮੱਧਮ ਪਰ ਮਹੱਤਵਪੂਰਨ ਕਿਲਾ) ਵੱਲ ਸਫ਼ਰ ਤੈਅ ਕਰਦੀ ਹੈ। ਇਸ ਧਾਰਨਾ ਨੂੰ ਉਲਟਾ ਕੇ ਵੀ ਦੇਖਿਆ ਜਾ ਸਕਦਾ ਹੈ ਭਾਵ, ਅ-ਵਿਸ਼ੇਸ਼ ਤੋਂ ਵਿਸ਼ੇਸ਼ ਵੱਲ ਸਫ਼ਰ। ਦੋਹਾਂ ਵਿਚੋਂ ਕਿਸੇ ਵੀ ਦ੍ਰਿਸ਼ਟੀ ਨੂੰ ਅਪਣਾਉ, ਸੰਚਾਰਤ ਪੈਗਾਮ ਅਬਦਲ, ਇਕੋ ਜਿਹਾ ਰਹਿੰਦਾ ਹੈ।

ਉਪਰੋਕਤ ਤੱਥ ਨੂੰ ਜੇ ਸੋਭਾ ਸਿੰਘ ਦੀ ਕਿਰਤੀ ਉਪਰ ਲਾਗੂ ਕਰੀਏ ਤਾਂ 'ਸਫ਼ਰ ਦਾ ਨੁਕਤਾ' ਨਾ ਹੋਣ ਦੇ ਬਰਾਬਰ ਹੈ। ਜੋ ਵਸਤੂ ਇਕ ਵਾਰ ਫੋਕਸ ਹੋ ਗਈ, ਸੋ ਹੋ ਗਈ। ਇਹ ਗੱਲ ਚਿੱਤਰਕਾਰ ਦੀਆਂ ਦੂਜੀਆਂ ਪੇਂਟਿੰਗਾਂ ਬਾਬਤ ਵੀ ਕਹੀ ਜਾ ਸਕਦੀ ਹੈ। ਉਹ ਆਪਣੀ ਕਿਰਤ ਨੂੰ ਵੱਖਰੇ ਪ੍ਰਸੰਗ ਅਤੇ ਨਿਸ਼ਾਨੇ ਵੱਲ ਲੈ ਜਾਂਦੇ ਹਨ। ਗੁਰੂ ਦਾ ਸਿੱਖ ਸੰਸਾਰ ਰੂਪੀ ਬੰਦੇ ਨੂੰ ਪਾਣੀ ਪਿਲਾ ਰਿਹਾ ਹੈ। ਸਿੱਖ ਦੇਣ ਵਾਲਾ ਦਾਤਾ ਹੈ, ਜਗਤ ਲੈਣ ਵਾਲਾ ਹੈ। ਜਿਸ ਵਸਤੂ ਨੂੰ ਬਿਨਾਂ ਭੇਦ ਅਤੇ ਸੰਕੋਚ ਦੇ (ਸੰਸਾਰ ਅਨੇਕਾਂ ਜਾਤਾਂ, ਵਰਗਾਂ, ਧਰਮਾਂ ਦਾ ਸਮੂਹ ਹੈ) ਦਿੱਤਾ ਜਾ ਰਿਹਾ ਹੈ, ਉਸ ਨੂੰ ਗੁਰਬਾਣੀ ਵਿਚ ਪਾਣੀ ਪਿਤਾ ਕਿਹਾ ਗਿਆ ਹੈ।

ਅਸੀਂ ਪਾਣੀ ਨੂੰ ਸ਼ਾਬਦਿਕ ਅਰਥਾਂ ਵਿਚ ਨਾ ਲੈ ਕੇ ਦੂਜੇ ਅਰਥਾਂ ਵਿਚ ਵੀ ਲੈ ਸਕਦੇ ਹਾਂ। ਰਣ ਤੱਤੇ ਮੈਦਾਨ ਵਿਚ ਰਾਹਤ ਦੇਣ ਵਾਲੀ ਸਮੱਗਰੀ ਸਿੱਖ ਪਾਸ ਹੈ। ਬਿਨਾ ਕੋਈ ਸ਼ਬਦ ਬੋਲਿਆਂ ਚਿੱਤਰਕਾਰ ਇਹ ਗੱਲ ਕਹਿ ਰਿਹਾ ਹੈ। ਇਹ ਦੇਖਣ ਵਾਲੇ 'ਤੇ ਨਿਰਭਰ ਕਰਦਾ ਹੈ, ਉਹ ਉਸ ਨੂੰ ਕਿੱਥੋਂ ਕੁ ਤੱਕ ਗ੍ਰਹਿਣ ਕਰਦਾ ਹੈ। ਜੇ ਸ਼ਬਦ ਸ਼ਕਤੀ ਦੀ ਗੱਲ ਕਰਦੇ ਹਾਂ ਤਾਂ ਚਿੱਤਰ ਸ਼ਕਤੀ ਵੱਲ ਵੀ ਧਿਆਨ ਦੇਣਾ ਚਾਹੀਦਾ ਹੈ। ਇਥੇ 'ਇੰਟਰਜੈਕਟ' ਕੀਤਾ ਜਾ ਸਕਦਾ ਹੈ। ਜੇ ਸਿੱਖ ਅਜਿਹਾ ਕਰਮ ਕਰਨ ਦੇ ਸਮਰਥ ਹੈ ਤਾਂ ਉਸ ਦਾ ਗੁਰੂ ਕਿਹੋ ਜਿਹਾ ਹੋਵੇਗਾ! ਨਿਸ਼ਚਿਤ ਤੌਰ 'ਤੇ ਅਥਾਹ ਸਮਰੱਥਾ ਵਾਲਾ ਹੋਵੇਗਾ।

ਕਿਹਾ ਜਾ ਸਕਦਾ ਹੈ ਕਿ ਭਾਈ ਘਨਈਆ ਗੁਰੂ ਨਹੀਂ; ਗੁਰੂ ਜਿਹਾ ਵੀ ਨਹੀਂ; ਉਹ ਤਾਂ ਗੁਰੂ ਦੀ ਮੱਤ ਉਪਰ ਤੁਰਨ ਵਾਲਾ 'ਗੁਰੂ ਦਾ ਸਿੱਖ' ਹੈ।

# ਸਿਮਰਤ ਨਾਮੁ ਸਦਾ ਸੁਹੇਲਾ...

**ਮੂੰਹ ਆਈ ਬਾਤ**



**ਮੇਜਰ ਕੁਲਾਰ ਬੋਪਾਰਾਏਕਲਾਂ**
**ਫੋਨ:916-273-2856**
www.boparaikalan.com

ਘਰੋਂ ਪੈਰ ਪੁੱਟਦਿਆਂ ਸਭ ਕੁਝ ਉਲਟਾ ਹੋਣਾ ਸ਼ੁਰੂ ਹੋ ਜਾਂਦਾ ਹੈ। ਬੇਬੇ ਦੇ ਹੱਥਾਂ ਦੀ ਚੂਰੀ ਮਜਬੂਰੀ ਵਿਚ ਬਦਲ ਜਾਂਦੀ ਹੈ। ਬਾਪੂ ਦੀ ਮਿੱਠੀ ਘੂਰੀ ਹੁਕਮ ਦੀ ਗੁਲਾਮ ਹੋ ਜਾਂਦੀ ਹੈ। ਭੈਣ ਦੀ ਰੱਖੜੀ ਆਪਣੇ ਪਰਿਵਾਰ ਦਾ ਭਵਿੱਖ ਵਾਲਾ ਧਾਗਾ ਮਜ਼ਬੂਤ ਕਰਨ ਲੱਗ ਪੈਂਦੀ ਹੈ। ਭਾਈਆਂ ਦਾ ਪਿਆਰ ਇਕੋ ਖੂਨ ਦੀ ਥਾਂ ਅੱਖੋਂ ਇਕ-ਦੂਜੇ ਲਈ ਖੂਨ ਦੇ ਗੋਲੇ ਦਾਗਦਾ ਦਿਖਾਈ ਦੇਣ ਲੱਗ ਪੈਂਦਾ ਹੈ। ਰੱਬ ਆਸਰੇ ਸਮੁੰਦਰ ਵਿਚ ਛੱਡੀ ਹੋਈ ਭਵਿੱਖ ਦੀ ਬੇੜੀ ਫਿਰ ਰੱਬ ਆਸਰੇ ਹੀ ਸਿਰੇ ਲੱਗਦੀ ਹੈ। ਤੂਫ਼ਾਨਾਂ ਨਾਲ ਟੱਕਰ ਲਾਉਣ ਦੀ ਸ਼ਕਤੀ ਵੀ ਉਹੀ ਬਖ਼ਸ਼ਦਾ ਹੈ। ਟਿਕਾਣਾ ਤਾਂ ਔਖੇ-ਸੌਖੇ ਮਿਲ ਜਾਂਦਾ ਹੈ ਪਰ ਕਈ ਵਾਰ ਟਿਕਾਣੇ 'ਤੇ ਪੁੱਜਦਿਆਂ ਜੋ ਕੁਝ ਨਹੀਂ ਸੋਚਿਆ ਹੁੰਦਾ, ਉਹ ਕੁਝ ਵੀ ਹੋ ਜਾਂਦਾ ਹੈ। ਇਹੀ ਸਭ ਕੁਝ ਬਿਆਨ ਕਰਦੀ ਨਜ਼ਰ ਆ ਰਹੀ ਹੈ ਮੇਰੀ ਇਹ ਹੱਡ-ਬੀਤੀ।

ਘਰੋਂ ਤੁਰਨ ਤੱਕ ਮੈਂ ਇਸ ਗੱਲ ਤੋਂ ਬੇਖ਼ਬਰ ਸੀ ਕਿ ਘਰ ਤੋਂ ਬਾਹਰ ਮੈਨੂੰ ਵੈਸ਼ਨੋ ਖਾਣਾ ਛੱਡ ਕੇ ਆਂਡਾ, ਮੀਟ, ਮੱਛੀ ਵੀ ਖਾਣਾ ਪਊ। ਸ਼ਿੱਪ ਦੀਆਂ ਪੌੜੀਆਂ ਚੜ੍ਹਨ ਤੱਕ ਤਾਂ ਮੈਂ ਵੈਸ਼ਨੋ ਖਾਣਾ ਖਾਂਦਾ ਰਿਹਾ ਪਰ ਜਦੋਂ ਸ਼ਿੱਪ ਦੇ ਅੰਦਰ ਦਾਖ਼ਲ ਹੋ ਗਿਆ ਤਾਂ ਵੈਸ਼ਨੋ ਖਾਣਾ ਬਗੈਰ ਖੰਭਾਂ ਤੋਂ ਹੀ ਉਡ ਗਿਆ ਤੇ ਮੈਨੂੰ ਮਾਸਾਹਾਰੀ ਖਾਣੇ ਨੇ ਦਬੋਚ ਲਿਆ। ਲਗਾਤਾਰ ਪੰਜ ਦਿਨ ਦੁੱਧ ਤੇ ਬ੍ਰੈਡ ਖਾਂਦਾ ਰਿਹਾ। ਛੇਵੇਂ ਦਿਨ ਸਾਡੇ ਕੁੱਕ ਨੇ ਕੈਪਟਨ ਨੂੰ ਸ਼ਿਕਾਇਤ ਕਰ ਦਿੱਤੀ ਕਿ ਸਿੰਘ ਜਿਸ ਦਿਨ ਦਾ ਸ਼ਿੱਪ ਚੜ੍ਹਿਆ ਹੈ, ਖਾਣਾ ਨਹੀਂ ਖਾਂਦਾ; ਪਲੇਟ ਭਰੀ-ਭਰਾਈ ਵਾਪਸ ਕਰ ਦਿੰਦਾ ਹੈ। ਕੈਪਟਨ ਦੇ ਪੇਸ਼ੀ ਹੋਈ। ਉਹ ਕਹਿੰਦਾ, "ਜੋ ਇੱਥੇ ਪੱਕਦਾ ਹੈ, ਉਹ ਤੈਨੂੰ ਖਾਣਾ ਪਊ। ਜੇ ਨਹੀਂ ਖਾਣਾ ਤਾਂ ਅਗਲੀ ਸੀ-ਪੋਰਟ ਤੋਂ ਤੇਰੀ ਵਾਪਸ ਇੰਡੀਆ ਦੀ ਫਲੈਟ ਕਰਵਾ ਦੇਣੀ ਹੈ।" ਫਿਰ ਮੈਂ ਮਜਬੂਰੀ ਵਿਚ ਰਸ਼ੀਅਨ ਫੂਡ ਖਾਣਾ ਸ਼ੁਰੂ ਕਰ ਦਿੱਤਾ ਤੇ ਚਾਰ ਮਹੀਨੇ ਖਾਂਦਾ ਰਿਹਾ। ਜਦੋਂ ਅਮਰੀਕਾ ਪਹੁੰਚ ਗਏ, ਫਿਰ ਸਭ ਕੁਝ ਛੱਡ ਕੇ ਦੁਬਾਰਾ ਵੈਸ਼ਨੋ ਹੋ ਗਿਆ।

ਮੁਕਲਾਵੇ ਆਈ ਵਹੁਟੀ ਵਾਂਗ ਮੈਨੂੰ ਵੀ ਪੰਜ-ਸੱਤ ਦਿਨਾਂ ਬਾਅਦ ਕੰਮ ਵਾਲੇ ਚੁੱਲ੍ਹੇ-ਚੌਂਕੇ ਚਾੜ੍ਹ ਦਿੱਤਾ ਗਿਆ। ਇੰਡੀਅਨ ਰੈਸਟੋਰੈਂਟ ਦੇ ਮਾਲਕ ਨੇ ਮੇਰੇ ਕੋਲੋਂ ਮਿੱਠੀਆਂ ਰੋਟੀਆਂ ਨਹੀਂ ਪਕਵਾਈਆਂ। ਮੁਰਗੇ ਦੇ ਮੀਟ ਦੀਆਂ ਪੰਜ-ਸੱਤ ਪੇਟੀਆਂ ਮੈਨੂੰ ਦਿਖਾ ਦਿੱਤੀਆਂ।

ਪਹਿਲਾਂ ਹੀ ਮਰ ਚੁੱਕੇ ਮੁਰਗੇ ਦੇ ਦਸ ਪੀਸ ਕਰਕੇ ਦਿਖਾ ਦਿੱਤੇ ਤੇ ਹੁਕਮ ਦਿੱਤਾ ਕਿ ਤੂੰ ਇਸ ਤਰ੍ਹਾਂ ਇਨ੍ਹਾਂ ਨੂੰ ਪੀਸਾਂ ਵਿਚ ਕਰ ਦੇਹ। ਮੈਂ ਕਦੇ ਜ਼ਿੰਦਗੀ ਵਿਚ ਆਂਡਾ ਛਿੱਲ ਕੇ ਵੀ ਨਹੀਂ ਸੀ ਦੇਖਿਆ, ਇੱਥੇ ਮੀਟ ਵੱਢਣ ਦੀ ਗੱਲ ਹੋ ਰਹੀ ਸੀ। ਮੈਂ ਕਦੇ ਮੀਟ ਵੱਲ ਦੇਖਦਾ ਤੇ ਕਦੇ ਆਪਣੇ ਹੱਥਾਂ ਵਿਚ ਫੜੇ ਹੋਏ ਵੱਡੇ ਚਾਕੂ ਵੱਲ। ਇਕ ਪਲ ਮੇਰੀ ਸੁਰਤੀ ਸੁਧਾਰ ਨਹਿਰ 'ਤੇ ਦੁਕਾਨਾਂ ਲਾਈ ਬੈਠੇ ਝਟਕਈਆਂ ਵੱਲ ਗਈ ਤੇ ਉਨ੍ਹਾਂ ਦੀ ਦੁਕਾਨ ਅੱਗੇ ਪੁੱਠੇ ਕਰਕੇ ਟੰਗੇ ਹੋਏ ਬੱਕਰੇ ਮੇਰੀ ਨਜ਼ਰੀਂ ਪਏ। ਮੈਨੂੰ ਉਨ੍ਹਾਂ ਝਟਕਈਆਂ ਅਤੇ ਆਪਣੇ ਵਿਚ ਕੋਈ ਫਰਕ ਨਾ ਦਿਸਿਆ। ਚਾਕੂ ਉਥੇ ਹੀ ਛੱਡ ਕੇ ਬਾਥਰੂਮ ਵਿਚ ਜਾ ਕੇ ਮੈ ਰੱਜ ਕੇ ਰੋਇਆ। ਆਪਣੇ ਆਪ ਨੂੰ ਕੋਸਣ ਲੱਗਿਆ ਕਿ ਕਿਉਂ ਮੈਂ ਘਰੋਂ ਬਾਹਰ ਪੈਰ ਪੁੱਟਿਆ? ਕਦੇ ਮੈਨੂੰ ਘਰ ਦੀ ਆਰਥਿਕ ਹਾਲਤ ਅਮੀਰ ਹੋਣ ਲਈ ਪੁਕਾਰਦੀ, ਕਦੇ ਦਿਲ ਵਿਚ ਲੁਕੋ ਕੇ ਰੱਖੇ ਸੁਨਹਿਰੀ ਸੁਫਨੇ ਉਜਾਗਰ ਹੋਣ ਲਈ ਉਤਾਵਲੇ ਹੁੰਦੇ ਦਿਖਾਈ ਦਿੰਦੇ। ਕਦੇ ਅਮਰੀਕਾ ਵਰਗੇ ਵੱਡੇ ਦੇਸ਼ ਵਿਚ ਮਾੜੇ ਹਾਲਾਤ ਹੱਥੋਂ ਆਪਣੇ ਆਪ ਨੂੰ ਕੌਡੀਆਂ ਦੇ ਭਾਗ ਵਿਕਦਾ ਦੇਖਦਾ। ਮੂੰਹ ਹੱਥ ਧੋ ਕੇ ਚੌਪਈ ਸਾਹਿਬ ਦਾ ਪਾਠ ਕਰਨ ਲੱਗ ਪਿਆ। ਫਿਰ ਚਾਕੂ ਨਾਲ ਮੁਰਗੇ ਦੀ ਲੱਤ ਵੱਢਣ ਲੱਗਿਆ ਤਾਂ ਚਾਕੂ ਤਿਲਕ ਕੇ ਮੇਰੀ ਉਂਗਲ ਵਿਚ ਜਾ ਲੱਗਾ। ਨਾਲ ਹੀ ਖੂਨ ਨਿਕਲ ਆਇਆ। ਮਾਲਕ ਗੁੱਸੇ ਵਿਚ ਬੋਲਿਆ। ਮੈਂ ਮੂੰਹ ਤੇ ਮਜਬੂਰੀ ਦੀ ਚੁੱਪ ਵੱਟੀ ਰੱਖੀ। ਉਂਗਲ 'ਤੇ ਪੱਟੀ ਬੰਨ੍ਹ ਕੇ ਬਾਹਰ ਪੇ-ਫੋਨ ਤੋਂ ਆਪਣੇ ਨਜ਼ਦੀਕੀ ਮਿੱਤਰ ਨੂੰ ਜੋ ਹੋਇਆ-ਬੀਤਿਆ ਸੀ, ਉਹ ਦੱਸਿਆ।

ਮਿੱਤਰ ਅੱਗਿਓਂ ਬੋਲਿਆ, "ਬਾਈ ਜੇ ਇੱਥੇ ਰਹਿ ਕੇ ਕੁਝ ਬਣਨਾ ਹੈ ਤਾਂ ਇਹ ਸਭ ਕੁਝ ਤੈਨੂੰ ਕਰਨਾ ਪੈਣਾ ਹੈ। ਪੇਪਰਾਂ ਤੋਂ ਬਿਨਾਂ ਕੰਮ ਮਿਲਦੇ ਨਹੀਂ। ਤੈਨੂੰ ਖਾਣਾ-ਪੀਣਾ ਤੇ ਰਹਿਣਾ ਮੁਫ਼ਤ ਵਿਚ ਮਿਲਿਆ ਹੈ। ਮਹੀਨੇ ਦੀ ਤਨਖਾਹ ਤੇਰੀ ਬਚਤ ਹੈ। ਚੁੱਪ ਕਰਕੇ ਟੋਕੇ ਵਾਲੀ ਮਸ਼ੀਨ ਵਾਂਗ ਮੀਟ ਦਾ ਕੁਤਰਾ ਕਰ ਦੇ, ਤੇ ਰਾਤ ਨੂੰ ਇਕ-ਅੱਧਾ ਮੁਰਗਾ ਆਪ ਛਕ ਜਾਈਂ। ਐਵੇਂ ਪਿੰਡ ਆਲੂਆਂ ਨਾਲ ਮੱਥਾ ਮਾਰੀ ਗਿਆ।" ਮੈਂ ਮਿੱਤਰ ਦੀਆਂ ਗੱਲਾਂ ਸੁਣ ਕੇ ਸੁੰਨ ਹੋ ਗਿਆ ਤੇ ਉਹ ਫੋਨ ਕੱਟ ਗਿਆ। ਮਿੱਤਰ ਪਤਾ ਨਹੀਂ ਡਰਾ ਗਿਆ ਜਾਂ ਸਲਾਹ ਦੇ ਗਿਆ ਜਾਂ ਮੇਰੇ ਭਵਿੱਖ ਵੱਲ ਜਾਂਦਾ ਰਾਹ ਦਿਖਾ ਗਿਆ!

ਮੈਂ ਨਗਰ ਕੀਰਤਨ ਵਾਲੇ ਟਰੈਕਟਰ-ਟਰਾਲੀ ਵਾਂਗ ਹੌਲੀ-ਹੌਲੀ ਕਦਮ ਪੁੱਟਦਾ ਫਿਰ ਅੰਦਰ ਆ ਗਿਆ। ਮਨ ਤਕੜਾ ਕਰਕੇ ਫਿਰ ਚਾਕੂ ਚੁੱਕਿਆ ਪਰ ਚਾਕੂ ਚਲਾਉਣ ਦੀ ਹਿੰਮਤ ਇਕੱਠੀ ਨਾ ਕਰ ਸਕਿਆ। ਮੁਰਗੇ ਦੇ ਮੀਟ ਉਪਰ ਪਾਣੀ ਛੱਡ ਕੇ ਉਸ ਨੂੰ ਪਲੋਸਣ ਲੱਗ ਪਿਆ। ਮਾਲਕ ਨੇ ਆ ਕੇ ਥਾਣੇਦਾਰ ਵਾਲੀ ਅੱਖ ਦਿਖਾਈ ਤੇ ਬੋਲਿਆ, "ਤੂੰ ਕਦੇ ਮੀਟ ਨਹੀਂ ਵੱਢਿਆ।" ਮਾਲਕ ਦੇ ਸ਼ਬਦਾਂ ਵਿਚ ਗੁੱਸਾ ਰੜਕ ਰਿਹਾ ਸੀ।

"ਬਾਈ ਜੀ, ਆਂਡਾ, ਸ਼ਰਾਬ, ਮੀਟ ਸਾਡੇ ਘਰ ਨਹੀਂ ਵੜਦਾ। ਇਨ੍ਹਾਂ ਤਿੰਨਾਂ ਦੀ ਮਨਾਹੀ ਹੈ, ਮੀਟ ਤਾਂ ਫਿਰ ਮੈਂ ਕਿੱਥੇ ਵੱਢਣਾ ਸੀ।" ਮੈਂ ਰੋਣਹਾਕਾ ਹੋਇਆ ਜਵਾਬ ਦੇ ਗਿਆ।

"ਫਿਰ ਇੱਥੇ ਕੀ ਕਰਨ ਆਇਆਂ। ਕਿਸੇ ਗੁਰਦੁਆਰੇ ਜਾ ਕੇ ਢੋਲਕੀ ਵਜਾ।" ਮਾਲਕ ਦਾ ਗੁੱਸਾ ਕੰਨਾਂ ਤੱਕ ਭਾਫਾਂ ਛੱਡ ਰਿਹਾ ਸੀ। ਮੇਰੇ ਬੁੱਲ੍ਹਾਂ 'ਤੇ ਚੁੱਪ ਦਾ ਪਹਿਰਾ ਲੱਗਿਆ ਰਿਹਾ।

"ਚੱਲ ਫਿਰ ਉਧਰ ਭਾਂਡਿਆਂ ਵੱਲ ਹੋ ਜਾ।" ਮਾਲਕ ਨੇ ਬਲਦਾਂ ਦੀ ਖੁਰਲੀ ਵਰਗੀ ਵੱਡੀ ਸਾਰੀ ਖੁਰਲੀ ਵੱਲ ਹੱਥ ਦਾ ਇਸ਼ਾਰਾ ਕਰਦਿਆਂ ਕਿਹਾ। ਖੁਰਲੀ ਭਾਂਡਿਆਂ ਨਾਲ ਉਤੇ ਤੱਕ ਭਰੀ ਪਈ ਸੀ।

ਮੈਂ ਝੱਟ ਦੇਣੇ ਭਾਂਡਿਆਂ ਵੱਲ ਹੋ ਗਿਆ। ਕੰਮ ਬਰਾਬਰ ਹੀ ਸੀ, ਪਰ ਫਰਕ ਇਹ ਸੀ ਕਿ ਮੁਰਗੇ ਦੇ ਹੱਡ ਨਹੀਂ ਸਨ ਵੱਢਣੇ; ਬੱਸ ਚੂੰਡੇ ਹੋਏ ਹੱਡ ਚੁੱਕ ਕੇ ਭਾਂਡੇ ਧੋਣੇ ਸਨ। ਭਾਂਡਿਆਂ ਦੀ ਸਫ਼ਾਈ ਕਰਦਿਆਂ ਚਾਰ ਪਲੇਟਾਂ ਦੇ ਟੁਕੜੇ ਹੋ ਗਏ। ਪਲੇਟਾਂ ਟੁੱਟਣ ਦਾ ਖੜਾਕਾ ਸੁਣ ਕੇ ਮਾਲਕ ਆਇਆ ਤੇ ਅਫ਼ਸਰੀ ਦਬਕਾ ਮਾਰ ਗਿਆ। ਮੈਂ ਫਿਰ ਚੁੱਪ ਰਿਹਾ।

ਰਾਤ ਨੂੰ ਮਾਲਕ ਮੈਨੂੰ ਗੁਰਦੁਆਰੇ ਉਤਾਰ ਗਿਆ ਜਿਥੇ ਮੈਨੂੰ ਬਾਬਾ ਨੰਦ ਸਿੰਘ ਮਿਲਿਆ ਜੋ ਗ੍ਰੰਥੀ ਦੀ ਸੇਵਾ ਨਿਭਾ ਰਿਹਾ ਸੀ। ਉਹਨੇ ਮੇਰੀ ਬਹੁਤ ਮਦਦ ਕੀਤੀ। ਦੂਜੇ ਦਿਨ ਬਾਬਾ ਨੰਦ ਸਿੰਘ ਮੇਰੇ ਨਾਲ ਤੁਰਦਾ ਹੋਇਆ ਮੈਨੂੰ ਰੈਸਟੋਰੈਂਟ ਛੱਡ ਗਿਆ। ਤਿੰਨ ਰਾਤਾਂ ਗੁਰਦੁਆਰੇ ਕੱਟੀਆਂ। ਚੌਥੀ ਰਾਤ ਮੇਰੀ ਪੱਕੀ ਰਿਹਾਇਸ਼ ਮੁੰਡਿਆਂ ਨਾਲ ਹੋ ਗਈ ਜਿਥੇ ਦੋ ਬੈਡਰੂਮਾਂ ਵਿਚ ਤਿੰਨ ਜਣੇ ਰਹਿੰਦੇ ਸਨ। ਹੁਣ ਮੈਂ ਬੱਸ ਚੜ੍ਹ ਕੇ ਕੰਮ 'ਤੇ ਜਾਂਦਾ ਤੇ ਅਗਿਓਂ ਮਾਲਕ ਸਿੱਧਾ ਭਾਂਡਿਆਂ ਵੱਲ ਇਸ਼ਾਰਾ ਕਰ ਦਿੰਦਾ। ਨਾ ਚਾਹ ਨਾ ਪਾਣੀ, ਬੱਸ ਭਾਂਡੇ ਧੋਣ ਦੀ ਕਹਾਣੀ ਸਾਹਮਣੇ ਰੱਖ ਦਿੰਦਾ।

ਮੈਨੂੰ ਆਪਣਾ ਘਰ ਬਹੁਤ ਯਾਦ ਆਉਂਦਾ। ਜਦੋਂ ਦਿਹਾੜੀਏ ਸਾਡੇ ਘਰ ਕੰਮ ਕਰਨ ਆਉਂਦੇ ਸੀ, ਪਹਿਲਾਂ ਬੀਬੀ ਉਨ੍ਹਾਂ ਨੂੰ ਗਰਮ ਗਰਮ ਚਾਹ ਦੇ ਕੱਪ ਭਰ ਕੇ ਦਿੰਦੀ ਸੀ। ਫਿਰ ਤਿੰਨ ਟਾਇਮ ਰੋਟੀ ਤੇ ਦੋ ਟਾਈਮ ਚਾਹ। ਰਾਤ ਦੀ ਰੋਟੀ ਤੋਂ ਬਾਅਦ ਪਾਣੀ ਵਾਲੇ ਖਾਲੀ ਗਲਾਸਾਂ ਵਿਚ ਕਾੜ੍ਹਨੀ ਵਾਲਾ ਦੁੱਧ ਪਾ ਦੇਣਾ ਤੇ ਨਾਲ ਗੁੜ ਦੀ ਰੋੜੀ ਦੇ ਦੇਣੀ ਕਿ ਵਿਚਾਰੇ ਸਾਰਾ ਦਿਨ ਕੰਮ ਕਰਦੇ ਥੱਕੇ ਹੋਏ ਹਨ; ਦੂਜੇ ਦਿਨ ਸੁਵੱਖ਼ਤੇ ਆਉਣਗੇ ਤੇ ਕੰਮ ਵਧੀਆ ਕਰਨਗੇ ਪਰ ਇੱਥੇ ਡਾਲਰ ਮਿਲਦੇ ਹਨ, ਨਾਲ ਰੋਟੀ-ਚਾਹ ਨਹੀਂ। ਫਿਰ ਮੈਂ ਜਾਂਦਿਆਂ ਹੀ ਇਕ ਦਿਨ ਚਾਹ ਬਣਾ ਲਈ ਤੇ ਨਾਲ ਗਰਮ ਪਕੌੜੇ ਕੱਢ ਲਏ। ਰੱਜ ਕੇ ਫਿਰ ਮਾਲਕ ਨੂੰ ਪੁੱਛਿਆ, "ਬਾਈ, ਸੁਣਾ ਕੀ ਹਾਲ ਏ।" ਉਹ ਸੁੱਕੀ ਲੱਕੜ ਵਾਂਗ ਮੱਚਦਾ 'ਹਾਂ ਠੀਕ ਆਂ' ਕਹਿ ਗਿਆ। ਰਾਤ ਨੂੰ ਆਨੇ-ਬਹਾਨੇ ਗਰਮ ਹੋ ਕੇ ਬੋਲਣ ਲੱਗ ਪਿਆ। ਮੈਂ ਬੜਾ ਚਿਰ ਚੁੱਪ ਰਿਹਾ। ਮੇਰੀ ਚੁੱਪ ਦਾ ਉਹ ਨਾਜਾਇਜ਼ ਫਾਇਦਾ ਉਠਾਉਂਦਾ ਰਬੜ ਵਾਂਗ ਵਧੀ ਜਾਵੇ। ਮੈਨੂੰ ਯਾਦ ਆਇਆ ਕਿ ਮੈਂ ਉਸ ਦਾਦੇ ਦਾ ਪੋਤਾ ਹਾਂ ਜਿਸ ਨੇ ਸਾਰਿਆਂ ਦੇ ਸਾਹਮਣੇ ਥਾਣੇਦਾਰ ਦੇ ਘਸੁੰਨ ਮਾਰੇ ਸਨ। ਫਿਰ ਮੇਰੇ ਗੁੱਸੇ ਦੇ ਬੋਲਾਂ ਨੇ ਬੁੱਲ੍ਹਾਂ 'ਤੇ ਲੱਗਿਆ ਚੁੱਪ ਦਾ ਪਹਿਰਾ ਤੋੜ ਦਿੱਤਾ ਤੇ ਮਾਲਕ ਨੂੰ ਗੁੱਸੇ ਵਿਚ ਬੋਲਿਆ, "ਬਾਈ, ਜੇ ਤੂੰ ਮੈਨੂੰ ਇਕੱਲਾ ਸ਼ੇਖੂਪੁਰੇ ਵਾਲੀ ਸੇਮ 'ਤੇ ਮਿਲ ਜਾਵੇਂ, ਮੈਂ ਤੈਨੂੰ ਪਾਣੀ ਪਿਲਾ-ਪਿਲਾ ਕੇ ਕੁੱਟਦਾ ਰਹਾਂ। ਤੇਰੇ ਵਰਗੇ ਵੀਹ ਬੰਦੇ ਰੋਜ਼ ਸਾਡੇ ਘਰੇ ਦਿਹਾੜੀ ਆਉਂਦੇ ਨੇ ਤੇ ਤੂੰ ਪੰਜਾਬੀ ਭਰਾ ਹੁੰਦਿਆਂ ਮੇਰੀ ਮਜਬੂਰੀ ਦਾ ਨਾਜਾਇਜ਼ ਫਾਇਦਾ ਉਠਾਈ ਜਾਂਦਾ ਏਂ। ਜਿਹੜੇ ਤੂੰ ਮੇਰੇ ਕੋਲੋਂ ਕੰਮ ਕਰਵਾ ਰਿਹਾਂ, ਇਹ ਮੈਂ ਕਦੇ ਆਪਣੀ ਜ਼ਿੰਦਗੀ ਵਿਚ ਨਹੀਂ ਸੀ ਕੀਤੇ।"

"ਮੈਂ ਇਮੀਗ੍ਰੇਸ਼ਨ ਵਾਲਿਆਂ ਨੂੰ ਫੋਨ ਕਰਕੇ ਤੈਨੂੰ ਹੁਣੇ ਜੇਲ੍ਹ ਭਿਜਵਾ ਦਊਂ।" ਮਾਲਕ ਨੇ ਦਬਕਾ ਮਾਰਦਿਆਂ ਮੈਨੂੰ ਡਰਾਉਣ ਦੀ ਕੋਸ਼ਿਸ਼ ਕੀਤੀ।

ਮੈਂ ਭੱਜ ਕੇ ਫੋਨ ਲਿਆ ਕੇ ਮਾਲਕ ਨੂੰ ਫੜਾ ਦਿੱਤਾ ਤੇ ਕਿਹਾ, "ਜੇ ਆਪਣੇ ਪਿਓ ਦਾ ਪੁੱਤ ਏਂ ਤਾਂ ਹੁਣੇ ਹੀ ਫੋਨ ਕਰ। ਅਜਿਹੀ ਜ਼ਿੰਦਗੀ ਨਾਲੋਂ ਤਾਂ ਮੈਂ ਪਿੰਡ ਹੀ ਚੰਗਾ। ਤੂੰ ਮੈਨੂੰ ਇੱਥੇ 'ਕੈਲਾ ਰਾਜਾ' (ਨਾਈ) ਬਣਾ ਦਿੱਤੈ। ਮੈਂ ਨਹੀਂ ਡਰਦਾ ਕਿਸੇ ਕੋਲੋਂ, ਤੂੰ ਜੋ ਕਰਨਾ ਏ, ਕਰ ਲੈ।"

ਮਾਲਕ ਦੀ ਅੰਗਰੇਜ਼ੀ ਨੇ ਸ਼ਾਇਦ ਬੋਲਣ ਦੀ ਗਵਾਹੀ ਨਾ ਭਰੀ ਤੇ ਮਾਲਕ ਚੁੱਪ ਹੋ ਗਿਆ। ਲੱਗਦਾ ਸੀ, ਉਹਨੂੰ ਵੀ ਕਾਮੇ ਦੀ ਲੋੜ ਸੀ। ਇੰਨੇ ਘੱਟ ਡਾਲਰਾਂ 'ਤੇ ਬੰਦਾ ਕਿਥੋਂ ਲੱਭਣਾ ਸੀ? ਹੌਲੀ-ਹੌਲੀ ਮੈਂ ਵੀ ਆਪਣਾ ਮਨ ਸਮਝਾਉਣ ਦੀ ਕੋਸ਼ਿਸ਼ ਕਰਨ ਲੱਗਾ। ਗਲ ਪਿਆ ਢੋਲ ਵਜਾਉਣਾ ਹੀ ਪੈਣਾ ਸੀ। ਮਾਲਕ ਵੀ ਆਪਣੀ ਬੋਲੀ ਵਿਚ ਮਿਠਾਸ ਭਰਨ ਲੱਗਾ। ਮੈਨੂੰ ਕੋਲ ਖੜ੍ਹਾ ਕੇ ਮੀਟ ਕੱਟ-ਕੱਟ ਦਿਖਾਉਂਦਾ ਰਹਿੰਦਾ। ਕਦੇ ਨਾਨ ਪਕਾਉਣੇ ਸਿਖਾਉਂਦਾ, ਤੇ ਕਦੇ ਤੜਕੇ ਲਾਉਣ ਦੀ ਜਾਚ ਸਿਖਾਉਂਦਾ, ਪਰ ਮੇਰਾ ਮਨ ਅੰਦਰੋਂ ਉਥੋਂ ਕਿਤੇ ਦੂਰ ਭੱਜਣਾ ਚਾਹੁੰਦਾ ਸੀ ਮੈਂ ਕੰਮ ਤਾਂ ਸਾਰਾ ਕਰ ਲੈਂਦਾ ਸੀ ਪਰ ਮੀਟ ਦੀ ਵੱਢ-ਟੁੱਕ ਕਰਨੀ ਮੈਨੂੰ ਮੌਤ ਦਿਖਾਈ ਦਿੰਦੀ ਸੀ। ਮੀਟ ਦੇ ਪੀਸਾਂ ਨੂੰ ਲੋਹੇ ਦੀਆਂ ਸੀਖ਼ਾਂ ਵਿਚੋਂ ਲੰਘਾ ਕੇ ਜਦੋਂ ਭੱਠੀ ਵਿਚ ਭੁੰਨਦਾ, ਮੈਨੂੰ ਮੁਰਗੇ ਦਾ ਸਿਵਾ ਮੱਚਦਾ ਦਿਖਾਈ ਦਿੰਦਾ ਤੇ ਗਾਹਕ ਉਹਨੂੰ ਮੱਕੀ ਦੀ ਛੱਲੀ ਵਾਂਗ ਚੱਬੀ ਜਾਂਦੇ। ਕਦੇ ਮਨ ਵਿਚ ਖਿਆਲ ਆਉਂਦਾ ਕਿ ਮੁਰਗਾ ਆਪਣੀ ਜਾਨ ਗੁਆ ਕੇ ਕਿਸੇ ਦੇ ਰੱਜਣ ਲਈ ਭੱਠੀ ਵਿਚ ਤਪ ਕੇ ਕਿਸੇ ਦੀ ਭੁੱਖ ਮਿਟਾ ਗਿਆ ਪਰ ਇਨਸਾਨ ਸਭ ਜੀਵ-ਜੰਤੂਆਂ, ਪਸ਼ੂ-ਜਾਨਵਰਾਂ ਤੋਂ ਉਤਮ ਹੁੰਦਾ ਹੋਇਆ, ਜਿਉਂਦਾ ਵੀ ਫਸਾਦ ਕਰੀ ਜਾਂਦੈ, ਇਹ ਮਰ ਕੇ ਵੀ ਕਿਸੇ ਦੇ ਕੰਮ ਨਹੀਂ ਆਉਂਦਾ। ਨਾਮ ਤੋਂ ਵਿਹੂਣਾ ਨਫ਼ਰਤ ਦੀ ਭੱਠੀ ਵਿਚੋਂ ਮੱਚੀ ਜਾਂਦਾ ਹੈ।

ਫਿਰ ਮਾਲਕ ਮੈਨੂੰ ਜਿਸ ਦਿਨ ਮੁਰਗੇ ਤੇ ਬੱਕਰੇ ਦੇ ਮੀਟ ਦੀ ਵੱਢ-ਟੁੱਕ ਵਾਸਤੇ ਕਹਿੰਦਾ, ਉਹ ਸਾਰਾ ਦਿਨ ਮੈਂ ਬਿਨਾ ਬੋਲਿਆਂ ਲੰਘਾ ਦਿੰਦਾ, ਤੇ ਮਨ ਅੰਦਰ ਹੀ ਪਾਠ ਕਰੀ ਜਾਂਦਾ ਅਤੇ ਸਾਰਾ ਦਿਨ ਪਤਾ ਨਹੀਂ ਕਿੰਨੀ ਵਾਰ ਅਰਦਾਸ ਕਰਨ ਲਈ ਮਨ ਨੂੰ ਇਕਾਗਰ ਕਰ ਲੈਂਦਾ। ਫਿਰ ਇਕ ਦਿਨ ਰਹਿਰਾਸ ਦੇ ਪਾਠ ਤੋਂ ਬਾਅਦ ਮੈਨੂੰ ਖਿੜਕੀ ਰਾਹੀਂ ਸੜਕ 'ਤੇ ਸ੍ਰੀ ਗੁਰੂ ਗੋਬਿੰਦ ਸਿੰਘ ਦਾ ਤਿਆਰ-ਬਰ-ਤਿਆਰ ਖਾਲਸਾ ਆਉਂਦਾ ਦਿਖਾਈ ਦਿੱਤਾ। ਮੈਂ ਭੱਜ ਕੇ ਹੱਥ ਧੋ ਕੇ ਬਾਹਰ ਨਿਕਲ ਗਿਆ। ਕੋਲ ਜਾ ਕੇ ਫਤਿਹ ਬੁਲਾਈ। ਮੇਰੇ ਕੱਪੜਿਆਂ ਤੋਂ ਇਸ ਤਰ੍ਹਾਂ ਲੱਗ ਰਿਹਾ ਸੀ ਕਿ ਮੈਂ ਕਿਸੇ ਨਾਲ ਲੜ ਕੇ ਆਇਆ ਹੋਵਾਂ। ਖਾਲਸਾ ਜੀ ਨੂੰ ਆਪਣੀ ਸਾਰੀ ਕਹਾਣੀ ਸੁਣਾ ਦਿੱਤੀ। ਕਹਾਣੀ ਸੁਣਨ ਤੋਂ ਬਾਅਦ ਖਾਲਸਾ ਜੀ ਨੇ ਮੈਨੂੰ ਇਕ ਫੋਨ ਨੰਬਰ ਦਿੱਤਾ ਤੇ ਸਟੋਰ ਦੇ ਕੰਮ ਵਾਸਤੇ ਬੰਦੇ ਦੀ ਜ਼ਰੂਰਤ ਬਾਰੇ ਦੱਸਿਆ। ਵਾਪਸ ਆਇਆ ਤਾਂ ਮਾਲਕ ਕਹਿੰਦਾ, "ਤੂੰ ਇਕੱਲਾ ਹੀ ਗੱਲਾਂ ਕਰੀ ਜਾਂਦਾ ਸੀ।" ਮੈਂ ਕਿਹਾ, "ਨਹੀਂ ਬਾਈ ਜੀ, ਮੈਂ ਤਾਂ ਖਾਲਸਾ ਜੀ ਨਾਲ ਵਿਚਾਰ ਕਰ ਰਿਹਾ ਸੀ।" ਮਾਲਕ ਕਹਿੰਦਾ, "ਕਿਹੜਾ ਖਾਲਸਾ?" ਅਸੀਂ ਤਾਂ ਤੈਨੂੰ ਇਕੱਲੇ ਨੂੰ ਖੜ੍ਹਾ ਦੇਖਿਆ ਸੀ। ਮੈਂ ਹੋਰ ਕੁਝ ਕਹਿਣ ਤੋਂ ਗੁਰੇਜ਼ ਕਰ ਗਿਆ। ਉਸ ਨੰਬਰ 'ਤੇ ਕਾਲ ਕੀਤੀ, ਉਹ ਨੰਬਰ ਮੇਰੇ ਨਾਲ ਰਹਿੰਦੇ ਮੁੰਡੇ ਦੇ ਸਟੋਰ ਦਾ ਸੀ। ਉਨ੍ਹਾਂ ਨੂੰ ਰਾਤਾਂ ਵਾਸਤੇ ਬੰਦੇ ਦੀ ਲੋੜ ਸੀ ਤੇ ਉਹਨੇ ਮੈਨੂੰ ਕਦੇ ਕੰਮ ਕਰਨ ਬਾਰੇ ਕਿਹਾ ਨਹੀਂ ਸੀ। ਸ਼ਾਇਦ ਮੈਥੋਂ ਅੰਗਰੇਜ਼ੀ ਨਹੀਂ ਸੀ ਬੋਲ ਹੁੰਦੀ, ਪਰ ਪਤਾ ਨਹੀਂ ਕਿ ਕੀ ਮਿਹਰ ਪਈ, ਉਹਨੇ ਮੈਨੂੰ ਆਪ ਕੰਮ ਸਿਖਾ ਕੇ ਕੰਮ ਦੇ ਦਿੱਤਾ। ਮੇਰਾ ਤੇ ਮੀਟ ਦਾ ਰਿਸ਼ਤਾ ਪਰਮਾਤਮਾ ਨੇ ਸਦਾ ਲਈ ਮੁਕਾ ਦਿੱਤਾ। ਅੱਜ ਤੱਕ ਮੈਂ ਪਾਠ, ਸਿਮਰਨ ਤੇ ਅਰਦਾਸਾਂ ਬਹੁਤ ਕੀਤੀਆਂ ਨੇ ਪਰ ਮੁੜ ਕੇ ਉਸ 'ਖਾਲਸੇ' ਦੇ ਦਰਸ਼ਨ ਨਹੀਂ ਹੋਏ। ਉਸ ਸ਼ਹਿਰ ਵਿਚ ਵੀ ਬਹੁਤ ਵਾਰ ਲੱਭਣ ਦੀ ਕੋਸ਼ਿਸ਼ ਕੀਤੀ ਪਰ ਕੋਸ਼ਿਸ਼ ਨਾ-ਕਾਮਯਾਬ ਰਹੀ। 'ਖਾਲਸਾ ਜੀ' ਦਾ ਧੰਨਵਾਦ ਕਰਨ ਲਈ ਆਪਣੇ ਲਿਬੜੇ ਤਨ ਮਨ ਨੂੰ ਆਪਣੀ ਕੋਰੀ ਸ਼ਰਧਾ ਵਾਂਗ ਪਵਿੱਤਰ ਕਰਨ ਲਈ ਨਾਮ ਨਾਲ ਜੁੜਨ ਦੀ ਕੋਸ਼ਿਸ਼ ਕਰਦਾ ਰਹਿੰਦਾ ਹਾਂ।

## ਰੱਬ ਆਸਰੇ

"ਅਮਲੀਆ, ਕੀ ਗੱਲ ਝੁੱਗੀ ਅੱਗੇ ਦੀਵੇ ਨ੍ਹੀਂ ਜਗਾਏ ਅੱਜ? ਦੀਵਾਲੀ ਐ, ਪਵਿੱਤਰ ਦਿਹਾੜਾ।" ਲੰਘੇ ਜਾਂਦੇ ਫੌਜੀ ਨੇ ਅਮਲੀ ਦੀ ਝੁੱਗੀ ਅੱਗੇ ਰੁਕ ਕੇ ਪੁੱਛਿਆ।

"ਫੌਜੀਆ, ਕੋਸ਼ਟ ਤਾਂ ਕੀਤੀ ਸੀ ਜਗਾਉਣ ਦੀ ਪਰ ਜਗਿਆ ਨ੍ਹੀਂ। ਡੱਬੀ 'ਚ ਇਕੋ ਸੀਖ ਸੀ, ਉਹ ਵੀ ਠੁੱਸ ਹੋ ਗਈ। ਪੀਰ ਬੁੱਧੂ ਸ਼ਾਹ ਦੀ ਕਬਰ 'ਤੇ ਗਿਆ ਸੀ ਮੈਂ ਅੱਜ। ਉਥੋਂ ਜਲੇਬੀਆਂ ਨਾਲ ਲੇੜ੍ਹ ਕੇ ਆਇਐਂ ਹੁਣੇ। ਉਥੋਂ ਦੀਵੇ ਚੁੱਕ ਲਿਆਇਆ ਸੀ ਬੁਝਾ ਕੇ। ਮਖ ਝੁੱਗੀ 'ਚ ਜਾ ਕੇ ਜਗਾਊਂਗਾ। ਏਥੇ ਹੀਲਾ ਨ੍ਹੀਂ ਬਣਿਐ।" ਅਮਲੀ ਨੇ ਅਸਲੀਅਤ ਦੱਸੀ।

"ਅਮਲੀਆ, ਉਂਜ ਤਾਂ ਸਰਕਾਰ ਨੇ ਵੀ ਕਿਹਾ ਸੀ ਕਿ ਸਾਰਿਆਂ ਦੀਆਂ ਝੁੱਗੀਆਂ 'ਚ ਇਕ ਬਲਬ ਮੁਫ਼ਤ ਜਗਾਵਾਂਗੇ ਪਰ ਇਹ ਲਾਰਾ ਹੀ ਬਣ ਕੇ ਰਹਿ ਗਿਆ।"

"ਫੌਜੀਆ, ਇਨ੍ਹਾਂ ਆਗੂਆਂ ਦੇ ਆਪਣੇ ਡਮਾਕ ਨ੍ਹੇਰੇ ਨਾਲ ਭਰੇ ਪਏ ਆ। ਜਿਹੜੇ ਆਪ ਮਨ ਦੇ ਕਾਲੇ ਐ, ਉਨ੍ਹਾਂ ਝੁੱਗੀਆਂ ਵਿਚ ਚਾਨਣ ਕਿੱਥੋਂ ਕਰਨੈ?"

"ਤੇਰੀ ਗੱਲ ਤਾਂ ਠੀਕ ਐ ਅਮਲੀਆ। ਜਿਹੜੇ ਆਪ ਬੂਬਣੇ ਸਾਧਾਂ ਤੋਂ ਆਪਣੀ ਗੱਦੀ ਸਲਾਮਤ ਰੱਖਣ ਲਈ ਯੱਗ ਕਰਾਉਂਦੇ ਰਹਿੰਦੇ ਨੇ, ਜੇ ਦਿਮਾਗ 'ਚ ਗਿਆਨ ਦਾ ਕੋਈ ਚਾਨਣ ਹੋਵੇ ਤਾਂ ਲੋਕਾਂ ਵਾਸਤੇ ਕੋਈ ਅਕਲ ਦੀ ਗੱਲ ਨਾ ਕਰਨ?"

"ਫੌਜੀਆ ਤਾਹੀਉਂ ਤਾਂ ਸੱਠਾਂ ਸਾਲਾਂ ਤੋਂ ਨ੍ਹੇਰ ਢੋਈ ਜਾਂਦੇ ਐ। ਨਾਲੇ ਲੋਕਾਂ ਨੂੰ ਬੁੱਧੂ ਬਣਾਈ ਜਾਂਦੇ ਐ।"

"ਅਮਲੀਆ, ਗੁਆਂਢੀਆਂ ਦੇ ਦੀਵੇ ਨਾਲ ਲਾ ਕੇ ਜਗ੍ਹਾ ਲੈ ਇਕ ਦੀਵਾ। ਫਿਰ ਘਰ ਆ ਕੇ ਉਸ ਨਾਲ ਦੂਜੇ ਜਗ੍ਹਾ ਲਈ।"

"ਫੌਜੀਆ ਗੱਲ ਤਾਂ ਤੇਰੀ ਠੀਕ ਐ, ਇਉਂ ਚਾਨਣ ਸਾਰੇ ਪਾਸੇ ਫੈਲ ਸਕਦੈ, ਜੇ ਚਾਨਣ ਵਾਲੇ ਥੋੜ੍ਹੀ ਜਿਹੀ ਹਿੰਮਤ ਵਾਲੇ ਹੋਣ।"

"ਅਮਲੀਆ ਕਰ ਹਿੰਮਤ ਫਿਰ?"

"ਚਲ ਫੌਜੀਆ, ਔਹ ਚੁਬਾਰੇ ਵਾਲਿਆਂ ਦੀਆਂ ਲੜੀਆਂ ਦਾ ਚਾਨਣ ਪੈਂਦਾ ਹੁਣ ਤਾਂ ਝੁੱਗੀ ਉਤੇ। ਹੁਣ ਐਨਾ ਹੀ ਬੌਤ ਐ! ਸਵੇਰੇ ਰੱਬ ਨੇ ਸੂਰਜ ਜਗ੍ਹਾ ਕੇ ਅੰਦਰ ਤੱਕ ਚਾਨਣ ਨਾਲ ਭਰ ਦੇਣੀ ਐ ਝੁੱਗੀ।"

*-ਅਵਤਾਰ ਸਿੰਘ ਹੰਸਰਾ*


# ਸ਼ਾਇਰ ਗੁਰਦੀਪ

ਪੁਸਤਕ ਚਰਚਾ

**ਹਰਪਾਲ ਸਿੰਘ ਪੰਨੂ**

ਦਸਵੀਂ ਪਾਸ ਕਰਕੇ 15 ਸਾਲ ਦੀ ਉਮਰ ਵਿਚ ਮਹਿੰਦਰਾ ਕਾਲਜ ਪਟਿਆਲੇ ਦਾਖਲਾ ਲਿਆ। ਇਕ ਦਿਨ ਨੋਟਿਸ ਬੋਰਡ ਉਪਰ ਨੋਟਿਸ ਪੜ੍ਹਿਆ ਕਿ 20 ਸਤੰਬਰ 1968 ਨੂੰ ਸ਼ਾਮੀਂ ਹਾਲ ਵਿਚ ਮੁਸ਼ਾਇਰਾ ਹੋਵੇਗਾ, ਚਾਹਵਾਨ ਸਰੋਤੇ ਪੁੱਜਣ। ਮੈਂ ਆਪਣੇ ਫਿਜਿਕਸ ਦੇ ਅਧਿਆਪਕ ਨੂੰ ਪੁੱਛਿਆ, ਜੀ ਮੁਸ਼ਾਇਰਾ ਕੀ ਹੁੰਦਾ ਹੈ? ਉਸ ਨੇ ਦੱਸਿਆ, ਕੁੱਝ ਲੋਕ ਇਕੱਠੇ ਹੋ ਕੇ ਉਰਦੂ ਵਿਚ ਖੱਪਖਾਨਾ ਪਾਇਆ ਕਰਦੇ ਨੇ। ਤੂੰ ਕੀ ਲੈਣੈ? ਤੂੰ ਆਪਣੀ ਪੜ੍ਹਾਈ ਕਰ।

ਸ਼ਾਮ ਹੋਈ, ਮੈਂ ਵੀ ਹਾਲ ਵਿਚ ਜਾ ਬੈਠਾ। ਮੁਸ਼ਾਇਰਾ ਸ਼ੁਰੂ ਹੋਇਆ। ਮੈਂ ਕਵੀਸ਼ਰ,



*ਗੁਰਦੀਪ*

ਢਾਡੀ ਅਤੇ ਰਾਗੀ ਸੁਣੇ ਸਨ, ਇਸ ਤਰ੍ਹਾਂ ਦੀ ਵੀ ਕੋਈ ਗੱਲ ਹੋਇਆ ਕਰਦੀ ਹੈ, ਪਤਾ ਨਹੀਂ ਸੀ। ਮੈਂ ਦੰਗ ਰਹਿ ਗਿਆ। ਪੈਨ ਕਾਪੀ ਤਾਂ ਹਰ ਵਕਤ ਨਾਲ ਹੁੰਦੀ ਹੀ ਹੈ। ਉਦੋਂ ਦੇ ਕੁਝ ਸ਼ਿਅਰ ਹੁਣ ਤਕ ਯਾਦ ਹਨ। ਪੱਚੀ ਕੁ ਸਾਲ ਦੀ ਉਮਰ ਦਾ ਇਕ ਸ਼ਾਇਰ ਜਮੀਲ ਉਸ ਸ਼ਾਮ ਪੂਰਾ ਜੰਮਿਆ। ਉਸ ਨੂੰ ਭਰਪੂਰ ਦਾਦ ਮਿਲਦੀ, ਬਾਰ ਬਾਰ ਸੁਣਨ ਦੀ ਫੁਰਮਾਇਸ਼ ਹੁੰਦੀ। ਉਸ ਦੇ ਦੋ ਸ਼ਿਅਰ ਯਾਦ ਹਨ:

ਫਿਰਦੌਸ ਕੀ ਬਹਾਰ  
ਤਿਰੀ ਅੰਜੁਮਨ ਮੇਂ ਹੈ।  
ਅਬ ਕਿਆ ਚਮਨ ਮੇਂ ਜਾਏਂ  
ਅਬ ਕਿਆ ਚਮਨ ਮੇਂ ਹੈ।  
ਵੈਸੇ ਤੋ ਕੁਛ ਨਹੀਂ ਹੈ  
ਜਮੀਲ ਅਪਨੀ ਸ਼ਾਇਰੀ,  
ਬਾਤ ਇਤਨੀ ਹੈ ਕਿ  
ਹਾਂ ਸਫਾਈ ਸੁਖਨ ਮੇਂ ਹੈ।

ਮੈਂ ਦੰਗ ਰਹਿ ਗਿਆ ਜਦੋਂ ਦੇਖਿਆ, ਹੁਣੇ ਇਸ਼ਕ ਦੀ ਗੱਲ ਹੋਈ, ਹੁਣੇ ਸਿਆਸਤ ਤੇ ਟਿੱਪਣੀ ਹੋ ਗਈ ਤੇ ਹੁਣੇ ਮਨੁੱਖੀ ਇਖਲਾਕ ਦਾ ਫਰੇਬ ਸਾਹਮਣੇ ਪੇਸ਼ ਹੈ। ਗਜ਼ਲ ਇਕੋ, ਹਰੇਕ ਸ਼ਿਅਰ ਵਿਭਿੰਨ ਅਰਥਾਂ ਅਤੇ ਰਮਜ਼ਾਂ ਵਾਲਾ! ਮੈਂ ਕਿਸੇ ਪਰੀ ਦੇਸ ਵਿਚ ਪੁੱਜ ਗਿਆ ਸਾਂ। ਕਵਿਤਾ ਦਾ ਜਜ਼ਬਾ ਤੇ ਵਾਰਤਕ ਦੀ ਦਲੀਲ ਇਕੋ ਸ਼ਿਅਰ ਵਿਚ ਮੌਜੂਦ। ਇਕ ਸ਼ਿਅਰ ਦਾ ਮਣਕਾ ਸੰਗੀਤ ਦੇ ਧਾਗੇ ਵਿਚ ਦੀ ਲੰਘਦਾ ਹੋਇਆ ਦੂਜੇ ਮਣਕੇ ਨਾਲ ਜੁੜਿਆ ਹੋਇਆ।

ਭਾਸ਼ਾ ਵਿਭਾਗ ਨੇ ਜ਼ੌਕ, ਦਾਗ, ਗਾਲਿਬ, ਜ਼ਫਰ ਅਤੇ ਇਕਬਾਲ ਦੇ ਦੀਵਾਨ ਗੁਰਮੁਖੀ ਵਿਚ ਛਾਪੇ ਸਨ। ਇਹ ਸਾਰੇ ਪੜ੍ਹੇ। ਆਪੋ ਆਪਣੀ ਥਾਂ ਸਾਹਿਤ ਦੇ ਸਾਰੇ ਰੂਪ ਉਤਮ ਹਨ ਪਰ ਮੇਰੀ ਸੁਰਤ ਵਿਚ ਗਜ਼ਲ ਨੇ ਪੱਕਾ ਟਿਕਾਣਾ ਬਣਾ ਲਿਆ। ਦਰਸ਼ਨ ਸਿੰਘ ਅਵਾਰਾ, ਕਰਤਾਰ ਸਿੰਘ ਬਲੱਗਣ, ਵਿਧਾਤਾ ਸਿੰਘ ਤੀਰ, ਗੁਰਦੇਵ ਨਿਰਧਨ, ਜਗਤਾਰ ਪ੍ਰਭਾਵਿਤ ਕਰਦੇ। ਨਵਿਆਂ ਵਿਚੋਂ ਵਿਜੇ ਵਿਵੇਕ, ਹਰਜਿੰਦਰ ਕੰਗ ਅਤੇ ਜਸਵਿੰਦਰ ਖਿੱਚ ਪਾਉਂਦੇ। ਗੁਰਦੀਪ ਦਾ ਨਾਮ ਤੱਕ ਨਹੀਂ ਸੁਣਿਆ ਸੀ। ਦਸ ਕਿਤਾਬਾਂ ਛਪ ਗਈਆਂ ਹੋਣ ਪਰ ਮੈਂ ਵਾਕਫ ਨਾ ਹੋਵਾਂ, ਮੇਰੇ ਲਈ ਅੱਛਾ ਨਹੀਂ, ਅਜਿਹਾ ਇਸ ਕਰਕੇ ਹੋਇਆ ਕਿ ਅਖਬਾਰਾਂ ਰਿਸਾਲਿਆਂ ਵਿਚ ਉਹ ਨਹੀਂ ਛਪਿਆ, ਨਾ ਕੋਈ ਗੋਸ਼ਟੀ, ਨਾ ਕਿਤਾਬ ਦੀ ਘੁੰਡ ਚੁਕਾਈ, ਕੁਝ ਵੀ ਨਹੀਂ। ਉਸ ਦੀ ਤਬੀਅਤ ਵਿਚ ਇਸ਼ਤਿਹਾਰਬਾਜ਼ੀ ਨਹੀਂ ਹੈ। ਪਰ ਇਸ ਦੌਰ ਵਿਚ ਇਸ ਬਗੈਰ ਗੁਜ਼ਾਰਾ ਨਹੀਂ। ਗੁਰਦਿਆਲ ਬਲ ਨੇ ਉਸ ਨਾਲ ਵਾਕਫੀ ਕਰਵਾਈ ਅਤੇ ਤਿੰਨ ਦੀਵਾਨ ਪੜ੍ਹਨ ਲਈ ਦਿੱਤੇ।

ਗੁਰਦੀਪ ਨੇ ਫੈਜ਼ ਤੱਕ ਦਾ ਸਾਰਾ ਉਰਦੂ ਜਹਾਨਿ ਗਜ਼ਲ ਵਾਚਿਆ ਹੋਇਆ ਹੈ। ਜਨਮ ਸ਼ਤਾਬਦੀ ਮੌਕੇ ਉਸ ਨੇ ਪਾਠਕਾਂ ਨੂੰ ਫੈਜ਼ ਦੇ ਫਨ ਤੋਂ ਜਾਣੂ ਕਰਵਾਇਆ ਹੈ। ਗੁਰਦੀਪ ਦੀ ਸ਼ਾਇਰੀ ਦਾ ਨਮੂਨਾ ਦੇਖੋ,

ਮੈਂ ਮਸ਼ੀਨਾਂ ਦੇ ਪਤੇ 'ਤੇ  
ਧੜਕਣਾਂ ਨੂੰ ਖ਼ਤ ਲਿਖੇ।  
ਦਰਦ ਦੇ ਨਾਜ਼ਕ ਵਿਸ਼ੇ ਤੇ  
ਕਾਤਲਾਂ ਨੂੰ ਖ਼ਤ ਲਿਖੇ।  
ਇਕ ਗਵਾਚੀ ਲਹਿਰ ਨੂੰ  
ਲੱਭੀ ਗਿਆ ਦਿਲ ਨਾਮੁਰਾਦ  
ਕੰਢਿਆਂ ਦੀ ਮਾਰਫਤ  
ਮੈਂ ਸਾਗਰਾਂ ਨੂੰ ਖ਼ਤ ਲਿਖੇ।

ਉਪਰਲਾ ਸ਼ਿਅਰ ਪੜ੍ਹ ਕੇ ਮੈਨੂੰ ਨਾਮੁਰਾਦ ਯੇਵਤੂਸ਼ੈਂਕੂ ਯਾਦ ਆ ਗਿਆ ਜਿਸਨੇ ਲਿਖਿਆ ਸੀ,

ਸ਼ਾਇਰਾਂ ਨੇ ਮਸ਼ੀਨੀ ਕਿਸਮ ਦੀਆਂ  
ਨਜ਼ਮਾਂ ਲਿਖੀਆਂ।  
ਮਸ਼ੀਨਾਂ ਇਨ੍ਹਾਂ ਨੂੰ ਸਮਝ ਸਕਦੀਆਂ  
ਤਾਂ ਦਾਦ ਦਿੰਦੀਆਂ।  
ਆਦਮੀ ਵਲੋਂ ਇਨ੍ਹਾਂ ਨੂੰ ਦਾਦ ਨਹੀਂ ਮਿਲੀ।

ਧੜਕਣਾਂ ਨੂੰ ਖ਼ਤ ਵਿਚਲੀ ਗਜ਼ਲ ਦੇ ਦੋ ਸ਼ਿਅਰ ਹਾਜ਼ਰ ਹਨ,


ਦੇਖ ਕੇ ਸਾਨੂੰ ਨਿਥਾਂਵੇਂ ਬਾਗ ਵਿਚ  
ਰੁਕ ਗਈ ਜਾਂਦੀ ਖਿਜ਼ਾਂ ਸਾਡੇ ਲਈ।  
ਇਹ ਤੇ ਸਾਡੇ ਦੁਸ਼ਮਣਾਂ ਦਾ ਸ਼ਹਿਰ ਹੈ  
ਰੁਕ ਗਿਆ ਕਿਸ ਥਾਂ ਸਮਾਂ ਸਾਡੇ ਲਈ।

***

ਹੰਸ ਜਿਹੜੇ ਕਹਿਕਸ਼ਾਂ ਦੇ  
ਕੰਢਿਆਂ ਤੇ ਲਹਿਣਗੇ।  
ਸਹਰ ਤੋੜੀ ਤਾਰਿਆਂ ਦੀ  
ਚੋਗ ਚੁਗਦੇ ਰਹਿਣਗੇ।  
ਲੱਗਿਆ ਹੈ ਆਪਣੀ  
ਪਹਿਚਾਣ ਭੁੱਲਣ ਦਾ ਆਰੋਪ  
ਜ਼ਖ਼ਮ ਦਿਲ ਦੇ ਇਕ ਵਾਰੀ  
ਫੇਰ ਗਿਣਨੇ ਪੈਣਗੇ।  
ਆਰਜ਼ੂ ਦੇ ਪੰਛੀਆਂ ਦੇ  
ਪਰ ਬੜੇ ਰੰਗੀਨ ਨੇ  
ਇਹ ਖਿੜਾਉਂਦੇ ਜਾਣਗੇ  
ਜਿਸ ਸ਼ਾਖ ਉਤੇ ਬਹਿਣਗੇ।

ਗੁਰਦੀਪ ਦੀ ਸ਼ਾਇਰੀ ਉਪਰ ਸੁਰਜੀਤ ਪਾਤਰ ਦੀ ਟਿੱਪਣੀ ਹੈ, "ਅੱਜ ਤੋਂ 14, 15 ਸਾਲ ਪਹਿਲਾਂ ਗੁਰਦੀਪ ਦਾ ਗਜ਼ਲ ਸੰਗ੍ਰਹਿ 'ਰੰਗਾਂ ਦੀ ਮਹਿਫਲ' ਮਿਲਿਆ ਤਾਂ ਬੜੀ ਸ਼ਿੱਦਤ ਨਾਲ ਮੈਂ ਮਹਿਸੂਸ ਕੀਤਾ ਕਿ ਉਹ ਰਸੀਲਾ, ਭਿੱਜਿਆ, ਡੁੱਬਿਆ ਰੰਗਿਆ ਗਜ਼ਲਗੋ ਹੈ। ਉਸਦੀ ਗਜ਼ਲ ਤੇ ਉਹ ਇਕ ਜਾਨ ਹਨ। ਕਿੰਨੇ ਹੀ ਸ਼ਿਅਰ ਦਿਲ ਵਿਚ ਉਤਰ ਗਏ। ਗੁਰਦੀਪ ਨੇ ਕੁਝ ਅਜਿਹਾ ਵੀ ਕਿਹਾ ਹੈ ਜੋ ਹੁਣ ਤੱਕ ਅਣਕਿਹਾ ਸੀ, ਪਰ ਜੇ ਕਿਤੇ ਕਹੇ ਨੂੰ ਵੀ ਕਿਹਾ ਹੈ ਤਾਂ ਆਪਣੇ ਦਿਲ ਵਿਚ ਡੋਬ ਕੇ ਕਿਹਾ ਹੈ। ਉਸ ਦੀਆਂ ਗਜ਼ਲਾਂ ਵਿਚ ਜਿਹੜੀ ਗੱਲ ਸਭ ਤੋਂ ਵਧ ਟੁੰਬਦੀ ਹੈ ਉਹ ਇਹ ਹੈ ਕਿ ਉਹ ਇਕੋ ਸਮੇਂ ਸੰਜਮ, ਸ਼ਿੱਦਤ ਤੇ ਸ਼ਿਲਪ ਨਾਲ ਸ਼ਿਅਰ ਕਹਿੰਦਾ ਹੈ। ਉਸ ਦੀ ਗਜ਼ਲ ਉਪਰ ਉਰਦੂ ਗਜ਼ਲ ਪਰੰਪਰਾ ਦਾ ਵੀ ਗਹਿਰਾ ਪ੍ਰਭਾਵ ਹੈ ਪਰ ਇਸ ਵਿਚ ਪੰਜਾਬੀਅਤ ਦੀ ਆਪ ਮੁਹਾਰੀ ਛੱਲ ਵੀ ਹੈ। ਸੰਜਮ ਤੇ ਸ਼ਿੱਦਤ ਨੂੰ ਜੋੜਨ ਸਦਕਾ ਉਸ ਦੇ ਕਈ ਸ਼ਿਅਰ ਉਨ੍ਹਾਂ ਫੁੱਲਪੱਤੀਆਂ ਵਰਗੇ ਹਨ ਜੋ ਹੀਰੇ ਦਾ ਜਿਗਰ ਕੱਟਣ ਦੀ ਸਮਰੱਥਾ ਰੱਖਦੀਆਂ ਹਨ।"

ਗੁਰਬਚਨ ਸਿੰਘ ਭੁੱਲਰ ਗੁਰਦੀਪ ਨੂੰ ਇਉਂ ਯਾਦ ਕਰਦਾ ਹੈ, "ਗੁਰਦੀਪ ਦੀ ਕਵਿਤਾ ਦਾ ਮੀਰੀ ਗੁਣ ਸ਼ਿਅਰਾਂ ਦੇ ਅਰਥਾਂ ਦਾ ਬਹੁਪਰਤੀ ਅਤੇ ਸੰਘਣੇ ਹੋਣਾ ਹੈ। ਮੁਨਸਿਫ ਦਾ ਚਿੱਤਰ ਵਾਹੁੰਦਿਆਂ ਜਦੋਂ ਕਾਤਿਲ ਦੀ ਨੁਹਾਰ ਉਘੜ ਆਉਂਦੀ ਹੈ, ਇਸ ਤੋਂ ਵਧੀਕ ਸੁੱਚਜਾ ਵਰਣਨ ਅਜੋਕੀ ਸਮਾਜਕ ਸਥਿਤੀ ਦਾ ਕੀ ਹੋ ਸਕਦਾ ਹੈ? ਬਾਗ ਵਿਚੋਂ ਰੰਗ ਲੈ ਜਾਣ ਵਾਲੇ ਅਤੇ ਫੁੱਲਾਂ ਦੀ ਥਾਂ ਬੁਲਬੁਲਾਂ ਦੇ ਪਰ ਪਰੋ ਜਾਣ ਵਾਲੇ ਲੋਕਾਂ ਦੀ ਨਿਸ਼ਾਨਦੇਹੀ ਰੰਗ, ਮਹਿਕ ਅਤੇ ਕੋਮਲਤਾ ਦੇ ਪ੍ਰਤੀਕ ਫੁੱਲਾਂ ਅਤੇ ਇਸ ਸਭ ਕੁਝ ਦੇ ਗੀਤ ਗਾਉਣ ਵਾਲੀਆਂ ਬੁਲਬੁਲਾਂ ਦੀ ਹੋਣੀ ਦੀ ਬਾਤ ਪਾਉਂਦੀ ਹੈ। ਜਦੋਂ ਕਵੀ ਸ਼ਹਿਰ ਅਤੇ ਨਦੀ ਦੀ




ਗੱਲ ਕਰਦਾ ਹੈ, ਇਨ੍ਹਾਂ ਦੋਵਾਂ ਸ਼ਬਦਾਂ ਵਿਚ ਤਾਂ ਸਮਾਜ ਦਾ ਅਤੇ ਇਸ਼ਕ ਦਾ ਪੂਰਾ ਇਤਿਹਾਸ ਸਮੋਇਆ ਪਿਆ ਹੈ ਤੇ ਇਸ ਇਤਿਹਾਸ ਦੀ ਗੱਲ ਕਰਨ ਬਦਲੇ ਸ਼ਹਿਰ ਨੇ ਜੰਜੀਰ ਹੀ ਦੇਣੀ ਹੈ ਪਰ ਇਸੇ ਜੰਜੀਰ ਨੂੰ ਛਣਕਦੀ ਦਾ ਵਿਸ਼ਲੇਸ਼ਣ ਦੇ ਕੇ ਕਵੀ ਆਪਣਾ ਅਜ਼ੇ ਅਭੈ ਪ੍ਰਤਿਕਰਮ ਭਲੀਭਾਂਤ ਉਜਾਗਰ ਕਰ ਦਿੰਦਾ ਹੈ,

ਮੈਂ ਵਹਿਸ਼ਤ ਵਿਚ ਨਕਸ਼ਾ ਖਿਚ ਕੇ  
ਧਰ ਦਿੱਤਾ ਏ ਕਾਤਲ ਦਾ  
ਲੋਕੀ ਪੁਛਦੇ ਮੈਥੋਂ ਸੀ  
ਮੁਨਸਿਫ ਕਿਸ ਤਰ੍ਹਾਂ ਦਾ ਹੈ।

***

ਮੈਂ ਸ਼ਹਿਰ ਤੇਰੇ 'ਚੋਂ ਲੈ ਜਾਣਾ ਹੈ ਕੀ,  
ਛਣਕਦੀ ਜ਼ੰਜੀਰ ਲੈ ਜਾਵਾਂਗਾ ਮੈਂ।

ਉਹ ਪਰੰਪਰਾਗਤ ਰੂਪ, ਸੁਭਾਅ ਅਤੇ ਲੱਛਣ ਤੋਂ ਪਾਰ ਜਾ ਕੇ ਸਾਧਾਰਣ ਅੱਖ ਨੂੰ ਦਿਸਦੇ ਅਤੇ ਸਾਧਾਰਣ ਸਮਝ ਨੂੰ ਅਨੁਭਵ ਹੁੰਦੇ ਦੀ ਥਾਂ ਸਭ ਕੁਝ ਨੂੰ ਇਕ ਨਵੇਂ ਕੋਣ ਤੋਂ ਦੇਖਦਾ ਹੈ।

ਇਕ ਸ਼ਾਇਰ ਦੇ ਘਰ ਪੰਜਾਬੀ ਕਵੀ ਦਰਬਾਰ ਸੀ। ਮੈਂ ਖੁਮਾਰ ਨੂੰ ਕਿਹਾ, ਚੱਲੀਏ? ਉਹ ਕਹਿਣ ਲੱਗਾ-ਆਪਾਂ ਨੂੰ ਸੱਦਿਆ ਤਾਂ ਹੈ ਨਹੀਂ ਕਿਸੇ ਨੇ। ਮੈਂ ਕਿਹਾ-ਮੈਂ ਇਹ ਆਖ ਕੇ ਅੰਦਰ ਜਾਵਾਂਗਾ ਕਿ ਮੈਂ ਸ਼ਾਇਰ ਨਹੀਂ, ਸਰੋਤਾ ਹਾਂ। ਸਰੋਤੇ ਬਗੈਰ ਕੀ ਕਰੋਗੇ ਤੁਸੀਂ? ਖੁਮਾਰ ਨੇ ਕਿਹਾ-ਠੀਕ ਹੈ। ਮੈਂ ਇਹ ਆਖਾਂਗਾ ਕਿ ਪੰਜਾਬੀ ਵਾਲੇ ਕਿਵੇਂ ਫੈਸਲਾ ਕਰਨਗੇ ਆਪਣੇ ਕਲਾਮ ਦਾ ਜੇ ਉਹ ਕਿਸੇ ਦੂਸਰੀ ਜ਼ਬਾਨ ਦੇ ਸ਼ਾਇਰ ਨੂੰ ਕੁਝ ਸੁਣਾਉਂਦੇ ਨਹੀਂ, ਕੁਝ ਸੁਣਦੇ ਨਹੀਂ। ਅਸੀਂ ਦੋਵੇਂ ਚਲੇ ਗਏ। ਅੱਛੀਆਂ ਗ਼ਜ਼ਲਾਂ ਅਤੇ ਕਵਿਤਾਵਾਂ ਸਨ। ਫਿਰ ਖੁਮਾਰ ਨੂੰ ਕਿਹਾ ਉਹ ਵੀ ਕੁਝ ਸੁਣਾਵੇ। ਉਸ ਨੇ ਗ਼ਜ਼ਲ ਸੁਣਾਈ, ਗਾ ਕੇ:

ਮਿਰੇ ਜ਼ੌਕਿ ਤਜੱਸੁਮ ਕੇ ਉਜਾਲੋ।  
ਮੁਝੇ ਪੱਥਰ ਕੀ ਦੁਨੀਆਂ ਸੇ ਨਿਕਾਲੋ।  
ਮੁਝੇ ਰਹਨੇ ਦੋ ਬਨ ਕੇ ਸਿਰਫ ਖੁਸ਼ਬੂ  
ਅਭੀ ਫੂਲੋਂ ਕੇ ਸਾਂਚੋਂ ਮੇਂ ਨ ਢਾਲੋ।  
ਤੁਮਹਾਰਾ ਸ਼ਹਰ ਹੈ ਸ਼ੋਅਲੋਂ ਕੀ ਜ਼ਦ ਮੇਂ  
ਬਚਾਓ ਉਸ ਕੋ ਯਾ ਖੁਦ ਕੋ ਬਚਾ ਲੋ।

ਸਭ ਨੇ ਪਸੰਦ ਕੀਤੀ ਤੇ ਪੁੱਛਿਆ, ਪੰਜਾਬੀ ਸ਼ਾਇਰੀ ਬਾਰੇ ਤੁਹਾਡਾ ਕੀ ਵਿਚਾਰ ਹੈ? ਖੁਮਾਰ ਨੇ ਕਿਹਾ-ਕੁਝ ਸ਼ਾਇਰਾਂ ਵਿਚ ਖਿਆਲਾਂ ਦੀ ਖੂਬੀ ਹੈ ਪਰ ਸੰਗੀਤ ਨਹੀਂ ਹੈ। ਲਗਦਾ ਹੈ ਪੰਜਾਬੀ ਸ਼ਾਇਰ ਨੂੰ ਅਜੇ ਤਕ ਆਪਣੇ ਆਪ ਉਤੇ ਇਤਬਾਰ ਨਹੀਂ ਆਇਆ ਕਿ ਕੋਈ ਵੱਡਾ ਸੰਗੀਤਕਾਰ ਉਸ ਨੂੰ ਗਾਏਗਾ ਵੀ। ਮੈਨੂੰ ਮੇਰੇ ਕਲਾਮ ਬਾਰੇ ਪਤਾ ਹੈ ਕਿ ਗਾਇਕ ਗਾਉਣਗੇ ਤੇ ਸਰੋਤੇ ਝੂਮਣਗੇ। ਇਕ ਕਵੀ ਨੇ ਪੁੱਛਿਆ-ਕੀ ਤੁਸੀਂ ਆਪਣੀ ਸ਼ਾਇਰੀ ਸੰਗੀਤ ਦੇ ਰੰਗ ਵਿਚ ਰੰਗਣ ਲਈ ਖਾਸ ਮਿਹਨਤ ਕਰਦੇ ਹੋ? ਉਸ ਨੇ ਕਿਹਾ-ਬਿਲਕੁਲ ਨਹੀਂ। ਜਿਹੜਾ ਪਿਓ ਖੂਬਸੂਰਤ ਖਿਆਲ ਭੇਜਦਾ ਹੈ, ਉਸੇ ਨੂੰ ਕਿਹਾ ਸੀ ਸੰਗੀਤ ਵੀ ਨਾਲ ਹੀ ਭੇਜ ਦਿਆ ਕਰ। ਜਦੋਂ ਤੁਸੀਂ ਸੰਗੀਤ ਦੀ ਮੰਗ ਕੀਤੀ, ਤੁਹਾਨੂੰ ਵੀ ਦਏਗਾ।

ਗੁਰਦੀਪ ਨੂੰ ਪੜ੍ਹਨ ਉਪਰੰਤ ਜਾਣੋਗੇ ਕਿ ਉਸ ਦੀਆਂ ਗਜ਼ਲਾਂ ਵਿਚ ਸੰਗੀਤ ਮੌਜੂਦ ਹੈ। ਉਸਤਾਦ ਨੁਸਰਤ ਫਤਿਹ ਅਲੀ ਖਾਨ ਨੇ ਸ਼ਿਵ ਕੁਮਾਰ ਬਟਾਲਵੀ ਨੂੰ ਗਾਇਆ। ਸ਼ਾਇਰ ਵਿਚ ਤਾਕਤ ਹੋਵੇਗੀ ਤਦ ਵਡੇ ਸੰਗੀਤਕਾਰ ਅਤੇ ਗਾਇਕ ਆਕਰਸ਼ਿਤ ਹੋਣਗੇ। ਗੁਰਦੀਪ ਪਾਸੋਂ ਵੱਡੀ ਉਮੀਦ ਹੈ। ਆਮੀਨ।

## ਗੁਰਦੀਪ ਦੀਆਂ ਗਜ਼ਲਾਂ

**1.**

ਖੁਦਕੁਸ਼ੀ ਤਕ ਅੰਤ ਖੇਤਾਂ ਦੀ ਸਿਆਸਤ ਆ ਗਈ।  
ਕਰਜ਼ਿਆਂ ਦੀ ਅਹਿਰਣ ਫ਼ਸਲਾਂ ਮੁੱਢ ਤੀਕਰ ਖਾ ਗਈ।

ਕੱਲਾ ਕੱਲਾ ਕਰ ਗਿਆ ਸਭ ਨੂੰ ਤਰੱਕੀ ਦਾ ਖਿਆਲ,  
ਸਾਂਝਿਆਂ ਹੱਕਾਂ ਨੂੰ ਨਿੱਜੀ ਤਾਂਘ ਗਹਿਣੇ ਪਾ ਗਈ।

ਦੇਖਣਾ ਚਾਹੁੰਦੀ ਸੀ ਮੇਰਾ ਪਿੰਡ ਆਜ਼ਾਦੀ ਜ਼ਰੂਰ,  
ਪਰ ਉਹ ਭੀੜੇ ਕੂਚਿਆਂ 'ਚੋਂ ਲੰਘਣੋਂ ਘਬਰਾ ਗਈ।

ਪਹੁ ਫੁਟਾਲਾ ਲੁੱਟਿਆ ਜਾਣਾ ਸੀ ਏਸੇ ਹੀ ਤਰ੍ਹਾਂ,  
ਅੱਖ ਜਦ ਸੂਰਜ ਦੀ ਚੜ੍ਹਦੇ ਸਾਰ ਹੀ ਪਥਰਾ ਗਈ।

ਸਿਤਮ ਦੇ ਸ਼ਹਿਰਾਂ 'ਚੋਂ ਜਿਹੜਾ ਗੁਜ਼ਰ ਆਇਆ,  
ਉਸ ਦੀਆਂ ਪੈੜਾਂ ਨੂੰ ਉਡਦੀ ਧੂੜ ਰਾਹ ਦੀ ਖਾ ਗਈ।

**2.**

ਜੰਗ ਦੇ ਮੈਦਾਨ, ਨਾ ਦਰਬਾਰ ਵਿਚ।  
ਫ਼ੈਸਲੇ ਹੁੰਦੇ ਨੇ, ਹੁਣ ਬਾਜ਼ਾਰ ਵਿਚ।

ਦਰਦ ਸਾਡਾ ਇਸ ਤੋਂ ਪਾਸੇ ਰਹਿ ਗਿਆ,  
ਦਾਸਤਾਂ ਪਰ ਛਪ ਗਈ ਅਖ਼ਬਾਰ ਵਿਚ।

ਭੁੱਲ ਜਾਂਦੇ ਨੇ ਉਹ ਜ਼ਖ਼ਮਾਂ ਦੀ ਸਿਆਣ,  
ਰਲ ਗਏ ਜੋ ਸਿਤਮ ਦੇ ਪਰਵਾਰ ਵਿਚ।

ਲੁੱਟ ਜੋ ਹੁੰਦੇ ਨੇ ਅੱਡੋ ਅੱਡ ਨੇ,  
ਨੇੜ ਹੈ ਚੋਰਾਂ ਤੇ ਪਹਿਰੇਦਾਰ ਵਿਚ।

ਲੱਭ ਨਾ ਪਹਿਚਾਣ ਪਹਿਰੇਦਾਰ ਵਿਚ।

ਝੂਠ ਕੱਲੇ ਦੀ ਗਵਾਹੀ 'ਤੇ ਸਦਾ,  
ਸੱਚ ਚਿਣ ਹੁੰਦਾ ਰਿਹਾ ਦੀਵਾਰ ਵਿਚ।

ਅੰਬਰਾਂ ਦੀ ਖੁੱਲ੍ਹ ਦੇ ਪਰਤਾਪ ਨਾਲ,  
ਸਿੱਖਿਆ ਉਡਣਾ ਖ਼ਿਆਲ ਡਾਰ ਵਿਚ।

**3.**

ਦਰਦ ਦਾ ਅਪਮਾਨ ਸਹਿ ਹੋਣਾ ਨਹੀਂ।  
ਜਜ਼ਬਿਆਂ ਤੋਂ ਚੁੱਪ ਰਹਿ ਹੋਣਾ ਨਹੀਂ।

ਬਦਲ ਚੁਕੀ ਹੈ ਹਕੀਕਤ ਦਰਦ ਦੀ,  
ਬਣ ਕੇ ਹੰਝੂ ਇਸ ਤੋਂ ਵਹਿ ਹੋਣਾ ਨਹੀਂ।

ਸ਼ਿਕਵਿਆਂ ਨੂੰ ਲੱਭਣਾ ਪੈਣਾ ਹੈ ਰਾਹ,  
ਚੁੱਪ ਕਰਕੇ ਹੋਰ ਬਹਿ ਹੋਣਾ ਨਹੀਂ।

ਮੁਸਕਰਾ ਕੇ ਵੀ ਕਹਿਣ ਜੇ ਦਿਲ ਦਾ ਹਾਲ,  
ਹੰਝੂਆਂ ਤੋਂ ਝੂਠ ਕਹਿ ਹੋਣਾ ਨਹੀਂ।

ਹਾਕਮਾਂ ਦੇ ਹੁਕਮ ਦਾ ਇਹ ਅੰਤ ਹੈ,  
ਮੈਥੋਂ ਹੇਠਾਂ ਹੋਰ ਲਹਿ ਹੋਣਾ ਨਹੀਂ।

ਇਸ ਦੇ ਪਾਣੀ ਵਿਚ ਕੋਈ ਤੜਪ ਹੈ,  
ਇਸ ਨਦੀ ਤੋਂ ਟਿਕ ਕੇ ਵਹਿ ਹੋਣਾ ਨਹੀਂ।

**4.**

ਕਾਗਜ਼ੀ ਫੁੱਲਾਂ ਦੇ ਇਸ ਗੁਲਜ਼ਾਰ ਵਿਚ।  
ਆ ਗਏ ਬੁਲਬੁਲ ਦੇ ਨਗ਼ਮੇ ਮਾਰ ਵਿਚ।

ਪਰਤ ਆਇਆ ਏਂ ਤੂੰ ਖ਼ਾਲੀ ਝੋਲ ਕਿਉਂ,  
ਬਹੁਤ ਕੁਝ ਵਿਕਦਾ ਹੈ ਇਸ ਬਾਜ਼ਾਰ ਵਿਚ।

ਨੇੜ ਦਿਲ ਦਾ ਦੂਰ ਵੱਸਦੀ ਚੀਜ਼ ਹੈ,  
ਦੂਰੀਆਂ ਸ਼ਾਮਲ ਨੇ ਇਕ ਰਫ਼ਤਾਰ ਵਿਚ।

ਆਪਣਾ ਰਾਹ ਢੂੰਡ ਅੰਦਰ ਜਾਣ ਦਾ,

ਹਮਸਫ਼ਰ ਯਾਰਾਂ ਬਣਾਇਆ ਮਹਿਕ ਨੂੰ,  
ਮੁਸਕੁਰਾਹਟਾਂ ਗੁੰਦ ਲਈਆਂ ਹਾਰ ਵਿਚ।

**5.**

ਭਰ ਲਏ ਨੈਣਾਂ 'ਚ ਜੀਨੂੰ ਆਬਸ਼ਾਰ।  
ਹੋ ਗਿਆ ਵਹਿਣਾਂ 'ਤੇ ਉਸ ਦਾ ਅਖ਼ਤਿਆਰ।

ਅੱਥਰੂ ਪੀਤੇ ਬਹੁਤ ਇਸ ਧਰਤ ਨੇ,  
ਰੰਗ ਵੀ ਇਸ ਨੇ ਖਿੜਾਏ ਬੇਸ਼ੁਮਾਰ।

ਨਾ ਕਿਹਾ ਜਿਨ੍ਹਾਂ ਨੂੰ ਆਪਣਾ ਦਰਦ ਨੇ,  
ਰਹਿ ਗਏ ਬਦਨਾਮ ਹੋ ਕੇ ਜਾਂਨਿਸਾਰ।  
ਮੈਂ ਬੜੇ ਮੌਸਮ ਹੰਢਾਏ ਦਰਦ ਦੇ,  
ਉਸ ਗਲੀ 'ਚੋਂ ਲੰਘਿਆ ਹਾਂ ਬਾਰ ਬਾਰ।

ਕੌਣ ਏਥੇ ਭਾਲਦਾ ਇੱਜ਼ਤ ਫਿਰੇ,  
ਕੌਣ ਹੋਵੇ ਉਮਰ ਭਰ ਵਾਧੂ ਖ਼ੁਆਰ।

ਦੱਸਦੇ ਨੇ ਰੋਜ਼ ਮੈਨੂੰ ਮੇਹਰਬਾਨ,  
ਹੁਣ ਤੇ ਖ਼ੁਸ਼ਹਾਲੀ ਵੀ ਮਿਲਦੀ ਹੈ ਉਧਾਰ।

ਉਹ ਨਹੀਂ ਪੈਣਾ ਕਦੀ ਫਿਰ ਜਾਮ ਵਿਚ,  
ਟੁੱਟ ਕੇ ਖਿਲਰ ਗਿਆ ਜਿਹੜਾ ਖ਼ੁਮਾਰ।

## ਰਿਸ਼ਤਿਆਂ ਦਾ ਨਿੱਘ

ਮੈਂ ਮੈਂ ਕਿਉਂ ਕੂਕਦਾ ਫਿਰੇਂ ਹਰਦਮ,  
ਕਹਿ ਤੂੰ ਤੋਂ ਤੁਸੀਂ ਸਤਿਕਾਰਿਆ ਵੀ ਕਰ।  
ਨਫ਼ਰਤ ਨਾਲ ਨਾ ਨਫ਼ਰਤ ਦੀ ਅੱਗ ਬੁੱਝਦੀ  
ਭਾਂਬੜ ਅੱਗ ਦਾ ਪਿਆਰ ਨਾਲ ਠਾਰਿਆ ਵੀ ਕਰ।

ਕੋਈ ਬੰਦਾ ਨਾ ਅਚਨਚੇਤ ਬੁਰਾ ਬਣਦਾ  
ਹੱਥ ਆਪਣੀ ਅਕਲ ਨੂੰ ਮਾਰਿਆ ਵੀ ਕਰ।  
ਕੱਲ ਚੰਗਾ ਸੀ ਜੋ ਅੱਜ ਕਿਉਂ ਬੁਰਾ ਬਣਿਆ  
ਇਸ ਗੱਲ ਨੂੰ ਸੋਚ ਵਿਚਾਰਿਆ ਵੀ ਕਰ।

ਰੱਖ ਕੇ ਆਪ ਨੂੰ ਥਾਂ ਸਿਰ ਦੂਜਿਆਂ ਦੇ  
ਮਨ ਆਪਣੇ ਕਦੇ ਵਿਚਾਰਿਆ ਵੀ ਕਰ।  
ਭੁੱਲ ਮੌਤ ਨੂੰ ਹੰਕਾਰਿਆ ਫਿਰੇਂ ਹਰਦਮ  
ਕਦੇ ਰੱਬ ਦੀ ਨਾਮ ਚਿਤਾਰਿਆ ਵੀ ਕਰ।

ਮੂੰਹੋਂ ਬੋਲ ਕੇ 'ਕੋਇਲ' ਜਿਹੇ ਬੋਲ ਮਿੱਠੜੇ  
ਮਨ ਦੂਜੇ ਦਾ ਅੰਦਰੋਂ ਠਾਰਿਆ ਵੀ ਕਰ।  
ਰਵੇਂ ਉਂਗਲ ਉਠਾਉਂਦਾ ਨਿੱਤ ਦੂਜਿਆ 'ਤੇ,  
ਝਾਤੀ ਆਪਣੇ ਅੰਦਰ ਤੂੰ ਮਾਰਿਆ ਵੀ ਕਰ।

ਤੇਰੀ ਮੈਂ ਵਿਚੋਂ ਹਉਮੈ ਦੀ ਬੋਅ ਆਉਂਦੀ  
ਕਿਤੇ ਤੁਸੀਂ ਦੀ ਮਹਿਕ ਖਿਲਾਰਿਆ ਵੀ ਕਰ।  
ਕਿਉਂ ਨਫ਼ਰਤ ਨਾਲ ਇਨਸਾਨ ਨੂੰ ਵੇਖਦਾ ਏਂ  
ਕਦੇ ਬੰਦੇ 'ਚ ਰੱਬ ਪਹਿਚਾਣਿਆ ਵੀ ਕਰ।

ਮਿਲੀ ਔਖੀ ਇਨਸਾਨ ਦੀ ਜੂਨ ਤੈਨੂੰ  
ਮੁਹੱਬਤ ਪਿਆਰ ਨਾਲ ਇਹਨੂੰ ਗੁਜ਼ਾਰਿਆ ਵੀ ਕਰ।  
ਰਿਸ਼ਤੇ ਬਖ਼ਸ਼ੇ ਜੋ ਤੈਨੂੰ ਪਰਮਾਤਮਾ ਨੇ  
ਨਿੱਘ ਉਨ੍ਹਾਂ ਦਾ ਕਦੇ ਤੂੰ ਮਾਣਿਆ ਵੀ ਕਰ।

*-ਕੁਲਦੀਪ ਸਿੰਘ ਢੀਂਡਸਾ*

# ਫਿਲਮ ਪੜਚੋਲ ਦਾ ਮੁੱਦਾ ਅਤੇ 'ਕਰਜ਼ੇ ਹੇਠ'



ਪਹਿਲੀ ਗੱਲ
ਜਤਿੰਦਰ ਮੌਹਰ
ਫੋਨ: +91 97799 34747

ਫ਼ਿਲਮ ਦੀ ਪੜਚੋਲ ਹਮੇਸ਼ਾਂ ਬਹਿਸ ਦਾ ਮੁੱਦਾ ਰਹੀ ਹੈ। ਪੜਚੋਲੀਆਂ ਦੇ ਵੱਖਰੇ ਪੈਮਾਨੇ ਅਤੇ ਮਾਪਦੰਡ ਹੁੰਦੇ ਹਨ। ਅਖ਼ਬਾਰਾਂ, ਰਸਾਲਿਆਂ, ਬਿਜਲਈ ਮੀਡੀਆ, ਸਮਾਜਕ ਮੀਡੀਆ ਅਤੇ ਅਕਾਦਮਿਕ ਪੇਪਰਾਂ ਰਾਹੀਂ ਕੀਤੀ ਫ਼ਿਲਮ ਪੜਚੋਲ ਲੋਕਾਂ ਸਾਹਮਣੇ ਆਉਂਦੀ ਹੈ। ਜਨਤਕ ਸਮਝ ਬਣਾਉਣ ਲਈ ਜ਼ਿੰਮੇਵਾਰ ਰਵਾਇਤੀ ਵਸੀਲਿਆਂ ਵੱਲੋਂ ਕੀਤੀ ਪੜਚੋਲ ਵਧੇਰੇ ਅੰਕੜਾਮੁਖੀ ਅਤੇ ਤੱਥਮੁਖੀ ਹੁੰਦੀ ਹੈ ਜਿਸ ਵਿਚ ਮੁੱਖ ਫ਼ਿਲਮ ਕਲਾਕਾਰਾਂ, ਖ਼ਾਸ ਕਰਕੇ ਤਕਨੀਸ਼ੀਅਨਾਂ ਅਤੇ ਥੋੜ੍ਹੀ-ਬਹੁਤ ਕਹਾਣੀ ਬਾਬਤ ਤਫ਼ਸੀਲ ਪੇਸ਼ ਕੀਤੀ ਜਾਂਦੀ ਹੈ। ਫ਼ਿਲਮ ਪੜਚੋਲ ਦੇ ਕਾਲਮ ਜਨਤਕ ਸਮਝ 'ਤੇ ਅਸਰ-ਅੰਦਾਜ਼ ਹੁੰਦੇ ਹਨ ਜਿਸ ਕਰਕੇ ਮਨਮਰਜ਼ੀ ਦੀ ਪੜਚੋਲ ਲਿਖਵਾਉਣਾ ਫ਼ਿਲਮ ਇਸ਼ਤਿਹਾਰਬਾਜ਼ੀ ਦੀ ਮਸ਼ਕ ਦਾ ਹਿੱਸਾ ਬਣਿਆ ਰਹਿੰਦਾ ਹੈ। ਇਸ ਦੇ ਲਈ ਫ਼ਿਲਮ ਇਸ਼ਤਿਹਾਰਬਾਜ਼ੀ ਦਾ ਖਰਚ ਰਾਖਵਾਂ ਹੁੰਦਾ ਹੈ। ਇਹ ਰੁਝਾਨ ਲਗਾਤਾਰ ਭਾਰੂ ਹੈ।



*ਖੇਤਾਂ ਵਿਚ ਕੰਮ ਕਰ ਰਹੀਆਂ ਮਜ਼ਦੂਰ ਔਰਤਾਂ।*

ਚਾਲੂ ਸਮਝ ਮੁਤਾਬਕ ਫ਼ਿਲਮ ਦੀ ਪੜਚੋਲ ਕਰਨ ਵੇਲੇ 'ਕਲਾਤਮਕ ਪੱਖ' ਤੇ ਫ਼ਿਲਮ ਨੂੰ ਮਿਲੇ ਵਿੱਤੀ ਹੁੰਗਾਰੇ ਨੂੰ ਅਹਿਮੀਅਤ ਦਿੱਤੀ ਜਾਂਦੀ ਹੈ। ਸਮੁੱਚੇ ਰੂਪ 'ਚ ਫ਼ਿਲਮ ਦਾ ਖ਼ਾਸਾ ਵਿੱਤੀ ਕਾਮਯਾਬੀ ਨਾਲ ਜੋੜ ਕੇ ਦੇਖਿਆ ਜਾਂਦਾ ਹੈ। ਵਿੱਤੀ ਕਾਮਯਾਬੀ ਫ਼ਿਲਮ-ਕਲਾ ਦੀ ਸਿਰਜਣਾ ਨੂੰ ਮਾਨਤਾ ਦੇਣ ਦਾ ਪੈਮਾਨਾ ਬਣ ਜਾਂਦੀ ਹੈ। ਇਸ ਲਬਾਦੇ ਹੇਠ ਫ਼ਿਲਮ ਦੇ ਕਈ ਗ਼ੈਰ-ਕਲਾਤਮਕ ਪੱਖ ਛੁਪ ਜਾਂਦੇ ਹਨ। ਦੂਜੇ ਪਾਸੇ, ਕਈ ਫ਼ਿਲਮ ਪੜਚੋਲੀਆਂ ਉਤੇ 'ਕਲਾਤਮਕ ਪੱਖ' ਨੂੰ ਵਧੇਰੇ ਅਹਿਮੀਅਤ ਦੇਣ ਦਾ ਦੋਸ਼ ਲੱਗਦਾ ਰਹਿੰਦਾ ਹੈ ਜੋ ਵਿੱਤੀ ਤੌਰ 'ਤੇ ਵੱਡੀਆਂ ਕਾਮਯਾਬ ਫ਼ਿਲਮਾਂ ਦੇ ਮੁਕਾਬਲੇ ਛੋਟੀਆਂ ਫ਼ਿਲਮਾਂ ਦੇ 'ਕਲਾਤਮਕ ਪੱਖ' ਦਾ ਗੁਣਗਾਨ ਕਰਦੇ ਹਨ। ਉਨ੍ਹਾਂ ਦਾ ਨਜ਼ਰੀਆ ਵੀ ਸ਼ੱਕ ਦੇ ਘੇਰੇ ਵਿਚ ਰਹਿੰਦਾ ਹੈ। ਉਹ ਵਿੱਤੀ ਕਾਮਯਾਬੀ ਦਾ ਰੌਲਾ ਪਾਉਣ ਵਾਲਿਆਂ ਦੀ ਅਗਲੀ ਕੜੀ ਵਜੋਂ ਪੇਸ਼ ਹੁੰਦੇ ਹਨ। ਮਨੁੱਖਤਾ ਦੇ ਖ਼ਿਲਾਫ਼ ਭੁਗਤਣ ਵਾਲਾ 'ਕਲਾਤਮਕ ਪੱਖ' 'ਕਲਾ, ਕਲਾ ਲਈ' ਦੇ ਹਾਮੀਆਂ ਦਾ ਘੇਰਾ ਮੋਕਲਾ ਕਰਦਾ ਹੈ। ਅਜਿਹੀ ਕਲਾ ਨੂੰ ਵਡਿਆਉਣਾ ਮਨੁੱਖੀ ਸੁਹਜ ਦਾ ਅਪਮਾਨ ਹੈ। ਹਰਟ ਲੌਕਰ, ਗੁਲਾਲ, ਕਮੀਨੇ, ਸ਼ੈਤਾਨ, ਦੇਵ-ਡੀ, ਬਲੈਕ ਫ੍ਰਾਈਡੇ ਅਤੇ ਸੱਤਿਆ ਜਿਹੀਆਂ ਫ਼ਿਲਮਾਂ ਨੂੰ ਦਿੱਤੀ ਜਾਂਦੀ ਹੱਲਾਸ਼ੇਰੀ ਇਸੇ ਰੁਝਾਨ ਦੀ ਨੁਮਾਇੰਦਗੀ ਕਰਦੀ ਹੈ। ਤੀਜੀ ਤਰ੍ਹਾਂ ਦੀ ਪੜਚੋਲ, ਫ਼ਿਲਮ ਦੇ ਰੂਪ ਅਤੇ ਵਿਸ਼ੇ ਨੂੰ ਲੈ ਕੇ ਹੁੰਦੀ ਹੈ। ਉੱਪਰ ਦਿੱਤੇ 'ਕਲਾਤਮਕ ਪੱਖ' ਨੂੰ ਫ਼ਿਲਮ ਦੇ ਰੂਪ ਵਾਲੇ ਪੱਖ ਤੋਂ ਹੀ ਦੇਖਿਆ ਜਾਣਾ ਚਾਹੀਦਾ ਹੈ। 'ਕੁਝ ਵੱਖਰਾ ਕਰਨ' ਦੀ ਮਸ਼ਕ ਹਮੇਸ਼ਾਂ ਚੰਗੇ ਵਿਸ਼ੇ ਦੀ ਜਾਮਨੀ ਨਹੀਂ ਭਰਦੀ। ਆਮ ਤੌਰ 'ਤੇ ਫ਼ਿਲਮ ਪੜਚੋਲੀਏ ਹਰ ਤਰ੍ਹਾਂ ਦੇ ਨਿਵੇਕਲੇਪਣ ਨੂੰ ਸਿਫ਼ਤ ਦੇ ਤੌਰ 'ਤੇ ਪੇਸ਼ ਕਰਦੇ ਹਨ। ਇਉਂ ਜਾਣੇ-ਅਣਜਾਣੇ ਬਹੁਤ ਕੁਝ ਦੇਖਣ ਵਾਲੇ ਦੀ ਸੰਵੇਦਨਾ ਦੇ ਖ਼ਿਲਾਫ਼ ਭੁਗਤ ਜਾਂਦਾ ਹੈ।

ਫ਼ਿਲਮਸਾਜ਼ ਨੂੰ ਉਹਦੀ ਜ਼ਿੰਮੇਵਾਰੀ ਦਾ ਅਹਿਸਾਸ ਕਰਵਾਉਣਾ ਪੜਚੋਲੀਏ ਦਾ ਕੰਮ ਹੈ। ਜਦੋਂ ਅਸੀਂ ਚੰਗੇ ਵਿਸ਼ੇ ਦੀ ਗੱਲ ਕਰਦੇ ਹਾਂ ਤਾਂ ਮਨੁੱਖੀ ਮਨ ਦੀ ਥਹੁ ਪਾਉਣ ਵਾਲੇ, ਮਨੁੱਖੀ ਰਿਸ਼ਤਿਆਂ ਨੂੰ ਡੂੰਘੀਆਂ ਤਹਿਆਂ ਤੱਕ ਫਰੋਲਦੇ, ਮਨੁੱਖ ਦੇ ਦੁਆਲੇ ਫੈਲੇ ਜਗਤ-ਪਸਾਰੇ ਦੀ ਬਾਤ ਪਾਉਣ ਵਾਲੇ ਅਤੇ ਜ਼ਿੰਦਗੀ ਦੀ ਬਿਹਤਰੀ ਜਿਹੇ ਵਿਸ਼ੇ ਤਰਜੀਹ ਦੀ ਮੰਗ ਕਰਦੇ ਹਨ। ਇਨ੍ਹਾਂ ਸਾਰੇ ਵਿਸ਼ਿਆਂ ਨੂੰ ਆਲੇ-ਦੁਆਲੇ ਦੇ ਸਮਾਜਿਕ, ਸਿਆਸੀ, ਵਿੱਤੀ ਅਤੇ ਸੱਭਿਆਚਾਰਕ ਹਾਲਾਤ ਤੋਂ ਤੋੜ ਕੇ ਨਹੀਂ ਸਮਝਿਆ ਜਾ ਸਕਦਾ। ਫ਼ਿਲਮ ਦਾ ਰੂਪ, ਵਿਸ਼ੇ ਲਈ ਹੁੰਦਾ ਹੈ; ਵਿਸ਼ਾ ਰੂਪ ਦੀ ਲੋੜ ਮੁਤਾਬਕ ਨਹੀਂ ਹੁੰਦਾ।

ਫ਼ਿਲਮ ਅਤੇ ਉਸਦੀ ਪੜ੍ਹਤ ਕਦੇ ਨਿਰਪੱਖ ਨਹੀਂ ਹੁੰਦੀ। ਹਰ ਕਿਸੇ ਦੀ ਆਪਣੀ ਸਿਆਸਤ ਹੈ। ਫ਼ਿਲਮਸਾਜ਼ ਅਤੇ ਪੜਚੋਲੀਏ ਗ਼ੈਰ-ਸਿਆਸੀ ਅਤੇ ਨਿਰਪੱਖ ਹੋਣ ਦਾ ਰੌਲਾ ਪਾ ਕੇ ਆਪਣੀ ਸਿਆਸਤ ਅਤੇ ਸਮਝ ਲੁਕੋਣ ਦਾ ਪਾਖੰਡ ਕਰਦੇ ਹਨ। ਕੋਈ ਪੜਚੋਲ ਅੰਤਮ ਸੱਚ ਨਹੀਂ ਹੁੰਦੀ। ਨਵੇਂ ਗਿਆਨ ਦੀ ਰੌਸ਼ਨੀ 'ਚ ਫ਼ਿਲਮ ਦੀ ਪੜ੍ਹਤ ਦੇ ਨਵੇਂ ਪਾਸਾਰ ਖੁੱਲ੍ਹਦੇ ਹਨ। ਆਲੇ-ਦੁਆਲੇ ਵਾਪਰਦੇ ਹਾਦਸੇ ਮਨੁੱਖੀ ਸਮਝ ਬਣਾਉਣ 'ਚ ਫ਼ੈਸਲਾਕੁਨ ਭੂਮਿਕਾ ਨਿਭਾਉਂਦੇ ਹਨ। ਫ਼ਿਲਮ ਦੀ ਪੜਚੋਲ ਲਈ ਅਹਿਮ ਮਸਲਾ ਹੈ ਕਿ ਫ਼ਿਲਮ ਕਿਸ ਸਮੇਂ ਨੂੰ ਪੇਸ਼ ਕਰਦੀ ਹੈ? ਕਿਸ ਸਮੇਂ 'ਚ ਬਣਾਈ ਜਾ ਰਹੀ ਹੈ? ਕਿਸ ਸਮੇਂ 'ਚ ਦੇਖੀ ਜਾ ਰਹੀ ਹੈ? ਕੀ ਇਨ੍ਹਾਂ ਸਮਿਆਂ ਦੀ ਕੋਈ ਆਪਸੀ ਤੰਦ ਜੁੜੀ ਹੋਈ ਹੈ?

ਪੰਜਾਬ ਦੇ ਖੇਤ ਮਜ਼ਦੂਰਾਂ ਬਾਬਤ ਹਦਾਇਤਕਾਰ ਦਲਜੀਤ ਅਮੀ ਹੋਰਾਂ ਦੀ ਫ਼ਿਲਮ 'ਕਰਜ਼ੇ ਹੇਠ' ਸਾਲ 2001 'ਚ ਬਣੀ ਸੀ। ਪੰਜਾਬ ਦੇ ਖੇਤ ਮਜ਼ਦੂਰਾਂ ਦੀ ਵੱਡੀ ਗਿਣਤੀ ਦਲਿਤ ਭਾਈਚਾਰੇ ਨਾਲ ਸਬੰਧਤ ਹੈ। ਫ਼ਿਲਮ ਬਣਨ ਸਮੇਂ ਹੀ ਨੌਂ/ਗਿਆਰਾਂ ਦਾ ਹਾਦਸਾ ਵਾਪਰਦਾ ਹੈ ਅਤੇ 'ਅਤਿਵਾਦ ਦੇ ਖ਼ਿਲਾਫ਼ ਜੰਗ' ਦਾ ਐਲਾਨ ਕੀਤਾ ਜਾ ਰਿਹਾ ਹੈ। ਖੁੱਲ੍ਹੀ ਮੰਡੀ ਦੀਆਂ ਨੀਤੀਆਂ ਇਸ ਜੰਗ ਦੀ ਆੜ 'ਚ ਹੋਰ ਤੇਜ਼ੀ ਨਾਲ ਲਾਗੂ ਕੀਤੀਆਂ ਜਾ ਰਹੀਆਂ ਹਨ। ਉਸ ਵੇਲੇ ਕਈ ਦਲਿਤ ਜੱਥੇਬੰਦੀਆਂ ਨੇ ਆਲਮੀਕਰਨ ਅਤੇ ਨਿੱਜੀਕਰਨ ਦੀਆਂ ਨੀਤੀਆਂ ਦੇ ਹੱਕ ਵਿਚ ਪੈਂਤੜਾ ਮੱਲਿਆ। ਕਿਸਾਨੀ ਅਤੇ ਖੇਤ ਮਜ਼ਦੂਰਾਂ ਦੇ ਮੁੱਦਿਆਂ ਤੋਂ ਕਿਨਾਰਾਕਸ਼ੀ ਕਰਨਾ ਇਸ ਪੈਂਤੜੇ ਦਾ ਅਟੱਲ ਪ੍ਰਗਟਾਵਾ ਸੀ। ਕਿਸਾਨ ਜੱਥੇਬੰਦੀਆਂ ਨੇ ਖੇਤ ਮਜ਼ਦੂਰਾਂ ਦੀ ਹੋਂਦ ਤੋਂ ਇਨਕਾਰ ਕਰ ਦਿੱਤਾ। ਉਨ੍ਹਾਂ ਮੁਤਾਬਕ ਪਰਵਾਸੀ ਮਜ਼ਦੂਰਾਂ ਨੇ ਮੁਕਾਮੀ (ਲੋਕਲ) ਖੇਤ ਮਜ਼ਦੂਰਾਂ ਦੀ ਥਾਂ ਚਿਰੋਕਣੀ ਲੈ ਲਈ ਹੈ। ਆਲਮੀਕਰਨ ਅਤੇ ਨਿੱਜੀਕਰਨ ਦੀਆਂ ਨੀਤੀਆਂ ਦੇ ਸਿੱਟੇ ਅੱਜ ਸਾਡੇ ਸਾਹਮਣੇ ਹਨ ਜਿਨ੍ਹਾਂ ਨੇ ਸਣੇ ਖੇਤ ਮਜ਼ਦੂਰਾਂ ਦੇ, ਆਵਾਮ 'ਤੇ ਮਾਰੂ ਅਸਰ ਪਾਇਆ ਹੈ। ਖੇਤ ਮਜ਼ਦੂਰਾਂ ਨੂੰ ਇਨ੍ਹਾਂ ਹੱਲਿਆਂ ਦੇ ਖ਼ਿਲਾਫ਼ ਜੱਥੇਬੰਦ ਕੀਤਾ ਜਾ ਰਿਹਾ ਹੈ।

ਫ਼ਿਲਮ 'ਕਰਜ਼ੇ ਹੇਠ' ਬਣਨ ਤੋਂ ਕਈ ਸਾਲ ਬਾਅਦ ਖੇਤ ਮਜ਼ਦੂਰਾਂ ਲਈ ਪਖਾਨਿਆਂ ਅਤੇ ਰਿਹਾਇਸ਼ੀ ਘਰਾਂ ਦੀ ਮੰਗ ਉਠਾਈ ਜਾ ਰਹੀ ਹੈ। ਫ਼ਿਲਮ ਇਨ੍ਹਾਂ ਮੁੱਦਿਆ ਨੂੰ ਹੀ ਪੇਸ਼ ਕਰਦੀ ਹੈ। ਫ਼ਿਲਮ ਪੜਚੋਲੀਏ ਦਾ ਕੰਮ ਮਹਿਜ਼ ਫ਼ਿਲਮ ਦੇ ਤਕਨੀਕੀ ਪੱਖ ਨੂੰ ਉਜਾਗਰ ਕਰਨਾ ਨਹੀਂ ਹੈ, ਸਗੋਂ ਇਹ ਵਾਚਣਾ ਵੀ ਹੈ ਕਿ ਅਸਲ ਵਿਚ ਫ਼ਿਲਮਸਾਜ਼ ਲੋਕ-ਹਿੱਤ ਵਿਚ ਆਪਣੀਆਂ ਮੰਗਾਂ ਪੇਸ਼ ਕਰ ਰਿਹਾ ਹੈ। ਦਲਜੀਤ ਦੇ ਦੱਸਣ ਮੁਤਾਬਕ ਬਹੁਤੀ ਜਗ੍ਹਾ ਫ਼ਿਲਮ ਨੂੰ ਕਿਸਾਨੀ ਦੇ ਕਰਜ਼ੇ ਬਾਬਤ ਫ਼ਿਲਮ ਦੇ ਤੌਰ 'ਤੇ ਪੇਸ਼ ਕੀਤਾ ਜਾਂਦਾ ਸੀ; ਜਦਕਿ ਫ਼ਿਲਮ ਖੇਤ ਮਜ਼ਦੂਰਾਂ ਦੇ ਕਰਜ਼ੇ ਦੀ ਸਮੱਸਿਆ ਦੀ ਬਾਤ ਪਾਉਂਦੀ ਹੈ। ਫ਼ਿਲਮ ਦਾ ਇਕ-ਤਿਹਾਈ ਹਿੱਸਾ ਖੇਤ ਮਜ਼ਦੂਰ ਬੀਬੀਆਂ ਦੀ ਦਸ਼ਾ ਬਿਆਨ ਕਰਦਾ ਹੈ। ਫ਼ਿਲਮ ਦੀ ਪੜ੍ਹਤ ਸਮੇਂ ਇਸ ਗੱਲ ਨੂੰ ਲੱਗਭੱਗ ਅੱਖੋਂ ਉਹਲੇ ਕਰ ਦਿੱਤਾ ਗਿਆ। ਇਨ੍ਹਾਂ ਬੀਬੀਆਂ ਬਾਰੇ ਕੋਈ ਗੱਲ ਨਹੀਂ ਤੁਰ ਸਕੀ। ਦਲਜੀਤ ਨੂੰ ਲੱਗਿਆ ਕਿ ਸ਼ਾਇਦ ਉਸ ਦੇ ਦੱਸਣ 'ਚ ਕੋਈ ਕਮੀ ਰਹਿ ਗਈ ਹੈ ਜਿਸ ਕਰਕੇ ਲੋਕਾਂ ਨੂੰ ਫ਼ਿਲਮ ਕਿਸਾਨੀ ਦੇ ਕਰਜ਼ੇ ਅਤੇ ਖ਼ੁਦਕੁਸ਼ੀਆਂ ਬਾਰੇ ਮਹਿਸੂਸ ਹੁੰਦੀ ਹੈ। ਜਦੋਂ ਫ਼ਿਲਮ ਬਣਾਉਣ ਦੇ ਅਮਲ ਵਿਚ ਸ਼ਾਮਲ ਰਹੀ ਬੀਬੀ ਵੱਲੋਂ ਆਪਣੇ ਕਾਲਜ 'ਚ ਫ਼ਿਲਮ ਦਿਖਾਉਣ ਵੇਲੇ ਇਹੀ ਗੱਲ ਦੁਹਰਾਈ ਗਈ ਤਾਂ ਫ਼ਿਲਮਸਾਜ਼ ਨੂੰ ਜਨਤਕ ਤੌਰ 'ਤੇ ਕਹਿਣਾ ਪਿਆ ਕਿ ਇਹ ਫ਼ਿਲਮ ਕਿਸਾਨਾਂ ਦੇ ਕਰਜ਼ੇ ਬਾਬਤ ਨਹੀਂ ਹੈ। ਉਸ ਨੂੰ ਇਹ ਗੱਲ ਸਮਾਂ ਪਾ ਕੇ ਸਮਝ ਆਈ ਕਿ ਕਿਸਾਨਾਂ ਦੇ ਕਰਜ਼ੇ ਅਤੇ ਖ਼ੁਦਕੁਸ਼ੀਆਂ ਦੀ ਗੱਲ ਲੋਕਾਂ ਦੇ ਦਿਲ-ਓ-ਦਿਮਾਗ 'ਤੇ ਇੰਨੀ ਛਾਈ ਹੋਈ ਹੈ ਕਿ ਖੇਤ ਮਜ਼ਦੂਰਾਂ ਦੀ ਫ਼ਿਲਮ ਵੀ ਉਨ੍ਹਾਂ ਨੂੰ ਕਿਸਾਨਾਂ ਨਾਲ ਸਬੰਧਤ ਜਾਪਦੀ ਹੈ। 'ਕਰਜ਼ੇ ਹੇਠ' ਦੀ ਪੜਚੋਲ ਉੱਪਰ ਦਿੱਤੀਆਂ ਸਾਰੀਆਂ ਗੱਲਾਂ ਵਿਚਾਰੇ ਬਿਨਾ ਨਹੀਂ ਕੀਤੀ ਜਾ ਸਕਦੀ।

ਦਲਜੀਤ ਅਮੀ ਦੀ ਅਗਲੀ ਫ਼ਿਲਮ ਗ਼ਦਰੀਆਂ ਦੀ ਸਿੰਘਾਪੁਰ ਬਗ਼ਾਵਤ ਬਾਰੇ ਹੈ। ਸਾਲ 1914-15 ਦੀ ਗ਼ਦਰ ਪਾਰਟੀ ਦੇ ਸੰਗਰਾਮ ਬਾਬਤ ਇਕ ਸਦੀ ਬਾਅਦ ਸਾਲ 2011 ਵਿਚ ਬਣ ਰਹੀ ਫਿਲਮ ਅੱਜ ਜਾਂ ਵੀਹ ਸਾਲ ਬਾਅਦ ਦੇਖਣ ਵਾਲੇ ਨੂੰ ਕੀ ਅਹਿਸਾਸ ਕਰਵਾਏਗੀ ਭਲਾ? ਫ਼ਿਲਮਸਾਜ਼ ਆਲੇ-ਦੁਆਲੇ ਤੋਂ ਟੁੱਟ ਕੇ ਖ਼ਲਾਅ 'ਚ ਫ਼ਿਲਮ ਨਹੀਂ ਬਣਾ ਸਕਦਾ। ਨਿਤ-ਦਿਨ ਵਾਪਰਦੇ ਹਾਦਸੇ ਉਸ ਉੱਤੇ ਅਸਰ-ਅੰਦਾਜ਼ ਹੁੰਦੇ ਹਨ। ਸਾਮਰਾਜੀਆਂ ਦੇ ਖਿਲਾਫ਼ ਗ਼ਦਰ ਪਾਰਟੀ ਦਾ ਪੈਂਤੜਾ, ਦੋ ਆਲਮੀ ਜੰਗਾਂ, ਮੁਲਕ ਦੀ ਵੰਡ, 'ਆਜ਼ਾਦੀ' ਤੋਂ ਬਾਅਦ ਆਵਾਮ ਦੇ ਹਾਲਾਤ, ਆਲਮੀਕਰਨ ਅਤੇ ਨਿੱਜੀਕਰਨ ਦੀਆਂ ਨੀਤੀਆਂ ਅਤੇ ਨੌਂ/ਗਿਆਰਾਂ ਦੇ ਹਾਦਸੇ ਤੋਂ ਬਾਅਦ 'ਅਤਿਵਾਦ ਦੇ ਖ਼ਿਲਾਫ਼ ਜੰਗ' ਜਿਹੇ ਵਰਤਾਰੇ ਉਸ ਫ਼ਿਲਮ ਦੀ ਪੜਚੋਲ ਤੋਂ ਬਾਹਰ ਦਾ ਮਸਲਾ ਨਹੀਂ ਹੋ ਸਕਦੇ। ਫ਼ਿਲਮ ਦੀ ਪੜਚੋਲ ਆਮ ਤੌਰ 'ਤੇ ਵਿੱਤੀ, ਤਕਨੀਕੀ ਜਾਂ ਫ਼ਿਲਮ ਨਾਲ ਜੁੜੇ ਲੋਕਾਂ ਦੇ ਪੈਂਤੜੇ ਤੋਂ ਹੁੰਦੀ ਰਹੀ ਹੈ। ਕਲਾ ਮਨੁੱਖੀ ਰੂਹ ਦੀ ਖ਼ੁਰਾਕ ਹੈ। ਇਸ ਮੰਡੀ ਦੇ ਵਪਾਰੀਆਂ ਨੇ ਇਸ ਨੂੰ ਨਿੱਜੀ ਮੁਨਾਫ਼ੇ ਲਈ ਹੀ ਵਰਤਿਆ ਹੈ। ਆਵਾਮੀ ਪੈਂਤੜੇ ਤੋਂ ਇਸਦੀ ਪੜਚੋਲ ਹੋਣੀ ਅਜੇ ਵੀ ਬਾਕੀ ਹੈ ਕਿਉਂਕਿ ਆਵਾਮ ਕੋਲ ਫ਼ਿਲਮ ਬਾਰੇ ਵਿਚਾਰ ਪੇਸ਼ ਕਰਨ ਦੇ ਮੌਕੇ ਨਾਮਨਿਹਾਦ ਹੀ ਹੁੰਦੇ ਹਨ। ਉਨ੍ਹਾਂ 'ਤੇ ਸਦਾ ਹੀ ਫ਼ਿਲਮ ਥੋਪੀ ਜਾਂਦੀ ਰਹੀ ਹੈ।

# ਪਰਦੇਸੀ ਸਿੱਖਾਂ ਦਾ ਦਰਦ 'ਆਈ ਐਮ ਸਿੰਘ'



ਫ਼ਿਲਮ 'ਬਾਰਡਰ' ਵਿਚ ਸਿੱਖ ਰੈਜੀਮੈਂਟ ਦੇ ਜਾਂਬਾਜ਼ ਯੋਧਾ ਦੀ ਭੂਮਿਕਾ ਨਿਭਾਉਣ ਵਾਲੇ ਪੁਨੀਤ ਈਸਰ ਨੇ ਹੁਣ ਸਿੱਖ ਕੌਮ ਨੂੰ ਮੁੱਖ ਰੱਖਦਿਆਂ ਫ਼ਿਲਮ 'ਆਈ ਐਮ ਸਿੰਘ' ਬਣਾਈ ਹੈ। ਸਲਮਾਨ ਖਾਨ ਦੀ ਫ਼ਿਲਮ 'ਗਰਵ-ਪ੍ਰਾਈਡ ਐਂਡ ਆਨਰ' ਤੋਂ ਬਾਅਦ ਨਿਰਦੇਸ਼ਕ ਦੇ ਤੌਰ 'ਤੇ ਪੁਨੀਤ ਦੀ ਇਹ ਦੂਜੀ ਫ਼ਿਲਮ ਹੈ। ਪਹਿਲਾਂ ਪੰਜਾਬ ਦੇ ਅਤਿਵਾਦ 'ਤੇ ਕਈ ਫ਼ਿਲਮਾਂ ਬਣੀਆਂ ਸਨ।

ਪੁਨੀਤ ਦੀ ਇਹ ਫ਼ਿਲਮ ਵੀ ਅਤਿਵਾਦ 'ਤੇ ਅਧਾਰਤ ਹੈ ਪਰ ਇਸ ਦੀ ਕਹਾਣੀ ਵੱਖਰੀ ਹੈ। ਇਸ ਵਿਚ ਇਸਲਾਮਿਕ ਅਤਿਵਾਦ ਨੂੰ ਦਿਖਾਇਆ ਗਿਆ ਹੈ ਤੇ ਇਹ ਗੱਲ ਪੇਸ਼ ਕੀਤੀ ਗਈ ਹੈ ਕਿ ਅਮਰੀਕਾ ਵਿਚ ਵਾਪਰੀ 9/11 ਦੀ ਅਤਿਵਾਦੀ ਘਟਨਾ ਤੋਂ ਬਾਅਦ ਉਥੇ ਰਹਿੰਦੇ ਸਿੱਖ ਕੌਮ ਦੇ ਲੋਕਾਂ ਨੂੰ ਕਿਸ ਤਰ੍ਹਾਂ ਬੇਕਸੂਰ ਹੁੰਦਿਆਂ ਵੀ ਦੁੱਖ ਸਹਿਣਾ ਪੈ ਗਿਆ ਸੀ।

ਪੁਨੀਤ ਦਾ ਕਹਿਣਾ ਹੈ ਕਿ ਇਸ ਫਿਲਮ ਵਿਚ ਅਮਰੀਕਾ ਵਿਚ ਰਹਿ ਰਹੇ ਸਿੱਖਾਂ ਦੀ ਗੱਲ ਕੀਤੀ ਗਈ ਹੈ। ਜਦੋਂ 9/11 ਦਾ ਹਾਦਸਾ ਹੋਇਆ ਤਾਂ ਉਥੇ ਰਹਿ ਰਹੇ ਸਿੱਖਾਂ ਨੂੰ ਅਮਰੀਕਨਾਂ ਨੇ ਆਪਣਾ ਨਿਸ਼ਾਨਾ ਬਣਾਇਆ ਸੀ। ਦਾੜ੍ਹੀ ਤੇ ਪੱਗੜੀ ਦੀ ਵਜ੍ਹਾ ਕਰਕੇ ਉਨ੍ਹਾਂ ਨੂੰ ਤਾਲਿਬਾਨ ਸਮਰਥਕ ਮੰਨ ਲੈਣ ਦੀ ਗ਼ਲਤੀ ਕੀਤੀ ਗਈ ਤੇ ਨਿਰਦੋਸ਼ ਸਿੱਖਾਂ ਨੂੰ ਉਨ੍ਹਾਂ ਦੇ ਗੁੱਸੇ ਦਾ ਸ਼ਿਕਾਰ ਹੋਣਾ ਪਿਆ।

ਉਥੇ ਕੁਝ ਸ਼ਹਿਰਾਂ ਵਿਚ ਤਾਂ ਗੁਰਦੁਆਰਿਆਂ 'ਤੇ ਵੀ ਹਮਲੇ ਕੀਤੇ ਗਏ ਸਨ। ਇਸ ਫ਼ਿਲਮ ਦੇ ਰਾਹੀਂ ਸਿੱਖ ਕੌਮ ਨੂੰ ਲੈ ਕੇ ਵਿਦੇਸ਼ੀਆਂ ਵਿਚ ਫੈਲੀ ਗ਼ਲਤਫਹਿਮੀ ਨੂੰ ਦੂਰ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ। ਨਾਲ ਹੀ ਇਹ ਸੰਦੇਸ਼ ਵੀ ਦਿੱਤਾ ਗਿਆ ਹੈ ਕਿ ਪਗੜੀ ਬੰਨਣ ਵਾਲਾ ਤੇ ਦਾੜ੍ਹੀ ਰੱਖਣ ਵਾਲਾ ਹਰ ਆਦਮੀ ਓਸਾਮਾ-ਬਿਨ-ਲਾਦੇਨ ਨਹੀਂ ਹੁੰਦਾ।

ਪੁਨੀਤ ਨੇ ਇਸ ਫ਼ਿਲਮ ਦੀ ਕਹਾਣੀ ਅਮਰੀਕਾ ਵਿਚ ਰਹਿੰਦੇ ਸਿੱਖਾਂ ਨੂੰ ਮਿਲਣ ਤੋਂ ਬਾਅਦ ਲਿਖੀ ਹੈ। ਇਸ ਫ਼ਿਲਮ ਵਿਚ ਇਹ ਵੀ ਦਿਖਾਇਆ ਗਿਆ ਹੈ ਕਿ ਮੁਸ਼ਕਿਲ ਭਰੇ ਹਾਲਾਤ ਦੌਰਾਨ ਸਿੱਖ ਕੌਮ ਨੇ ਕਿਸ ਤਰ੍ਹਾਂ ਹੌਸਲੇ ਤੇ ਬਹਾਦਰੀ ਤੋਂ ਕੰਮ ਲਿਆ ਸੀ ਤੇ ਕਿਸ ਤਰ੍ਹਾਂ ਇਸ ਕੌਮ ਦੇ ਲੋਕਾਂ ਨੇ ਅਮਰੀਕਾ ਦੀ ਕਾਨੂੰਨ ਵਿਵਸਥਾ ਪ੍ਰਤੀ ਆਪਣਾ ਵਿਸ਼ਵਾਸ ਬਰਕਰਾਰ ਰੱਖਿਆ ਸੀ।

ਪੁਨੀਤ ਦਾ ਇਹ ਵੀ ਕਹਿਣਾ ਹੈ ਕਿ ਆਮ ਤੌਰ 'ਤੇ ਹਿੰਦੀ ਫ਼ਿਲਮਾਂ ਵਿਚ ਸਰਦਾਰ ਦੇ ਕਿਰਦਾਰ ਨੂੰ ਮੂਰਖ ਹੌਲਦਾਰ, ਟਰੱਕ ਡਰਾਈਵਰ ਜਾਂ ਫਾਈਵ ਸਟਾਰ ਹੋਟਲ ਦੇ ਦਰਬਾਨ ਦੇ ਰੂਪ ਵਿਚ ਦਿਖਾ ਕੇ ਉਨ੍ਹਾਂ ਦਾ ਮਜ਼ਾਕ ਉਡਾਇਆ ਜਾਂਦਾ ਰਿਹਾ ਹੈ ਪਰ 'ਆਈ ਐਮ ਸਿੰਘ' ਵਿਚ ਇਹ ਦਿਖਾਇਆ ਗਿਆ ਹੈ ਕਿ ਇਹ ਕੌਮ ਕਿੰਨੀ ਬਹਾਦਰ, ਹੌਸਲੇ ਵਾਲੀ ਤੇ ਅਮਨ ਪਸੰਦ ਹੈ। ਉਨ੍ਹਾਂ ਦਾ ਦਾਅਵਾ ਹੈ ਕਿ ਇਹ ਫ਼ਿਲਮ ਸਿੱਖ ਕੌਮ ਦੀ ਗਰਿਮਾ ਨੂੰ ਹੋਰ ਰੌਸ਼ਨ ਕਰੇਗੀ। ਖ਼ੁਦ ਪੁਨੀਤ ਈਸਰ ਨੇ ਇਸ ਵਿਚ ਅਭਿਨੈ ਕੀਤਾ ਹੈ ਤੇ ਇਸ ਵਿਚ ਉਨ੍ਹਾਂ ਨਾਲ ਗੁਲਜ਼ਾਰ ਚਹਿਲ, ਐਮੀ ਰੇਸੀਮਾਸ, ਬਰੁੱਕ ਜੋਨਸਟਨ, ਰਿਜ਼ਵਾਨ ਹੈਦਰ, ਟਿਊਲਿਪ ਜੋਸ਼ੀ ਹਨ। ਇਹ ਫਿਲਮ ਅਮਰੀਕਾ ਦੇ ਲਾਸਏਂਜਲਸ, ਨਿਊਯਾਰਕ, ਸਾਨ ਫ੍ਰਾਂਸਿਸਕੋ, ਸੇਂਟ ਡਿਆਗੋ ਸ਼ਹਿਰਾਂ ਵਿਚ ਸ਼ੂਟ ਕੀਤੀ ਗਈ ਹੈ। 30 ਕਰੋੜ ਦੇ ਬਜਟ ਨਾਲ ਬਣੀ ਹਿੰਦੀ, ਅੰਗਰੇਜ਼ੀ ਤੇ ਪੰਜਾਬੀ ਫ਼ਿਲਮ 'ਚ ਮੁੱਖ ਕਿਰਦਾਰ ਰਣਵੀਰ ਸਿੰਘ ਦੀ ਨਾਇਕ ਵਾਲੀ ਭੂਮਿਕਾ ਗੁਲਜ਼ਾਰ ਚਾਹਲ ਨੇ ਨਿਭਾਅ ਕੇ ਇਕੋ ਹੀ ਹੱਲੇ ਹਾਲੀਵੁੱਡ ਤੇ ਬਾਲੀਵੁੱਡ 'ਚ ਪ੍ਰਵੇਸ਼ ਕਰ ਲਿਆ ਹੈ। ਪੰਜਾਬੀ ਫ਼ਿਲਮਾਂ ਦਾ ਉਹ ਪਹਿਲਾਂ ਹੀ ਸਥਾਪਤ ਨਾਇਕ ਹੈ ਤੇ 'ਜੱਗ ਜਿਊਂਦਿਆਂ ਦੇ ਮੇਲੇ', 'ਯਾਰਾ ਓ ਦਿਲਦਾਰਾ' ਫ਼ਿਲਮਾਂ 'ਚ ਰੂਪ ਤੇ ਰਾਜਵੀਰ ਬਣ ਕੇ ਲੋਕਾਂ 'ਚ ਹਰਮਨ-ਪਿਆਰਾ ਹੋ ਚੁੱਕਾ ਗੁਲਜ਼ਾਰ ਚਾਹਲ ਖੁਸ਼ ਹੈ ਕਿ ਇਹ ਵੀ ਵੱਡੀ ਪ੍ਰਾਪਤੀ ਹੈ ਕਿ ਜਿਸ ਪੁਨੀਤ ਈਸਰ ਨੇ ਸਲਮਾਨ ਖਾਨ ਨੂੰ ਲੈ ਕੇ 'ਗਰਵ' ਫ਼ਿਲਮ ਬਣਾਈ ਸੀ, ਉਸ ਦੀ ਨਿਰਦੇਸ਼ਕ ਵਜੋਂ ਦੂਸਰੀ ਫ਼ਿਲਮ 'ਆਈ ਐਮ ਸਿੰਘ' ਦਾ ਉਹ ਹੀਰੋ ਹੈ।

ਮਿਸ ਯੂ. ਕੇ. ਗਰੁੱਪ ਤੇ ਹਾਲੀਵੁੱਡ ਸਟਾਰ ਹੀਰੋਇਨ ਏਮੀ ਦੇ ਨਾਲ ਇਹ ਫ਼ਿਲਮ ਕਰਨ ਵਾਲੇ ਗੁਲਜ਼ਾਰ ਨੇ ਕਿਹਾ ਕਿ 9/11 ਦੇ ਅਮਰੀਕੀ ਹਮਲੇ ਸਮੇਂ ਸਿੱਖਾਂ ਨੂੰ ਮੁਸਲਮਾਨ ਸਮਝ ਕੇ ਹਮਲਿਆਂ ਦਾ ਸ਼ਿਕਾਰ ਬਣਾਉਣਾ ਸ਼ੁਰੂ ਹੋ ਗਿਆ ਸੀ। ਉਸ ਗ਼ਲਤ ਪਛਾਣ ਦੀ ਕਹਾਣੀ ਵਾਲੀ




'ਆਈ ਐਮ ਸਿੰਘ' ਫ਼ਿਲਮ ਭਵਿੱਖ 'ਚ ਵਿਦੇਸ਼ੀਆਂ ਨੂੰ ਸਿੱਖੀ ਦੀ ਪਛਾਣ ਤੇ ਪਰਿਭਾਸ਼ਾ ਦੇ ਨਾਲ ਪੱਗ ਦੀ ਅਹਿਮੀਅਤ ਤੋਂ ਵੀ ਜਾਣੂ ਕਰਵਾਏਗੀ।

ੴ ਸਤਿਗੁਰ ਪ੍ਰਸਾਦਿ॥

ਸਤਿਕਾਰਯੋਗ ਖਾਲਸਾ ਜੀਓ
ਮੈਂ ਆਪਣੇ ਵੀਰ ਸ. ਬਲਵੰਤ ਸਿੰਘ ਰਾਜੋਆਣਾ ਵਲੋਂ ਫਾਂਸੀ ਦੇ ਤਖਤੇ ਤੱਕ ਪਹੁੰਚ ਕੇ ਵੀ ਚੜ੍ਹਦੀ ਕਲਾ ਵਿਚ ਰਹਿੰਦਿਆਂ ਪਿਛਲੇ 16 ਸਾਲਾਂ ਤੋਂ ਆਪਣੇ ਹੀ ਬਲਬੂਤੇ 'ਤੇ ਲੜ ਰਹੇ ਸੰਘਰਸ਼ ਨੂੰ ਇਸ ਵੈਬਸਾਈਟ 'ਸੰਘਰਸ਼ ਦਾ ਸੱਚ' www.sangharshdasach.com ਰਾਹੀਂ ਖਾਲਸਾ ਪੰਥ ਦੇ ਰੂਬਰੂ ਕਰ ਰਹੀ ਹਾਂ।



ਕਾਫਰ ਕੋ ਹੈ ਪਾਮਰਦੀਏ ਸ਼ੈਤਾਂ ਕਾ ਸਹਾਰਾ, ਮੋਮਨ ਹੈ ਤੋ ਬੇਤੇਗ ਹੀ ਲੜਤਾ ਹੈ ਸਿਪਾਹੀ!

ਕਮਲਦੀਪ ਕੌਰ, ਫੋਨ: 91-94643-54923, e-mail:kamaldeepkaur.sds@gmail.com

# Syan Video Production, Inc.



ਰਾਜਿੰਦਰ ਸਿੰਘ

ਵਿਆਹ-ਸ਼ਾਦੀ ਹੋਵੇ, ਖੁਸ਼ੀ ਦਾ ਕੋਈ ਵੀ ਮੌਕਾ ਜਾਂ ਫਿਰ ਯਾਦਗਾਰੀ ਪਲ
ਆਪਣੀਆਂ ਯਾਦਾਂ ਨੂੰ ਬਿਹਤਰੀਨ ਤਰੀਕੇ ਨਾਲ ਸਾਂਭਣ ਲਈ ਸੇਵਾ ਦਾ ਮੌਕਾ ਦਿਓ

ਮਿਸ਼ੀਗਨ, ਇੰਡੀਆਨਾ, ਇਲੀਨਾਏ, ਓਹਾਇਓ, ਆਇਓਆ

*Professional HD Video & Digital Photo Production*

Multiple Camera shooting/Digital Still Photography
(with flush mount album)
Live Video Display With Large Screens
DJ Service with Laseer Lights

Call Toll Free: 1-800-RAJ-SYAN
(with 17 years Experienced)

**Call:734-261-0936 or 734-890-1767**

e-mail: raj@syanvideo.com or visit at: www.syanvideo.com